


ਪੰਜਾਬ ਦਾ ਗੌਰਵ
ਮਹਾਰਾਜਾ ਰਣਜੀਤ ਸਿੰਘ

ਪੰਜਾਬ ਦਾ ਗੌਰਵ

ਮਹਾਰਾਜਾ ਰਣਜੀਤ ਸਿੰਘ

ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ
ਚੰਡੀਗੜ੍ਹ

[ਇਸ ਪੁਸਤਕ ਵਿਚ ਮਹਾਰਾਜਾ ਰਣਜੀਤ ਸਿੰਘ ਸਬੰਧੀ ਅਡੋ-ਅਡ ਵਿਦਵਾਨਾਂ ਨੇ ਆਪਣੀ-ਆਪਣੀ ਖੋਜ ਦੇ ਆਧਾਰ ਤੇ, ਆਪਣੇ ਲੇਖਾਂ ਵਿਚ, ਜੋ ਵਿਚਾਰ ਪ੍ਰਗਟ ਕੀਤੇ ਹਨ, ਉਹ ਉਹਨਾਂ ਦੇ ਨਿੱਜੀ ਵਿਚਾਰ ਹਨ। ਸੰਪਾਦਕ ਜਾਂ ਪੰਜਾਬ ਸਰਕਾਰ ਦਾ ਉਹਨਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਣਾ ਜ਼ਰੂਰੀ ਨਹੀਂ —ਸੰਪਾਦਕ]

ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਵਲੋਂ ਪ੍ਰਕਾਸ਼ਤ ਕੀਤੀ ਗਈ ਅਤੇ ਕੰਟਰੋਲਰ ਪ੍ਰਿੰਟਿੰਗ ਤੇ ਸਟੇਸ਼ਨਰੀ, ਪੰਜਾਬ ਰਾਹੀਂ ਸਚਦੇਵਾ ਆਫ਼ਸੈਟ ਐਂਡ ਪੈਕੇਜਿੰਗ ਇੰਡਸਟ੍ਰੀਜ਼, ਨਵੀਂ ਦਿੱਲੀ ਵਲੋਂ ਛਪਵਾਈ ਗਈ। ਸੰਪ: ਬ.ਸ.ਬ.

ਸਮਰਪਣ

ਪੰਜਾਬ ਦੀ ਆਤਮਾ


ਮਹਾਂਬਲੀ ਮਹਾਰਾਜਾ ਰਣਜੀਤ ਸਿੰਘ

ਨੂੰ

ਦਰਪਣ

ਮਹਾਰਾਜਾ ਰਣਜੀਤ ਸਿੰਘ ਦਾ

ਰਾਜ ਸਰਕਾਰ-ਇ-ਖਾਲਸਾ



ਮੁੱਖ ਬੰਦ

ਮਹਾਰਾਜਾ ਰਣਜੀਤ ਸਿੰਘ, ਪੰਜਾਬ ਦੇ ਇਤਿਹਾਸ ਵਿਚ ਉਹ ਚਮਕਦੇ ਸਿਤਾਰੇ ਹਨ, ਜਿਨ੍ਹਾਂ ਸਾਨੂੰ ਆਜ਼ਾਦ ਤੇ ਖੁਲਾਸਾ ਜੀਵਨ ਜੀਣ ਦਾ ਰਾਹ ਦਸਿਆ। ਹਿੰਦੁਸਤਾਨ ਵਿਚ ਪੰਜਾਬ ਹੀ ਇਕ ਐਸਾ ਵਿਸ਼ਾਲ ਸੂਬਾ ਸੀ ਜੋ ਆਰੰਭ ਤੋਂ ਆਜ਼ਾਦੀ ਲਈ ਆਵਾਜ਼ ਬੁਲੰਦ ਕਰਦਾ ਰਿਹਾ, ਜੂਝਦਾ ਰਿਹਾ ਅਤੇ ਸਭ ਤੋਂ ਅਖੀਰ ਵਿਚ ਅੰਗਰੇਜ਼ੀ ਹਕੂਮਤ ਵਿਚ ਸ਼ਾਮਲ ਹੋਇਆ। ਏਸੇ ਪੰਜਾਬ ਨੂੰ ਇਕ ਮਹਾਨ ਤੇ ਸ਼ਕਤੀਸ਼ਾਲੀ ਸਲਤਨਤ ਬਨਾਉਣ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਪੂਰੇ ਚਾਲ੍ਹੀ ਸਾਲ ਜਤਨ ਕੀਤੇ ਅਤੇ ਇਸ ਸੂਬੇ ਨੂੰ ਦੁਨੀਆਂ ਭਰ ਵਿਚ ਇਕ ਵਿਲੱਖਣ ਹੋਂਦ ਦਿਤੀ।

ਮਹਾਰਾਜਾ ਰਣਜੀਤ ਸਿੰਘ ਇਕ ਸੂਝਵਾਨ ਅਤੇ ਇਨਸਾਫ ਪਸੰਦ ਇਨਸਾਨ ਸੀ, ਇਕ ਨਿਧੜਕ ਫੌਜੀ ਸਿਪਾਹੀ ਸੀ, ਇਕ ਨਿਪੁੰਨ ਪ੍ਰਬੰਧਕ ਅਤੇ ਇਕ ਪਰਬੀਨ ਰਾਜਨੀਤਗ ਸੀ, ਜਿਸ ਦੀਆਂ ਨੀਤੀਆਂ ਨੇ ਇਸ ਸੂਬੇ ਨੂੰ ਇਕ ਆਦਰਸ਼-ਰਾਜ, ਇਕ ਲੋਕ-ਤੰਤਰੀ ਸ਼ਾਸਨ ਅਤੇ ਹਰ ਜਮਾਤ ਦੇ ਲੋਕਾਂ ਨੂੰ ਇਕ ਖੁਸ਼ਹਾਲ ਜੀਵਨ ਜੀਣ ਦਾ ਮੌਕਾ ਦਿਤਾ।

ਪੰਜਾਬ, ਭਾਵੇਂ ਭਾਰਤ ਵਿਚ ਇਕ ਬਹੁਤ ਛੋਟਾ ਜਿਹਾ ਸੂਬਾ ਹੈ, ਪਰ ਫਿਰ ਵੀ ਇਸ ਨੇ ਤਰੱਕੀ ਅਤੇ ਖੁਸ਼ਹਾਲੀ ਦੇ ਖੇਤਰਾਂ ਵਿਚ ਜੋ ਜੋ ਮੱਲਾਂ ਮਾਰੀਆਂ ਹਨ, ਉਸ ਦੀ ਮਿਸਾਲ ਕਿਤੇ ਨਹੀਂ ਮਿਲਦੀ। ਅਨਹੋਣੀ ਨੂੰ ਹੋਣੀ ਬਣਾਉਣਾ ਪੰਜਾਬੀਆਂ ਦੀ ਖਸਲਤ ਵਿਚ ਸ਼ਾਮਲ ਹੈ। ਪੰਜਾਬੀ ਕਿਸਾਨ, ਪੰਜਾਬੀ ਸਿਪਾਹੀ ਅਤੇ ਪੰਜਾਬੀ ਨਾਗਰਿਕ ਖੁਸ਼ ਅਤੇ ਖੁਸ਼ਹਾਲ ਜੀਵਨ ਜੀਣਾ ਲੋਚਦਾ ਹੈ। ਇਹ ਗੱਲ ਏਥੋਂ ਦੀ ਮਿੱਟੀ ਚੋਂ, ਏਥੋਂ ਦੇ ਪਾਣੀ ਚੋਂ, ਜਾਂ ਇੰਜ ਕਹਿ ਲਵੋ, ਸਾਨੂੰ ਗੁੜ੍ਹਤੀ 'ਚੋਂ ਪ੍ਰਾਪਤ ਹੁੰਦੀ ਹੈ। ਮਹਾਰਾਜਾ ਰਣਜੀਤ ਸਿੰਘ ਇਕ ਵਿਸ਼ਾਲ ਹਿਰਦੇ ਦਾ ਪੰਜਾਬੀ ਹੁਕਮਰਾਨ ਸੀ, ਫਿਰ ਭਲਾ ਉਹ ਪੰਜਾਬ ਨੂੰ ਇਕ ਲਾਸਾਨੀ ਰਾਜ ਕਿਉਂ ਨਾ ਬਣਾਉਂਦਾ?

ਇਸ ਪੁਸਤਕ ਵਿਚ ਕੁਲ 17 ਲੇਖ ਹਨ, ਜਿਨ੍ਹਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਰਾਜ ਦੀਆਂ ਅੱਡੋ ਅੱਡ ਵਡਿਆਈਆਂ ਪ੍ਰਸਤੁਤ ਕੀਤੀਆਂ ਗਈਆਂ ਹਨ। ਇਹ ਲੇਖ ਵਿਦਵਾਨ ਤੇ ਖੋਜੀ ਲੇਖਕਾਂ ਨੇ ਬੜੀ ਮਿਹਨਤ ਨਾਲ ਲਿਖੇ ਹਨ। ਮੈਂ ਇਨ੍ਹਾਂ ਬੁਧੀਜੀਵੀ ਵਿਦਵਾਨਾਂ ਦਾ ਰਿਣੀ ਹਾਂ ਜਿਨ੍ਹਾਂ ਦੀਆਂ ਵਡਮੁੱਲੀਆਂ ਰਚਨਾਵਾਂ ਇਸ ਪੁਸਤਕ ਵਿਚ ਸ਼ਾਮਲ ਕੀਤੀਆਂ ਗਈਆਂ ਹਨ।

ਲੋਕ ਸੰਪਰਕ ਵਿਭਾਗ ਵਲੋਂ ਇਹ ਖੋਜ ਭਰੀ ਤੇ ਇਤਿਹਾਸਕ ਮਹੱਤਤਾ ਵਾਲੀ ਪੁਸਤਕ ਪ੍ਰਕਾਸ਼ਤ ਕਰਵਾਉਣੀ ਸਚਮੁਚ ਹੀ ਇਕ ਸ਼ਲਾਘਾਯੋਗ ਉੱਦਮ ਹੈ।

ਮੇਰਾ ਵਿਸ਼ਵਾਸ ਹੈ ਕਿ ਇਹ ਪੁਸਤਕ ਸਮੂਹ ਪਾਠਕਾਂ ਨੂੰ ਇਕ ਉਸਾਰੂ ਸੇਧ ਦੇਵੇਗੀ।

ਦਰਬਾਰਾ ਸਿੰਘ,
ਮੁੱਖ ਮੰਤਰੀ, ਪੰਜਾਬ।



ਪੰਜਾਬ, ਪੰਜਾਬੀਅਤ ਤੇ ਮਹਾਰਾਜਾ ਰਣਜੀਤ ਸਿੰਘ

—ਡਾ: ਹਰਨਾਮ ਸਿੰਘ ਸ਼ਾਨ

ਪੰਜਾਬ ਉਸ ਦਾ ਹੈ ਜੋ ਪੰਜਾਬ ਨੂੰ ਪਿਆਰ ਕਰਦਾ ਹੈ। ਪੰਜਾਬੀ ਉਸ ਦੇ ਹਨ ਜੋ ਉਨ੍ਹਾਂ ਨੂੰ ਪਿਆਰਦਾ, ਸਤਿਕਾਰਦਾ ਅਤੇ ਅਣਖ ਨਾਲ ਜੀਣ ਲਈ ਉਤਸ਼ਾਹੁੰਦਾ ਹੈ, ਜੋ ਉਨ੍ਹਾਂ ਦੇ ਭਾਵਾਂ ਦੀ ਤਰਜਮਾਨੀ ਤੇ ਹੱਕਾਂ ਦੀ ਰਾਖੀ ਕਰਦਿਆਂ, ਉਨ੍ਹਾਂ ਵਾਸਤੇ ਮਰ-ਮਿਟਣ ਲਈ ਵੀ ਤਿਆਰ ਰਹਿੰਦਾ ਹੈ।

ਪੰਜ ਦਰਿਆਵਾਂ ਵਾਲੇ ਪੰਜਾਬ ਨੇ ਹੀ, ਅਜ ਤੋਂ ਦੋ ਸੌ ਵਰ੍ਹੇ ਪਹਿਲਾਂ, ਇਕ ਅਜਿਹੇ ਅਣਖੀ ਤੇ ਪਰਤਾਪੀ ਸਪੂਤ ਨੂੰ ਜਨਮ ਦਿਤਾ ਸੀ, ਜਿਸ ਨੇ ਇਸ ਨੂੰ ਮਰਦੇ ਦਮ ਤਕ, ਰਜ ਕੇ ਪਿਆਰ ਕੀਤਾ ਅਤੇ ਅੰਤ ਇਸੇ ਦੀ ਸੇਵਾ ਤੇ ਸੰਭਾਲ ਕਰਦਿਆਂ, ਆਪਣੇ ਆਪ ਨੂੰ ਘੋਲ-ਘੁਮਾ ਦਿਤਾ ਸੀ।

ਪੰਜਾਬੀਆਂ ਨੇ ਵੀ ਸਮੂਹਕ ਤੌਰ ਤੇ, ਜਿੰਨਾ ਪਿਆਰ ਤੇ ਸਤਿਕਾਰ ਉਸ ਮਹਾਨ ਪੰਜਾਬੀ, ਭਾਵ ਰਣਜੀਤ ਸਿੰਘ, ਨੂੰ ਦਿਤਾ ਸੀ, ਉਨਾਂ ਤੇ ਅਜਿਹਾ ਸ਼ਾਇਦ ਹੀ ਕਿਸੇ ਹੋਰ ਪੰਜਾਬੀ, ਜਾਂ ਗੈਰ-ਪੰਜਾਬੀ ਨੂੰ ਉਨ੍ਹਾਂ ਕਦੇ ਵੀ ਦਿਤਾ ਹੋਵੇ। ਸ਼ਾਇਦ ਹੀ ਕਿਸੇ ਇਕ ਬੰਦੇ ਦੇ ਚਲਾਣੇ ਤੇ, ਉਹ ਕਦੇ ਮਜਮੂਈ ਤੌਰ ਤੇ, ਇੰਨੇ ਰੋਏ ਤੇ ਕੁਰਲਾਏ ਹੋਣ ਜਿੰਨੇ ਕਿ ਉਹ ਮਹਾਰਾਜਾ ਰਣਜੀਤ ਸਿੰਘ ਦੇ, 27 ਜੂਨ 1839 ਨੂੰ, ਅੱਖਾਂ ਮੀਟ ਜਾਣ ਤੇ, ਰੁੰਨੇ ਤੇ ਡਡਿਆਏ ਸਨ।[1] ਤਦੇ ਤਾਂ, ਪੰਜਾਬੀ ਦਿਲਾਂ ਦੇ ਮਹਿਰਮ, ਸਮਕਾਲੀ ਤੇ ਪਿਛਕਾਲੀ ਕਵੀ, ਉਨ੍ਹਾਂ ਦੀ ਕੂਕ-ਪੁਕਾਰ ਤੇ ਭਾਵਾਂ ਦੀ ਤਰਜਮਾਨੀ ਕਰਦਿਆਂ ਲਿਖਦੇ ਹਨ :

---

1. ਉਨ੍ਹਾਂ ਦੀ ਅਜਿਹੀ ਗਮਗੀਨ ਦਸ਼ਾ ਨੂੰ ਬਿਆਨ ਕਰਦਿਆਂ, 'ਪੰਜਾਬ ਦੇ ਇਤਿਹਾਸ' ਦਾ ਲੇਖਕ ਖ਼ਾਜਾ ਸੱਯਦ ਮੁਹੰਮਦ ਲਤੀਫ਼ ਲਿਖਦਾ ਹੈ :
The drums beat mournfully, the musicians sang meloncholy dirges. . . This, combined with murmuring of a vast mourning crowd, whose anxious faces bore testimony to the grief and affliction inwardly felt by them, and to their love for their departed master, whom they adored, and who had loved them, gave the whole scene a most malancholy aspect. (ਵੇਖੋ : Latif, K. B. Syad Muhammad, History of the Punjab from the remotest antiquity to the present time, Calcutta-1891, p. 494.

1. ਹਾਏ ਮਰਦਾਨੇ ! ਜਗ ਜਾਨੇ ਰਣਜੀਤ ਸਿੰਘ ।
ਤੇਰੇ ਬਿਨ ਕਾਨੇ ! ਜਗ ਬੀਚ ਤੀਨ ਕਾਨੇ ਹੈਂ ।[2]

2. ਹਿੰਦੂਨ ਕੀ ਹਿੰਦ ਜਰੀ, ਸਿੰਘਨ ਕੀ ਜਿੰਦ ਜਰੀ...
ਜਰ ਗਯੋ ਸੁਹਾਗ ਭਾਗ ਸਗਰੀ ਪੰਜਾਬ ਕੇ ।[3]

3. ਜਾਫ਼ਰ ਬੇਗ ਜਹਾਨ ਵਿਚ ਪਿਆ ਰੌਲਾ ।
ਅਜ ਉਲਟ ਗਈ ਹਿੰਦ ਦੀ ਪਾਤਸ਼ਾਹੀ ।[4]

ਉਸ ਰਾਤ ਕਿਸੇ ਰਸੋਈ ਵਿਚ ਅੱਗ ਨਹੀਂ ਬਲੀ ਸੀ । ਬਰਤਾਨਵੀ ਹਿੰਦ ਦੇ ਉਦੋਂ ਦੇ ਗਵਰਨਰ-ਜਨਰਲ ਲਾਰਡ ਆਕਲੈਂਡ, ਦੀ ਮਹਾਰਾਜਾ ਸਾਹਿਬ ਨਾਲ 1838-39 ਵਿਚ ਹੋਈ ਮੁਲਾਕਾਤ ਸਮੇਂ ਹਾਜ਼ਰ ਉਨ੍ਹਾਂ ਦੇ ਮਿਲਟਰੀ ਸੈਕ੍ਰੇਟਰੀ, ਕੈਪਟਨ ਔਜ਼ਬਰਨ ਨੇ ਆਪਣੀ ਆਖਰੀ ਚਿੱਠੀ ਵਿਚ ਲਿਖਿਆ ਸੀ :

"ਤੁਸੀਂ ਉਨ੍ਹਾਂ ਦੀ ਮੌਤ ਕਾਰਨ ਪੈਦਾ ਹੋਈ ਪੀੜ ਦੀ ਤੀਖਣਤਾ ਨੂੰ ਚਿਤਾਰ ਵੀ ਨਹੀਂ ਸਕਦੇ" ।[5] ਲਾਹੌਰ ਤੋਂ ਵਿਦਾ ਹੋਣ ਤੋਂ ਇਕ ਦਿਨ ਪਹਿਲਾਂ ਲਿਖੀ ਚਿੱਠੀ ਵਿਚ, ਆਪਣੇ ਹਮਵਤਨਾਂ ਨੂੰ, ਇਹ ਵੀ ਉਸੇ ਨੇ ਦਸਿਆ ਸੀ : "ਜਿਨ੍ਹਾਂ ਅਹਿਸਾਸਾਂ ਤੇ ਜਜ਼ਬਿਆਂ ਨਾਲ ਉਨ੍ਹਾਂ ਨੂੰ ਹਰ ਕੋਈ ਪਿਆਰਦਾ ਤੇ ਸਤਿਕਾਰਦਾ ਰਿਹਾ ਸੀ, ਉਹ ਇੰਨੇ ਡੂੰਘੇ ਤੇ ਹਾਰਦਿਕ ਸਨ ਕਿ ਉਨ੍ਹਾਂ ਦੇ ਹੁਕਮਾਂ, ਹਦਾਇਤਾਂ ਤੇ ਇਸ਼ਾਰਿਆਂ (ਜਦੋਂ ਉਹ ਬੋਲਣੋਂ ਰੁਕ ਗਏ ਸਨ) ਨੂੰ, ਆਖਰੀ ਦਮ ਤਕ, ਵਧ ਤੋਂ ਵਧ ਨਿਸਚਿਤ ਤਾਬੇਦਾਰੀ ਨਾਲ ਮੰਨਿਆ ਜਾਂਦਾ ਰਿਹਾ" ।[6] ਮੌਕੇ ਦੇ ਗਵਾਹ, ਡਾ: ਹਾਨਿਗ ਬਰਗਰ, ਨੇ ਉਨ੍ਹਾਂ ਦੇ ਮਾਤਮੀ ਜਲੂਸ ਦਾ ਜ਼ਿਕਰ ਕਰਦਿਆਂ ਲਿਖਿਆ ਸੀ ਕਿ : "ਉਸ ਨੂੰ ਵੇਖ ਕੇ ਸਾਡੇ ਦਿਲ ਧੜਕ ਰਹੇ ਸਨ" ।[7]

ਸਤਾਰਾ ਦੇ ਅਜਾਇਬਘਰ ਵਿਚ ਸੁਰੱਖਿਅਤ ਇਕ ਮਰਾਠੀ ਪੱਤਰ ਦਾ ਸਮਕਾਲੀ ਲੇਖਕ ਦਸਦਾ ਹੈ ਕਿ "ਮਹਾਰਾਜੇ ਦੀ ਚਿਖ਼ਾ ਦੁਆਲੇ ਇਕੱਤਰ ਹੋਈ ਭੀੜ ਨੇ ਉਸ ਉਤੇ, ਝਬਦੇ ਹੀ, ਲਪਕਣ ਤੇ ਉਨ੍ਹਾਂ ਦੀ ਦੇਹ ਨਾਲ ਹੀ ਆਪਣੇ ਆਪ ਨੂੰ ਸਾੜ ਲੈਣ ਦਾ ਜੋ ਆਪ-

---

2. ਕਵਿ ਜਗ ਸਿੰਘ । (ਵੇਖੋ : ਕਾਨ੍ਹ ਸਿੰਘ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪਟਿਆਲਾ-1930, ਪੰਨਾ 763-64 ।

3. ਗਿਆਨ ਸਿੰਘ, ਗਿ:, ਤਵਾਰੀਖ ਖਾਲਸਾ, ਸਿਆਲਕੋਟ-1892, ਜਿਲਦ 3, ਭਾਗ 1 ।

4. ਜਾਫ਼ਰ ਬੇਗ ਮੀਆਂ, ਬੈਂਤਾਂ ਸਰਕਾਰ ਰਣਜੀਤ ਸਿੰਘ ਕੀਆਂ ਜਾਂ ਸੀਹਰਫ਼ੀ ਸਰਕਾਰ ਕੀ, 1855 ਈ. ਦੀ ਹੱਥ-ਲਿਖਿਤ ਬੰਦ ਨੰ: 21 ।

5. Osborne, Capt. W. G. The Court and Camp of Runjeet Singh, London-1840, Indian ed., Calcutta-1952, p. 81.

6. Ibid., p. 79.

7. Honighberger, Dr. J. M., Thirty Five Years in the East: Experiments and Historical Sketches, relating to the Punjab and Cashmere, London-1852, p. 99.

ਮੁਹਾਰਾ ਜਤਨ ਕੀਤਾ ਸੀ, ਉਸ ਨੂੰ ਬੜੀ ਮੁਸਕਲ ਨਾਲ ਠਲ੍ਹਿਆ ਤੇ ਰੋਕਿਆ ਗਿਆ ਸੀ''।[8] 27-28 ਜੂਨ 1839 ਨੂੰ 'ਪੰਜਾਬ ਅਖ਼ਬਾਰ' ਵਿਚ ਲਿਖਿਆ ਹੈ ਕਿ ''ਉਨ੍ਹਾਂ ਦੇ ਚਲਾਣੇ ਤੇ ਦਾਹ-ਸੰਸਕਾਰ ਸਮੇਂ ਜੋ ਦੁਖ ਤੇ ਕਲੇਸ਼ ਹਰ ਉਮਰ, ਜਿਨਸ ਤੇ ਮਜ਼ਹਬ ਦੇ ਲੋਕਾਂ ਨੇ ਮਹਿਸੂਸ ਕੀਤਾ ਸੀ; ਅਤੇ ਜੋ ਕੁਰਲਾਹਟ ਉਦੋਂ ਲਾਹੌਰ ਵਿਚ ਪਈ ਸੀ, ਉਸ ਨੂੰ ਬਿਆਨ ਕਰਦਿਆਂ ਦਿਲ ਪਾਸ਼-ਪਾਸ਼ ਹੋ ਜਾਂਦਾ ਹੈ''।[9]

2.

ਅਜਿਹੇ ਵਿਆਪਕ ਵਿਰਲਾਪ, ਅਜਿਹੀ ਸਮੂਹਕ ਕੁਰਲਾਹਟ ਦਾ ਕਾਰਨ, ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਤੇ ਪੰਜਾਬੀਆਂ ਨਾਲ ਕੀਤਾ ਉਹ ਡੁਲ੍ਹ-ਡੁਲ੍ਹ ਪੈਂਦਾ ਪਿਆਰ, ਉਨ੍ਹਾਂ ਦੀ ਸੇਵਾ ਤੇ ਸੰਭਾਲ ਲਈ ਕੀਤੀ ਉਹ ਉਮਰਾਂ-ਬੱਧੀ ਘਾਲ ਅਤੇ ਉਨ੍ਹਾਂ ਦਾ ਮਾਣ-ਤਾਣ ਵਧਾਉਣ ਲਈ ਕੀਤਾ ਅਜਿਹਾ ਉੱਦਮ ਹੀ ਸੀ, ਜੋ ਉਨ੍ਹਾਂ ਤੋਂ ਪਹਿਲਾਂ ਕਦੇ ਵੀ ਕਿਸੇ ਹੋਰ ਨੇ ਨਹੀਂ ਕੀਤਾ ਸੀ। ਉਨ੍ਹਾਂ ਦੀ ਕਲਪਨਾ ਨੂੰ ਪਹਿਲਾਂ ਕਦੇ ਵੀ ਕਿਸੇ ਨੇ ਇਉਂ ਨਹੀਂ ਸੀ ਟੁੰਬਿਆ, ਉਨ੍ਹਾਂ ਦੇ ਸੁਫਨਿਆਂ ਨੂੰ ਕਦੇ ਵੀ ਕਿਸੇ ਨੇ ਇਉਂ ਸਾਕਾਰ ਨਹੀਂ ਸੀ ਕੀਤਾ, ਜਿਵੇਂ ਕਿ ਮਹਾਰਾਜਾ ਰਣਜੀਤ ਸਿੰਘ ਕਰ ਗਏ ਸਨ। ਉਨ੍ਹਾਂ ਦੀ ਸਦੀਆਂ-ਬੱਧੀ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ, ਉਨ੍ਹਾਂ ਦੀ ਦੌਲਤ ਤੇ ਇੱਜ਼ਤ ਲੁਟਣ ਵਾਲਿਆਂ ਦਾ ਵੇਗ ਹੀ ਮੋੜਨ ਅਤੇ ਉੱਤਰੀ ਹਿੰਦ ਤੋਂ ਅਫ਼ਗਾਨੀ ਰਾਜ ਦਾ ਸਦਾ ਲਈ ਸਫਾਇਆ ਕਰ ਦੇਣ ਲਈ ਵੀ ਜੋ ਘਾਲ ਉਨ੍ਹਾਂ ਨੇ ਘਾਲੀ ਸੀ, ਉਹ ਵੀ ਉਦੋਂ ਤਕ ਕਿਸੇ ਹੋਰ ਤੇ ਹਿੱਸੇ ਕਦੇ ਨਹੀਂ ਸੀ ਆਈ। ਇਉਂ ਹੀ, ਉਨ੍ਹਾਂ ਦੀ ਖਿੰਡੀ-ਪੁੰਡੀ ਤਾਕਤ ਨੂੰ ਇਕਮੁਠ ਕਰਨ, ਉਨ੍ਹਾਂ ਵਿਚ ਸਾਂਝੇ ਕੌਮੀ ਜਜ਼ਬੇ ਨੂੰ ਉਭਾਰਣ, ਉਨ੍ਹਾਂ ਦੀਆਂ ਹਿੱਕਾਂ ਵਿਚ ਪੰਜਾਬੀਅਤ ਦਾ ਫ਼ਖ਼ਰ ਜਗਾਉਣ, ਉਨ੍ਹਾਂ ਦੇ ਬਲ-ਬੁਧ ਨੂੰ ਇਕ ਸਾਂਝੇ ਤੇ ਸੁਤੰਤਰ ਰਾਜ ਦੀ ਕਾਇਮੀ ਲਈ ਵਰਤਣ ਲਈ ਜੋ ਸਬੀਲ ਉਨ੍ਹਾਂ ਨੇ ਬਣਾਈ ਅਤੇ ਤੋੜ ਚੜ੍ਹਾਈ ਸੀ, ਉਸ ਦਾ ਤਾਂ ਉਨ੍ਹਾਂ ਤੋਂ ਪਹਿਲਾਂ ਕਿਸੇ ਨੂੰ ਚਿਤ-ਚੇਤਾ ਹੀ ਨਹੀਂ ਸੀ। ਇਸੇ ਤਰ੍ਹਾਂ ਉਸ ਸਾਂਝੇ ਤੇ ਸੰਪੂਰਨ ਰਾਜ ਦਾ ਢਾਂਚਾ ਉਸਾਰਨ, ਹਰ ਪੰਜਾਬੀ ਨੂੰ ਉਸ ਦਾ ਭਾਈਵਾਲ ਜਾਂ ਹਿੱਸੇਦਾਰ ਬਣਾਉਣ ਅਤੇ ਉਸ ਵਿਚ ਅਮਨ, ਨਿਆਂ ਤੇ ਖੁਸ਼ਹਾਲੀ ਲਿਆਉਣ ਦਾ ਵੀ ਜੋ ਬਾਨ੍ਹਣੂ ਉਨ੍ਹਾਂ ਨੇ ਬੰਨ੍ਹਿਆਂ ਸੀ, ਉਹ ਵੀ ਮਾਨੋਂ ਉਨ੍ਹਾਂ ਉਤੇ ਹੀ ਖ਼ਤਮ ਸੀ।

8. "The whole crowd that had assembled, attempted to jump in it, but were with difficulty prevented". (: A Marathi News-letter on the Maharaja's Death by G. S. Sardesai, R. B., in Maharaja Ranjit Singh First Death Centenary Memorial, ed. by Professors Teja Singh & Ganda Singh, Amritsar-1939, p. 49).

9. : Panjab Akhbar, dated 27 & 28 June, 1839. : National Archives of India, Secret Correspondence, 115-17 of 16.10.1839 and 78-80 of 4.12.1839.

ਇਸੇ ਲਈ, ਉਹ ਕੇਵਲ ਪੰਜਾਬ ਦੇ ਹੀ ਨਹੀਂ, ਪੰਜਾਬੀ ਦਿਲਾਂ ਦੇ ਵੀ ਬਾਦਸ਼ਾਹ ਸਨ। ਤਦੇ ਤਾਂ, ਦੇਸ਼-ਵਾਸੀ ਉਨ੍ਹਾਂ ਨੂੰ 'ਪੰਜਾਬ ਦਾ ਸ਼ੇਰ' (ਸ਼ੇਰੇ-ਪੰਜਾਬ) ਅਤੇ ਏਸ਼ੀਆ ਦਾ ਨੈਪੋਲੀਅਨ, ਬਿਸਮਾਰਕ ਜਾਂ ਮੁਹੰਮਦ ਅਲੀ ਆਖਣ ਵਿਚ ਮਾਣ ਮਹਿਸੂਸ ਕਰਦੇ ਰਹੇ ਹਨ। ਉਨ੍ਹਾਂ ਦੇ ਇਕ ਸਮਕਾਲੀ ਇਤਿਹਾਸਕਾਰ, ਥੋਰਨਟਨ ਨੇ ਤਾਂ ਇਨ੍ਹਾਂ ਨੂੰ ਉਨ੍ਹਾਂ ਤੋਂ ਵੀ ਵਧੇਰੇ ਉੱਚਾ ਤੇ ਅਨੋਖਾ ਬੰਦਾ ਮੰਨਦਿਆਂ ਲਿਖਿਆ ਹੈ :

"ਰਣਜੀਤ ਸਿੰਘ ਨੂੰ ਮਿਸਰ ਦੇ ਮਹਿਮਤ ਅਲੀ ਤੇ ਫਰਾਂਸ ਦੇ ਨੈਪੋਲੀਅਨ ਨਾਲ ਤੁਲਨਾਇਆ ਗਿਆ ਹੈ। ਮਿ: ਜੈਕੇਮੋਂਟ ਨੇ ਉਨ੍ਹਾਂ ਨੂੰ 'ਨਿੱਕੇ ਆਕਾਰ ਵਿਚ ਬੋਨਾਪਾਰਟ' ਆਖਿਆ ਹੈ। ਕੁਝ ਗੱਲਾਂ ਵਿਚ ਤਾਂ ਉਹ ਦੋਹਾਂ ਨਾਲ ਮਿਲਦੇ-ਜੁਲਦੇ ਹਨ। ਪਰ ਉਨ੍ਹਾਂ ਦੇ ਹਾਲਾਤ ਤੇ ਹੈਸੀਅਤ ਦੇ ਪਰਸੰਗ ਵਿਚ, ਉਨ੍ਹਾਂ ਦੇ ਚਰਿੱਤਰ ਦਾ ਜਾਇਜ਼ਾ ਲੈਂਦਿਆਂ, ਪਤਾ ਲਗਦਾ ਹੈ ਕਿ ਉਹ ਉਨ੍ਹਾਂ ਦੋਹਾਂ ਨਾਲੋਂ, ਸ਼ਾਇਦ, ਇਕ ਵਧੇਰੇ ਸਿਰਕੱਢ ਹਸਤੀ ਸਨ"।[10] ਆਦਿ ਕਾਲ ਤੋਂ ਡਲਹੌਜ਼ੀ ਦੇ ਸਮੇਂ ਤਕ ਦੇ ਹਿੰਦੁਸਤਾਨ ਦਾ ਇਤਿਹਾਸ, ਤਿੰਨ ਜਿਲਦਾਂ ਵਿਚ, ਲਿਖਣ ਵਾਲੇ ਜਾਨ ਮਾਰਸ਼ਮੈਨ ਨੇ ਤਾਂ ਇਥੋਂ ਤਕ ਮੰਨਿਆ ਹੈ ਕਿ :

"ਉਹ, ਆਪਣੇ ਸਮੇਂ ਵਿਚ, ਕੁਸਤਨਤੁਨੀਆ ਤੋਂ ਲੈ ਕੇ ਪੀਕਿੰਗ ਤਕ ਸਭ ਤੋਂ ਵਡੇ ਤੇ ਗੈਰਮਾਮੂਲੀ ਇਨਸਾਨ ਸਨ।[11] ਉਨ੍ਹਾਂ ਦੇ ਇਕ ਪਿਛਲਕਾਲੀ ਹਮਵਤਨ ਡਾ: ਸਰ ਗੋਕਲ ਚੰਦ ਨਾਰੰਗ, ਲਿਖਦੇ ਹਨ :

"ਮਹਾਰਜਾ ਰਣਜੀਤ ਸਿੰਘ (ਧਾਰਮਕ ਆਗੂਆਂ ਨੂੰ ਛੱਡ ਕੇ) ਉਨ੍ਹੀਵੀਂ ਸਦੀ ਦੇ ਸਭ ਤੋਂ ਮਹਾਨ ਹਿੰਦੁਸਤਾਨੀ ਸਨ। ਉਨ੍ਹਾਂ ਨੇ ਇਕ ਡਿਗੀ ਤੇ ਹਾਰੀ ਹੋਈ ਕੌਮ ਨੂੰ ਇਕ ਵਾਰੀ ਫਿਰ ਆਪਣੇ ਪਹਿਲੇ ਪਰਤਾਪ ਦਾ ਮਾਲਕ ਬਣਾ ਕੇ, ਆਪਣੇ ਪੈਰਾਂ ਉਤੇ ਖੜਾ ਕਰ ਦਿੱਤਾ ਸੀ; ਅਤੇ ਹਿੰਦੂਆਂ ਨੂੰ ਲੜਨ ਤੇ ਜਿੱਤਣ ਦੀ ਜਾਚ ਮੁੜ ਸਿਖਾ ਦਿਤੀ ਸੀ। ਉਹ ਸਮਰਾਟ ਚੰਦਰ ਗੁਪਤ ਤੋਂ ਬਾਅਦ, ਪਹਿਲੇ ਹਿੰਦੁਸਤਾਨੀ ਸਨ ਜਿਨ੍ਹਾਂ ਨੇ ਬਦੇਸੀ ਹੱਲਿਆਂ ਦੇ ਵੇਗ ਨੂੰ ਪਿਛਾਂਹ ਵਲ ਮੋੜ ਦਿਤਾ ਸੀ ਅਤੇ ਹਮਲਾਅਵਰਾਂ ਨੂੰ ਉਨ੍ਹਾਂ ਗਾਰਾਂ ਤੇ ਪਹਾੜਾਂ ਵਲ ਵਾਪਸ ਧਕੇਲ ਦਿਤਾ ਸੀ ਜਿਥੋਂ ਨਿਕਲ ਕੇ, ਉਹ ਹਿੰਦੁਸਤਾਨ ਉਤੇ ਆਏ ਦਿਨ ਹੱਲੇ ਕਰਦੇ

---

10. Thornton, T. H., History of the Panjab, and of the Rise and Progress and Present Condition of the Sect and Nation of the Sikhs, London-1846, Vol. II, p.174. ਹੋਰ ਵੇਖੋ : Jacquemontvi, Letters from India, describing a journey in the British Dominions of India, Tibet and Cashmere during the years 1829-1831, undertaken by the order of the French Government, translated from French by Edward Churton, London-1834, in his letter dated October, 1829.

11. Marshman, J. C., History of India from the earliest period to the close of Lord Dalhousie's Administration, 3 Vols., London-1867, Vol. I, p. 39.

ਰਹਿੰਦੇ ਸਨ। ਉਹ ਕੇਵਲ ਇਕ ਮਹਾਨ ਯੋਧੇ ਹੀ ਨਹੀਂ, ਅਤਿ ਦਰਜੇ ਦੀ ਰਾਜਨੀਤਕ ਪ੍ਰਤਿਭਾ ਦੇ ਮਾਲਕ ਇਕ ਭਾਰੀ ਨੀਤੀਵਾਨ ਵੀ ਸਨ।[12]

1839 ਵਿਚ ਜਦੋਂ ਉਹ ਸਵਰਗਵਾਸ ਹੋਏ ਸਨ, ਤਾਂ ਸਾਰੇ ਦੇਸ ਵਿਚ ਬੜਾ ਡੂੰਘਾ ਜਗੱਤਰੀ ਸੋਗ ਛਾ ਗਿਆ ਸੀ;[12ਏ] ਅਤੇ ਹਰ ਕਿਸੇ ਨੇ ਇਵੇਂ ਮਹਿਸੂਸ ਕੀਤਾ ਸੀ ਜਿਵੇਂ ਕਿ ਉਸ ਦਾ ਆਪਣਾ ਪਿਤਾ ਤੇ ਰਾਖਾ ਉਸ ਤੋਂ ਖੁੰਝ ਗਿਆ ਹੋਵੇ। ਇਹ ਗੱਲ ਹਰ ਥਾਂ ਕਹੀ ਗਈ ਸੀ ਕਿ ਉਨ੍ਹਾਂ ਦੀ ਮੌਤ ਨਾਲ, ਪੰਜਾਬ ਦੀ ਧਰਤੀ ਰੰਡੀ ਹੋ ਗਈ ਹੈ''।[12ਬੀ]

ਤਦੇ ਤਾਂ ਇਹ ਕਹਿਣਾ ਜਾਂ ਮੰਨਣਾ ਕੋਈ ਗਲਤ-ਬਿਆਨੀ ਜਾਂ ਅਤਿ-ਕਥਨੀ ਨਹੀਂ—

ਮਾਣ ਨਾਲ ਕਹਿੰਦੇ ਨੇਪੋਲੀਅਨ ਫ਼ਰੰਗੀ ਜਿਹਨੂੰ
ਇਹੋ ਸੀ ਪੰਜਾਬ ਦਾ ਮਹਾਰਾਣਾ ਰਣਜੀਤ ਸਿੰਘ।
ਸਦੀਆਂ ਦੀ ਕਟ ਕੇ ਗੁਲਾਮੀ ਪੰਜਾਬੀਆਂ ਦੀ
ਤਣਿਆ ਆਜ਼ਾਦੀ ਦਾ ਤਾਣਾ ਰਣਜੀਤ ਸਿੰਘ।
ਗਜਦਾ ਲਾਹੌਰ ਵਿਚ ਕੰਬਦਾ ਨੇਪਾਲ ਚੀਨ
ਪੰਜਾਂ ਦਰਿਆਵਾਂ ਦਾ ਸੀ ਮਾਣਾ ਰਣਜੀਤ ਸਿੰਘ।
ਜਿਤ ਕੇ ਪਿਸ਼ੌਰ ਜਿਸ ਕਾਬਲ ਨਾਕਾਬਲ ਕੀਤਾ
ਕਦੇ ਨਾ ਪੰਜਾਬ ਨੇ ਭੁਲਾਣਾ ਰਣਜੀਤ ਸਿੰਘ।
ਖੱਖੜੀ ਦੀ ਡਲੀਆਂ ਦੇ ਵਾਂਗ ਪਾਟੀ ਕੌਮ ਸਾਰੀ
ਇਕੋ ਲੜੀ ਵਿਚ ਤਾਂ ਪਰੋਇਆ ਰਣਜੀਤ ਸਿੰਘ।
'ਮੋਇਆ ਰਣਜੀਤ ਨਹੀਂ ਸੀ, ਹੋਇਆ ਸੀ ਪੰਜਾਬ ਰੰਡਾ'
ਤਾਹੀਉਂ ਲੋਕੀ ਕੂਕਦੇ ਜਾਂ ਮੋਇਆ ਰਣਜੀਤ ਸਿੰਘ।[13ਏ]

---

12. ਵੇਖੋ Tripathi, Prof. L. K. & Har Dayal Singh (ed.), The Maharaja Ranjit Singh Centenary Volume, Cawnpore-1940, p. 45.

12-A. ਡਾ: ਮੈਕਗਰੇਗਰ ਵੀ ਲਿਖਦਾ ਹੈ : The event spread universal affliction throughout the Punjab. (ਵੇਖੋ : M' Gregor, Dr. W. L., The History of the Sikhs, containing the Lives of the Gurus, the History of the Independent Sirdars or Misals and the Life of the Great Founder of the Sikh Monarchy, Maharaja Ranjit Singh, London-1846; reprint, Patiala-1970, Vol. II, p. 4.
*12-B Narang, Dr. Sir Gokul Chand, Transformation of Sikhism, Lahore-1912; 5th ed., New Delhi-1960, p. 182.

13-A. ਸ਼ੇਰੇ ਪੰਜਾਬ ਦੀ ਜੂਨ 1939 ਵਿਚ ਮਨਾਈ ਗਈ ਮੌਤ-ਸ਼ਤਾਬਦੀ ਸਮੇਂ ਮੇਰੀ ਰਚੀ ਤੇ ਪਰਸਾਰੀ ਹੋਈ ਇਕ ਕਵਿਤਾ ਦਾ ਪਹਿਲਾ ਬੰਦ। ਇਹ ਕਵਿਤਾ ਮਗਰੋਂ, ਖਾਲਸਾ-ਸਮਾਚਾਰ, ਅੰਮ੍ਰਿਤਸਰ ਦੇ ਸੰਬੰਧਤ ਅੰਕ ਵਿਚ ਪਰਕਾਸ਼ਤ ਹੋਈ ਸੀ।

ਸ਼ੇਰੇ ਪੰਜਾਬ ਦੀ ਅਜਿਹੀ ਦਰਦ-ਹੰਝਾਣੀ ਮੌਤ ਤੋਂ ਵੀ ਪੈਂਹਠ ਵਰ੍ਹੇ ਬਾਅਦ, ਉਨ੍ਹਾਂ ਦੇ ਰਾਜ-ਭਾਗ ਦੇ ਮਾਲਕ ਬਣ ਚੁਕੇ ਬਦੇਸੀ ਰਾਜ ਦੇ ਇਕ ਉੱਘੇ ਕਾਰਿੰਦੇ, ਸਰ ਲੈਪਲ ਗਰਿਫ਼ਨ, ਨੇ ਦਸਿਆ ਸੀ :

"ਉਨ੍ਹਾਂ ਦਾ ਨਾਂ ਪੰਜਾਬ ਵਿਚ ਅਜੇ ਵੀ ਹਰ ਕਿਸੇ ਦੀ ਜ਼ਬਾਨ ਉਤੇ ਚੜ੍ਹਿਆ ਹੋਇਆ ਹੈ। ਉਨ੍ਹਾਂ ਦੀ ਤਸਵੀਰ ਅਜੇ ਵੀ, ਹਰ ਕੁੱਲੀ ਤੇ ਮਾੜੀ ਵਿਚ ਲਗੀ ਹੋਈ ਹੈ। ਅੰਮ੍ਰਿਤਸਰ ਤੇ ਦਿੱਲੀ ਵਿਚ ਹਾਥੀ-ਦੰਦ ਉਤੇ ਕੰਮ ਕਰਨ ਵਾਲੇ ਕਲਾਕਾਰਾਂ ਦੀਆਂ ਕਲਾ-ਕਿਰਤਾਂ ਦਾ ਮਨ-ਭਾਉਂਦਾ ਵਿਸ਼ਾ ਅਜੇ ਵੀ ਉਹੀ ਹਨ"।[13] ਉਨ੍ਹਾਂ ਦੇ ਅਜਿਹੇ ਗੁਣਾਂ, ਜਿੱਤਾਂ ਤੇ ਦਿੱਤਾਂ; ਉਨ੍ਹਾਂ ਦੀ ਅਜਿਹੀ ਲੋਕ-ਪ੍ਰਸਿਧੀ ਤੇ ਸਰਬ-ਪ੍ਰੀਯਤਾ ਨੂੰ ਹੀ ਮੁਖ ਰਖਦਿਆਂ, ਪਾਕਿਸਤਾਨ ਵਿਚ ਵਸਦੇ-ਰਸਦੇ ਸੱਯਦ ਵਹੀਦ ਦੀਨ ਨੇ, ਅਜੋਕੇ ਹੀ, ਬੜੇ ਮਾਣ ਤੇ ਵਿਸ਼ਵਾਸ ਨਾਲ ਆਖਿਆ ਹੈ :

"ਰਣਜੀਤ ਸਿੰਘ ਲੋਕਾਂ ਦੇ ਤਸੱਵਰ ਵਿਚ ਅਜੇ ਵੀ ਉਵੇਂ ਹੀ ਜੀਉਂਦੇ ਹਨ, ਜਿਵੇਂ ਉਹ ਆਪਣੇ ਭੌਤਿਕ ਜੀਵਨ ਦੇ ਦੌਰਾਨ ਜੀਉਂਦੇ ਰਹੇ ਹਨ। ਉਹ ਕੇਵਲ ਉਥੇ, ਭਾਵ ਭਾਰਤ ਵਿਚ, ਹੀ ਨਹੀਂ ਜੀਅ ਰਹੇ ਜਿਥੇ ਕਿ ਸਿੱਖ ਹੁਣ ਰਹਿ ਰਹੇ ਹਨ; ਸਗੋਂ ਉਥੇ ਵੀ ਜਿਥੇ ਉਹ ਪਾਕਿਸਤਾਨ ਬਣਨ ਤੋਂ ਪਹਿਲਾਂ, ਵਸ ਰਹੇ ਸਨ। ਕਿਉਂਕਿ ਉਹ ਸਿੱਖਾਂ ਤੇ ਮੁਸਲਮਾਨਾਂ ਦੀ ਇਕ ਸਾਂਝੀ ਦੇਵਮਾਲਾਈ ਸ਼ਖਸ਼ੀਅਤ ਸਨ, ਇਸ ਲਈ ਮੁਸਲਮਾਨਾਂ ਨੇ, ਉਨ੍ਹਾਂ ਨੂੰ, ਸਿੱਖਾਂ ਦੇ ਪਾਕਿਸਤਾਨ ਤੋਂ ਨਿਕਲਣ ਸਮੇਂ, ਉਨ੍ਹਾਂ ਨਾਲ ਵਿਦਾ ਨਹੀਂ ਹੋਣ ਦਿਤਾ ਸੀ"।[14] ਰਤਾ ਕੁ ਅਗੇਰੇ ਜਾ ਕੇ, ਉਨ੍ਹਾਂ ਇਹ ਵੀ ਲਿਖਿਆ ਹੈ :

"ਲੋਕ-ਦਿਲਾਂ ਵਿਚ, ਰਣਜੀਤ ਸਿੰਘ ਦਾ ਹਰਮਨ-ਪਿਆਰਾ ਇਮਿਜ (ਚਿੱਤਰ) ਇਕ ਵਿਜੇਈ ਨਾਇਕ ਜਾਂ ਇਕ ਬਲਵਾਨ ਬਾਦਸ਼ਾਹ ਨਾਲੋਂ, ਇਕ ਦਿਆਲੂ ਪਿਤਾਮਾ ਵਜੋਂ ਵਧੇਰੇ ਉਕਰਿਤ ਹੈ। ਉਹ ਇਨ੍ਹਾਂ ਤਿੰਨ ਗੁਣਾਂ ਤੇ ਰੂਪਾਂ ਦੇ ਮੁਜਸਮਾ ਸਨ; ਪਰ ਉਨ੍ਹਾਂ ਦੀ ਦਿਆਲਤਾ ਉਨ੍ਹਾਂ ਦੀ ਆਨ-ਸ਼ਾਨ ਤੇ ਰਾਜ-ਸ਼ਕਤੀ ਨੂੰ ਪਿਛੇ ਛੱਡ ਆਈ ਹੈ ਅਤੇ ਅਜੇ ਤਕ ਜੀਵਿਤ ਹੈ"।[15]

3.

ਇਤਿਹਾਸ ਦੀ ਇਸ ਹਕੀਕਤ ਤੋਂ ਕੌਣ ਮੁਕਰ ਸਕਦਾ ਹੈ ਕਿ ਪੰਜਾਬ, 1001 ਈ. ਵਿਚ, ਰਾਜਾ ਜੈਪਾਲ ਦੇ ਸੁਲਤਾਨ ਮਹਿਮੂਦ ਹੱਥੀਂ ਹਾਰ ਜਾਣ ਤੋਂ ਬਾਅਦ, ਹਿੰਦੁਸਤਾਨ ਦੀ ਦੌਲਤ ਤੇ ਇੱਜ਼ਤ ਦੀ ਲੁਟ-ਮਾਰ ਲਈ, ਬਦੇਸੀ ਜਰਵਾਣਿਆਂ ਵਾਸਤੇ ਮਾਨੋ ਪਾਇਦਾਨ ਬਣ ਗਿਆ ਸੀ। ਕਦੇ ਕੋਈ ਗਜ਼ਨਵੀ, ਕਦੇ ਕੋਈ ਗੌਰੀ; ਕਦੇ ਕੋਈ ਨਾਦਰ ਸ਼ਾਹ ਤੇ ਕਦੇ ਕੋਈ

13. Griffin, Sir Lepal, Ranjit Singh, Oxford-1905, p. 90.
14. Waheed-ud-din, The Real Ranjit Singh, Karachi-1965, p. 8.
15. Ibid, p. 9.

ਅਹਿਮਦ ਸ਼ਾਹ ਇਸ ਉਤੇ ਪੈਰ ਝਾੜ ਕੇ ਸਮੁੱਚੇ ਦੇਸ ਦੇ ਮਾਲ-ਧਨ ਤੇ ਬਹੂ-ਬੇਟੀਆਂ ਨੂੰ ਲੁਟ-ਪੁਟ ਕੇ, ਗਜ਼ਨੀ ਤੇ ਕਾਬਲ ਦਾ ਸ਼ਿੰਗਾਰ ਬਣਾਂਦਾ ਰਿਹਾ ਸੀ। ਪੰਜਾਬ-ਵਾਸੀਆਂ ਦੀਆਂ ਇਹ ਕਹਾਵਤਾਂ :-

1. ਹਕੂਮਤ ਨਵਾਬ ਅਬਦੁਲਾ
ਚੱਕੀ ਰਹੀ ਨਾ ਚੁਲ੍ਹਾ।

2. ਖਾਧਾ ਪੀਤਾ ਲਾਹੇ ਦਾ।
ਬਾਕੀ ਅਹਿਮਦ ਸ਼ਾਹੇ ਦਾ।[16ੲ]

ਇਸੇ ਦਰਦਨਾਕ ਸਥਿਤੀ ਦੇ ਹੀ ਇਕ ਭਿਆਨਕ ਪੱਖ ਦੀ ਮੂੰਹੋਂ-ਬੋਲਦੀ ਤਸਵੀਰ ਹਨ।

ਅਠਾਰਾਂ ਵਰ੍ਹਿਆਂ ਦੇ ਮਸ-ਫੁਟਦੇ ਰਣਜੀਤ ਸਿੰਘ ਦਾ ਵਾਹ ਵੀ ਤਾਂ ਸਭ ਤੋਂ ਪਹਿਲਾਂ, ਇਸੇ ਅਹਿਮਦ ਸ਼ਾਹ ਦੁੱਰਾਨੀ ਦੇ ਪੋਤੇ, ਜ਼ਮਾਨ ਸ਼ਾਹ ਨਾਲ ਹੀ ਪਿਆ ਸੀ। ਉਸੇ ਨੂੰ ਇਨ੍ਹਾਂ ਨੇ, 1798 ਵਾਲੇ ਹੱਲੇ ਦੇ ਦੌਰਾਨ, ਅਜਿਹਾ ਵੰਗਾਰਿਆ ਤੇ ਲਲਕਾਰਿਆ ਸੀ ਕਿ ਉਦੋਂ ਉਹ ਲਾਹੌਰੋਂ ਹੀ ਵਾਪਸ ਕਾਬਲ ਚਲਾ ਗਿਆ ਸੀ।[16] ਰਣਜੀਤ ਸਿੰਘ ਨੇ ਅਟਕ ਤਕ ਉਸ ਦਾ ਪਿੱਛਾ ਕੀਤਾ ਸੀ[17]; ਅਤੇ ਉਸ ਨੂੰ ਪੰਜਾਬੋਂ ਕੱਢਣ ਤੋਂ ਫ਼ੌਰਨ ਬਾਅਦ, ਲਾਹੌਰ ਦੇ ਕੁਝ ਪ੍ਰਤੀ-ਨਿਧਾਂ ਦੇ ਸੱਦੇ ਤੇ, 7 ਜੁਲਾਈ, 1799 ਨੂੰ ਇਸ ਦੀ ਰਾਜਧਾਨੀ ਉਤੇ ਕਬਜ਼ਾ ਕਰ ਕੇ

16-A. ਪੰਜਾਬ ਦੇ ਦੋ ਇਤਿਹਾਸਕ ਅਖਾਣ, ਕਹਾਵਤਾਂ ਜਾਂ ਲੋਕੋਕਤੀਆਂ।

16. ਸਮਕਾਲੀ ਇਤਿਹਾਸਕਾਰ, ਮੁਨਸ਼ੀ ਸੋਹਣ ਲਾਲ ਅਤੇ ਸੱਯਦ ਬੂਟੇ ਸ਼ਾਹ, ਦਸਦੇ ਹਨ ਕਿ ਸਰਦਾਰ ਰਣਜੀਤ ਸਿੰਘ, ਆਪਣੇ ਮੁੱਠੀ-ਭਰ ਸਾਥੀਆਂ ਸਮੇਤ, ਕਿਲ੍ਹੇ ਦੇ ਸੰਮਨ ਬੁਰਜ ਉਤੇ, ਆਖਰਾਂ ਦੇ ਜੋਸ਼ ਨਾਲ, ਤਿੰਨ ਵਾਰ ਲਪਕੇ ਸਨ; ਅਤੇ ਸ਼ਾਹ ਜਮਾਨ ਨੂੰ ਖੁਲ੍ਹੀ ਮੁਠ-ਭੇੜ ਲਈ ਵੰਗਾਰ ਆਏ ਸਨ। ਰਣਜੀਤ ਸਿੰਘ ਨੇ ਤਾਂ ਲਲਕਾਰ ਕੇ ਆਖਿਆ ਸੀ : "ਓ ਅਹਿਮਦ ਸ਼ਾਹ ਦੇ ਪੋਤਰੇ, ਬਾਹਿਰ ਆ ਅਤੇ ਸਰਦਾਰ ਚੜ੍ਹਤ ਸਿੰਘ ਦੇ ਪੋਤਰੇ ਨਾਲ ਦੋ ਹੱਥ ਕਰ ਲੈ।" (ਵੇਖੋ : ਸੂਰੀ, ਮੁ. ਸੋਹਣ ਲਾਲ, ਉਮਦਾ-ਤੁ-ਤਵਾਰੀਖ਼, ਲਾਹੌਰ 1885-9, ਦਫ਼ਤਰ 2, ਪੰਨਾ 39; ਬੂਟੇ ਸ਼ਾਹ, ਸੱਯਦ, ਤਵਾਰੀਖ਼ੇ-ਪੰਜਾਬ, ਪੰਜਾਬ ਪਬਲਿਕ ਲਾਇਬ੍ਰੇਰੀ, ਲਾਹੌਰ ਵਿਚ ਸੁਰੱਖਿਅਤ ਸੰਨ 1848 ਦੀ ਹੱਥ-ਲਿਖਤ, ਵ. 638;

ਇਸ ਲਲਕਾਰ ਨੂੰ, ਸ਼ੇਰੇ ਪੰਜਾਬ ਦੀ 1939 ਵਿਚ ਮਨਾਈ ਗਈ ਮੌਤ-ਸ਼ਤਾਬਦੀ ਸਮੇਂ ਲਿਖੀ ਇਕ ਵਾਰ ਵਿਚ, ਮੈਂ ਇਉਂ ਪੇਸ਼ ਕਰਨ ਦਾ ਜਤਨ ਕੀਤਾ ਸੀ :

"ਓ ਅਹਿਮਦਸ਼ਾਹ ਦੇ ਪੋਤਰੇ ! ਕਿਉਂ ਕਹਿਰ ਕਮਾਵੇਂ ?
ਕਿਉਂ ਇਜੱੜ ਦੇਸ਼ ਪੰਜਾਬ ਦੀ, ਵਲ ਹੱਥ ਵਧਾਵੇਂ ?
ਆ ਪੋਤਾ ਆਇਆਈ ਚੜ੍ਹਤ ਦਾ, ਦੋ ਹੱਥ ਕਰਾ ਲੈ,
ਵੇਖਾਂ ਕਿਵੇਂ ਪੰਜਾਬ ਤੋਂ, ਤੂੰ ਖ਼ਾਲੀ ਜਾਵੇਂ।"

17. ਉਮਦਾ-ਤੁ-ਤਵਾਰੀਖ, ਉਹੀ, ਦਫ਼ਤਰ 2, ਪੰਨਾ 44
Ganda Singh Dr. A Brief Account of the Sikh People, Patiala-1956, p. 67.

ਪੰਜਾਬੀਆਂ ਨੂੰ ਸਦੀਆਂ ਪਿਛੋਂ ਸੁਖ ਦਾ ਸਾਹ ਦੁਆਇਆ ਸੀ।[18] ਉਦੋਂ ਹੀ ਉਨ੍ਹਾਂ ਨੇ ਆਪਣੇ ਸਾਥੀਆਂ ਤੇ ਸਿਪਾਹੀਆਂ ਨੂੰ, ਇਕ ਫੌਰੀ ਏਲਾਨ ਰਾਹੀਂ ਇਹ ਸਾਫ ਆਖ ਦਿੱਤਾ ਸੀ ਕਿ ਲਾਹੌਰ ਸਾਡਾ ਆਪਣਾ ਹੈ ਅਤੇ ਇਸ ਦੇ ਸਭ ਵਸਨੀਕ ਸਾਡੇ ਆਪਣੇ ਭਰਾ-ਭਾਈ, ਸਾਡੇ ਆਪਣੇ ਅੰਗ-ਸਾਕ ਹਨ। ਇਸ ਲਈ ਹਰ ਕਿਸੇ ਨਾਲ ਬੜੇ ਆਦਰ ਤੇ ਭਾਉ ਨਾਲ ਵਰਤਣਾ ਹੈ। ਕਿਸੇ ਤਰ੍ਹਾਂ ਦੀ ਵੀ ਲੁਟਮਾਰ, ਜਬਰ ਜਾਂ ਬਦਤਮੀਜ਼ੀ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਾ ਭਾਗੀ ਬਣਨਾ ਪਵੇਗਾ।[19]

ਇਹ ਏਲਾਨ ਉਸ ਪੰਜਾਬ ਦੀ ਰਾਜਧਾਨੀ ਵਿਚ ਕੀਤਾ ਗਿਆ ਸੀ ਜੋ ਉਦੋਂ, ਚਾਰੇ ਪਾਸਿਉਂ, ਅਫ਼ਗਾਨਾਂ ਤੇ ਮਿਸਲਦਾਰਾਂ ਦੀ ਹੰਨੇ-ਹੰਨੇ ਮੀਰੀ, ਬਦਅਮਨੀ ਅਤੇ ਲੁਟਮਾਰ ਦਾ ਸ਼ਿਕਾਰ ਬਣਿਆ ਹੋਇਆ ਸੀ; ਜਿਸ ਦੀ ਅਜਿਹੀ ਘੋਰ ਸਥਿਤੀ ਨੂੰ ਮੁਖ ਰਖਦਿਆਂ, ਜਾਰਜ ਫੋਰਸਟਰ ਨੇ ਉਕਤ ਘਟਨਾ ਤੋਂ ਪੰਦਰਾਂ ਕੁ ਵਰ੍ਹੇ ਪਹਿਲਾਂ, ਆਪਣੀ 1783 ਦੀ ਚਿੱਠੀ ਵਿਚ, ਇਹ ਸਾਫ ਲਿਖਿਆ ਸੀ :

"ਜੇ ਕੋਈ ਭਵਿੱਖੀ ਘਟਨਾ ਇਸ ਗੱਲ ਦੀ ਮੰਗ ਕਰੇ ਕਿ ਸਿੱਖ ਲੋਕ ਆਪਣੇ ਰਾਜ ਤੇ ਧਰਮ ਦੀ ਹੋਂਦ ਨੂੰ ਬਰਕਰਾਰ ਰਖਣ ਲਈ ਕੋਈ ਸਾਂਝਾ ਹੰਭਲਾ ਮਾਰਨ, ਤਾਂ ਅਸੀਂ ਅਨੁਭਵ ਕਰ ਸਕਦੇ ਹਾਂ ਕਿ ਕੋਈ ਤਾਂਘਵਾਨ ਸਰਦਾਰ ਆਪਣੀ ਪ੍ਰਤਿਭਾ, ਸਫਲਤਾ ਅਤੇ ਸਾਥੀਆਂ ਦੀ ਸ਼ਕਤੀ ਨੂੰ ਸਮੋਅ ਲੈਣ ਸਦਕੇ, ਉਨ੍ਹਾਂ ਦੇ ਪੰਥਕ ਰਾਜ-ਮਹਿਲ ਦੇ ਖੰਡਰਾਂ ਉਤੇ ਬਾਦਸ਼ਾਹੀ ਦਾ ਝੰਡਾ ਲਹਿਰਾ ਸਕਦਾ ਹੈ"।[20] ਇਸ ਦੀ ਅਜਿਹੀ ਦੁਰਦਸ਼ਾ ਤੋਂ ਹੀ ਲਾਭ ਉਠਾ ਕੇ ਇਸ ਨੂੰ ਹੜੱਪਨ ਜਾਂ ਆਪਣੇ ਅਧੀਨ ਕਰ ਲੈਣ ਲਈ ਕਈ ਬਾਹਰਲੀਆਂ ਤਾਕਤਾਂ ਚਾਰੇ ਬੰਨਿਉਂ ਤਾਕ ਲਾਈ ਬੈਠੀਆਂ ਸਨ। ਜੇ ਪੱਛਮੀ ਸਰਹੱਦ ਵਲੋਂ ਅਫ਼ਗਾਨ ਆਪਣਾ ਹੱਕ ਜਮਾ ਰਹੇ ਸਨ, ਤਾਂ ਉੱਤਰੀ ਵਲੋਂ ਗੋਰਖੇ ਤੇ ਰਾਜਪੂਤ ਭੱਬਕਾਂ ਮਾਰ ਰਹੇ ਸਨ। ਜੇ ਦੱਖਣ ਵਲੋਂ ਮਰਹੱਟੇ ਕਬਜ਼ਾ ਕਰਨ ਦੀਆਂ ਸਬੀਲਾਂ ਬਣਾ ਰਹੇ ਸਨ, ਤਾਂ ਪੂਰਬ ਵਲੋਂ ਅੰਗਰੇਜ਼ ਇਹਨੂੰ ਆਪਣੇ ਹੀ ਪੇਟੇ ਪਾ ਲੈਣ ਦੇ ਸੁਫਨੇ ਲੈ ਰਹੇ ਸਨ। ਇਸ ਦੀ ਅਜਿਹੀ ਘੋਰ ਸਥਿਤੀ ਨੂੰ ਮੁਖ ਰਖਦਿਆਂ ਉਹਨਾਂ ਦੇ ਜਾਹੋਜਲਾਲ ਤੋਂ ਨਿਜੀ ਤੌਰ ਤੇ ਜਾਣੂ ਸੁਪ੍ਰਸਿਧ ਇਤਿਹਾਸਕਾਰ, ਕੈਪਟਨ ਕਨਿੰਘਮ ਨੇ ਮਗਰੋਂ ਇਹ ਠੀਕ ਹੀ ਲਿਖਿਆ ਸੀ ਕਿ ਪੰਜਾਬ ਰਣਜੀਤ ਸਿੰਘ ਨੂੰ ਇਕ ਖੀਣ ਹੋ ਰਹੀ ਮਿਸਲਦਾਰੀ ਦੇ ਰੂਪ ਵਿਚ ਮਿਲਿਆ, ਜੋ ਆਪਣੇ ਸਰਦਾਰਾਂ ਦੀ ਧੜੇਬੰਦੀ ਦਾ ਸ਼ਿਕਾਰ ਹੋਇਆ ਪਿਆ ਸੀ, ਜਿਸ ਨੂੰ ਅਫ਼ਗਾਨ ਤੇ ਮਰਹੱਟੇ ਦਬਕਾਅ ਰਹੇ ਸਨ ਅਤੇ ਜੋ ਅੰਗਰੇਜ਼ੀ ਪ੍ਰਭੁਤਾ ਦੇ

---

18. Hasrat, Dr. Bikrama Jit, Life and Times of Rajnit Singh, Hoshiapur-1977, p. 40 & 42.

19. : A Proclamation was made assuring the citizens of Peace and Freedom from molestation; a warning was issued to the soldiers that looting would be punished with death. (: Kushwant Singh, Ranjit Singh ; Maharaja of the Panjab, London-1962, p. 39.

20. Forster, G., A Journey from Bengal to England through North India, Kashmir, Afghanistan and Persia into Russia, 1783-1784, London-1798, Vol. I, p. 295.

ਅਧੀਨ ਹੋ ਜਾਣ ਲਈ ਤਿਆਰ ਖੜਾ ਸੀ।"[21]

ਪਰ ਜਿਵੇਂ ਫ਼ੋਰਸਟਰ ਨੇ ਰਣਜੀਤ ਸਿੰਘ ਦੇ ਜਨਮ ਤੋਂ ਤਿੰਨ ਵਰ੍ਹੇ ਬਾਅਦ ਹੀ, ਉਕਤ ਪੇਸ਼ੀਨਗੋਈ ਕਾਨੀਬੰਦ ਕਰ ਦਿਤੀ ਸੀ, ਤਿਵੇਂ ਉਸ ਦੇ ਸਤਲੁਜੋਂ-ਪਾਰ-ਵਿਚਰਦੇ ਅੰਗਰੇਜ਼ ਸਾਥੀਆਂ ਨੇ ਅਠਾਰਵੇਂ ਵਰ੍ਹੇ ਵਿਚ ਪੈਰ ਪਾ ਚੁਕੇ ਰਣਜੀਤ ਸਿੰਘ ਦੀ ਚਾਲ ਢਾਲ ਵੇਖ ਕੇ ਹੀ, ਇਹ ਅਨੁਭਵ ਕਰ ਲਿਆ ਸੀ ਕਿ ਅਫ਼ਗਾਨੀ ਹੜ੍ਹ ਨੂੰ ਠਲ੍ਹਣ, ਇਸਲਾਮੀ ਬੇਸ ਨੂੰ ਤੋੜਨ ਅਤੇ ਬਰਤਾਨਵੀ ਹਿੱਤਾਂ ਨੂੰ ਵੀ ਉਸ ਖ਼ਤਰੇ ਤੋਂ ਬਚਾਉਣ ਦੀ ਸ਼ਕਤੀ ਕੇਵਲ ਪੰਜਾਬ ਦੇ ਸਿੱਖਾਂ ਵਿਚ ਹੀ ਹੈ, ਅਤੇ ਰਣਜੀਤ ਸਿੰਘ ਹੀ ਇਕ ਅਜਿਹਾ ਸਿੱਖ ਹੈ ਜੋ ਉਹਨਾਂ ਨੂੰ ਇੱਕਤਰ ਕਰ ਕੇ ਪੰਜਾਬ ਨੂੰ ਇਕਮੁੱਠ ਕਰ ਸਕਦਾ ਹੈ। ਰਣਜੀਤ ਸਿੰਘ ਨੇ, ਅਗਲੇ ਦੋ ਵਰ੍ਹਿਆਂ ਵਿਚ ਹੀ, ਆਪਣੀ ਚੜ੍ਹਤ ਦੀ ਅਜਿਹੀ ਧਾਂਕ ਜਮਾ ਦਿਤੀ ਕਿ, ਹੋਰ ਤਾਂ ਹੋਰ, ਮੁਗ਼ਲ ਦਰਬਾਰ ਦਿੱਲੀ ਵਿਚ ਸਥਿਤ ਬਰਤਾਨਵੀ ਰੇਜ਼ੀਡੈਂਟ, ਮਿ. ਕੋਲਿਨਜ਼, ਨੇ ਗਵਰਨਰ ਜਨਰਲ ਨੂੰ ਕਲਕੱਤੇ ਭੇਜੀ ਆਪਣੀ ਰਿਪੋਰਟ, ਮਿਤੀ 16 ਅਕਤੂਬਰ, 1800 ਰਾਹੀਂ ਦਸਿਆ ਸੀ ਕਿ :

"ਇਹ ਸਰਦਾਰ, ਇਸ ਵੇਲੇ, ਸਾਰੇ ਹਿੰਦੁਸਤਾਨ ਵਿਚ ਸਿੱਖ ਕੌਮ ਦਾ ਰਾਖਾ ਸਮਝਿਆ ਜਾਂਦਾ ਹੈ। ਇਹ ਆਮ ਮੰਨਿਆਂ ਜਾਂਦਾ ਹੈ ਕਿ ਰਣਜੀਤ ਸਿੰਘ ਦੀ ਹੀ ਹਿੰਮਤ ਤੇ ਸ਼ਾਨਦਾਰ ਅਗਵਾਈ ਨੇ ਸਾਰੇ ਪੰਜਾਬ ਨੂੰ ਇਕ ਮਾਰੂਥਲ ਬਣਨ ਤੋਂ ਬਚਾ ਲਿਆ ਹੈ; ਕਿਉਂਕਿ ਇਹਨਾਂ ਉਤਰੀ ਵਹਿਸ਼ੀਆਂ (ਭਾਵ ਅਫ਼ਗਾਨਾਂ) ਦੀ ਇਹ ਆਮ ਫੜ੍ਹ ਹੈ ਕਿ ਜਿਸ ਥਾਂ ਨੂੰ ਉਹਨਾਂ ਦੇ ਘੋੜੇ ਇਕ ਵਾਰ ਲਤਾੜ ਆਉਂਦੇ ਹਨ, ਉਥੇ ਘਾਹ ਫਿਰ ਕਦੇ ਉਗਦਾ ਵੀ ਨਹੀਂ।"[22] ਇਨ੍ਹਾਂ ਹੀ ਅਫ਼ਗਾਨਾਂ ਦੇ ਹਾਕਮ, ਉਸੇ ਜ਼ਮਾਨ ਸ਼ਾਹ, ਨੇ ਮੁੜ ਰਣਜੀਤ ਸਿੰਘ ਦੀ ਹੀ ਖੁਸ਼ਨੂੰਦੀ ਹਾਸਲ ਕਰਨ ਲਈ ਮਗਰੋਂ ਕਈ ਸੁਗਾਤਾਂ ਭੇਜ ਕੇ, ਉਸ ਨਾਲ ਦੋਸਤੀ ਗੰਢਣੀ ਚਾਹੀ ਸੀ।[23] ਇਸੇ ਗੱਲ ਦੀ ਸੋਅ ਮਿਲਦਿਆਂ ਸਾਰ ਹੀ, ਅੰਗਰੇਜ਼ ਹਾਕਮਾਂ ਨੂੰ ਪਿੱਸੂ ਪੈ ਗਏ ਸਨ ਅਤੇ ਉਹਨਾਂ ਦੇ ਗਵਰਨਰ ਜਨਰਲ ਨੇ ਵੀ, ਉਸੇ ਵਰ੍ਹੇ, ਰਣਜੀਤ ਸਿੰਘ ਨੂੰ ਖ਼ੁਦ ਆਪਣੇ ਵਲ ਕਰਨ ਲਈ,

---

21. Cunningham, Capt. J. D., A History of the Sikhs from the Origin of the Nation to the Battles of the Sutlej, London-1849; Ind. ed., Delhi-1960, P. 200.

22. National Archives of India, New Delhi, Secret Correspondence, 4 of 24 June 1800.

23. ਇਹੋ ਸ਼ਾਹ ਜ਼ਮਾਨ ਕਾਬਲੋਂ ਨੱਠ ਕੇ ਪੰਜਾਬ ਵਿਚ ਪਨਾਹ ਲੈਣ ਲਈ, ਪਰਵਾਰ ਸਮੇਤ, 1811 ਨੂੰ ਨਵੰਬਰ ਵਿਚ ਇਕ ਭਿਖਾਰੀ ਵਾਂਗ ਲਾਹੌਰ ਆਇਆ। ਸ਼ੇਰੇ ਪੰਜਾਬ ਨੇ ਲਾਹੌਰ ਦੇ ਇਸ ਸਾਬਕ ਵਿਜਈ ਨੂੰ ਆਪ 'ਜੀ ਆਇਆਂ ਨੂੰ' ਆਖਿਆ, ਆਦਰ-ਭਾਅ ਨਾਲ ਰਖਿਆ ਅਤੇ ਪੈਨਸ਼ਨ ਲਾ ਕੇ ਨਿਵਾਜਿਆ। (ਵੇਖੋ : ਉਮਦਾ-ਤ-ਤਵਾਰੀਖ, ਉਹੀ, ਦਫ਼ਤਰ 2, ਪੰਨਾ 143)

ਆਪਣੇ ਏਜੰਟ, ਮੀਰ ਯੂਸਫਅਲੀ, ਰਾਹੀਂ ਕਈ ਵੱਡ-ਮੁਲੇ ਤੋਹਫੇ ਭੇਜ ਕੇ ਦੋਸਤੀ ਦਾ ਸੱਦਾ ਦਿੱਤਾ ਸੀ।[24]

4.

ਨੌਜਵਾਨ ਸਰਦਾਰ ਰਣਜੀਤ ਸਿੰਘ ਦੀ ਅਜਿਹੀ ਸੇਵਾ ਤੇ ਸਿਦਕ, ਬਲ ਤੇ ਬੁਧੀ, ਤੇਜ ਤੇ ਪਰਤਾਪ ਨੂੰ ਹੀ ਮੁਖ ਰਖਦਿਆਂ,[28] ਬਾਬਾ ਸਾਹਿਬ ਸਿੰਘ ਬੇਦੀ[29] ਨੇ ਸੰਨ 1801 ਦੀ ਵਿਸਾਖੀ ਵਾਲੇ ਦਿਨ, ਭਰੇ ਦਰਬਾਰ, ਉਹਨਾਂ ਦੇ ਮੱਥੇ ਉਤੇ ਕੇਸਰੀ ਤਿਲਕ ਲਾ ਕੇ, ਉਹਨਾਂ ਦੀ ਮਹਾਰਾਜਗੀ ਦਾ ਏਲਾਨ ਕਰ ਦਿੱਤਾ ਸੀ। ਇਉਂ, ਪੰਜਾਬ ਨੂੰ ਪੂਰੇ ਅੱਠ ਸੌ ਸਾਲ ਬਾਅਦ, ਪਹਿਲੀ ਵਾਰ ਆਪਣੀ ਕੁਖੋਂ ਜਾਏ ਇਕ ਸੁੱਘੜ ਤੇ ਸੂਰਬੀਰ ਪੁੱਤਰ ਦੀ ਸੁਤੰਤਰ ਹੁਕਮਰਾਨੀ ਨਸੀਬ ਹੋਣੀ ਸ਼ੁਰੂ ਹੋਈ ਸੀ।

ਮਹਾਰਾਜਾ ਸਾਹਿਬ ਨੇ ਉਂਜ ਆਪਣੇ ਦੇਸ਼ਵਾਸੀਆਂ ਨਾਲ ਪੰਜਾਬੀਅਤ ਤੇ ਭਰੱਪਣ ਦੀ ਸਾਂਝ ਕਾਇਮ ਰਖਣ ਲਈ, 'ਮਹਾਰਾਜਾ', 'ਸੁਲਤਾਨ' ਜਾਂ 'ਬਾਦਸ਼ਾਹ' ਅਖਵਾਉਣ ਦੀ ਥਾਂ, ਆਮ ਲੋਕਾਂ ਤੋਂ 'ਸਰਕਾਰ' ਜਾਂ 'ਸਿੰਘ ਸਾਹਿਬ' ਅਤੇ 'ਖਾਸ' ਸੱਜਨਾਂ ਤੋਂ 'ਭਰਾ' ਜਾਂ 'ਭਾਈ' ਅਖਵਾਉਣਾ ਬਿਹਤਰ ਸਮਝਿਆ। ਇਉਂ ਹੀ, ਸ਼ਾਹੀ ਠਾਠ ਤੇ ਦਰਬਾਰੀ ਰਵਾਇਤਾਂ ਦੇ ਐਨ ਉਲਟ, ਨਾ ਸਿਰ ਉਤੇ ਤਾਜ ਪਹਿਨਿਆ ਅਤੇ ਨਾ ਹੀ ਤਖ਼ਤ ਉਤੇ ਬੈਠਣ ਦਾ ਇਰਾਦਾ ਕੀਤਾ। ਸਿੱਕਾ ਵੀ ਆਪਣੇ ਨਾਂ ਤੇ ਜਾਰੀ ਕਰਨ ਦੀ ਥਾਂ, ਪੰਜਾਬ ਦੇ ਗੌਰਵ, ਗੁਰੂ ਨਾਨਕ ਸਾਹਿਬ,

---

24. ਵੇਖੋ :National Archives of India, Political Correspondence, 74 of 24 April 1800.

28. ਵੀਹ ਵਰ੍ਹਿਆਂ ਦੇ ਇਸ ਨੌਜਵਾਨ ਦੇ ਅਜਿਹੇ ਗੁਣਾਂ ਅਤੇ ਹੁਸ਼ਿਆਰੀ ਤੇ ਹੋਣਹਾਰੀ ਵਲ ਹੀ ਸੰਕੇਤ ਕਰਦਿਆਂ, ਪੰਜਾਬ ਦੇ ਇਕ ਪਰਮੁਖ ਇਤਿਹਾਸਕਾਰ, ਪ੍ਰਿੰ. ਸੀਤਾ ਰਾਮ ਕੋਹਲੀ, ਨੇ ਲਿਖਿਆ ਸੀ :

It may seem astonishing that an unlettered peasant lad should have the foresight and sagacity to perceive that the political condition of his country was fraught with dangerous consequerare such however was, his vision. He was, in addition, that rare phenomenon, a true leader of men, whose by no means moderate ambition was tempered by political wisdom. (see Kohli, Prin. Sita Ram, Sunset of the Sikh Empire, New Delhi-1967, p. 6).

ਦੇ ਨਾਂ ਉਤੇ ਚਾਲੂ ਕੀਤਾ ।[30] ਇਸ ਰਾਜ ਭਾਗ ਨੂੰ ਆਪਣੀ ਨਿੱਜੀ ਸਿਆਣਪ ਤੇ ਸਮਰਥਾ ਆਦਿ ਦੀ ਦੇਣ ਸਮਝਣ ਦੀ ਥਾਂ, ਵਾਹਿਗੁਰੂ ਦੀ ਦਾਤ, ਸਤਿਗੁਰੂ ਦੀ ਮਿਹਰ ਅਤੇ ਉਹਨਾਂ ਦੇ ਸਾਜੇ ਹੋਏ 'ਖਾਲਸਾ ਪੰਥ' ਦੀ ਘਾਲ ਰਾਹੀਂ ਪਰਾਪਤ ਹੋਇਆ ਜਾਣਿਆ । ਇਸੇ ਲਈ ਇਸ ਨੂੰ ਆਪਣੀ ਸਰਕਾਰ ਕਹਿਣ ਦੀ ਥਾਂ 'ਸਰਕਾਰ ਖ਼ਾਲਸਾ' ਤੇ ਇਸ ਦੇ ਦਰਬਾਰ ਨੂੰ ਆਪਣਾ ਦਰਬਾਰ ਆਖਣ ਦੀ ਥਾਂ, 'ਦਰਬਾਰ ਖ਼ਾਲਸਾ' ਹੋਣ ਦਾ ਏਲਾਨ ਕੀਤਾ ।[31]

29. ਬੇਦੀ ਵੰਸ਼ ਦੇ ਉਘੇ ਰਤਨ, ਬਾਬਾ ਸਾਹਿਬ ਸਿੰਘ ਜੀ (1759-1834 ਈ.) ਨੇ ਬਾਲ ਰਣਜੀਤ ਸਿੰਘ ਦੀ ਯੋਗਤਾ ਤੇ ਪਰਤਾਪ ਨੂੰ ਆਪਣੀ ਦੂਰਦਰਿਸ਼ਟੀ ਨਾਲ ਜਿਵੇਂ ਪਹਿਲਾਂ ਹੀ ਅਨੁਭਵ ਕਰ ਲਿਆ ਸੀ, ਉਸ ਦਾ ਜਿਕਰ ਕਰਦਿਆਂ ਲਿਖਿਆ ਹੈ : ਇਕ ਵਾਰ ਮਾਈ ਰਾਜ ਕੌਰ ਰਣਜੀਤ ਸਿੰਘ ਨੂੰ ਲੈ ਕੇ, ਬਾਬਾ ਜੀ ਦੇ ਦਰਸ਼ਨ ਕਰਨ ਗਈ । ਉਥੇ ਇਉਂ ਗਲ-ਬਾਤ ਹੋਈ :

ਰਾਜ ਕੌਰ :—"ਬਾਬਾ ਜੀ, ਮਿਸਲਾਂ ਦੇ ਵੱਡੇ ਵੱਡੇ ਸਰਦਾਰ (ਆਪੋ ਵਿਚ) ਪਏ ਲੜਦੇ ਹਨ । ਮੇਰੇ ਪਤੀ ਸਰਦਾਰ ਜੀ (ਸ. ਮਹਾਂ ਸਿੰਘ) ਗੁਜ਼ਰ ਚੁਕੇ ਹਨ । ਮੇਰੇ ਇਸ ਕਾਣੇ ਪੁੱਤਰ, ਰਣਜੀਤ ਸਿੰਘ, ਨੂੰ ਕੌਣ ਜੀਉਣ ਦੇਵੇਗਾ ?

ਬਾਬਾ ਜੀ :—"ਜੀਉਣਾ ਜਾਂ ਮਰਨਾ ਤਾਂ ਪਰਮਾਤਮਾ ਦੇ ਹੱਥ ਹੈ । (ਪਰ) ਤੇਰੇ ਬੱਚੇ ਦੇ ਸੁਭਾਵ ਤੇ ਗੁਣਾਂ ਤੋਂ ਜਾਪਦਾ ਹੈ ਕਿ ਸ਼ਾਇਦ ਇਹ ਸਾਰਿਆਂ ਉਤੇ ਭਾਰੂ ਹੋਵੇ । ਕੀ ਪਤਾ ਵਾਹਿਗੁਰੂ ਇਸ ਨੂੰ ਕੀ ਕੁਝ ਬਣਾ ਦੇਵੇ !"

ਵੇਖੋ : ਪਰਤਾਪ ਸਿੰਘ, ਗਿ: 'ਸਿੱਖ ਇਤਿਹਾਸਕ ਲੈਕਚਰ', ਲਾਹੌਰ–1945; ਦੂਜੀ ਐਡੀ-ਸ਼ਨ, ਅੰਮ੍ਰਿਤਸਰ–1949, ਪੰਨਾ 267)

ਨੌਜਵਾਨ ਰਣਜੀਤ ਸਿੰਘ ਨੇ ਜਦੋਂ ਕੁਝ ਹੋਰ ਵਰ੍ਹਿਆਂ ਬਾਅਦ, ਸਨ 1800 ਵਿਚ, ਬਾਬਾ ਜੀ ਦੀ ਹੀ ਪਰੇਰਨਾ ਤੇ, ਗੁਜਰਾਤ ਦਾ ਘੇਰਾ ਉਠਾ ਦਿੱਤਾ ਸੀ ਅਤੇ ਇਨ੍ਹਾਂ ਦੇ ਸਤਿਕਾਰ ਵਜੋਂ ਆਪਣੀ ਤਲਵਾਰ ਲੱਕ ਨਾਲੋਂ ਖੋਹਲ ਕੇ ਇਨ੍ਹਾਂ ਦੇ ਸਾਹਮਣੇ ਰਖ ਦਿਤੀ ਸੀ, ਤਾਂ ਉਨ੍ਹਾਂ ਨੇ ਇਸ ਨੂੰ ਆਪੇ ਉਠਾ ਕੇ, ਉਸ ਦੇ ਲੱਕ ਦੁਆਲੇ ਸਜਾਉਂਦਿਆਂ ਆਖਿਆ ਸੀ : ਇਸ ਦੇ ਸਾਰੇ ਵਿਰੋਧੀ ਥੋੜੇ ਚਿਰ ਵਿਚ ਹੀ ਜੜੋਂ ਉਖੜ ਜਾਣਗੇ, ਅਤੇ ਇਸ ਦਾ ਰਾਜ ਸਾਰੇ ਦੇਸ ਵਿਚ ਸਥਾਪਿਤ ਹੋ ਜਾਏਗਾ ।" (ਵੇਖੋ : ਉਮਦਾ-ਤੁ-ਤਵਾਰੀਖ, ਉਹੀ, ਦਫ਼ਤਰ 2, ਪੰਨਾ 49)

---

30. ਇਨ੍ਹਾਂ ਦੇ ਵੇਰਵੇ ਤੇ ਵਿਸਥਾਰ ਲਈ ਵੇਖੋ :
Chopra, Dr. Gulshan Lall, The Panjab as a Sovereign State, Lahore-1928; 2nd ed., Hoshiarpur-1960, p. 152-55.

31. ਕੋਹਲੀ ਪ੍ਰਿੰ: ਸੀਤਾ ਰਾਮ, ਫਤਹਿਨਾਮਾ ਗੁਰ ਖਾਲਸਾ ਜੀ ਕਾ ਪਟਿਆਲਾ—1952, ਪੰ. 51 ।
Hasrat, Life and Times of Ranjit Singh, op. cit., p. 42.

ਉਹਨਾਂ ਨੇ ਇਸੇ ਲਈ, ਇਸ ਹਕੂਮਤ ਦੀ ਮੁਹਰ ਤੇ ਝੰਡੇ ਨੂੰ ,'ਅਕਾਲ ਸਹਾਇ''[33] ਅਤੇ ਸਿੱਕੇ ਨੂੰ ਹੇਠ ਲਿਖੀ ਲੈਜੰਡ (ਇਬਾਰਤ) ਦਾ ਧਾਰਨੀ ਬਣਾਇਆ :

ਦੇਗ, ਤੇਗ, ਫ਼ਤਹ, ਨਸਰਤ ਬੇਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ।[34]

''ਉਹਨਾਂ ਨੇ ਖ਼ਾਲਸਾ ਦੇ ਉਸ ਸਿਧਾਂਤ ਨੂੰ ਬਰਕਰਾਰ ਰਖਿਆ ਸੀ, ਜਿਸ ਅਨੁਸਾਰ ਉਹ ਆਪਣੀ ਹਰ ਸਫ਼ਲਤਾ ਨੂੰ ਵਾਹਿਗੁਰੂ ਦੀ ਮਿਹਰ ਸਦਕੇ ਸਤਿਗੁਰੂ ਦੀ ਬਖ਼ਸ਼ਿਸ਼ ਸਮਝਦੇ ਸਨ । 'ਸ੍ਰੀ ਅਕਾਲ ਸਹਾਇ-ਰਣਜੀਤ ਸਿੰਘ' ਉਹਨਾਂ ਦੇ ਹਸਤਾਖਰ ਸਨ ।

ਸਰਕਾਰ ਰਣਜੀਤ ਸਿੰਘ ਨੇ ਇਸ ਪੰਥ ਦੇ ਉਕਤਬਾਨੀ ਅਤੇ ਵਾਲੀ ਦੇ ਉਪਦੇਸ਼ਾਂ ਤੇ ਸਿਧਾਤਾਂ ਨੂੰ ਮੁਖ ਰਖਦਿਆਂ, ਇਸ ਰਾਜ ਦੀ ਰੂਪ-ਰੇਖਾ, ਸ਼ੁਰੂ ਤੋਂ ਹੀ, ਦੀਨੀ ਜਾਂ ਮੁਤੱਸਬੀ ਲੀਹਾਂ ਦੀ ਥਾਂ, ਸਾਂਝੇ ਤੇ ਸੁਤੰਤਰ 'ਹਲੇਮੀ ਰਾਜ' ਦੇ ਆਧਾਰ ਤੇ ਉਲੀਕੀ ।[35] ਆਪਣੀਆਂ ਨੀਤੀਆਂ ਤੇ ਕਰਤੱਵਾਂ ਰਾਹੀਂ, ਹਰ ਦੇਸ਼ਵਾਸੀ ਨੂੰ ਇਸ ਗੱਲ ਦਾ ਯਕੀਨ ਦੁਆਣਾ ਸ਼ੁਰੂ ਕਰ ਦਿੱਤਾ ਕਿ ਉਹ, ਵੱਸ ਲਗਦੇ, ਸਤਿਗੁਰਾਂ ਦੇ ਹੇਠ ਲਿਖੇ ਬਚਨਾਂ ਵਿਚ ਵਿਦਤ ਸਿਧਾਂਤ ਉਤੇ ਪਹਿਰਾ ਦੇਂਦਿਆਂ, ਸਮੂਹ ਪਰਜਾ ਨੂੰ ਇਕ ਅੱਖ ਨਾਲ ਵੇਖਣਗੇ, ਅਤੇ ਹਰ ਕਿਸੇ ਨਾਲ ਇੱਕੋ ਜਿਹਾ ਸਲੂਕ ਕਰਨ ਵਿਚ ਆਪਣੇ ਫ਼ਰਜ਼ ਦੀ ਅਦਾਇਗੀ ਸਮਝਣਗੇ :

33. ਗੁਰੂ ਗੋਬਿੰਦ ਸਿੰਘ ਜੀ ਦੇ ਮੰਗਲਾਚਾਰਣੀ ਵਾਕ, "ਸ੍ਰੀ ਅਕਾਲ ਜੀ ਸਹਾਇ" (ਭਾਵ ਅਬਿਨਾਸ਼ੀ ਵਾਹਿਗੁਰੂ ਹੀ ਸਹਾਇਤਾ ਕਰਨ ਵਾਲੇ ਹਨ), ਦਾ ਸੰਖੇਪ । ਇਸਦੇ ਹੇਠ ਕੇਵਲ ਉਹਨਾਂ ਦਾ ਨਾਂ, ''ਰਣਜੀਤ ਸਿੰਘ'' ਹੀ ਖੁਦਿਆ ਹੁੰਦਾ ਸੀ, ਜੋ ਇਸ ਗੱਲ ਦਾ ਸੰਕੇਤ ਸੀ ਕਿ ਰਣਜੀਤ ਸਿੰਘ ਦੀ ਸਹਾਇਤਾ ਅਕਾਲਪੁਰਖ ਕਰਨ ਵਾਲੇ ਹਨ ।

34. ਇਹ ਲੈਜੇਂਡ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਮੁਹਰ ਅਤੇ ਸ: ਜੱਸਾ ਸਿੰਘ ਆਹਲੂਵਾਲੀਆ ਜੀ ਦੇ ਸਿੱਕੇ ਤੋਂ ਅਪਨਾ ਲਈ ਗਈ ਸੀ । ਇਸ ਦੇ ਪਹਿਲੇ ਦੋ ਲਫ਼ਜ਼ਾਂ, ਦੇਗ ਤੇਗ, ਦਾ ਅਰਥ, ਭਾਈ ਕਾਹਨ ਸਿੰਘ ਅਨੁਸਾਰ; "ਲੰਗਰ ਅਤੇ ਕ੍ਰਿਪਾਣ" ਤੇ ਭਾਵ "ਅਨਾਥਾਂ ਦਾ ਪਾਲਣ ਅਤੇ ਦੁਸ਼ਟਾਂ ਦਾ ਸੰਘਾਰ" ਹੈ । (ਵੇਖੋ : ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 486) । ਫ਼ਤਹ ਦਾ ਅਰਥ ਜਿੱਤ ਅਤੇ 'ਨੁਸਰਤ ਦਾ ਅਰਥ ਸਹਾਇਤਾ ਹੈ । ਬੇਦਰੰਗ ਦਾ ਅਰਥ ਹੈ ਬਿਨਾਂ ਢਿੱਲ, ਤੁਰੰਤ । ਦੂਜੀ ਤੁਕ ਦਾ ਭਾਵ "ਗੁਰੂ ਨਾਨਕ" "ਗੁਰੂ ਗੋਬਿੰਦ ਸਿੰਘ ਤੋਂ ਪਰਾਪਤ ਹੋਈ ਹੈ ।

---

35. ਅਜਿਹੇ ਰਾਜ ਦੀ ਕਾਇਮੀ ਲਈ, ਜਨਤਾ ਤੇ ਹੋ ਰਹੇ ਜ਼ਬਰ ਤੇ ਜ਼ਿਆਦਤੀ ਦੀ ਰੋਕਥਾਮ ਸਮੇਂ ਦੀ ਪਹਿਲੀ ਮੰਗ ਸੀ । ਇਸੇ ਲਈ
Under express orders from him, the city and the citizens were to be treated with the greatest consideration by the conquerors, and any acts of plunders and ill-usage on the part of his troops were to be severaly delt with (ਵੇਖੋ Maharaja Ranjit Singh's Death Centenary Memorial, op. cit., p. 18).

1. ਏਕ ਪਿਤਾ ਏਕਸ ਕੇ ਹਮ ਬਾਰਿਕ
   ਤੂੰ ਮੇਰਾ ਗੁਰਹਾਈ ।[36]
2. ਸਭੁ ਕੋ ਮੀਤੁ ਹਮ ਆਪਨ ਕੀਨਾ
   ਹਮ ਸਭਨਾ ਕੇ ਸਾਜਨ ।[37]
3. ਹਿੰਦੂ ਕੋਊ, ਤੁਰਕ ਕੋਊ, ਰਾਫਜੀ ਇਮਾਮ ਸ੍ਰਾਫੀ
   ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ।[38] ਇਤਿਆਦਿ ।

ਇਸੇ ਲਈ, ਇਸ ਰਾਜ ਦੇ ਸਭ ਹਿੰਦੂ, ਮੁਸਲਮਾਨ ਤੇ ਸਿੱਖ ਵਸਨੀਕਾਂ ਦੇ ਹੱਕ ਅਤੇ ਫਰਜ਼ ਇਕੋ ਜਹੇ ਹੋਣਗੇ । ਹਰ ਵਸਨੀਕ ਮੁਕੰਮਲ ਧਾਰਮਕ ਆਜ਼ਾਦੀ ਦਾ ਹੱਕਦਾਰ ਹੋਵੇਗਾ; ਅਤੇ ਹਰ ਕਿਸੇ ਨੂੰ ਬਰਾਬਰ ਦੇ ਸ਼ਹਿਰੀ ਜਾਣ ਕੇ, ਸੰਭਾਲਿਆ ਤੇ ਸਤਿਕਾਰਿਆ ਜਾਵੇਗਾ । ਕਿਸੇ ਵੀ ਧਰਮ ਜਾਂ ਸੰਪ੍ਰਦਾਇ ਦੇ ਅਨੁਸਾਰੀ ਵਿਰੁਧ ਘਿਰਣਾ ਦੀ ਕੋਈ ਕਾਰਵਾਈ ਜਾਂ ਵਿਤਕਰੇ ਦਾ ਕੋਈ ਵਰਤਾਉ ਕਦੇ ਨਹੀਂ ਕੀਤਾ ਜਾਏਗਾ । ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦਾ ਬਖਸ਼ਿਆ ਹੋਇਆ ਇਹ ਰਾਜ, ਉਨ੍ਹਾਂ ਦੇ ਉਦੇਸ਼ ਅਨੁਸਾਰ, ਸਰਬੱਤ ਦੇ ਭਲੇ ਲਈ ਚਲੇ, ਵਧੇ ਤੇ ਫੁਲੇਗਾ ।

ਉਨ੍ਹਾਂ ਦੀ ਇਹ ਨੀਤ ਤੇ ਨੀਤੀ ਅਤੇ ਇਸ ਦੀ ਅਮਲੀ ਵਰਤੋਂ ਉਨ੍ਹਾਂ ਨਿਯੁਕਤੀਆਂ ਤੋਂ ਹੀ ਵਿਦਤ ਹੈ ਜੋ ਉਨ੍ਹਾਂ ਨੇ ਕਿਸੇ ਰੋ-ਰਿਆਇਤ ਜਾਂ ਪੱਖ-ਪਾਤ ਬਿਨਾਂ, ਰਾਜਧਾਨੀ ਦੇ ਸਥਾਨਕ ਪ੍ਰਬੰਧ ਲਈ, ਖੜ੍ਹੇ-ਪੈਰ, ਕਰ ਦਿਤੀਆਂ ਸਨ । ਇਹ ਤਾਂ ਉਨ੍ਹਾਂ ਫ਼ਰਮਾਨਾਂ ਤੋਂ ਵੀ ਪਰਗਟ ਹੈ ਜੋ ਉਹ ਸਮੂਹ ਪਰਜਾ ਦੇ ਸੁੱਖ, ਸ਼ਾਂਤੀ, ਸੁਰੱਖਿਆ ਤੇ ਖੁਸ਼ਹਾਲੀ ਲਈ ਸਮੇਂ ਸਮੇਂ ਜਾਰੀ ਕਰਦੇ ਰਹੇ । ਗ੍ਰਹਿ ਮੰਤਰੀ, ਫਕੀਰ ਨੂਰਦੀਨ, ਦੇ ਨਾਂ ਜਾਰੀ ਹੋਏ ਇਕ ਫ਼ਰਮਾਨ ਵਿਚ ਲਿਖਿਆ ਹੈ : "ਕੋਈ ਵੀ ਬੰਦਾ ਲੋਕਾਂ ਉਤੇ ਕਿਸੇ ਤਰ੍ਹਾਂ ਦਾ ਜਬਰ ਤੇ ਜ਼ਿਆਦਤੀ ਨਾ ਕਰੇ । ਬੇਸ਼ੱਕ, ਜੇ ਮਹਾਰਾਜ ਦੇ ਆਪਣੇ ਵਲੋਂ ਵੀ ਕੋਈ ਅਯੋਗ ਹੁਕਮ ਜਾਰੀ ਹੋ ਜਾਏ, ਤਾਂ ਉਨ੍ਹਾਂ ਦਾ ਧਿਆਨ ਉਸ ਵਲ ਸਾਫ ਤੌਰ ਤੇ ਦੁਆ ਦਿੱਤਾ ਜਾਏ, ਤਾਂ ਜੋ ਉਸ ਦੀ ਸੋਧ ਤੁਰੰਤ ਕੀਤੀ ਜਾ ਸਕੇ......... ਫ਼ੈਸਲੇ ਸਦਾ ਹੱਕ-ਨਿਆਂ ਦੇ ਆਧਾਰ ਤੇ ..ਪੰਚਾਂ ਤੇ ਕਾਜ਼ੀਆਂ ਦੀ ਸਲਾਹ ਨਾਲ, ਅਤੇ ਸੰਬੰਧਤ ਧਿਰਾਂ ਦੇ ਧਾਰਮਿਕ ਵਿਸ਼ਵਾਸ਼ ਨੂੰ ਮੁਖ ਰਖਦਿਆਂ, 'ਸ਼ਾਸਤਰ' ਤੇ 'ਕੁਰਾਨ' ਦੀ ਹਦਾਇਤ ਅਨੁਸਾਰ, ਕਰਨੇ ਹਨ...।"[39] ਤਦੇ ਤਾਂ, ਫਕੀਰ ਘਰਾਣੇ ਦਾ ਵਿਦਵਾਨ ਵਾਰਸ, ਸਯੱਦ ਵਹੀਦ ਦੀਨ, ਬੜੇ ਦਾਈਏ ਨਾਲ ਦਸਦਾ ਹੈ :

---

36. ਗੁਰੂ ਅਰਜਨ ਸਾਹਿਬ ਵਲੋਂ ਸੰਪਾਦਿਤ, ਸ੍ਰੀ ਗੁਰੂ ਗਰੰਥ ਸਾਹਿਬ, ਅੰਮ੍ਰਿਤਸਰ 1604 ਈ: ਦੀ ਲਿਖਿਤ ਰਾਗੁ ਸੋਰਠਿ, ਮਹਲਾ 5, ਪੰਨਾ 611-12.

37. ਉਕਤ, ਰਾਗੁ ਧਨਾਸਰੀ, ਮਹਲਾ 5, ਪੰਨਾ 671,

38. ਮਨੀ ਸਿੰਘ ਭਾ:, ਵਲੋਂ ਸੰਪਾਦਿਤ, ਸ੍ਰੀ ਦਸਮ ਗ੍ਰੰਥ ਸਾਹਿਬ ਮਿਤੀ 1734 ਈ: ਅਕਾਲ ਉਸਤਤਿ, ਕਬਿੱਤ ਨੰ. 16/89

39. ਦਰਬਾਰ ਖਾਲਸਾ, ਲਾਹੌਰ ਤੋਂ 31 ਭਾਦੋਂ 1882 ਬਿ. ਨੂੰ ਜਾਰੀ ਹੋਏ ਫਾਰਸੀ ਫਰਮਾਨ ਵਿਚੋਂ ।

"ਰਣਜੀਤ ਸਿੰਘ ਦੀ ਨੀਤੀ ਅਨੁਸਾਰ, ਉਨ੍ਹਾਂ ਦੇ ਰਾਜ-ਖੇਤਰ ਵਿਚ ਵਸ ਰਹੇ ਸਭ ਮਤਾਂ-ਮਤਾਂਤਰਾਂ ਦੇ ਲੋਕਾਂ ਨੂੰ ਆਪੋ-ਆਪਣੀਆਂ ਧਾਰਮਕ ਰੀਤਾਂ ਅਦਾ ਕਰਨ ਦੀ ਸੰਪੂਰਨ ਖੁਲ੍ਹ ਸੀ।... ਉਨ੍ਹਾਂ ਦੇ ਰਾਜ-ਕਾਲ ਵਿਚ ਮੁਕੰਮਲ ਧਾਰਮਕ-ਇਕਸੁਰਤਾ ਕਾਇਮ ਤੇ ਵਿਆਪਕ ਸੀ"।[40]

5.

ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਦਾ ਪਰਬੰਧ ਸੰਭਾਲਦਿਆਂ ਹੀ, ਪੰਜ-ਦਰਿਆਂ ਦੀ ਧਰਤੀ ਦੇ ਬਾਕੀ ਖਿੰਡੇ-ਪਿੰਡੇ ਹਿੱਸਿਆਂ ਨੂੰ ਵੀ, ਇਕੱਤਰ ਤੇ ਇੱਕ-ਮਿੱਕ ਕਰਨ ਦੇ ਪਰੋ-ਗਰਾਮ ਨੂੰ ਅਮਲੀ ਸ਼ਕਲ ਦੇਣੀ ਸ਼ੁਰੂ ਕਰ ਦਿੱਤੀ।

ਆਪ ਨੇ ਸਭ ਤੋਂ ਪਹਿਲਾਂ, ਸਿੱਖ ਮਿਸਲਾਂ ਤੇ ਮੁਖੀਆਂ ਨੂੰ ਇੱਕੋ ਲੜੀ ਵਿਚ ਪਰੋਣ ਅਤੇ ਉਨ੍ਹਾਂ ਦੇ ਇਲਾਕਿਆਂ ਨੂੰ ਇੱਕ ਕੇਸਰੀ ਝੰਡੇ ਹੇਠ ਲਿਆਣ ਦਾ ਉੱਦਮ ਕੀਤਾ। ਆਪਣੀ ਫ਼ੌਜ ਸਮੇਤ, ਤਿੰਨ ਵਾਰ[41] ਸਤਲੁਜ ਪਾਰ ਕਰ ਕੇ, ਉਸ ਪਾਰ-ਵਸਦੇ ਪੰਜਾਬੀਆਂ ਨਾਲ ਸਾਂਝ ਪਾਈ; ਉਨ੍ਹਾਂ ਦੇ ਹੁਕਮਰਾਨ ਸਰਦਾਰਾਂ ਤੋਂ ਕਰ ਵਸੂਲ ਕੀਤੇ, ਸੁਗਾਤਾਂ ਲਈਆਂ, ਜਾਗੀਰਾਂ ਦਿੱਤੀਆਂ,[42] ਅਤੇ ਉਨ੍ਹਾਂ ਦਾ ਸਿਰਤਾਜ ਹੋਣ ਦਾ ਏਲਾਨ ਕੀਤਾ।[43] ਡਾ: ਬਿਕਰਮਜੀਤ ਅਨੁਸਾਰ :

"ਸਤਲੁਜੋਂ-ਉਰਾਰ ਦੇ ਸਿੱਖ ਸਰਦਾਰ ਮਹਾਰਾਜਾ ਸਾਹਿਬ ਦੀ ਮਿਹਰ ਆਸਰੇ ਬੜੇ ਖ਼ੁਸ਼ਹਾਲ ਸਨ। ਉਨ੍ਹਾਂ ਵਿਚ ਇਨ੍ਹਾਂ ਨੂੰ ਸਭ ਸਿੱਖਾਂ ਦਾ ਅਧਿਰਾਜ ਮੰਨਣ ਵਿਚ ਕੋਈ ਝਿਜਕ ਨਹੀਂ ਸੀ।...ਮਹਾਰਾਜਾ ਸਾਹਿਬ ਨੇ ਸਮੂਹ ਸਿੱਖ ਇਲਾਕੇ ਉਤੇ ਲਾਹੌਰ ਸਰਕਾਰ ਦੀ ਵਾਸਤ-ਵਿਕ ਅਧਿਰਾਜਕੀ, ਅਸਲ ਵਿਚ, ਕਾਇਮ ਵੀ ਕਰ ਲਈ ਸੀ"।[44] ਲੇਖਕ ਨੇ ਰਤਾ ਅਗੇਰੇ ਜਾ ਕੇ ਇਹ ਵੀ ਦਸਿਆ ਹੈ ਕਿ :

---

40. Waheed-ud-din, The Real Ranjit Singh, op. cit., p. 22 & 28.

41. ਪਹਿਲੀ ਵਾਰ 26 ਜੁਲਾਈ 1806 ਨੂੰ, ਦੂਜੀ ਵਾਰ 1807 ਵਿਚ, ਅਤੇ ਤੀਜੀ ਵਾਰ 1 ਅਕਤੂਬਰ 1808 ਨੂੰ।

42. ਵੇਖੋ। ਉਮਦਾ-ਤੁ-ਤਵਾਰੀਖ਼, ਉਹੀ, ਦਫ਼ਤਰ 2, ਪੰ. 65-6,
Griffin, L., The Rajas of the Punjab, Lahore-1870,

43. :Cunningham, A History of the Sikhs, op. cit., p. 124; Khushwant Singh, A History of the Sikhs, op. cit., Vol. I, p. 216.

44. Hasrat, Life and Times of Ranjit Singh, op. cit., p. 74.

"ਇਹ ਸਪੱਸ਼ਟ ਹੈ ਕਿ ਰਣਜੀਤ ਸਿੰਘ ਨੇ ਸੰਨ 1808 ਦੀ ਪਤਝੜ ਤਕ ਸਤਲੁਜੋਂ ਉਰਾਰ ਦੇ ਸਾਰੇ ਖੇਤਰ ਨੂੰ ਆਪਣੇ ਅਧੀਨ ਕਰ ਲੈਣ ਦਾ ਇਰਾਦਾ ਪੱਕਾ ਕਰ ਲਿਆ ਸੀ... ਅਤੇ ਮਾਲਵੇ ਦੇ ਸਰਦਾਰਾਂ ਨੇ ਉਨ੍ਹਾਂ ਨੂੰ ਸਭ ਸਿੱਖਾਂ ਦਾ ਸਿਰਤਾਜ ਮੰਨਦਿਆਂ, ਆਪਣੀ ਵਫ਼ਾ-ਦਾਰੀ ਦਾ ਇਕਰਾਰ ਵੀ ਕੀਤਾ ਹੋਇਆ ਸੀ। ਜੇ, ਮੰਦੇ ਭਾਗੀਂ, ਮੈਟਕਾਫ਼ ਦਾ ਮਿਸ਼ਨ ਉਦੋਂ ਆ ਨਾ ਗਿਆ ਹੁੰਦਾ ਅਤੇ ਉਸ ਖੇਤਰ ਵਿਚ ਬਰਤਾਨਵੀ ਹਿਤ ਹਾਵੀ ਨਾ ਹੋ ਗਏ ਹੁੰਦੇ, ਤਾਂ ਉਨ੍ਹਾਂ ਦਾ ਸਭ ਸਿੱਖਾਂ ਨੂੰ ਆਪਣੀ ਪ੍ਰਮੁਖਤਾ ਹੇਠ ਇਕਮੁੱਠ ਕਰ ਲੈਣ ਦਾ ਸੁਪਨਾ ਪੂਰਾ ਹੋ ਗਿਆ ਹੁੰਦਾ"।[45]

ਸੋ, ਮਗਰੋਂ ਅੰਗਰੇਜ਼ਾਂ ਦੀ ਹਾਬੜ ਤੇ ਕੂਟਨੀਤੀ,[46] ਅਤੇ ਮਲਵੱਈ ਰਾਜਿਆਂ ਦੀ ਕਾਇਰਤਾ ਤੇ ਸੁਆਰਥ ਕਾਰਨ, ਉਹ ਪੰਜਾਬੀ-ਬੋਲਦਾ ਇਲਾਕਾ ਇਸ ਸਾਂਝੇ ਤੇ ਸੁਤੰਤਰ ਪੰਜਾਬੀ ਰਾਜ ਦਾ ਅੰਗ ਬਣਨੋਂ ਖੁੰਝ ਗਿਆ। ਮਿ. ਟਰੈਵਿਲੀਅਨ ਦੇ ਇਕ ਗੁਪਤ ਨੋਟ ਦਾ ਹੇਠ ਲਿਖਿਆ ਵਾਕ, ਜੋ ਉਸ ਨੇ 25 ਨਵੰਬਰ 1831 ਨੂੰ ਆਪਣੇ ਗਵਰਨਰ-ਜਨਰਲ ਵਲ ਦਿੱਲੀ ਤੋਂ ਕਲਕੱਤੇ ਭੇਜਿਆ ਸੀ, ਉਕਤ ਨੀਤੀ ਤੇ ਸਥਿਤੀ ਦਾ ਸਪੱਸ਼ਟ ਗਵਾਹ ਹੈ :

"ਸੰਨ 1809 ਵਿਚ ਸਿੱਖੀ ਦੀ ਦਿਨੋ-ਦਿਨ ਵਧ ਰਹੀ ਤਾਕਤ ਇੰਨੀ ਭਿਆਨਕ ਸਮਝੀ ਗਈ ਸੀ ਕਿ ਇਸ ਦੇ ਹੋਰ ਵਾਧੇ ਉਤੇ ਰੋਕ ਪਾ ਦੇਣੀ ਜ਼ਰੂਰੀ ਮੰਨੀ ਗਈ ਸੀ "।[47] ਇਸੇ ਲਈ ਉਨ੍ਹਾਂ ਨੇ, 1809 ਵਿਚ ਹੀ, ਬਰਤਾਨਵੀ ਹਿੰਦ ਤੇ ਖ਼ਾਲਸਈ ਪੰਜਾਬ ਵਿਚਾਲੇ ਹੱਦ ਬੰਦੀ ਦੀ ਸੰਧੀ ਕਰ ਕੇ ਇਸ ਸੁਤੰਤਰ ਤੇ ਅਗਾਂਹ-ਵਧੂ ਰਾਜ ਦੀ ਪੂਰਬੀ ਹੱਦ ਪੰਜਾਬ ਦਾ ਦਰਿਆ ਸਤਿਲੁਜ ਨਿਯਤ ਕਰਵਾ ਲਈ। ਉਨ੍ਹਾਂ ਨੇ, ਇਉਂ, ਇਸ ਦੇ ਵਾਧੇ ਤੇ ਵਿਸਤਾਰ ਉਤੇ, ਉਸ ਪਾਸਿਉਂ ਮਾਨੋ, ਬੰਨ੍ਹ ਮਾਰ ਦਿਤਾ ਸੀ।

ਇਸੇ ਸੰਧੀ ਤੇ ਸਥਿਤੀ ਦੇ ਸਬੰਧ, ਮਹਾਰਾਜਾ ਸਾਹਿਬ ਅਤੇ ਅੰਗਰੇਜ਼ ਹਾਕਮਾਂ ਦੀ ਪਰਸਪਰ ਨੀਤ ਤੇ ਨੀਤੀ ਦਾ ਜ਼ਿਕਰ ਕਰਦਿਆਂ, ਪ੍ਰੋ: ਰਾਲਿਨਸਨ ਨੇ ਲਿਖਿਆ ਹੈ :

"ਮਹਾਰਾਜਾ ਸਾਹਿਬ ਦਾ ਮੁਖ ਤੇ ਮਹਾਨ ਮੰਤਵ ਸਭ ਗੁਰ-ਸਿੱਖਾਂ ਨੂੰ ਆਪਣੇ ਰਾਜ ਅਧਿਕਾਰ ਹੇਠ ਲਿਆ ਕੇ ਇਕਮੁਠ ਕਰ ਦੇਣਾ ਸੀ। ਉਨ੍ਹਾਂ ਨੇ ਤਾਂ ਸੰਨ 1806 ਦੇ ਲਾਗੇ-ਚਾਗੇ ਸਤਲੁਜ ਪਾਰ ਕਰਨ ਅਤੇ ਫੂਲ ਬੰਸੀ ਰਾਜਿਆਂ ਨੂੰ ਫ਼ਤਹ ਕਰਨ ਦਾ ਪੱਕਾ ਇਰਾਦਾ ਵੀ ਕਰ ਲਿਆ ਸੀ, ਜਿਨ੍ਹਾਂ ਦੀ ਹਾਬੜ ਤੇ ਬਦਨਜ਼ਮੀ ਨੇ ਉਸ ਇਲਾਕੇ ਨੂੰ ਇਕ ਘਿਰਣਿਤ ਦੁਰਦਸ਼ਾ ਵਿਚ ਝੋਂਕ ਦਿੱਤਾ ਹੋਇਆ ਸੀ। ਪਰ ਇਥੇ ਉਨ੍ਹਾਂ ਦੀ ਟੱਕਰ ਅੰਗਰੇਜ਼ਾਂ ਦੇ ਹਿੱਤਾਂ ਨਾਲ ਹੋ ਗਈ। ਅੰਗਰੇਜ਼ਾਂ ਦੀ ਨੀਤੀ ਸਤਲੁਜ ਤਕ ਪਸਰੇ ਹੋਏ ਸਾਰੇ ਦੇਸ਼ ਨੂੰ ਆਪਣੇ ਅਧੀਨ

---

45. Ibid., pp. 75-76.

46. ਉਨ੍ਹਾਂ ਨੇ ਬਰਤਾਨਵੀ ਹਿੰਦ ਦੀ ਹੱਦ ਪਹਿਲਾਂ ਖ਼ੁਦ ਆਪ ਦਰਿਆ ਜਮਨਾ ਤਕ ਮਿਥੀ ਤੇ ਮੰਨੀ ਹੋਈ ਸੀ।

47. Auber, P., Rise and Progress of the British Empire in India, London-1837, Vol. II, p. 461; Cunningham, A History of the Sikhs, op. cit. pp. 123-24, ; and : Bengal Secret and Political Consultations (I), 8 & 18, dated 18 April & 2 May 1808, respectively.

ਰਖਣ ਦੀ ਸੀ। ਸਤਲੁਜ ਤੋਂ ਖ਼ੈਬਰ ਤਕ ਦੇ ਇਲਾਕੇ ਉਤੇ ਰਣਜੀਤ ਸਿੰਘ ਦੀ ਰਾਜਸ਼ਕਤੀ ਦੀ ਸੰਪੂਰਨ ਸਥਾਪਨਾ ਲਈ ਉਹ ਕੇਵਲ ਰਜ਼ਾਮੰਦ ਹੀ ਨਹੀਂ, ਖ਼ਾਹਿਸ਼ਮੰਦ ਵੀ ਸਨ। ਇਹ ਇਸ ਲਈ ਕਿ ਉਹ, ਉਸ ਸੂਰਤ ਵਿਚ, ਉਨ੍ਹਾਂ ਦੇ ਇਕ ਵੱਡਮੁੱਲੇ ਰਾਜ-ਮਿਤਰ ਹੋਣਗੇ; ਅਤੇ ਉਨ੍ਹਾਂ ਦੇ ਕਬਜ਼ੇ ਵਿਚ ਆ ਚੁਕੇ ਹਿੰਦ ਉਤੇ ਅਫਗਾਨਾਂ ਤੇ ਰੂਸੀਆਂ ਜਾਂ ਫ਼ਰਾਂਸੀਸੀਆਂ ਦੇ ਸੰਭਵ ਹੱਲੇ ਠਲ੍ਹਣ ਲਈ ਇਕ ਅਨੁਕੂਲ ਮੱਧਵਰਤੀ ਰਾਜ ਵੀ ਬਣਾ ਦੇਣਗੇ।...ਮਹਾਰਾਜਾ ਸਾਹਿਬ, ਸ਼ੁਰੂ ਵਿਚ; ਬੜੀ ਤੰਦੀ ਨਾਲ ਭੜਕ ਉਠੇ ਸਨ। ਉਨ੍ਹਾਂ ਨੇ ਤਾਂ ਅੰਗਰੇਜ਼ਾਂ ਨਾਲ ਜੰਗ ਕਰਨੀ ਵੀ ਸੋਚ ਲਈ ਸੀ, ਪਰ, ਚੰਗੇ ਭਾਗੀਂ, ਉਹਨਾਂ ਦੇ ਮਹਾਨ ਤੇ ਵਿਦਵਾਨ ਵਜ਼ੀਰ, ਅਜ਼ੀਜ਼ ਦੀਨ, ਦੇ ਸਿਆਣੇ ਸਲਾਹ ਮਸ਼ਵਰੇ ਨੇ ਇਹ ਸਥਿਤੀ ਉਦੋਂ ਟਾਲ ਦਿੱਤੀ ਸੀ।"[48] ਮੂਰਕਰਾਫ਼ਟ ਨਾਂ ਦੇ ਇਕ ਅੰਗਰੇਜ਼ ਸਲੈਤਰੀ (ਜੋ 1819 ਵਿਚ ਲਾਹੌਰ ਵਿਚਰਦਾ ਰਿਹਾ ਸੀ) ਨੇ ਇਸ ਮਗਰਲੀ ਗੱਲ ਦੀ ਤਸਦੀਕ ਕਰਦਿਆਂ, ਸ਼ੇਰੇ ਪੰਜਾਬ ਦੇ ਜੀਉਂਦੇ-ਜੀਅ ਆਪਣੇ ਸਫ਼ਰਨਾਮੇ ਵਿਚ ਲਿਖਿਆ ਸੀ ਕਿ "ਅੰਗਰੇਜ਼ੀ ਦਖ਼ਲਅੰਦਾਜ਼ੀ ਇੰਨੀ ਅਰੁੱਚਵੀਂ ਸੀ ਕਿ ਰਣਜੀਤ ਸਿੰਘ ਨੇ ਤਲਵਾਰ ਦੀ ਟੇਕ ਲੈਣ ਲਈ ਬੜੀ ਗੰਭੀਰਤਾ ਨਾਲ ਸੋਚ ਲਿਆ ਸੀ। ਪ੍ਰਸਿੱਧ ਫ਼ਕੀਰ ਅਜ਼ੀਜ਼ ਦੀਨ ਉਨ੍ਹਾਂ ਦੋ ਬੰਦਿਆਂ ਵਿਚੋਂ ਇਕ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਅੰਗਰੇਜ਼ਾਂ ਨਾਲ ਜੰਗ ਨਾ ਕਰਨ ਲਈ ਪਰੇਰ ਲਿਆ ਸੀ"।[49]

ਸ਼ੇਰੇ ਪੰਜਾਬ ਨੇ, ਫਿਰ, ਇਸੇ ਮਜ਼ਬੂਰੀ ਤੇ ਪਾਬੰਦੀ ਨੂੰ ਮੁਖ ਰਖਦਿਆਂ, ਆਪਣੀਆਂ ਜਿੱਤਾਂ ਤੇ ਮੱਲਾਂ ਦੀ ਵਾਗ ਪੱਛਮ ਵਲ ਮੋੜ ਲਈ; ਅਤੇ ਪੰਜਾਬ ਦੇ ਸੰਗਠਨ ਤੇ ਉਸ ਦੇ ਆਲੇ ਦੁਆਲੇ ਉਤੇ ਕਬਜ਼ੇ ਦਾ ਸਿਲਸਿਲਾ ਜ਼ੋਰ ਸ਼ੋਰ ਨਾਲ ਸ਼ੁਰੂ ਕਰ ਦਿੱਤਾ। ਆਪ ਨੇ, ਸੰਨ 1813 ਵਿਚ ਜਿਥੇ ਅਟਕ ਦੀ ਜਿੱਤ ਨਾਲ, ਉਤਰੀ ਹਿੰਦ ਨੂੰ ਅਫ਼ਗਾਨਾਂ ਦੀ ਧਮਕੀ ਤੋਂ ਸਦਾ ਲਈ ਆਜ਼ਾਦ ਕਰਵਾ ਲਿਆ; ਉਥੇ 1818 ਵਿਚ, ਮੁਲਤਾਨ ਦੀ ਫ਼ਤਹ ਰਾਹੀਂ ਪਜਾਬ ਤੋਂ ਅਫ਼ਗਾਨੀ ਅਸਰ-ਰਸੂਖ਼ ਦਾ ਸਦਾ ਲਈ ਸਫ਼ਾਇਆ ਵੀ ਕਰ ਦਿੱਤਾ। ਇਉਂ ਹੀ, ਉਸੇ ਵਰ੍ਹੇ ਜਿਥੇ ਪਠਾਣਾਂ ਦੇ ਗੜ੍ਹ, ਪਿਸ਼ਾਵਰ, ਉਤੇ ਹੱਲਾ ਬੋਲ ਕੇ, ਉਸ ਨੂੰ ਅੱਠ ਸਦੀਆਂ ਤੋਂ ਬਾਅਦ, ਮੁੜ ਪੰਜਾਬ ਦਾ ਅੰਗ ਬਣਾਇਆ; ਉਥੇ 1819 ਵਿਚ ਕਸ਼ਮੀਰ ਨੂੰ ਵੀ ਇਸ ਰਾਜ ਵਿਚ ਸ਼ਾਮਲ ਕਰ ਕੇ, ਇਸ ਦੀਆਂ ਹੱਦਾਂ ਚੀਨ ਤੇ ਤਿੱਬਤ ਦੀਆਂ ਸਰਹੱਦਾਂ ਨਾਲ ਜਾ ਛੁਹਾਈਆਂ। ਇਸੇ ਤਰ੍ਹਾਂ, ਅਗਲੇ ਵਰ੍ਹੇ ਹੋਈ, ਡੇਰਾਜਾਤ ਦੀ ਜਿੱਤ ਨੇ ਸਿੰਧ ਸਾਗਰ ਦੁਆਬ ਨੂੰ ਵੀ ਇਸ ਸਾਂਝੇ ਤੇ ਸੁਤੰਤਰ ਰਾਜ ਦਾ ਹਿੱਸਾ ਬਣਾ ਦਿੱਤਾ। ਇਉਂ ਕੁਝ ਵਰ੍ਹਿਆ ਵਿਚ ਹੀ, ਪੰਜਾਬ ਦੀ ਇਸ ਆਜ਼ਾਦ ਤੇ ਵਿਸ਼ਾਲ ਸਲਤਨਤ ਦਾ ਘੇਰਾ ਦੋ ਕੁ ਲੱਖ ਮੁਰੱਬਾ ਮੀਲ ਤਕ ਪਸਾਰ ਦਿੱਤਾ। ਇਸ ਦੀਆਂ ਹੱਦਾਂ ਉੱਤਰ ਵਲ ਤਿੱਬਤ, ਦੱਖਣ ਵਲ ਸਿੰਧ, ਪੂਰਬ ਵਲ ਸਤਲੁਜ ਤੇ ਪੱਛਮ ਵਲ ਖ਼ੈਬਰ ਨੂੰ ਛੁਹਣ ਲਗ ਪਈਆਂ।

---

48. Rawlinson, Prof. H. G. Buddha, Ashoka, Akbar, Shivaji and Ranjit Singh, A study in Indian History, London-1913, pp. 181-82.

49. Moorcroft, Dr. W. & Trebech, G., Travels in the Himalayan Provinces of Hindostan and the Punjab, in Ladak and Kashmir, etc. from 1819 to 1825, London-1837, Vol. I, p. 94.; and see: Cunningham, A History of the Sikhs, op. cit., p. 124.

ਸੰਨ 1834 ਵਿਚ, ਇਸ ਦੇ ਇੰਨੇ ਵਿਸ਼ਾਲ ਖੇਤਰ ਦਾ ਜਾਇਜ਼ਾ ਲੈਂਦਿਆਂ, ਹੈਨਰੀ ਪ੍ਰਿੰਸਪ ਨੇ ਲਿਖਿਆ ਸੀ :

"ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਅਧਿਕਾਰ ਹੇਠ, ਹੁਣ ਪੰਜਾਬ ਦੀ ਉਹ ਸੰਪੂਰਨ ਦੁਸਾਂਗ ਸ਼ਾਮਲ ਹੈ ਜੋ ਸਿਰੇ ਦੇ ਦੋ ਦਰਿਆਵਾਂ, ਸਿੰਧ ਤੇ ਸਤਲੁਜ, ਨਾਲ ਹੱਦਬੰਦ ਹੈ। ਕਸ਼ਮੀਰ ਤੋਂ ਇਲਾਵਾ, ਬਰਫੀਲੇ ਸਿਲਸਿਲੇ ਤਕ ਦਾ ਸਾਰਾ ਪਹਾੜੀ ਦੇਸ ਅਤੇ ਹਿਮਾਲਿਆ ਦੇ ਪਾਰ ਲਦਾਖ ਦਾ ਇਲਾਕਾ ਤਕ ਵੀ ਉਨ੍ਹਾਂ ਦੇ ਅਧੀਨ ਹੈ। ਇਸ ਕਿੰਨੇ ਵਿਸ਼ਾਲ ਰਾਜ-ਖੇਤਰ ਤੋਂ ਛੁੱਟ, ਸਤ-ਲੁਜ ਦੇ ਬਰਤਾਨਵੀ ਪਾਸੇ ਦੇ ਪੰਜਤਾਲੀ ਤਾਲਕੇ (ਤਹਿਸੀਲਾਂ) ਵੀ ਉਹਨਾਂ ਦੇ ਕਬਜ਼ੇ ਵਿਚ ਹਨ। ਦਰਿਆ ਸਿੰਧ ਦੇ ਪੱਛਮ ਵਲ ਖ਼ੈਰਾਬਾਦ, ਅਕੋੜਾ, ਪਿਸ਼ਾਵਰ, ਡੇਰਾ ਗ਼ਾਜ਼ੀਖਾਨ ਤੇ ਡੇਰਾ ਇਸਮਾਈਲਖਾਨ ਦਾ ਇਲਾਕਾ ਵੀ ਉਨ੍ਹਾਂ ਦੇ ਰਾਜ ਵਿਚ ਸ਼ਾਮਲ ਹੈ। ਪੂਰਬ ਵਲ, ਉਹ ਟਾਂਕ ਤੇ ਸਾਗਰ ਤੇ ਬਲੋਚੀ ਸਰਦਾਰਾਂ ਤੋਂ ਵੀ ਕਰ ਵਸੂਲ ਕਰਦੇ ਹਨ"।[50]

ਮਹਾਰਾਜਾ ਸਾਹਿਬ ਨੇ ਇੰਨੇ ਅਹਿਮ ਤੇ ਲੰਮੇ-ਚੌੜੇ, ਮੈਦਾਨੀ ਤੇ ਪਹਾੜੀ ਇਲਾਕੇ ਨੂੰ ਜਿੱਤ-ਜੋੜ ਕੇ ਜੋ ਸਲਤਨਤ ਉਸਾਰ ਦਿੱਤੀ ਸੀ, ਉਹ ਅੰਗਰੇਜ਼ ਜਰਨੈਲ, ਚਾਰਲਸ ਗਫ, ਅਨੁ-ਸਾਰ " ਇਤਿਹਾਸ ਦਾ ਇਕ ਅਦੁਤੀ ਚਮਤਕਾਰ ਸੀ।[51] ਉਹਨਾਂ ਦੇ ਆਪਣੇ ਸਮੇਂ ਦੇ ਉੱਤਰੀ ਹਿੰਦ ਵਿਚ ਘੁੰਮਦੇ ਅਤੇ 1835 ਦੇ ਦੌਰਾਨ ਪੰਜਾਬ ਵਿਚ ਵਿਚਰਦੇ ਰਹੇ। ਯੋਰਪੀਨ ਸੈਲਾਨੀ, ਬੈਰਨ ਹੀਉਗਲ, ਨੇ ਤਾਂ ਇਸ ਨੂੰ Tho most wonderful object of the world, "ਦੁਨੀਆਂ ਦੀ ਸਭ ਤੋਂ ਅਜੀਬ ਚੀਜ਼" ਆਖਿਆ ਸੀ।[52] ਉਸ ਦਾ ਤਾਂ ਆਸਟਰੀਆ ਤੋਂ ਹਿੰਦੁਸਤਾਨ ਆਉਣ ਦਾ ਇਕ ਮੁਖ ਮੰਤਵ ਹੀ ਪੰਜਾਬ, ਇਸ ਦੇ ਸੰਸਾਰ-ਪ੍ਰਸਿੱਧ ਬਾਦਸ਼ਾਹ; ਉਨ੍ਹਾਂ ਦੇ ਉੱਘੇ ਰਾਜਭਾਗ; ਮਸ਼ਹੂਰ ਜਰਨੈਲ, ਨਲਵੇ; ਬੇਜੋੜ ਘੋੜੇ, ਲੈਲੀ; ਤੇ ਅਲੌਕਿਕ ਹੀਰੇ, ਕੋਹਿਨੂਰ, ਨੂੰ ਅੱਖੀਂ ਵੇਖਣਾ ਤੇ ਮਾਣਨਾ ਹੀ ਸੀ। ਸ਼ੇਰੇ ਪੰਜਾਬ ਦੇ ਕਾਇਮ ਕੀਤੇ ਇਸ ਰਾਜ-ਭਾਗ ਦੀ ਸ਼ੋਭਾ ਤੇ ਸੰਭਾਵਨਾ ਦਾ ਜ਼ਿਕਰ ਕਰਦਿਆਂ, ਇਕ ਹੋਰ ਸੈਲਾਨੀ ਐਲਕਸ ਗਾਰ-ਡਨਰ, ਨੇ ਉਸੇ ਸਦੀ ਦੇ ਦੌਰਾਨ ਲਿਖਿਆ ਸੀ :

"ਰਣਜੀਤ ਸਿੰਘ ਨੇ ਸਿੱਖਾਂ ਦੀਆਂ ਖਿੰਡੀਆਂ ਪੁੰਡੀਆਂ ਮਿਸਲਾਂ ਵਿਚੋਂ ਇਕ ਮਹਾਨ ਤੇ ਬਲਵਾਨ ਕੌਮ ਬਣਾ ਤੇ ਉਸਾਰ ਲਈ ਸੀ। ਉਹਨਾਂ ਨੇ ਆਪਣੀਆਂ ਜਿੱਤਾਂ ਦਾ ਸਿਲਸਿਲਾ

---

50. Prinsep, H. T., Origin of the Sikh Power in the Punjab and Political Life of Maharaja Ranjit Singh with an account of the Religion Laws and Customs of the Sikhs, London-1834, reprint, Patiala-1970 pp. 145-46.
51. Gough, Sir Charles Innes, A. D., The Sikhs and the Sikh Wars, the Rise, Conquest, and Annexation of the Punjab State, London-1897; reprint, Patiala-1970, p. 41.
52. Huqel, Von Baron Charles Travels in Cashmere and the Punjab, Containing a particular Account of the Government and Character of the Sikhs, Stuggart-1840-44; translated from German by Maj. T. B. Jervis, London-1845, p. 374.

ਦਿੱਲੀ ਜਾਂ ਉਸ ਤੋਂ ਵੀ ਅਗਾਂਹ ਪਸਾਰ ਲੈਣਾ ਸੀ, ਜੇ ਬਰਤਾਨਵੀ ਸਲਤਨਤ ਹਿੰਦੁਸਤਾਨ ਵਿਚ, ਉਦੋਂ ਤਕ, ਇੰਨੀ ਉਤੇਜਨਾ ਨਾਲ ਉੱਨਤ ਤੇ ਸੰਗਠਿਤ ਨਾ ਹੋ ਗਈ ਹੁੰਦੀ'' ।[53] ਉਸੇ ਨੇ ਇਨ੍ਹਾ ਨੂੰ ਜੇ ਇਕ ਪਾਸੇ, 1809 ਦੇ ਅਹਿਦਨਾਮੇ ਰਾਹੀਂ, ਦਿੱਲੀ ਵਲ ਵਧਣ ਤੋਂ ਰੋਕ ਲਿਆ ਸੀ, ਤਾਂ ਦੂਜੇ ਪਾਸੇ, 1832 ਦੀ ਸੰਧੀ ਰਾਹੀਂ ਸਿੰਧ ਤੇ ਸਾਗਰ ਵਲ ਧਾਈ ਕਰਨ ਤੋਂ ਹੋੜ ਲਿਆ ਸੀ ।[53 ਏ]

ਪੰਜਾਬ ਰਾਜ ਦੇ ਵਿਸਥਾਰ ਲਈ ਪੂਰਬ ਤੇ ਦੱਖਣ ਵਲ ਲਾਈਆਂ ਗਈਆਂ ਅਜਿਹੀਆਂ ਰੋਕਾਂ ਤੇ ਪਾਬੰਦੀਆਂ, ਸ਼ੇਰੇ ਪੰਜਾਬ ਨੂੰ ਤੋੜ ਤਕ ਬਹੁਤ ਅਖੜਦੀਆਂ ਰਹੀਆਂ । ਤਦੇ ਤਾਂ, ਉਨ੍ਹਾਂ ਨੇ ਧੁਰ ਉੱਤਰ ਵਲ ਹਿਮਾਲੀਆ ਦੀਆਂ ਚੋਟੀਆਂ ਤੇ ਵਾਦੀਆਂ ਵਲ ਧਾਉਣਾ ਸ਼ੁਰੂ ਕਰ ਦਿੱਤਾ ਸੀ; ਅਤੇ 1836 ਵਿਚ ਲਦਾਖ਼ ਫ਼ਤਹ ਕਰ ਕੇ, ਇਸਕਰਦੂ ਤੇ ਤਿੱਬਤ ਤਕ ਪਹੁੰਚਣ ਲਈ ਉੱਦਮ ਤੇ ਹੰਭਲੇ ਆਰੰਭ ਹੋ ਗਏ ਸਨ ।

ਪਰ ਜੋ ਕੁਝ ਤੇ ਜਿੰਨਾ ਕੁਝ ਉਨ੍ਹਾਂ ਨੇ ਪੰਜਾਬ, ਅਫ਼ਗਾਨਿਸਤਾਨ ਤੇ ਪਹਾੜ ਦੇ ਹਾਕਮਾਂ ਤੋਂ ਜਿੱਤ ਜੋੜ ਕੇ, ਸੰਪੂਰਨ ਤੌਰ ਤੇ, ਆਪਣੇ ਕਬਜ਼ੇ ਵਿਚ ਰਖੀ ਰਖਿਆ ਸੀ, ਉਹ ਆਪਣੇ ਆਪ ਵਿਚ ਹੀ ਇਕ ਇੰਨਾ ਵਿਸ਼ਾਲ ਖੇਤਰ ਸੀ ਕਿ ਮੈਕਗਰੇਗਾਰ ਅਨੁਸਾਰ, ਉਸ ਤੋਂ ਪਹਿਲਾਂ ਕਦੇ ਵੀ ਕਿਸੇ ਇਕੱਲੇ ਹੁਕਮਰਾਨ ਦੇ ਅਧੀਨ ਨਹੀਂ ਸੀ ਰਿਹਾ ।[54]

ਸ਼ੇਰੇ ਪੰਜਾਬ ਨੇ ਇਸ ਇੰਨੇ ਵਿਸ਼ਾਲ ਦੇਸ਼ ਨੂੰ ਇਕ ਅਜਿਹੀ ਸ਼ਾਨਦਾਰ, ਸੁਸਿਖਿਅਤ ਤੇ ਸ਼ਕਤੀਸ਼ਾਲੀ ਸੈਨਾ ਦਾ ਮਾਲਕ ਵੀ ਬਣਾ ਦਿੱਤਾ ਜੋ ਉਦੋਂ ਸਮੂਹ ਏਸ਼ੀਆ ਦੀ ਸਭ ਤੋਂ ਬਲਵਾਨ, ਬਾਜ਼ਾਬਤਾ ਤੇ ਭਿਆਨਕ ਫ਼ੌਜ ਮੰਨੀ ਗਈ । ਇਸ ਦੇ ਤੇਜ-ਪਰਤਾਪ ਦੇ ਇਕ ਬਦੇਸੀ ਗਵਾਹ ਤੇ ਲੁਧਿਆਣਾ ਦੀ ਬਰਤਾਨਵੀ ਏਜੰਸੀ ਦੇ ਇਕ ਫ਼ੌਜੀ ਅਫ਼ਸਰ, ਮੇਜਰ ਸਮਿਥ, ਨੇ ਸੰਨ 1847 ਵਿਚ ਤਾਂ ਸਗੋਂ ਇਥੋਂ ਤਕ ਲਿਖਿਆ ਸੀ ਕਿ :

"ਇਸ ਪਾਏ ਦੀ ਫ਼ੌਜ ਕਿਸੇ ਵੀ ਪੂਰਬੀ ਹਕੂਮਤ ਨੂੰ ਇਸ ਤੋਂ ਪਹਿਲਾਂ ਕਦੇ ਵੀ ਪਰਾਪਤ ਨਹੀਂ ਹੋਈ ਸੀ" ।[55] ਇਤਿਹਾਸਕਾਰ ਮਾਰਸ਼ਮੈਨ ਨੇ ਲਿਖਿਆ ਹੈ :

---

53. Pearse, H., Soldier and Traveller : The Memoirs of Alexander Gardner, London-1898.

53-A. Burnes, A., Travels into Bukhara : being the narrative of a journey from India to Cabool. . . also narrative of a voyage on the Indus from sea to Lahore with presents from the King of Great Britain, performed under the orders of the Government of India in 1831-33, London-1834, Vol. II, p. 28.

54. ਮੈਕਗਰੇਗਰ ਦਾ ਉਕਤ ਵਿਚਾਰ ਉਸ ਦੇ ਆਪਣੇ ਲਫ਼ਜ਼ਾਂ ਵਿਚ ਇਉਂ ਅੰਕਿਤ ਹੈ :
his numerous Victories over & the Sirdars of the Punjab, as well as the Afghans across the Indus, whereby he obtained complete possession of a country which had never previously been subjected to one ruler. (ਵੇਖੋ : M' Gregror, History of the Sikhs, op. cit., Vol. II, p. 1.

55. Smyth, Major G. C., A History of the Reigning Family of Lahore, the Jammoo Rajahs, the Seik Soldiers and their Sirdars, London-1847, p. XXV.

''ਮਹਾਰਾਜਾ ਰਣਜੀਤ ਸਿੰਘ ਅਥੱਕ ਜਤਨਾਂ, ਹਰ ਤਰ੍ਹਾਂ ਦੇ ਸੁਧਾਰਾਂ ਅਤੇ ਨਿਰੰਤਰ ਤੇ ਸਫਲ ਮੁਹਿੰਮਾਂ ਰਾਹੀਂ, ਅੱਸੀ ਹਜ਼ਾਰ ਜਵਾਨਾਂ ਤੇ ਤਿੰਨ ਸੌ ਤੋਪਾਂ ਦੀ ਮਾਲਕ ਇਕ ਅਜਿਹੀ ਫ਼ੌਜ ਤਿਆਰ ਕਰਨ ਵਿਚ ਕਾਮਯਾਬ ਹੋ ਗਏ ਸਨ ਜੋ ਜ਼ਬਤ, ਦੱਖ ਤੇ ਸਾਜ਼-ਸਮਾਨ ਦੇ ਲਿਹਾਜ਼ ਨਾਲ, ਹਿੰਦੁਸਤਾਨ ਵਿਚ ਕਦੇ ਵੀ ਬਣੀ ਕਿਸੇ ਵੀ ਦੇਸੀ ਫ਼ੌਜ ਨਾਲੋਂ ਬਿਹਤਰ ਤੇ ਵਧੇਰੇ ਅਹਿਮ ਸੀ'' ।[56] ਹੋਰ ਤਾਂ ਹੋਰ, ਉਦੋਂਕੇ ਅੰਗਰੇਜ਼ ਗਵਰਨਰ-ਜਨਰਲ ਲਾਰਡ ਆਕਲੈਂਡ, ਦੇ ਮਿਲਟਰੀ ਸੈਕ੍ਰੇਟਰੀ, ਕੈਪਟਨ ਔਜ਼ਬਰਨ, ਦੇ ਰੋਜ਼ਨਾਮਚੇ ਵਿਚ ਕੇਵਲ ਉਨ੍ਹਾਂ ਦੇ ਤੋਪਖ਼ਾਨੇ ਦਾ ਹੀ ਜ਼ਿਕਰ ਕਰਦਿਆਂ ਲਿਖਿਆ ਹੋਇਆ ਹੈ :

"ਉਨ੍ਹਾਂ ਨੂੰ ਆਪਣੇ ਤੋਪਖ਼ਾਨੇ ਦੀ ਨਿਪੁੰਨਤਾ ਤੇ ਸ਼ਲਾਘਾਯੋਗ ਹਾਲਤ ਉਤੇ ਬੜਾ ਮਾਣ ਹੈ; ਅਤੇ ਮਾਣ ਹੱਕੀ ਤੇ ਯੋਗ ਵੀ ਹੈ, ਕਿਉਂਕਿ ਕਿਸੇ ਵੀ ਹਿੰਦੁਸਤਾਨੀ ਹਕੂਮਤ ਨੂੰ ਇੰਨੇ ਵੱਡੇ ਤੇ ਸੁਸਿੱਖਅਤ ਸੈਨਾ ਦਲ ਦੀ ਮਾਲਕੀ ਦਾ ਸੁਭਾਗ ਅਜੇ ਤਕ ਹਾਸਲ ਨਹੀਂ ਹੋ ਸਕਿਆ'' ।[57] ਜਿਥੋਂ ਤਕ ਉਸ ਦੇ ਰਿਸਾਲੇ ਦਾ ਸੰਬੰਧ ਹੈ, ਬੇਰਨ ਹੂਗਲ ਨੇ ਆਪਣੇ ਸਫ਼ਰ-ਨਾਮੇ ਦੇ 21 ਜਨਵਰੀ, 1836 ਵਾਲੇ ਬਿਰਤਾਂਤ ਹੇਠ ਲਿਖਿਆ ਸੀ :

"ਮੈਂ ਉਨ੍ਹਾਂ ਦੇ ਘੋੜ-ਚੜ੍ਹਿਆਂ ਨੂੰ ਵੇਖਣ ਦੀ ਆਗਿਆ ਮੰਗੀ । ਉਨ੍ਹਾਂ ਤੋਂ ਵਧ ਬਾਂਕਾ ਅਤੇ ਵਧੇਰੇ ਅਨੋਖਾ ਤੇ ਦਿਲਖਿਚਵਾਂ ਸੈਨਿਕ ਦਲ ਮੈਂ ਕਦੇ ਨਹੀਂ ਵੇਖਿਆ'' ।[58] ਸ਼ੇਰੇ ਪੰਜਾਬ ਦੇ ਚਲਾਣੇ ਉਪਰੰਤ ਅੰਗਰੇਜ਼ਾਂ ਤੇ ਪੰਜਾਬੀਆਂ ਦੀਆਂ ਲੜਾਈਆਂ ਦਾ ਹਾਲ ਲਿਖਣ ਵਾਲਾ ਜੈਨਰਲ ਗਫ਼ ਤਾਂ, ਬੜੀ ਬੇਬਾਕੀ ਨਾਲ ਇਥੋਂ ਤਕ ਮੰਨ ਗਿਆ ਹੈ ਕਿ :

''ਸਿਖ ਸੈਨਾ ਉਨ੍ਹਾਂ ਸਭ ਸੈਨਾਵਾਂ ਨਾਲੋਂ ਵਧੇਰੇ ਪ੍ਰਬੀਨ ਤੇ ਹਰਾਉਣ ਵਿਚ ਕਰੜੀ ਸੀ ਜਿਨ੍ਹਾਂ ਨਾਲ ਸਾਨੂੰ, ਹਿੰਦੁਸਤਾਨ ਵਿਚ, ਮੁਕਾਬਲਾ ਕਰਨਾ ਪਿਆ ਸੀ'' ।[59]

ਫਿਰ ਇਸ ਲੰਮੇ-ਚੌੜੇ ਮੁਲਕ ਵਿਚ ਉਕਤ ਨਿਰਪੱਖ ਨੀਤ ਤੇ ਸੁਚੱਜੀ ਨੀਤੀ, ਯੋਗ ਪ੍ਰਬੰਧ ਤੇ ਪ੍ਰਬੀਨ ਫ਼ੌਜ ਦੀ ਸਹਾਇਤਾ ਨਾਲ, ਆਪ ਨੇ ਇਕ ਅਜਿਹਾ ਅਮਨ ਤੇ ਖ਼ੁਸ਼ਹਾਲੀ ਭਰਿਆ ਰਾਜ ਕਾਇਮ ਕੀਤਾ ਜੋ, ਅਜੇ ਤਕ, ਆਪਣੀ ਮਿਸਾਲ ਆਪ ਹੀ ਹੈ । ਡਾਃ ਗੁਲਸ਼ਨ ਲਾਲ ਚੋਪੜਾ ਅਨੁਸਾਰ :

ਪੰਜਾਬ ਦੇ ਲੋਕਾਂ ਨੇ, ਉਨ੍ਹਾਂ ਦੇ ਰਾਜ ਦੀਆਂ ਬਰਕਤਾਂ ਸਦਕੇ, ਅਮਨ-ਅਮਾਨ ਨੂੰ ਇਕ ਖ਼ਾਸ ਹੱਦ ਤਕ ਵਿਕਸਿਤ ਕਰ ਲਿਆ ਸੀ । ਉਹ ਆਂਤਰਿਕ ਸ਼ਾਂਤੀ ਤੇ ਪਰਫੁੱਲਤਾ ਦੇ ਅਜਿਹੇ ਦੌਰ ਵਿਚ ਦਾਖ਼ਲ ਹੋ ਗਏ ਸਨ ਜਿਸ ਨੂੰ ਮਾਣਨ ਦਾ ਸੁਭਾਗ ਉਨ੍ਹਾ ਨੂੰ ਅਨੇਕ ਪੁਸ਼ਤਾਂ ਤੋਂ ਪ੍ਰਾਪਤ ਹੀ ਨਹੀਂ ਹੋ ਸਕਿਆ ਸੀ'' ।[60] ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਉਨ੍ਹਾਂ ਦੀ 40 ਵਰ੍ਹਿਆਂ ਦੀ ਹਕੂਮਤ ਦੇ ਦੌਰਾਨ ਪੰਜਾਬ ਵਿਚ ਨਾ ਕੋਈ ਫ਼ਿਰਕੂ ਫ਼ਸਾਦ ਹੋਇਆ, ਨਾ ਕੋਈ

56. Marshman, J. C., History of India from the earliest period to the close of Lord Dalhousies Adminstration London-1867, Vol. III, pp. 32-33.

57. Osborne, The Court and Camp of Ranjit Singh, op. cit., under 22 June 1838, p. 60.

58. Hugel, Travels in Cashmere and the Punjab, op. cit., pp. 330-331.

59. Gough & Innes, The Sikhs and the Sikh Wars, op. cit., p. 43.

60. Chopra, Panjab as a Sovereign State, op. cit., p. 93.

ਸਿਆਸੀ ਬਗ਼ਾਵਤ ਉਠੀ ਅਤੇ ਨਾ ਹੀ ਕਿਸੇ ਨੂੰ ਬਾਹਰੋਂ ਹੱਲਾ ਕਰਨ ਦਾ ਹੀਆ ਹੀ ਪਿਆ। ਉਨ੍ਹਾਂ ਦਾ ਰਾਜ-ਖੇਤਰ ਬਰਤਾਨਵੀ ਹਿੰਦੁਸਤਾਨ ਨਾਲੋਂ ਵੀ ਵਧੇਰੇ ਸ਼ਾਂਤ ਤੇ ਸੁਰੱਖਿਅਤ ਸੀ। ਜੈਨਰਲ ਸਰ ਗਾਰਡਨ ਅਨੁਸਾਰ, ਉਸ ਵਿਚ ਅਜਿਹੀ ਸ਼ਾਂਤੀ ਤੇ ਬੇਫ਼ਿਕਰੀ ਵਿਆਪਤ ਸੀ ਜਿਹੋ-ਜਿਹੀ ਪਹਿਲਾਂ ਉਥੇ ਕਦੇ ਵੀ ਵੇਖਣ-ਸੁਣਨ ਵਿਚ ਨਹੀਂ ਆਈ ਸੀ।"[61] ਮਹਾਰਾਜਾ ਸਾਹਿਬ ਦਾ ਇਕ ਸਮਕਾਲੀ ਤੇ ਗ਼ੈਰ ਸਿੱਖ ਪੰਜਾਬੀ, ਮੀਆਂ ਜਾਫ਼ਰ ਬੇਗ, ਤਾਂ ਉਨ੍ਹਾਂ ਦੇ ਰਾਜ-ਕਾਜ ਦੀ ਸਭ ਤੋਂ ਪਹਿਲੀ ਤੇ ਵਡੀ ਸਿਫ਼ਤ ਹੀ ਇਹੋ ਦਸਦਿਆਂ ਲਿਖ ਗਿਆ ਹੈ ਕਿ ਉਨ੍ਹਾਂ ਦੇ ਤੇਜ-ਪਰਤਾਪ ਸਦਕੇ, ਉਸ ਵਿਚ ਹਰ ਕਿਸੇ ਦੀ ਇੱਜ਼ਤ ਆਬਰੋ ਤੇ ਮਾਲ-ਮਤਾ ਇਥੋਂ ਤਕ ਸੁਰੱਖਿਅਤ ਹੈ ਕਿ :

ਅਲਫ਼ ਆਖਿ ਤੂੰ ਸਿਫ਼ਤ ਸਰਕਾਰ ਵਾਲੀ
ਸਿੰਘ ਪੰਥ ਵਿਚੋਂ ਹੋਇ ਧਜਾਧਾਰੀ।
ਜਿਹਦੇ ਰਾਜ ਕੁਆਰੀਆਂ ਰਾਹ ਤੁਰੀਆਂ
ਡਰਦੇ ਛੇੜਦਾ ਨਾਹਿ ਕੋ ਖ਼ੋਫ਼ ਮਾਰੀ।[62]

ਉਨ੍ਹਾਂ ਦੇ ਚਲਾਣੇ ਤੋਂ ਕਈ ਵਰ੍ਹੇ ਬਾਅਦ ਵੀ, ਉਸੇ ਸ਼ਾਂਤ, ਸੁਖੀ ਤੇ ਸੁਰੱਖਿਅਤ ਪੰਜਾਬ ਦੇ ਕੌਮੀ ਕਵੀ, ਸਯੱਦ ਸ਼ਾਹ ਮੁਹੰਮਦ, ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ, ਖੁਲ੍ਹੇ ਬੰਦ ਲਿਖਿਆ ਸੀ :

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੋਰ, ਚੰਬਾ
ਜੰਮੂ, ਕਾਂਗੜਾ ਕੋਟ ਨਿਵਾਇ ਗਿਆ।
ਹੋਰ ਦੇਸ ਲਦਾਖ਼ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ
ਅੱਛਾ ਰਜ ਕੇ ਰਾਜ ਕਮਾਇ ਗਿਆ।[63]

ਇਸ ਸਾਂਝੇ, ਸੁਤੰਤਰ ਤੇ ਵਿਸ਼ਾਲ ਰਾਜ ਉਤੇ ਜਦੋਂ ਕੁਝ ਕੁ ਵਰ੍ਹਿਆਂ ਬਾਅਦ ਹੀ, ਬਰਤਾਨਵੀ ਕੂਟਲਨੀਤੀ ਤੇ ਵਾਅਦਾ-ਸ਼ਿਕਨੀ ਕਾਰਨ, ਦਿਨ-ਦਿਹਾੜੇ ਛਾਪਾ ਮਾਰਿਆ ਗਿਆ ਤਾਂ ਉਸ ਵਿਚ ਕਾਇਮ ਅਮਨ-ਅਮਾਨ, ਖ਼ੁਸ਼ੀ-ਖ਼ੁਸ਼ਹਾਲੀ ਤੇ ਸਾਂਝ-ਸੰਭਾਲੀ ਦਾ ਜ਼ਿਕਰ ਕਰ-ਦਿਆਂ, ਉਸੇ ਕੌਮੀ ਕਵੀ ਨੇ ਬੜੇ ਅਫ਼ਸੋਸ ਤੇ ਅਰਮਾਨ ਨਾਲ ਇਹ ਵੀ ਮਾਨੋ ਪੁਕਾਰ ਕੇ ਆਖਿਆ ਸੀ :

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ
ਸਿਰ ਦੋਹਾਂ ਦੇ ਉਤੇ ਆਫਤ ਆਈ,

61. Gardon, The Sikhs, op. cit., p. 118.
62. ਜਾਫਰ ਬੇਗ, ਸੀਹਰਫੀ ਸਰਕਾਰ ਕੀ, ਉਹੀ ਬੰਦ ਨੰ: 1
63. ਸ਼ਾਹ ਮੁਹੰਮਦ, ਸੱਯਦ, ਜੰਗ ਸਿੰਘਾਂ ਤੇ ਫਰੰਗੀਆਂ, ਵਡਾਲਾ-1846, ਬੰਦ ਨੰ: 5
64. ਉਕਤ, ਬੰਦ ਨੰ: 3

ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ
ਕਦੇ ਨਹੀਂ ਸੀ ਤੀਸਰੀ ਜਾਤ ਆਈ ।[64]

ਫਿਰ ਕਮਾਲ ਇਹ ਕਿ ਇਹ ਸਾਂਝੇ ਤੇ ਸੁਤੰਤਰ ਰਾਜ ਦੀ ਅੰਗਰੇਜ਼ਾਂ ਨਾਲ ਹੋਈ ਭਰਵੀਂ ਟੱਕਰ ਨੂੰ ਦੋ ਇਕੋ ਜਹੀਆਂ ਮਹਾਨ ਧਿਰਾਂ ਤੇ ਤਾਕਤਾਂ (ਭਾਵ ਮਹਾਰਾਜਾ ਰਣਜੀਤ ਸਿੰਘ ਦਾ ਉਸਾਰਿਆ ਤੇ ਸਥਾਪਿਆ ਪੰਜਾਬ ਰਾਜ ਇਕ ਪਾਸੇ, ਅਤੇ ਬਾਕੀ ਸਾਰੇ ਹਿੰਦੁਸਤਾਨ ਵਿਚ ਕਾਇਮ ਹੋ ਚੁਕਾ ਅੰਗਰੇਜ਼ੀ ਸਾਮਰਾਜ ਦੂਜੇ ਪਾਸੇ) ਦਾ ਜੰਗ ਮੰਨਦਿਆਂ ਅਤੇ ਇਸ ਹਕੀਕਤ ਨੂੰ ਬਿਆਨ ਕਰਦਿਆਂ, ਉਸ ਨੇ ਇਹ ਵੀ ਏਲਾਨੀਆਂ ਆਖਿਆ ਸੀ :

ਜੰਗ ਹਿੰਦ ਪੰਜਾਬ ਦਾ ਹੋਣ ਲਗਾ
ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ ।
ਅਜ ਹੋਵੇ ਸਰਕਾਰ ਦਾ ਮੁੱਲ ਪਾਵੇ
ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ ।
ਸਣੇ ਆਦਮੀ ਗੋਲੀਆਂ ਨਾਲ ਉੱਡਣ
ਹਾਥੀ ਡਿਗਦੇ ਸਣੇ ਅੰਬਾਰੀਆਂ ਨੀ ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ।
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ ।[65]

ਸਰਕਾਰ ਰਣਜੀਤ ਸਿੰਘ, ਦੀਆਂ ਅਜਿਹੀਆਂ ਘਾਲਾਂ, ਨੀਤੀਆਂ ਤੇ ਕਾਰਨਾਮਿਆਂ ਨੇ ਉਸ ਸਾਂਝੇ ਤੇ ਸੁਤੰਤਰ ਪੰਜਾਬ ਦੇ ਸਮੂਹ ਵਾਸੀਆਂ ਦੇ ਦਿਲਾਂ ਵਿਚ ਪੰਜਾਬੀਅਤ, ਤੇ "ਖ਼ਾਲਸ-ਈਅਤ' ਨੂੰ ਜਿਵੇਂ ਇਕਸੁਰ ਕਰ ਕੇ, ਗੁਰੂ-ਪੰਥ ਦੀ ਸ਼ਕਤੀ ਤੇ ਪ੍ਰਭੁਤਾ ਲਈ ਜੋ ਮਾਣ ਤੇ ਵਿਸ਼-ਵਾਸ ਪੈਦਾ ਕਰ ਦਿੱਤਾ ਸੀ, ਉਸ ਦਾ ਜ਼ਿਕਰ ਵੀ ਬੜੇ ਫ਼ਖ਼ਰ ਤੇ ਦਾਈਏ ਨਾਲ ਕਰਦਿਆਂ, ਇਹ ਵੀ ਜਦੋਂ ਸ਼ਾਹ ਮੁਹੰਮਦ ਨੇ ਹੀ ਲਿਖਿਆ ਸੀ :

ਸ਼ਾਹ ਮੁਹੰਮਦਾ 'ਤੁਸੀਂ', ਪੰਜਾਬੀਓ ਜੀ !,
ਕੀਰਤਿ 'ਸਿੰਘ ਸਿਪਾਹੀ' ਦੀ ਰਖਣੀ ਜੀ ।[66]

2. ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ
ਜਿਹੜੀ ਕਰੇਗਾ, 'ਖ਼ਾਲਸਾ ਪੰਥ' ਮੀਆਂ ।[67]

ਪੰਜਾਬ ਰਾਜ ਦੀ ਚੜ੍ਹਦੀ ਤੇ ਚੜ੍ਹਿੰਦੀ ਕਲਾ ਨੂੰ ਮੁਖ ਰਖ ਕੇ ਪਾਈਆਂ ਸ਼ਾਹ ਮੁਹੰਮਦ ਦੀਆਂ ਇਹ ਹੂਕਾਂ ਤੇ ਹੇਕਾਂ ਬੜੀਆਂ ਮਹੱਤਵਪੂਰਨ ਹਨ ।

6.

ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਤੇ ਪੰਜਾਬੀਆਂ ਵਿਚ ਅਜਿਹੀ ਸਪਿਰਟ ਉਪਜਾ-ਜਾਉਣ, ਅਤੇ ਉਨ੍ਹਾਂ ਲਈ ਇਸ ਤਰ੍ਹਾਂ ਦਾ ਸਾਂਝਾ ਤੇ ਸੁਤੰਤਰ, ਵਿਸ਼ਾਲ ਤੇ ਵਿਲੱਖਣ ਰਾਜ

65. ਉਕਤ, ਬੰਦ ਨੰ: 62
66. ਉਕਤ ਬੰਦ
67. ਉਕਤ, ਬੰਦ ਨੰ. 66

ਉਸਾਰਨ ਵਿਚ ਜੋ ਸਫਲਤਾ ਤੇ ਸੁਰਖਰੂਈ ਪਰਾਪਤ ਹੋਈ, ਉਸ ਦੀ ਤਹਿ ਵਿਚ ਵੀ, ਬਹੁਤਾ ਤਾਂ, ਇਹੋ ਜਜ਼ਬਾ. ਇਹੋ ਸਿਧਾਂਤ ਤੇ ਇਹੋ ਵਿਸ਼ਵਾਸ ਹੀ ਕੰਮ ਕਰ ਰਿਹਾ ਸੀ। ਉਨ੍ਹਾਂ ਦੀ ਆਪਣੀ ਸ਼ਖਸੀਅਤ ਤੇ ਸੁਭਾ, ਸ਼ਰਧਾ ਤੇ ਸਿਦਕ, ਨੀਤੀ ਤੇ ਸ਼ਕਤੀ, ਦਾਨਾਈ ਤੇ ਦੂਰ-ਅੰਦੇਸ਼ੀ. ਮਿਹਨਤ ਤੇ ਲਿਆਕਤ, ਦਲੇਰੀ ਤੇ ਬੇਗਰਜ਼ੀ, ਚਮਤਕਾਰੀ ਬੁੱਧੀ ਤੇ ਪ੍ਰਬੰਧਕੀ ਯੋਗਤਾ ਨੇ ਸੋਨੇ ਉਤੇ ਸੁਹਾਗੇ ਦਾ ਕੰਮ ਕੀਤਾ ਜਾਪਦਾ ਹੈ।

ਉਸੇ ਆਦਰਸ਼ਕ ਰਾਜ ਤੇ ਮਹਾਨ ਮਹਾਰਾਜ ਦਾ ਇਕ ਬਦੇਸ਼ੀ ਕਾਰਿੰਦਾ, ਮੇਜਰ ਲਾਰੈਂਸ (ਬਲੈਸਿਜ਼) ਲਿਖਦਾ ਹੈ ਕਿ 5 ਮਈ, 1830 ਨੂੰ ਜਦੋਂ ਉਸ ਨੂੰ ਇਕ ਰਜਮੈਂਟ ਦੀ ਕਮਾਨ ਤੇ ਕੋਟ ਕਾਂਗੜੇ ਦਾ ਪਰਬੰਧ ਸੌਂਪਿਆ ਗਿਆ ਸੀ, ਤਾਂ ਫ਼ਕੀਰ ਅਜ਼ੀਜ਼ ਦੀਨ ਨੇ, ਉਸ ਨੂੰ, ਮਹਾਰਾਜ ਦੇ ਇਸ਼ਾਰੇ ਤੇ, ਇਕ ਮੁਹਰਬੰਦ ਪੈਕਿਟ ਫੜਾ ਦਿਤਾ ਸੀ। ਜਦੋਂ ਉਸ ਨੇ ਠਿਕਾਣੇ ਪਹੁੰਚ ਕੇ, ਉਸ ਪੁਲੰਦੇ ਨੂੰ ਬੜੀ ਉਤਸੁਕਤਾ ਨਾਲ ਖੋਲ੍ਹਿਆ ਸੀ, ਤਾਂ ਉਸ ਵਿਚੋਂ ਜੋ ਪੱਤਰ ਪਰਾਪਤ ਹੋਏ ਸਨ ਉਨ੍ਹਾਂ ਵਿਚੋਂ ਇਕ ਦੀ ਇਬਾਰਤ ਹੇਠ ਲਿਖੀ ਨਸੀਹਤ ਤੇ ਹਦਾਇਤ ਨਾਲ ਇਉਂ ਸ਼ੁਰੂ ਸੀ :

"ਸਿਆਣਾ ਬੰਦਾ ਆਪਣੇ ਮਾਲਕ ਵਲੋਂ ਲਾਏ ਗਏ ਫ਼ਰਜ਼ ਦੀ ਅਦਾਇਗੀ ਵਿਚ ਕੋਤਾਹੀ ਨਹੀਂ ਕਰਦਾ। ਤਾਬੇਦਾਰੀ ਦੇ ਭਵਨ ਵਿਚ ਥਾਂ ਪਰਾਪਤ ਹੁੰਦਿਆਂ ਹੀ, ਉਹ ਯਾਦ ਰਖਦਾ ਹੈ ਕਿ ਨਿਮਰਤਾ ਤੇ ਵਫ਼ਾਦਾਰੀ ਹੀ ਵਡਿਆਈ ਦੁਆਂਦੀਆਂ ਹਨ। ਝੂਠੇ ਬੰਦੇ ਨੂੰ ਸ਼ਰਮਿੰਦਗੀ ਦੁਆਂਦਾਂ ਹੈ ਅਤੇ ਕੂੜ ਬੋਲਦੇ ਹੋਂਠ ਉਸ ਦੀ ਨਿਰਾਦਰੀ ਦਾ ਕਾਰਨ ਬਣਦੇ ਹਨ। ਆਪਣਾ ਅੰਤ ਚੇਤੇ ਰਖੀਂ ਅਤੇ ਗਰੀਬਾਂ ਨੂੰ ਕਦੇ ਨਾ ਦੁਖਾਈਂ। ਇਉਂ ਕਰਨ ਨਾਲ, ਤੇਰਾ ਨਾਂ ਉਦੋਂ ਵੀ ਕਾਇਮ ਰਹੇਗਾ ਜਦੋਂ ਤੇਰਾ ਹੋਰ ਸਭ ਕੁਝ ਬਿਨਸ ਗਿਆ ਹੋਵੇਗਾ"।[70] ਉਪਰੋਕਤ ਪਹਿਰਾ ਪੜਨ ਤੋਂ ਬਾਅਦ, ਲਾਰੈਂਸ ਨੇ ਲਿਖਿਆ ਹੈ ਕਿ "ਇਹ ਨਸੀਹਤ ਚੰਗੀ ਹੈ ਅਤੇ ਇਸ ਤੋਂ ਪਰਗਟ ਹੈ ਕਿ ਮਹਾਰਾਜਾ ਸਾਹਿਬ ਆਪਣੇ ਰਾਜ-ਕਾਜ ਵਿਚ ਸਿਆਣਪ ਤੇ ਸੁਹਿਰਦਤਾ ਨਾਲ ਕੰਮ ਲੈਂਦੇ ਹਨ"। ਇਤਿਹਾਸ ਇਸ ਗਲ ਦਾ ਵੀ ਸ਼ਾਹਿਦ ਹੈ ਕਿ ਸ਼ੇਰੇ ਪੰਜਾਬ ਦਾ ਆਪਣਾ ਜੀਵਨ, ਉਨ੍ਹਾਂ ਦਾ ਸੁਭਾ ਤੇ ਕਾਰਗੁਜ਼ਾਰੀ, ਆਪ ਵੀ ਤਾਂ, ਉਕਤ ਨਸੀਹਤ ਅਤੇ ਉਸ ਪਿਛੇ ਕੰਮ ਕਰ ਰਹੀ ਸੁਭ ਨੀਤ ਤੇ ਨੀਤੀ ਦੀ, ਬਹੁਤ ਹੱਦ ਤਕ, ਧਾਰਨੀ ਰਹੀ ਹੈ।

ਪੰਜਾਬ ਦੀ ਸਲਤਨਤ ਵਿਚ ਉਸ ਅੰਗਰੇਜ਼ ਅਫਸਰ, ਲਾਰੈਂਸ, ਦੀ ਉਕਤ ਨਿਯੁਕਤੀ ਦੇ ਇਸ ਹੁਕਮ ਵਿਚ ਅੰਕਿਤ ਇਹ ਕਥਨ, ਉਸ ਦੇ ਵਿਚਾਰ ਅਨੁਸਾਰ : "ਇਹ ਤਾਂ ਰਣਜੀਤ ਸਿੰਘ ਦਾ ਆਪਣੇ ਬਾਰੇ ਆਪੇ ਦਿਤਾ ਹੋਇਆ ਅੰਤਮ ਨਿਰਣੈ ਹੈ"।[73] ਇਹ ਕਥਨ, ਨਿਰਸੰਦੇਹ, ਇਕ ਕੀਮਤੀ, ਯਾਦਗਾਰੀ ਤੇ ਇਤਿਹਾਸਕ ਬਿਆਨ ਹੈ। ਇਹ, ਮਾਨੋ, ਬੜੇ ਹੀ ਸੰਖੇਪ ਲਫ਼ਜ਼ਾਂ ਵਿਚ ਸ਼ੇਰੇ ਪੰਜਾਬ ਦੀ ਸਵੈ ਜੀਵਨੀ ਹੈ; ਉਹਨਾਂ ਦੇ ਸੁਭਾ ਤੇ ਸ਼ਖਸੀਅਤ ਦਾ ਇਕ ਦਰਪਨ ਹੋਣ ਤੋਂ ਛੁਟ, ਪੰਜਾਬ ਤੇ ਪੰਜਾਬੀਆਂ ਲਈ ਘਾਲੀ ਘਾਲ ਤੇ ਕੀਤੀ ਕਮਾਈ ਦੀ ਇਕ ਮੂੰਹੋਂ ਬੋਲਦੀ ਤਸਵੀਰ ਹੈ। ਉਸ ਬਿਖੜੇ ਸਮੇਂ ਦੀ ਸਥਿਤੀ ਨੂੰ ਸਰਵੇਖਿਆ, ਅਖੀਂ ਵੇਖ ਲਿਖੇ ਗਏ ਬ੍ਰਿਤਾਂਤਾਂ ਨੂੰ ਘੋਖਿਆਂ, ਮੌਕੇ ਦੇ ਗਵਾਹਾਂ ਦੇ ਬਿਆਨਾਂ ਨੂੰ ਜੋਖਿਆਂ ਅਤੇ ਉਨ੍ਹਾਂ ਨੂੰ ਇਤਿਹਾਸ ਦੀ ਕਸਵੱਟੀ ਉਤੇ ਪਰਖਿਆਂ ਵੀ ਇਹ ਕਥਨ, ਹੇਠ ਲਿਖੇ ਅਨੁਸਾਰ ਅੰਗੋਂ ਅੰਗ ਠੀਕ ਜਾਪਦਾ ਹੈ :

---

73. Lawrence, Adventures of an Officer in the Punjab, op. cit., p. 63

ਪਹਿਲਾ ਅੰਗ :

"ਮੇਰੀ ਬਾਦਸ਼ਾਹੀ ਇਕ ਮਹਾਨ ਬਾਦਸ਼ਾਹੀ ਹੈ। ਪਹਿਲਾਂ ਇਹ ਨਿੱਕੀ ਜਿਹੀ ਸੀ, ਹੁਣ ਇਹ ਵੱਡੀ ਤੇ ਵਿਸ਼ਾਲ ਹੈ, ਪਹਿਲਾਂ ਇਹ ਛਿਨ ਛਿਨ, ਟੁਟੀ ਭਜੀ ਤੇ ਵੰਡੀ ਵਿਹਾਜੀ ਹੋਈ ਸੀ, ਹੁਣ ਇਹ ਇਕਮੁਠ ਤੇ ਸੰਗਠਿਤ ਹੈ। ਇਸ ਨੂੰ ਹੋਰ ਉੱਨਤ ਤੇ ਪਰਫੁਲਤ ਹੋਣਾ ਚਾਹੀਦਾ ਹੈ। ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ, ਵਿਰਸੇ ਵਿਚ, ਇਸੇ ਸੰਪੂਰਨ ਤੇ ਸੰਗਠਿਤ ਰੂਪ ਵਿਚ ਹੀ ਮਿਲਣਾ ਚਾਹੀਦਾ ਹੈ।"

ਸ਼ੇਰੇ ਪੰਜਾਬ ਦੀ ਕਾਇਮ ਕੀਤੀ ਬਾਦਸ਼ਾਹੀ ਤੋਂ ਨਿਜੀ ਤੌਰ ਤੇ ਜਾਣੂੰ ਲੇਖਕਾਂ, ਉਨ੍ਹਾਂ ਦੇ ਰਾਜ-ਕਾਲ ਵਿਚ ਵਿਚਰਦੇ ਰਹੇ ਬਦੇਸੀ ਯਾਤਰੀਆਂ; ਹਿੰਦ ਪੰਜਾਬ ਦੀ ਜੰਗ ਵਿਚ ਸ਼ਾਮਲ ਰਹੇ ਅਫਸਰਾਂ; ਅਤੇ ਉਸ ਦੀ ਸਮਾਪਤੀ ਤੇ ਸਿਖ ਕੌਮ ਜਾਂ 'ਖਾਲਸਾ ਰਾਜ ਦੇ ਬਿਰਤਾਂਤ ਲਿਖਣ ਵਾਲੇ ਇਤਿਹਾਸਕਾਰਾਂ ਦੇ ਪਿਛਲੀ ਸਦੀ ਵਿਚ ਛਪੇ, ਅਗੇ ਦਿੱਤੇ ਕੁਝ ਬਿਆਨ[74] ਉਨ੍ਹਾਂ ਦੇ ਉਕਤ ਦਾਅਵੇ ਦੀ ਅਜਿਹੀ ਭਰਪੂਰ ਪੁਸ਼ਟੀ ਕਰਦੇ ਹਨ ਕਿ ਸਾਨੂੰ-ਤੁਹਾਨੂੰ ਇਸ ਬਾਰੇ ਆਪ ਕੁਝ ਕਹਿਣ ਦੀ ਲੋੜ ਹੀ ਨਹੀਂ :—

(1) ਬੈਰਨ ਹੀਊਗਲ (1840 ਈ:)

ਜੋ ਬਾਦਸ਼ਾਹੀ ਰਣਜੀਤ ਸਿੰਘ ਨੇ ਇਕ ਨਿਪੁੰਨ ਆਰਕੀਟੈਕਟ ਵਾਂਗ, ਬਹੁਤ ਸਾਰੇ ਨਿਗੂਣੇ ਤੇ ਸੰਭਾਵਨਾਹੀਣ ਟੋਟਿਆਂ ਨੂੰ ਜੋੜ ਜਾੜ ਕੇ, ਇਕ ਸ਼ਾਹਾਨਾ ਇਮਾਰਤ ਦੇ ਰੂਪ ਵਿਚ ਉਸਾਰ ਕੇ, ਕਾਇਮ ਕਰ ਦਿੱਤੀ ਹੈ, ਉਹ ਮੈਨੂੰ ਦੁਨੀਆਂ ਦੀ ਸਭ ਤੋਂ ਅਜੀਬ ਚੀਜ਼ ਪ੍ਰਤੀਤ ਹੋਈ ਹੈ"।[75]

(2) ਕੈਪਟਨ ਕਨਿੰਘਮ (1849 ਈ:)

"ਪੰਜਾਬ, ਰਣਜੀਤ ਸਿੰਘ ਨੂੰ, ਇਕ ਖੀਣ ਹੋ ਰਹੀ ਮਿਸਲਦਾਰੀ ਦੇ ਅਜਿਹੇ ਉਘੜ-ਦੁਘੜੇ ਰੂਪ ਵਿਚ ਮਿਲਿਆ ਸੀ ਜੋ ਆਪਣੇ ਸਰਦਾਰਾਂ ਦੀ ਧੜੇਬੰਦੀ ਦਾ ਸ਼ਿਕਾਰ ਹੋ ਚੁਕਾ ਸੀ : ਜਿਸ ਨੂੰ ਅਫਗਾਨ ਮਰਹੱਟੇ ਦਬਕਾਅ ਰਹੇ ਸਨ : ਅਤੇ ਜੋ ਅੰਗਰੇਜ਼ੀ ਪ੍ਰਭੁਤਾ ਦੇ ਅਧੀਨ ਹੋ ਜਾਣ ਲਈ ਮਾਨੋ ਤਿਆਰ ਖੜਾ ਸੀ। ਰਣਜੀਤ ਸਿੰਘ ਨੇ ਅਨੇਕ ਨਿੱਕੀਆਂ ਨਿੱਕੀਆਂ ਰਿਆਸਤਾਂ ਨੂੰ ਇਕੱਤਰ ਕਰ ਕੇ, ਇਕ ਬਾਦਸ਼ਾਹੀ ਦਾ ਰੂਪ ਦੇ ਦਿਤਾ ; ਕਾਬਲ ਦੀ ਸਲਤਨਤ ਤੋਂ ਉਸ ਦੇ ਸਭ ਤੋਂ ਵਧੀਆ ਸੂਬੇ ਖੋਹ ਕੇ, ਇਸ ਨਾਲ ਜੋੜ-ਜਾੜ ਦਿਤੇ; ਅਤੇ ਸ਼ਕਤੀਵਾਨ ਅੰਗਰੇਜ਼ਾਂ ਨੂੰ ਆਪਣੀ ਸ਼ਹਿਨਸ਼ਾਹੀ ਵਿਚ ਦਖਲ ਦੇਣ ਦਾ ਕੋਈ ਮੌਕਾ ਹੀ ਨਾ ਦਿੱਤਾ"।[76]

(3)ਜਾਨ ਮਾਰਸ਼ਮੈਨ (1867 ਈ:)

ਰਣਜੀਤ ਸਿੰਘ ਦੀ ਕੇਵਲ ਗੈਰ-ਮਾਮੂਲੀ ਲਿਆਕਤ ਨੇ ਹੀ ਸਿੱਖ ਮਹਾਨਤਾ ਦੇ ਮਹੱਲ ਨੂੰ ਪਰਵਾਨ ਚੜ੍ਹਾ ਦਿੱਤਾ ਸੀ। ਜੇ ਉਨ੍ਹਾਂ ਨੂੰ ਈਸਟ ਇੰਡੀਆ ਕੰਪਨੀ ਦੀ ਬੇਰੋਕ ਤਾਕਤ ਚਾਰੇ

---

74. ਇਨ੍ਹਾਂ ਬਿਆਨਾਂ ਦੀਆਂ ਪੁਸਤਕ-ਰੂਪ ਵਿਚ ਛਪਣ ਤਰੀਕਾਂ ਸਬੰਧਤ ਲੇਖਕਾਂ ਦੇ ਨਾਂਵਾਂ ਤੋਂ ਬਾਅਦ, ਬਰੇਕਟਾਂ ਵਿਚ ਦੇ ਦਿੱਤੀਆਂ ਹਨ।

75. Hugel, Travels in Cashmere and the Punjab, op. cit., p. 374.

76. Cunninghum, A History of The Sikhs, op. cit., p. 200.

ਬੰਨਿਓਂ ਘੇਰ ਨਾ ਲੈਂਦੀ, ਤਾਂ ਉਹਨਾਂ ਨੇ ਸਾਰੇ ਹਿੰਦੁਸਤਾਨ ਵਿਚ ਇਕ "ਨਵੀਂ ਤੇ ਸ਼ਾਨਦਾਰ ਸ਼ਹਿਨਸ਼ਾਹੀ ਕਾਇਮ ਕਰ ਲੈਣੀ ਸੀ। ਉਹ ਸਤਾਰਾਂ ਵਰ੍ਹੇ ਦੀ ਮੁਢਲੀ ਉਮਰ ਵਿਚ, ਆਪਣੀ ਜਾਤੀ ਦੀ ਅਗਵਾਈ ਦੇ ਵਾਰਸ ਉਦੋਂ ਬਣੇ ਸਨ ਜਦੋਂ ਪੰਜਾਬ ਆਪਣੇ ਕਈ ਸੁਤੰਤਰ ਸਰਬ-ਰਾਹਾਂ ਦੀਆਂ ਖਹਿਬੜਾਂ ਤੇ ਮੁਠ-ਭੇੜਾਂ ਕਾਰਨ, ਬੜਾ ਹੈਰਾਨ ਤੇ ਪਰੇਸ਼ਾਨ ਸੀ। ਉਨ੍ਹਾਂ ਨੇ ਇਸ ਨੂੰ ਇਕ ਅਜਿਹੀ ਗੁੰਦਵੀਂ, ਗਠੀਲੀ ਤੇ ਸ਼ਕਤੀਸ਼ਾਲੀ ਬਾਦਸ਼ਾਹੀ ਬਣਾ ਕੇ ਛਡਿਆ, ਜਿਸ ਨਾਲ ਦੁੱਰਾਨੀ ਸਲਤਨਤ ਦੇ ਕੁਝ ਸਭ ਤੋਂ ਅਮੀਰ ਸੂਬੇ ਸ਼ਾਮਲ ਕਰ ਕੇ, ਉਸ ਨੂੰ ਹੋਰ ਅਮੀਰ ਤੇ ਮਜ਼ਬੂਤ ਬਣਾ ਦਿਤਾ ਸੀ"।[77]

(4) ਸੱਯਦ ਮੁਹੰਮਦ ਲਤੀਫ(1891 ਈ)

"ਰਣਜੀਤ ਸਿੰਘ ਨੇ ਸਿੱਖਾਂ ਦੀ ਰਾਜਨੀਤਕ ਅਵਸਥਾ ਨੂੰ ਨਵੇਂ ਸਿਰੇ ਢਾਲ-ਸੰਵਾਰ ਦਿਤਾ ਸੀ; ਅਤੇ ਅਨੇਕ ਕੱਟੀਆਂ-ਵੱਢੀਆਂ ਤੁੱਛ ਰਿਆਸਤਾਂ ਨੂੰ ਇਕੱਠਾ ਕਰ ਕੇ, ਇਕ ਬਾਦ-ਸ਼ਾਹੀ ਬਣਾ ਲਈ ਸੀ"।[78]

(5) ਜੈਨਰਲ ਸਰ ਗਫ(1899 ਈ.) :

"ਉਨ੍ਹਾਂ ਨੇ ਆਪਣਾ ਜੀਵਨ ਲਾਹੌਰ ਦੇ ਇਕ ਸਰਬਰਾਹ ਵਜੋਂ ਸ਼ੁਰੂ ਕੀਤਾ ਸੀ; ਅਤੇ ਇਸ ਨੂੰ ਅੰਤਾਉਣ ਤੋਂ ਪਹਿਲਾਂ ਉਹ ਸਤਲੁਜ ਦੇ ਉੱਤਰ ਤੇ ਪੱਛਮ ਵਲ, ਮੁਲਤਾਨ ਤੋਂ ਪੇਸ਼ਾਵਰ ਤੇ ਪੇਸ਼ਾਵਰ ਤੋਂ ਜਮੂੰ ਤਕ, ਸਭ ਮਿਲਖਾਂ ਦੇ ਮਾਲਕ ਬਣ ਚੁਕੇ ਸਨ"।[79]

ਦੂਜਾ ਅੰਗ :

> "ਮੈਂ ਇਹ ਰਾਜ-ਭਾਗ ਵਾਹਿਗੁਰੂ ਦੀ ਮਿਹਰ ਅਤੇ ਉਨ੍ਹਾਂ ਦੇ ਬਖਸ਼ੇ ਹੋਏ ਬਲ ਤੇ ਬੁੱਧੀ ਰਾਹੀਂ ਫ਼ਤਹ ਕੀਤਾ ਹੈ।"

ਸ਼ੇਰੇ-ਪੰਜਾਬ ਉਤੇ ਹੋਈ ਅਜਿਹੀ ਬਖਸ਼ਿਸ਼ ਅਤੇ ਉਸ ਪਿਛੇ ਕੰਮ ਕਰ ਰਹੀ ਦੈਵੀ ਸ਼ਕਤੀ ਦਾ ਜ਼ਿਕਰ ਕਰਦਿਆਂ, ਉਨ੍ਹਾਂ ਦੇ ਇਕ ਸਮਕਾਲੀ ਹਿੰਦੀ ਕਵੀ, ਸ੍ਰੀ ਗਣੇਸ਼ ਦਾਸ ਪਿੰਗਲ ਨੇ, ਲਿਖਿਆ ਸੀ :

ਚੜ੍ਹਤ ਸਿੰਘ ਨਾਤੀ ਭਇਓ, ਮਹਾਂ ਸਿੰਘ ਕੋ ਨੰਦ।
ਛਤ੍ਰ ਦੀਓ ਕਰਤਾਰ ਨੇ, ਸਰਬ ਸੁਖਨ ਕੋ ਕੰਦ।
ਦੇਸ ਪੰਜਾਬ ਲੀਓ ਜਬਹੀ ਤਬ, ਆਬ ਚੜ੍ਹੀ ਤਉ ਖੁਸ਼ੀ ਬਢਾਈ।
ਅਗੇ ਨਰਿੰਦ੍ਰ ਸੋ ਜੋਊ ਹੁਤੇ, ਸਭ ਜੀਤ ਲੀਏ ਕਰ ਜੋਰ ਲਗਾਈ।
ਪਾਏ ਸਮਾ ਮੋ ਦਿਆਲ ਭਈ, ਦਯੁ ਕਾਂਗੜਾ ਕੋਟ ਦੀਓ ਸੁਖਦਾਈ।
ਅਨੰਦ ਭਇਓ ਦੁਖ ਦੁੰਦ ਗਇਓ, ਸੁ ਪਹਾੜ ਪਤੀ ਕਰ ਹੈ ਸਿਵਕਾਈ।[80]
ਗੋਬਿੰਦ ਸਿੰਘ ਆਪ, ਦੀਨੋ ਬਡੋ ਪਰਤਾਪ,
ਰਣਜੀਤ ਸਿੰਘ ਬਾਪ, ਜੋਤ ਆਪਣੀ ਸੁ ਪਾਇਕੇ।

---

77. Marshman, History of India, op. cit., Vol. I, p. 39.
78. Latif, History of the Panjab, op. cit., p. 496.
79. Gough, The Sikhs and the Sikh Wars, op. cit., p. 30.
80. ਪਿੰਗਲ, ਗਣੇਸ਼ ਦਾਸ, ਫਤਹਨਾਮਾ ਗੁਰੂ ਖ਼ਾਲਸਾ ਜੀ ਕਾ, ਲਾਹੌਰ-1831 (ਲ:ਪ,), 'ਮੁਲਤਾਨ ਯੁੱਧ', ਬੰਦ ਨੰ: 5-7

ਪ੍ਰਿਥਮ ਪੰਜਾਬ ਜੀਤ, ਨੀਤ ਮੈਂ ਪ੍ਰਬੀਨ ਭਏ,
ਕਾਂਗੜੇ ਕਾ ਕੋਟ, ਦੇਵੀ ਦੀਓ ਹਰਖਾਇਕੇ।
ਅਟਕ ਪਟਕ ਦੇਸੁ, ਲੀਨੀ ਦੇਰ ਕੀਨੀ ਨਾਹਿੰ।
ਮਾਰ ਮੁਲਤਾਨ, ਕਸ਼ਮੀਰ ਲੀਆ ਧਾਇਕੇ।
ਪਾਛੇ ਕਰੀ ਦੇਰ ਸੁ, ਪਸ਼ੌਰ ਮਾਰ ਲਏ ਹਏ,
ਅਬ ਚੜ੍ਹੇ ਸਭ ਸਿੰਘ, ਮਨ (ਮੈਂ) ਖੁਲਸਾਹਿਕੇ।[81]

ਮਹਾਰਾਜ ਸਾਹਿਬ ਦੇ ਬਿਆਨ ਦੀ ਪੁਸ਼ਟੀ ਕੇਵਲ ਪਿੰਗਲ ਦੇ ਉਪਰੋਕਤ ਕਥਨ ਤੋਂ ਹੀ ਨਹੀਂ, ਉਨ੍ਹਾਂ ਦੇ ਰੱਬ ਦੀ ਮਿਹਰ ਤੇ ਗੁਰੂ ਦੀ ਕਿਰਪਾ ਉਤੇ ਦਰਿੜ੍ਹ ਤੇ ਨਿਰੰਤਰ ਵਿਸ਼ਵਾਸ ਤੋਂ ਵੀ ਭਲੀ ਪਰਕਾਰ ਵਿਦਤ ਹੈ।

ਇਸੇ ਲਈ ਤਾਂ ਉਨ੍ਹਾਂ ਨੇ ਇਹ ਰਾਜ-ਭਾਗ ਸੰਭਾਲਦਿਆਂ ਹੀ, ਸ਼ਾਹੀ ਸਿੱਕੇ ਤੇ ਝੰਡੇ ਨੂੰ "ਅਕਾਲ ਸਹਾਇ" ਦਾ ਧਾਰਨੀ ਬਣਾਇਆ ਸੀ ਅਤੇ ਸ਼ਾਹੀ ਫਰਮਾਨਾਂ ਤੇ ਚਿੱਠੀ-ਪੱਤਰ ਨੂੰ "ਸ੍ਰੀ ਅਕਾਲਪੁਰਖ ਜੀ ਸਹਾਇ" ਦੇ ਸਿਰਨਾਂਵੇਂ ਨਾਲ ਸ਼ਿੰਗਾਰਿਆ ਸੀ।" ਇਸ ਬਾਦਸ਼ਾਹੀ ਦਾ ਸਾਰਾ ਰਾਜ-ਕਾਜ ਆਪਣੀ ਜ਼ਾਤ ਖਾਨਦਾਨ ਜਾਂ ਮਿਸਲ ਦੀ ਥਾਂ, ਉਨ੍ਹਾਂ ਦੇ ਸਾਜੇ-ਨਿਵਾਜੇ "ਖਾਲਸਾ" ਦੇ ਨਾਂ ਉਤੇ ਹੀ ਆਰੰਭਦਿਆਂ, ਇਸ ਨੂੰ "ਖਾਲਸਾ ਜੀ" ਜਾਂ "ਸਰਕਾਰ ਖਾਲਸਾ" ਤੇ "ਦਰਬਾਰ ਖਾਲਸਾ" ਆਖਿਆ।[82] ਇਉਂ ਹੀ ਆਪਣੇ ਆਪ ਨੂੰ "ਸੁਲਤਾਨ" ਜਾਂ "ਬਾਦਸ਼ਾਹ" ਅਖਵਾਉਣ ਦੀ ਥਾਂ "ਸ਼ਿੰਘ ਸਾਹਿਬ" ਜਾਂ "ਸਰਕਾਰ ਰਣਜੀਤ ਸਿੰਘ" ਸਦਵਾਉਣਾ ਬਿਹਤਰ ਸਮਝਿਆ। ਸਰਕਾਰੀ ਤੇ ਸਫ਼ਾਰਤੀ ਪੱਤਰ-ਵਿਹਾਰ ਵੀ "ਖਾਲਸਾ ਜੀ" ਦੇ ਨਾਂ ਉਤੇ ਹੀ ਜਾਰੀ ਕੀਤਾ; ਅਤੇ ਫੌਜਾਂ ਵਿਚ ਵੀ ਸਲਾਮ-ਪ੍ਰਣਾਮ ਦੀ ਵਿਧ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ" ਕਾਇਮ ਰਖੀ। ਆਪਣੇ ਸਭ ਤੋਂ ਵਡੇ ਕਿਲ੍ਹੇ ਦਾ ਨਾਂ ਖਾਲਸੇ ਦੇ ਸਾਜਨਹਾਰ, ਗੁਰੂ ਗੋਬਿੰਦ ਸਿੰਘ ਦੇ ਨਾਂ ਤੇ ਹੀ "ਗੋਬਿੰਦਗੜ੍ਹ" ਰਖਿਆ।

ਮਾਰਵਾੜ ਦੇ ਰਾਜਾ ਮਾਨ ਸਿੰਘ ਨੂੰ ਲਿਖੀ ਚਿੱਠੀ ਉਨ੍ਹਾਂ ਦੀ ਅਜਿਹੀ ਭਾਵਨਾ ਤੇ ਉਸ ਦੇ ਪਰਗਟਾਉ ਦੀ ਇਕ ਸੁੰਦਰ ਮਿਸਾਲ ਹੈ। ਉਸ ਵਿਚ ਉਸ ਦੇ ਰਾਜਕੁਮਾਰ ਦੇ ਚਲਾਣੇ ਦਾ ਅਫ਼ਸੋਸ ਕਰਦਿਆਂ ਲਿਖਿਆ ਹੈ: "ਸਾਨੂੰ ਇਹ ਗੱਲਾਂ ਰਬ ਦੀ ਰਜ਼ਾ ਉਤੇ ਹੀ ਛੱਡਣੀਆਂ ਪੈਂਦੀਆਂ ਹਨ ਅਤੇ ਮੁੜ ਉਸੇ ਦੀ ਮਿਹਰ ਲਈ ਬੇਨਤੀ ਕਰਨੀ ਪੈਂਦੀ ਹੈ ਕਿ ਉਹ ਆਪ ਦੇ ਸੁਭ ਘਰਾਣੇ ਨੂੰ ਇਕ ਹੋਰ ਸਪੁਤਰ ਨਾਲ ਛੇਤੀ ਹੀ ਨਿਵਾਜਣ।...... ਮੁਲਤਾਨ, ਕਸ਼ਮੀਰ, ਭੱਖਰ ਤੇ ਮਾਨਕੇਰੇ ਦਾ ਇਲਾਕਾ ਪਹਿਲਾਂ ਹੀ ਖਾਲਸਾ ਜੀ ਦੇ ਅਧੀਨ ਹੋ ਚੁਕਾ ਹੈ। ਇਸ ਵਰ੍ਹੇ ਖਾਲਸਾ ਫੌਜ ਨੇ ਕਾਬਲ ਦਾ ਸੂਬਾ ਆਪਣੇ ਰਾਜ ਨਾਲ ਰਲਾ ਲੈਣ ਦਾ ਇਰਾਦਾ ਕੀਤਾ ਸੀ— ਪਰ ਸਮਦ ਖਾਨ...... ਇਸ ਦੇ ਪਿਸ਼ਾਵਰ ਪਹੁੰਚਣ ਤੇ ਹੀ ਖਾਲਸਾ ਜੀ ਦੇ ਦਰਬਾਰ ਵਿਚ ਤੁਹਫੇ ਲੈ ਕੇ ਹਾਜ਼ਰ ਹੋ ਗਿਆ ਸੀ।......"[84]

---

81. ਉਕਤ, ਪਸ਼ੌਰ ਯੁੱਧ, ਬੰਦ ਨੰ: 4
82. Cunningham, History of the Sikhs, op. cit., p. 152.
83. Latif, History of the Panjab, op. cit., p. 353.
84. ਜੋਧਪੁਰ ਦੇ ਰੀਕਾਰਡ ਆਫ਼ਿਸ ਵਿਚ ਸੁਰੱਖਿਅਤ ਚਿੱਠੀ ਮਿਤੀ 12 ਮੱਘਰ ਸੰਮਤ 1879। ਵੇਖੋ: The Maharaja Ranjit Singh Centenary Volume, op. cit., p. 127.

ਉਨ੍ਹਾਂ ਦੀ ਅਜਿਹੀ ਭਾਵਨਾ ਤੇ ਨਿਸਚੇ ਦਾ ਹੀ ਜ਼ਿਕਰ ਕਰਦਿਆਂ, ਕੈਪਟਨ ਔਜ਼ਬਰਨ ਆਪਣੇ ਰੋਜ਼ਨਾਮਚੇ ਵਿਚ ਲਿਖਦਾ ਹੈ :

"ਉਹ ਆਪਣੇ ਧਰਮ ਦੇ ਸਿਧਾਂਤਾਂ ਦੇ ਇਕ ਸਿਦਕੀ ਵਿਸ਼ਵਾਸੀ ਅਤੇ ਇਸ ਦੀ ਰਹੁ-ਰੀਤ ਦੀ ਪਾਲਣਾ ਦੇ ਪਾਬੰਦ ਸਨ। ਸਿੱਖਾਂ ਦੀ ਧਰਮ-ਪੁਸਤਕ, "ਗੁਰੂ ਗ੍ਰੰਥ ਸਾਹਿਬ" ਦਾ ਪਾਠ ਉਨ੍ਹਾਂ ਨੂੰ ਸਦਾ ਸੁਣਾਇਆ ਜਾਂਦਾ ਸੀ"।[85] ਇਸ ਗੱਲ ਦੀ ਸ਼ਾਹਦੀ ਤਾਂ ਕਰਨਲ ਵਡ ਦੇ ਮੁਨਸ਼ੀ ਤੇ ਮਹਾਰਾਜਾ ਸਾਹਿਬ ਦੇ ਇਕ ਹੋਰ ਸਮਕਾਲੀ, ਸ਼ਹਾਮਤ ਅਲੀ, ਨੇ ਵੀ ਭਰੀ ਹੈ; ਅਤੇ ਲਿਖਿਆ ਹੈ ਕਿ ਉਹ "ਗੁਰੂ ਗ੍ਰੰਥ ਸਾਹਿਬ ਦਾ ਪਾਠ ਡੇਢ ਕੁ ਘੰਟੇ ਲਈ ਰੋਜ਼ਾਨਾ ਸੁਣਦੇ ਹਨ"।[86] ਸ਼ਾਹੀ ਮਹੱਲ ਵਿਚ ਸਭ ਤੋਂ ਉੱਚੀ ਅਟਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਨਿਵਾਸ ਤੇ ਪ੍ਰਕਾਸ਼ ਲਈ ਰਾਖਵੀਂ ਸੀ। ਉਨ੍ਹਾਂ ਦੀ ਹਰ ਪਲਟਣ ਵਿਚ 'ਗੁਰੂ ਗ੍ਰੰਥ ਸਾਹਿਬ' ਸਦਾ ਬਰਾਜਮਾਨ ਰਹਿੰਦੇ, ਉਨ੍ਹਾਂ ਦੀ ਹਰ ਮੁਹਿੰਮ ਵਿਚ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਸ਼ਾਮਲ ਹੁੰਦੀ ਸੀ।[87] ਤਦੇ ਤਾਂ, ਪ੍ਰਿੰ: ਸੀਤਾ ਰਾਮ ਕੋਹਲੀ ਲਿਖਦੇ ਹਨ :

"ਇੰਜ ਲਗਦਾ ਹੈ ਕਿ ਮਾਨੋ ਇਹ ਸ਼ਬਦ-ਗੁਰੂ ਹੀ ਉਨ੍ਹਾਂ ਦੇ ਗਾਈਡ ਜਾਂ ਰਾਹ-ਦਸੇਰੇ ਸਨ, ਅਤੇ ਉਹੀਓ ਉਨ੍ਹਾਂ ਨੂੰ ਦਸਦੇ ਰਹਿੰਦੇ ਸਨ ਕਿ ਉਨ੍ਹਾਂ ਨੇ ਕੀ ਕੁਝ ਤੇ ਕਦੋਂ ਕੁ ਸ਼ੁਰੂ ਕਰਨਾ ਹੈ।"[88]

ਜਿਥੋਂ ਤਕ ਉਨ੍ਹਾਂ ਨੂੰ ਬਖਸ਼ੇ ਗਏ ਬਲ ਤੇ ਬੁੱਧੀ ਦਾ ਸੰਬੰਧ ਹੈ, ਉਸ ਦੀ ਮਹਾਨਤਾ ਤੇ ਵਿਲੱਖਣਤਾ ਲਗਪਗ ਹਰ ਸੈਲਾਨੀ, ਮੁਲਾਕਾਤੀ, ਲੇਖਕ ਤੇ ਇਤਿਹਾਸਕਾਰ ਨੇ ਖਿੜੇ-ਮੱਥੇ, ਤਸਲੀਮ ਹੈ। ਜਿਵੇਂ :—

(1) ਸਰ ਅਲੈਗਜ਼ੈਂਡਰ ਬਰਨਜ਼ (1834 ਈ:) :

"ਮੈਂ ਮਹਾਰਾਜਾ ਰਣਜੀਤ ਸਿੰਘ ਤੋਂ ਸਿਵਾ, ਹਿੰਦੁਸਤਾਨ ਦੇ ਕਿਸੇ ਵੀ ਹੋਰ ਵਸਨੀਕ ਨਾਲ ਹੋਈ ਮੁਲਾਕਾਤ ਤੇ ਵਾਰਤਾਲਾਪ ਤੋਂ ਇੰਨਾ ਪ੍ਰਭਾਵਿਤ ਹੋ ਕੇ ਕਦੇ ਨਹੀਂ ਵਿਦਾ ਹੋਇਆ। ਰਸਮੀ ਵਿਦਿਆ ਤੇ ਪੇਸ਼ਾਵਰੀ ਅਗਵਾਈ ਤੋਂ ਬਿਨਾਂ ਹੀ, ਉਹ ਆਪਣੀ ਬਾਦਸ਼ਾਹੀ ਦੇ ਸਾਰੇ ਮਾਮਲੇ ਅਸਚਰਜ ਤਾਕਤ ਤੇ ਤਾਣ ਨਾਲ ਆਪੇ ਨਜਿੱਠਦੇ ਹਨ।"[89]

(2) ਮਿ. ਵਿਕਟਰ ਜੈਕੇਮੋਂਟ (1834 ਈ:) :

"ਮਹਾਰਾਜਾ ਰਣਜੀਤ ਸਿੰਘ ਦੀ ਗੱਲ ਬਾਤ ਇਕ ਡਰਾਉਣੇ ਸੁਪਨੇ ਵਾਂਗ ਹੈ। ਉਹ

---

85. Osborne, The Court and Camp of Runjeet Singh, op. cit., pp. 16-17.

86. Shahamat Ali, M. The Sikhs and Afghans in connextion with India and Persia, immediately before and after the Death of Ranjit Singh, London-1847, p. 18.

87. ਅਜਿਹੀਆਂ ਕੁਝ ਬੀੜਾਂ ਬ੍ਰਿਟਿਸ਼ ਲਾਇਬ੍ਰੇਰੀ ਅਤੇ ਇੰਡੀਆ ਆਫਿਸ ਲਾਇਬ੍ਰੇਰੀ, ਲੰਡਨ ਵਿਚ, ਅਜੇ ਤਕ, ਸੁਰੱਖਿਅਤ ਹਨ। ਇਨ੍ਹਾਂ ਦੇ ਦਰਸ਼ਨ ਮੈਂ ਆਪਣੀਆਂ ਵਲੈਤ-ਯਾਤਰਾਵਾਂ ਦੇ ਦੌਰਾਨ, ਖ਼ੁਦ ਆਪ ਕੀਤੇ ਹੋਏ ਹਨ ਅਤੇ ਇਨ੍ਹਾਂ ਵਿਚੋਂ ਕੁਝ ਨੋਟ ਵੀ ਲਏ ਹੋਏ ਹਨ।

88. Kohli, Sunset of the Sikh Empire, op. cit., p. 6.

89. Burnes, Travels into Bukhara, etc., op. cit., Vol. I, p. 33.

ਲਗਪਗ ਪਹਿਲੇ ਹਿੰਦੁਸਤਾਨੀ ਹਨ ਜੋ ਮੈਂ ਘੋਖੀ, ਚੀਸਤੀ ਤੇ ਉਤਸੁਕ ਵੇਖੇ ਹਨ। ਉਨ੍ਹਾਂ ਦੀ ਉਤਸੁਕਤਾ ਉਨ੍ਹਾਂ ਦੀ ਸਾਰੀ ਕੌਮ ਦੀ ਬੇ-ਦਿਲੀ ਤੇ ਬੇ-ਪਰਵਾਹੀ ਦਾ ਲੇਖਾ ਪੂਰਾ ਕਰ ਦੇਂਦੀ ਹੈ।"[90]

(3) ਆਨਰੇਬਲ ਵਿਲੀਅਮ ਔਜ਼ਬੋਰਨ (1840 ਈ:)

"ਮਹਾਰਾਜਾ ਰਣਜੀਤ ਸਿੰਘ ਅਜਿਹੇ ਦਿਲ-ਦਿਮਾਗ਼ ਦੇ ਮਾਲਕ ਬੰਦਿਆਂ ਵਿਚੋਂ ਸਨ ਜੋ ਵਿਸ਼ੇਸ਼ਤਾ ਤੇ ਵਡਿਆਈ ਦੀ ਪ੍ਰਾਪਤੀ ਲਈ ਕੁਦਰਤ ਵਲੋਂ ਮਾਨੋਂ ਨਿਸਚਿਤ ਜਾਪਦੇ ਹਨ।...ਬਿਲਕੁਲ ਅਨਪੜ੍ਹ, ਪੜ੍ਹਣ ਜਾਂ ਲਿਖਣ ਦੇ ਵੀ ਅਸਮਰਥ ਹੋਣ ਦੇ ਬਾਵਜੂਦ, ਉਨ੍ਹਾਂ ਨੇ ਖ਼ੁਦ ਆਪਣੀ ਕੁਦਰਤੀ ਤੇ ਨਿਆਸਰਾ ਬੁੱਧੀ ਰਾਹੀਂ ਆਪਣੇ ਆਪ ਨੂੰ ਇਕ ਆਮ ਵਿਅਕਤੀ ਦੀ ਅਵਸਥਾ ਤੋਂ ਉਠਾ ਕੇ, ਇਕ ਅਖੜਖਾਂਦ ਤੇ ਤਾਕਤਵਰ ਕੌਮ ਦੇ ਨਿਰੰਕੁਸ਼ ਬਾਦਸ਼ਾਹ ਦੀ ਪਦਵੀ ਨਾਲ ਸ਼ਿੰਗਾਰ ਲਿਆ ਹੈ। ਉਨ੍ਹਾਂ ਨੇ ਆਪਣੀ ਬਾਦਸ਼ਾਹੀ ਨੂੰ ਕੇਵਲ ਆਪਣੇ ਦਿਲ-ਦਿਮਾਗ਼ ਦੀ ਸ਼ਕਤੀ, ਨਿਜੀ ਤਾਕਤ ਤੇ ਹਿੰਮਤ ਦੇ ਜ਼ਰੀਏ ਹੀ, ਪੂਰਬ ਦੇ ਕਿਸੇ ਵੀ ਹੋਰ ਹੁਕਮਰਾਨ ਦੇ ਮੁਕਾਬਲੇ ਤੇ, ਵਧੇਰੇ ਪੱਕੀ ਨੀਂਹ ਉਤੇ ਕਾਇਮ ਕੀਤਾ ਹੋਇਆ ਹੈ। ਜੇ ਉਹ ਬਰਤਾਨਵੀ ਸਰਕਾਰ ਦੀ ਹੁਸ਼ਿਆਰ ਈਰਖਾ ਦਾ ਸ਼ਿਕਾਰ ਨਾ ਹੋ ਗਏ ਹੁੰਦੇ ਤਾਂ ਉਨ੍ਹਾਂ ਨੇ ਆਪਣੀ ਵਰਤਮਾਨ ਬਾਦਸ਼ਾਹੀ ਵਿਚ ਜੇ ਅਫ਼ਗਾਨਿਸਤਾਨ ਨਹੀਂ, ਤਾਂ ਸਿੰਧ ਦਾ ਇਲਾਕਾ ਤਾਂ ਕਦੋਂ ਦਾ ਸ਼ਾਮਲ ਕਰ ਲਿਆ ਹੁੰਦਾ।"[91]

(4) ਡਾਕਟਰ ਮੈਕਰੇਗਰ (1846 ਈ:)

"ਇਹ ਪ੍ਰਤੱਖ ਹੈ ਕਿ ਮਹਾਰਾਜਾ ਰਣਜੀਤ ਸਿੰਘ ਕੋਈ ਮਾਮੂਲੀ ਹਸਤੀ ਨਹੀਂ ਹਨ। ਉਹ ਤਾਂ ਦਿਲ-ਦਿਮਾਗ਼ ਦੀਆਂ ਅਜਿਹੀਆਂ ਸ਼ਕਤੀਆਂ ਦੇ ਮਾਲਕ ਹਨ ਜੋ ਪੂਰਬੀ ਜਾਂ ਪੱਛਮੀ ਦੁਨੀਆਂ ਵਿਚ ਕਦੇ-ਕਦਾਈਂ ਹੀ ਮਿਲ ਪਿਆ ਕਰਦੇ ਹਨ।"[92]

(5) ਮਿ: ਐਲਕਸ ਗਾਰਡਨਰ (1898 ਈ:)

"ਮਹਾਰਾਜਾ ਰਣਜੀਤ ਸਿੰਘ, ਨਿਕਸੰਦੇਹ, ਉਨ੍ਹਾਂ ਨਿਪੁੰਨ ਬੁੱਧੀਮਾਨਾਂ ਵਿਚੋਂ ਇਕ ਸਨ ਜਿਨ੍ਹਾਂ ਨੂੰ ਦੁਨੀਆਂ ਦਾ ਨਕਸ਼ਾ ਬਦਲਣ ਲਈ ਕੇਵਲ ਕੋਈ ਮੌਕਾ ਹੀ ਲੋੜ ਹੁੰਦਾ ਹੈ।"[93]

ਤੀਜਾ ਅੰਗ :

> "ਮੈਂ ਆਪਣੀ ਹਕੂਮਤ ਨੂੰ ਉਦਾਰਤਾ, ਜ਼ਬਤ ਤੇ ਨੀਤੀ ਨਾਲ ਬਾਕਾਇਦਾ ਤੇ ਸੰਗਠਿਤ ਬਣਾਇਆ ਹੈ।"

ਉਕਤ ਔਜ਼ਬਰਨ ਨੇ ਹੀ ਆਪ ਦੇ ਚਰਿੱਤਰ ਤੇ ਸਫਲਤਾ ਦਾ ਜ਼ਿਕਰ ਕਰਦਿਆਂ ਲਿਖਿਆ ਸੀ: ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਮੰਤਵਾਂ ਤੇ ਜਤਨਾਂ ਦਾ ਪਰਸਪਰ ਸੰਬੰਧ ਸਦਾ ਸਾਂਵਾਂ ਤੇ ਢੁਕਵਾਂ ਰਖਿਆ ਸੀ।... ਉਨ੍ਹਾਂ ਦੀ ਸਫਲਤਾ, ਤੇ ਖ਼ਾਸ ਕਰ ਕੇ ਸ਼ਕਤੀ ਦਾ ਸੰਗਠਨ, ਬਹੁਤ ਹੱਦ ਤਕ, ਉਨ੍ਹਾਂ ਦੇ ਵਿਚਾਰਾਂ ਦੀ ਨਿਗਰਤਾ ਅਤੇ

90. Jacquemont, Letters from India, op. cit., Vol. II, p. 22.
91. Osborne, The Court and Camp of Ranjeet Singh op., cit., pp. 16 & 36.
92. M' Gregor, The History of the Sikhs, op. cit., Vol. I, p. 280.
93. Pearce, Solidier & Traveller, op. cit., p.

ਵਿਉਂਤਾਂ ਦੀ ਹੋਣ-ਯੋਗਤਾ ਕਰ ਕੇ ਸੀ। ਉਨ੍ਹਾਂ ਨੇ ਆਪਣੀ ਤਾਕਤ ਅੰਨ੍ਹੇਵਾਹ ਤੇ ਸੰਕਟਪੂਰਣ ਮੁਹਿੰਮਾਂ ਵਿਚ ਕਦੇ ਨਹੀਂ ਖਪਾਈ ਸੀ। ਉਹ ਤਾਂ ਆਪਣੀ ਲਾਲਸਾ ਨੂੰ ਇਕ ਵਾਜਬ ਸੰਭਾਵਨਾ ਦੀਆਂ ਹੱਦਾਂ ਵਿਚ ਆਪਣੀ ਕਾਮਯਾਬੀ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਨੂੰ ਸਮੇਂ ਅਨੁਕੂਲ ਰਖਦੇ ਤੇ ਸੁਚੱਜ ਨਾਲ ਪ੍ਰਬੰਧਦੇ ਰਹੇ ਸਨ। ਨਾਕਾਮਯਾਬੀ (ਜੋ ਘਟ ਹੀ ਹੋਈ ਤੇ ਜੇ ਹੋਈ ਵੀ ਤਾਂ) ਨੇ ਉਨ੍ਹਾਂ ਦੀ ਦ੍ਰਿੜ੍ਹਤਾ ਨੂੰ ਕਦੇ ਨਹੀਂ ਡੋਲ੍ਹਣ ਜਾਂ ਉਨ੍ਹਾਂ ਦੇ ਸਾਧਨਾਂ ਨੂੰ ਕਦੇ ਨਹੀਂ ਘਟਣ ਦਿਤਾ ਸੀ।"[94]

ਇਸੇ ਗੱਲ ਤੇ ਗੁਣ ਦੀ ਸ਼ਾਹ ਦੀ ਭਰਦਿਆਂ, ਜੈਨਰਲ ਗਫ ਵੀ ਲਿਖਦਾ ਹੈ :

"ਮਹਾਰਾਜਾ ਰਣਜੀਤ ਸਿੰਘ ਲੋੜੀਂਦੇ ਗੁਣਾਂ ਦੇ, ਸਹੀ ਤੌਰ ਤੇ, ਮਾਲਕ ਸਨ। ਲੜਾਈ ਵਿਚ ਉਨ੍ਹਾਂ ਦੀ ਬਹਾਦਰੀ ਨਿਰਸੰਦੇਹ ਸੀ, ਉਨ੍ਹਾਂ ਦੇ ਵਿਵੇਕ ਦੀ ਤੀਖਣਤਾ ਤੇ ਚਤੁਰਾਈ ਨੁਮਾਇਆਂ ਸੀ, ਕੰਮ ਵਿਚ ਉਨ੍ਹਾਂ ਦੀ ਚੁਸਤੀ ਪ੍ਰਤੱਖ ਸੀ।... ਉਨ੍ਹਾਂ ਵਿਚ ਇਕ ਖਾਸ ਸ਼ਾਹਾਨਾ ਸਿਫਤ ਬੜੇ ਉੱਚੇ ਦਰਜੇ ਤਕ ਮੌਜੂਦ ਸੀ ਜੋ ਪੂਰਬੀ ਬਾਦਸ਼ਾਹਾਂ ਵਿਚ ਆਮ ਤੌਰ ਤੇ ਪ੍ਰਗਟ ਨਹੀਂ ਹੁੰਦੀ, ਅਤੇ ਉਹ ਇਹ ਸੀ ਕਿ ਉਨ੍ਹਾਂ ਨੂੰ ਇਸ ਗੱਲ ਦਾ ਸਦਾ ਸਹੀ ਗਿਆਨ ਹੁੰਦਾ ਸੀ ਕਿ ਉਹ ਕਿਸੇ ਕੰਮ ਜਾਂ ਵਿਚਾਰ ਦੀ ਪੈਰਵੀ ਵਿਚ ਕਿਥੋਂ ਤਕ ਜਾ ਸਕਦੇ ਸਨ। ਉਨ੍ਹਾਂ ਦੇ ਮੂਲ ਮਨੋਰਥ ਜਾਂ ਮਨਸੂਬੇ ਭਾਵੇਂ ਕਿੰਨੇ ਹੀ ਵੱਡੇ ਤੇ ਦੂਰ-ਰਸ ਹੁੰਦੇ, ਉਨ੍ਹਾਂ ਦੀ ਫੌਰੀ ਕਾਰਵਾਈ ਸਦਾ ਅਮਲੀ ਤੇ ਹੋਣ ਯੋਗ ਹੁੰਦੀ ਸੀ।...ਉਹ ਆਪਣੇ ਹਰ ਕਦਮ ਨੂੰ ਪਹਿਲਾਂ ਸੁਰੱਖਿਅਤ ਕਰ ਕੇ, ਅਗਲਾ ਕਦਮ ਚੁਕਦੇ ਰਹੇ ਹਨ।[95] ਉਨ੍ਹਾਂ ਦੀ ਨੀਤੀ ਦਾ ਜ਼ਿਕਰ ਕਰਦਿਆਂ ਅਗੇਰੇ ਜਾ ਕੇ ਉਸ ਨੇ ਇਹ ਵੀ ਲਿਖਿਆ ਹੈ ਕਿ ਉਨ੍ਹਾਂ ਦੀ ਨੀਤੀ ਦੀ ਬੁਨਿਆਦੀ ਵਿਸ਼ੇਸ਼ਤਾ ਇਕ ਖ਼ਾਨਦਾਨ ਦੀ ਪ੍ਰਭੁਤਾ ਦੀ ਥਾਂ, ਖਾਲਸਾ ਫੌਜ ਦੀ ਪ੍ਰਭੁਤਾ ਤੇ ਏਕਤਾ ਸੀ।"[96]

ਉਨ੍ਹਾਂ ਦੀ ਅਜਿਹੀ ਸਿਆਣੀ ਤੇ ਸਹਿਨਸ਼ੀਲ ਨੀਤੀ, ਸੁਚੱਜੇ ਤੇ ਸੈਕੂਲਰ ਰਾਜ-ਪ੍ਰਬੰਧ ਨੇ ਉਨ੍ਹਾਂ ਦੀ ਬਾਦਸ਼ਾਹੀ ਵਿਚ ਜੋ ਅਮਨ ਤੇ ਜ਼ਬਤ ਕਾਇਮ ਕੀਤਾ, ਉਸ ਦਾ ਜ਼ਿਕਰ ਕਰਦਿਆਂ ਜਾਰਜ ਕੀਨ ਨੇ ਲਿਖਿਆ ਹੈ ਕਿ, ਹੋਰ ਤਾਂ ਹੋਰ, ਉਨ੍ਹਾਂ ਦੇ ਫੌਜੀ ਮਾਰਚ ਜਾਂ ਸੈਨਿਕ ਕੂਚ ਸਮੇਂ : "ਬਾਜ਼ਬਤ ਭੀੜਾਂ ਸੈਂਕੜਿਆਂ ਤੇ ਹਜ਼ਾਰਾਂ ਦੀ ਗਿਣਤੀ ਵਿਚ ਧਾ ਰਹੀਆਂ ਹੁੰਦੀਆਂ, ਪਰ ਰਾਹ ਉਤੇ ਲਗੇ ਹੋਏ ਕਿਸੇ ਦਰਖ਼ਤ ਦੀ ਇਕ ਟਹਿਣੀ ਵੀ ਨਾ ਤੋੜੀ ਜਾਂਦੀ, ਆਪਣੇ ਘੋੜੇ ਲਈ ਔਖਾ ਹੋ ਕੇ ਰਾਹ ਕਢ ਰਹੇ ਕਿਸੇ ਯਾਤਰੀ ਉਤੇ ਕੋਈ ਗੁਸਤਾਖ਼ ਟੀਕਾ-ਟਿੱਪਣੀ ਨਾ ਕੀਤੀ ਜਾਂਦੀ।"[97] ਉਨ੍ਹਾਂ ਦੇ 'ਦਸਤੂਰੁਲ ਅਮਲ' ਵਿਚ ਸਭ ਤੋਂ ਪਹਿਲੀ ਹਦਾਇਤ ਇਹ ਲਿਖੀ ਹੋਈ ਸੀ : "ਹਰੇਕ ਸਰਕਾਰੀ ਕਰਮਚਾਰੀ ਦਾ ਪਹਿਲਾ ਫ਼ਰਜ਼ ਪਰਜਾ ਦੀ ਭਲਾਈ ਹੈ।" ਡਾ: ਗੋਕਲ ਚੰਦ ਨਾਰੰਗ ਅਨੁਸਾਰ :

"ਉਹ ਇਸ ਦੀ ਉਲੰਘਣਾ ਕਰਨ ਵਾਲੇ ਵੱਡੇ ਤੋਂ ਵੱਡੇ ਅਫਸਰ, ਉਚ-ਅਧਿਕਾਰੀ ਜਾਂ ਨਿਕਟਵਰਤੀ ਨੂੰ ਵੀ ਉਸ ਦੀ ਪਦਵੀ ਜਾਂ ਨੌਕਰੀ ਤੋਂ ਛੁਟੀ ਦੇਣ ਵਿਚ, ਕਦੇ ਨਹੀਂ

94. Osborne, The Court and Camp of Runjeet Singh, op. cit., p. 16.
95. Gough, and Innes, The Sikhs and the Sikh Wars, p. 29.
96. Ibid, p. 42.
97. Keene, H. G., History of India from the Earliest Times to the Twentieth Century, Edinburgh-1915, Vol. II, p. 151.

ਝਿਜਕਦੇ ਸਨ।"[97]A ਲਾਜ਼ਮਾਂ ਤੇ ਕਾਰਦਾਰਾਂ ਵਲ ਭੇਜੀਆਂ ਹਦਾਇਤਾਂ ਵਿਚ ਹੇਠ-ਲਿਖਾ ਫਾਰਸੀ ਇਬਾਰਤ ਆਮ ਅੰਕਿਤ ਹੁੰਦੀ ਸੀ :

> "ਆਬਾਦੀਏ ਰਿਆਇਆ ਵਾ ਖ਼ੈਰਖ਼ਾਹੀ ਵਾ ਫ਼ਜ਼ੂਨੀਏ ਮਾਲ ਸਰਕਾਰ ਮਦੇਨਜ਼ਰ ਦਾਰੰਦ। ਚਾਹਾਰ ਤਰਫ਼ੇ ਬਹਿ ਹਮਰਾਹ ਆਂਹਾ ਰਾਸਤੀ ਵੋ ਦਰੁਸਗੀ ਵਾ ਹੁਸਨ-ਸਲੂਕੀ ਵਾ ਸੁਲਹ ਦਾਰੰਦ।"[98]

ਅਰਥਾਤ, "ਪਰਜਾ ਦੀ ਭਲਾਈ ਅਤੇ ਸਰਕਾਰੀ ਆਮਦਨ ਵਿਚ ਵਾਧੇ ਨੂੰ ਮੁਖ ਰਖਣਾ ਹੈ। ਲੋਕਾਂ ਨਾਲ ਸਦਾ ਤੇ ਸਭ ਪਾਸੇ ਈਮਾਨਦਾਰੀ, ਸੁਲ੍ਹਾ-ਸਫਾਈ ਤੇ ਸਦ-ਭਾਵਨਾ ਨਾਲ ਵਰਤਣਾ ਹੈ।"

ਲੁਧਿਆਣੇ ਦੀ ਬਰਤਾਨਵੀ ਏਜੰਸੀ ਦੇ ਪੋਲੀਟੀਕਲ ਅਸਿਸਟੈਂਟ, ਕੈਪਟਨ ਵੇਡ, ਦੀ ਗਵਰਨਰ-ਜੈਨਰਲ ਵਲ 25 ਮਈ 1831 ਨੂੰ ਕਲਕੱਤੇ ਭੇਜੀ ਇਕ ਚਿੱਠੀ ਵਿਚ ਲਿਖਿਆ ਹੈ :

"ਲੋਕਾਂ ਦੀਆਂ ਫ਼ਸਲਾਂ ਨੂੰ ਤਬਾਹੀ ਤੋਂ ਬਚਾਉਣ ਲਈ ਕੀਤੀ ਉਨ੍ਹਾਂ ਦੀ ਚੌਕਸੀ ਵਿਚਿੱਤਰ ਹੈ। ਆਪਣੀਆਂ ਫੌਜਾਂ ਦੇ ਵਤੀਰੇ ਉਤੇ ਉਨ੍ਹਾਂ ਨਾਲੋਂ ਵਧੇਰੇ ਸਖ਼ਤ ਕੰਟਰੋਲ ਕੋਈ ਵਿਰਲੇ ਹੀ ਹਾਕਮ ਰਖ ਸਕਦੇ ਹਨ।"[99]

ਅਜਿਹੇ ਅਮਨ, ਜ਼ਬਤ ਤੇ ਸਲੀਕੇ ਦਾ ਕਾਰਨ ਦਸਦਿਆਂ, ਗ੍ਰਿਫਨ ਲਿਖਦਾ ਹੈ :

"ਮਹਾਰਾਜਾ ਰਣਜੀਤ ਸਿੰਘ ਇਕ ਜਮਾਂਦਰੂ ਹੁਕਮਰਾਨ ਸਨ। ਪ੍ਰਭੁਤਾ ਤੇ ਹੁਕਮ-ਹਦਾਇਤ ਉਨ੍ਹਾਂ ਦੀ ਪ੍ਰਤਿਭਾ ਵਿਚ ਸੁਭਾਵਕ ਹੀ ਸ਼ਾਮਲ ਸੀ। ਲੋਕੀ ਉਨ੍ਹਾਂ ਦੀ ਤਾਬੇਦਾਰੀ ਤੇ ਆਗਿਆ ਦਾ ਪਾਲਣ, ਅੰਤਰ ਪ੍ਰੇਰਨਾ ਨਾਲ ਸਹਿਜ-ਸੁਭਾ ਕਰਦੇ ਸਨ।"[100]

ਫੌਜੀ-ਪ੍ਰਬੰਧ ਤੇ ਸੰਗਠਨ ਦੇ ਸੰਬੰਧ ਵਿਚ ਤਾਂ ਉਨ੍ਹਾਂ ਨੇ, ਡਾ: ਗੁਲਸ਼ਨ ਲਾਲ ਅਨੁਸਾਰ, "ਅਲੌਕਿਕ ਰਾਜਨੀਤਕ ਸੂਝ ਤੇ ਸਿਆਣਪ ਪ੍ਰਗਟ ਕੀਤੀ ਸੀ।" ਇਸ ਸਿਲਸਿਲੇ ਵਿਚ ਤਾਂ "ਉਨ੍ਹਾਂ ਨੂੰ ਹਿੰਦੁਸਤਾਨੀ ਬਾਦਸ਼ਾਹਾਂ ਦੇ ਸੰਮੇਲਨ ਵਿਚ ਅਦੁੱਤੀ ਪਦਵੀ ਨਿਰਸੰਦੇਹ, ਦਿਤੀ ਜਾ ਸਕਦੀ ਹੈ।"[101]

ਜਿਥੋਂ ਤਕ ਨੀਤੀ-ਨਿਪੁੰਨਤਾ ਦਾ ਸੰਬੰਧ ਹੈ, ਫਰਾਂਸ ਸਰਕਾਰ ਦੇ ਘਲੇ ਹੋਏ ਪ੍ਰਤੀ-ਨਿਧ, ਵਿਕਟਰ ਜੈਕੇਮੌਂਟ, ਨੇ ਆਪਣੀ ਸਰਕਾਰ ਨੂੰ ਅਕਤੂਬਰ 1829 ਵਿਚ ਲਿਖ ਭੇਜੀ ਚਿੱਠੀ ਵਿਚ ਦਸਿਆ ਸੀ :

97-A Narang, Transformation of Sikhism, op. cit., p. 178.

98. ਵੇਖੋ : ਸੋਹਣ ਲਾਲ, ਉਮਦਾ-ਤ-ਤਵਾਰੀਖ, ਉਹੀ, ਪੰਨਾ 439, 457, 466, 515, ਇਤਿਆਦਿ, ਬੂਟੇ ਸ਼ਾਹ, ਤਵਾਰੀਖੇ ਪੰਜਾਬ, ਉਹੀ, ਵ: 402।

99. ਵੇਖੋ : Bengal Political Consultations, Range 126, Vol. 30 Capt. Wade's letter to the Secretary of the Governor-General, Adinanagar, 25 May 1831.

100. Griffin, Ranjit Singh. op. cit., p. 91.

101. Chopra, Panjab as a Sovereign State, op. cit., p. 134.

"ਮਹਾਰਾਜਾ ਰਣਜੀਤ ਸਿੰਘ ਇਕ ਬਿਲਕੁਲ ਆਜ਼ਾਦ ਬਾਦਸ਼ਾਹ ਹਨ, ਅਤੇ ਏਸ਼ੀਆ ਵਿਚ, ਬਰਤਾਨੀਆ ਤੋਂ ਬਾਅਦ, ਸਭ ਤੋਂ ਵਡੀ ਰਾਜ-ਸ਼ਕਤੀ ਦੇ ਮਾਲਕ ਹਨ।...... ਸਾਡਾ ਸਭ ਤੋਂ ਮਾਹਿਰ ਰਾਜਦੂਤ ਉਨ੍ਹਾਂ ਦੇ ਸਾਹਮਣੇ ਜਾਂ ਮੁਕਾਬਲੇ ਤੇ, ਇਕ ਮੁਕੰਮਲ ਬੁੱਧੂ ਜਾਂ ਸਿੱਧੜ ਹੈ'।[102] ਉਨ੍ਹਾਂ ਦੀ ਅਜਿਹੀ ਬੁੱਧੀਮਾਨਤਾ ਤੇ ਨੀਤੀਵਾਨਤਾ ਦਾ ਹੀ ਜ਼ਿਕਰ ਕਰਦਿਆਂ, ਵਿਨਸੈਂਟ ਸਮਿਥ ਲਿਖਦਾ ਹੈ: "ਉਹ ਆਪਣੀ ਬੁੱਧੀ ਤੇ ਕੁਸ਼ਲਤਾ ਸਦਕੇ, ਆਪਣੇ ਸਮਕਾਲੀਆਂ ਉਤੇ ਛਾਏ ਰਹੇ ਸਨ"।[103]

ਚੌਥਾ ਅੰਗ :

> "ਮੈਂ ਦਲੇਰ ਲੋਕਾਂ ਨੂੰ ਇਨਾਮ ਦਿਤੇ ਹਨ; ਯੋਗਤਾ ਨੂੰ ਜਿਥੋਂ-ਕਿਥੋਂ ਵੀ ਉਹ ਨਜ਼ਰ ਆਈ ਹੈ, ਉਤਸਾਹਿਤ ਕੀਤਾ ਹੈ; ਅਤੇ ਰਣ-ਭੂਮੀ ਵਿਚ ਸੂਰਬੀਰਾਂ ਨੂੰ ਵੱਡਿਆਇਆ ਹੈ"।[104]

ਮਹਾਰਾਜਾ ਰਣਜੀਤ ਸਿੰਘ ਦੇ ਇਸ ਕਥਨ ਦੀ ਪੁਸ਼ਟੀ ਉਨ੍ਹਾਂ ਦੇ ਸਖੀ-ਗਰੀਬ-ਨਿਵਾਜ਼ ਤੇ ਮਰਦਮ-ਸ਼ਨਾਸ ਸੁਭਾ; ਉਨ੍ਹਾਂ ਦੀ ਸਿਆਣੀ ਤੇ ਵਿਸ਼ਾਲ ਭਾਵਨਾ ਉਤੇ ਆਧਾਰਤ ਨੀਤੀ; ਅਤੇ ਉਸੇ ਅਧੀਨ ਕੀਤੀਆਂ ਬੇਸ਼ੁਮਾਰ ਮਿਹਰਬਾਨੀਆਂ ਤੇ ਨਿਯੁਕਤੀਆਂ ਤੋਂ ਹੀ ਸਾਫ ਜ਼ਾਹਿਰ ਹੈ।

ਡਾ: ਗੁਲਸ਼ਨ ਰਾਏ ਚੋਪੜਾ ਲਿਖਦੇ ਹਨ :

"ਮਹਾਰਾਜਾ ਰਣਜੀਤ ਸਿੰਘ ਸਮੁੱਚੇ ਤੌਰ ਤੇ, ਇਕ ਸਖੀ ਬਾਦਸ਼ਾਹ ਸਨ। ਉਹ ਆਪਣੇ ਕਰਮਚਾਰੀਆਂ ਨੂੰ, ਸਦਾ ਚੰਗੀ ਤਰ੍ਹਾਂ, ਇਨਾਮਾਂ ਇਕਰਾਮਾਂ ਨਾਲ ਨਿਵਾਜਦੇ ਰਹੇ ਹਨ।" ਮਿਸਾਲ ਵਜੋਂ, ਉਨ੍ਹਾਂ ਦੇ ਫ਼ਰਾਂਸੀਸੀ ਜਰਨੈਲ, ਕਲਾਡ ਕੋਰਟ, ਨੇ ਲਾਹੌਰ ਦੇ ਢਲਾਈਖਾਨੇ ਵਿਚੋਂ ਬੰਬ ਦਾ ਪਹਿਲਾ ਗੋਲਾ ਬਣਾ ਕੇ ਜਦੋਂ ਪੇਸ਼ ਕੀਤਾ ਸੀ ਤਾਂ, ਕਰਨਲ ਗਾਰਡਨਰ ਅਨੁਸਾਰ, ਆਪ ਨੇ ਉਸ ਨੂੰ ਤੀਹ ਹਜ਼ਾਰ ਰੁਪਏ ਖੜੇ-ਪੈਰ ਇਨਾਮ ਵਜੋਂ ਦੇ ਦਿਤੇ ਸਨ।[105]

ਜਿਥੋਂ ਤਕ ਯੋਗਤਾ ਦੀ ਪਛਾਣ, ਉਸ ਦੀ ਕਦਰਦਾਨੀ ਤੇ ਹੌਸਲਾ ਅਫ਼ਜ਼ਾਈ ਦਾ ਸੰਬੰਧ ਹੈ, ਉਸ ਦੀ ਸਾਖ ਮੇਰਠ ਦੇ ਇਕ ਬ੍ਰਾਹਮਣ ਦੁਕਾਨਦਾਰ ਦੇ ਲੜਕੇ, ਖੁਸ਼ਾਲ ਚੰਦ, ਨੂੰ ਦਿਤੀ ਗਈ ਵੱਡਿਆਈ ਹੀ ਭਰ ਰਹੀ ਹੈ। ਉਹ ਸਤਾਰਾਂ ਵਰ੍ਹਿਆਂ ਦੀ ਉਮਰ ਵਿਚ ਰੁਜ਼ਗਾਰ ਲੱਭਣ ਲਈ ਲਾਹੌਰ ਆਇਆ ਸੀ ਅਤੇ ਪੰਜ ਰੁਪਏ ਦੀ ਮਾਹਵਾਰੀ ਤਨਖ਼ਾਹ ਉਤੇ ਭਰਤੀ ਹੋਇਆ ਸੀ। ਕੁਝ ਵਰ੍ਹਿਆਂ ਵਿਚ ਹੀ ਉਹ ਇਕ ਪਰਤਿਸ਼ਟ ਪਦਵੀ ਦਾ ਇਨਚਾਰਜ, ਜਮਾ-ਦਾਰ ਖੁਸ਼ਾਲ ਸਿੰਘ, ਅਤੇ ਲਾਹੌਰ ਦਰਬਾਰ ਦੀ ਇਕ ਸਿਰਕੱਢ ਹਸਤੀ ਬਣ ਗਿਆ ਸੀ। ਕੁਝ ਹੋਰ ਚਿਰ ਬਾਅਦ, ਤਾਂ ਉਹ ਕਸ਼ਮੀਰ ਦਾ ਗਵਰਨਰ ਵੀ ਨਿਯਤ ਹੋ ਗਿਆ ਸੀ। ਇਉਂ ਹੀ, ਮਿਸਰ ਦੀਵਾਨ ਚੰਦ ਵੀ ਤਾਂ ਗੁਜਰਾਂਵਾਲੇ ਦੇ ਇਕ ਮਾਮੂਲੀ ਬ੍ਰਾਹਮਣ ਦੁਕਾਨਦਾਰ ਦਾ ਪੁਤਰ ਸੀ ਜਿਸ ਨੂੰ ਉਨ੍ਹਾਂ ਨੇ, ਉਸ ਦੀ ਯੋਗਤਾ ਨੂੰ ਹੀ ਮੁਖ ਰਖਦਿਆਂ, ਦੁਕਾਨੋਂ ਉਠਾਲ ਕੇ ਆਪਣੇ ਤੋਪਖਾਨੇ ਵਿਚ ਮੁਣਸ਼ੀ ਲਾ ਲਿਆ ਸੀ। ਮਗਰੋਂ ਉਸ ਦੀ ਕਾਬਲੀਅਤ ਉਤੇ ਆਪ ਇੰਨੇ ਖੁਸ਼ ਹੋਏ ਕਿ ਜਨਰਲ ਗੌਸ ਖਾਨ ਦੇ ਚਲਾਣੇ ਤੋਂ ਬਾਅਦ, ਉਸ ਨੂੰ ਤੋਪਖਾਨੇ ਦੀ ਜਰਨੈਲੀ ਬਖਸ਼ ਦਿਤੀ। ਮੁਲਤਾਨ ਦੀ ਜਿੱਤ ਲਈ ਘਾਲੀ ਘਾਲ ਨੂੰ ਮੁਖ ਰਖਦਿਆਂ, ਉਸ ਨੂੰ 'ਜ਼ਫਰਜੰਗ'

102. Jacquemont, Letters From India, op. cit., Vol. I, pp. 251 & 399.
103. Smith, Vincent A. in the Oxford History of India, pt. II. Oxford-1923, p.
104. Chopra, Panjab as a Sovereign State, op. cit., p. 128.
105. Pearce, Memoirs of Alexander Gardner, op. cit., p. 311.

ਦਾ ਖਿਤਾਬ ਤੇ ਜਗੀਰ ਦੇ ਕੇ ਹੋਰ ਨਿਵਾਜ ਦਿਤਾ ਗਿਆ ਸੀ। 'ਇਬਰਤਨਾਮੇ' ਵਿਚ ਉਸ ਦਾ ਖਿਤਾਬ ਇਉਂ ਅੰਕਿਤ ਹੈ : "ਖ਼ੈਰਖ਼ਾਹ, ਬਾਸਫ਼ਾ, ਜ਼ਫ਼ਰ-ਜੰਗ, ਫ਼ਤਹ-ਨਸੀਬ ਮਿਸਰ ਦੀਵਾਨ ਚੰਦ" ।[106] ਉਨ੍ਹਾਂ ਦਾ ਪ੍ਰਧਾਨ ਮੰਤਰੀ, ਰਾਜਾ ਧਿਆਨ ਸਿੰਘ, ਵੀ ਤਾਂ ਜੰਮੂ ਦੇ ਇਕ ਮਾਮੂਲੀ ਜ਼ਿਮੀਂਦਾਰ ਦਾ ਜੰਮਪਲ ਸੀ।[107] ਇਉਂ ਹੀ, ਫ਼ਕੀਰ ਅਜ਼ੀਜ਼ ਦੀਨ ਲਾਹੌਰ ਦੇ ਹਾਕਮ ਰਾਏ ਦੇ ਸ਼ਫ਼ਾਖ਼ਾਨੇ ਤੋਂ ਉਠਾਲਦੇ ਹੀ, ਸੰਨੇ-ਸੰਨੇ, ਬਦੇਸ਼ ਮੰਤਰੀ ਬਣਾ ਦਿਤੇ ਗਏ ਸਨ। ਆਪਣੀ ਲਿਆਕਤ ਤੇ ਮਹਾਰਾਜੇ ਦੀ ਸ਼ਫ਼ਕਤ ਸਦਕੇ, ਫਿਰ ਉਹ ਅਜਿਹੇ ਪੂਰਨ ਇਤਬਾਰ ਤੇ ਵਕਾਰ ਦੇ ਦੇ ਭਾਗੀ ਬਣੇ ਕਿ ਲਾਰੈਂਸ ਲਿਖਦਾ ਹੈ :

"ਅਜ਼ਜ਼ੀਜ਼ ਦੀਨ ਆਪਣੇ ਮਾਲਕ ਦਾ ਮੁਨਾਲ (ਬੁਲਾਰਾ) ਹੈ, ਅਤੇ ਇਸ ਫ਼ਰਜ਼ ਤੇ ਜ਼ਿਮੇਂਵਾਰੀ ਨੂੰ ਅਤਿਅੰਤ ਯੋਗਤਾ ਨਾਲ ਨਿਭਾਉਂਦਾ ਹੈ" ।[108]

ਅਜਿਹੇ ਕਈ ਤੱਥਾਂ ਨੂੰ ਮੁਖ ਰਖਦਿਆਂ, ਅਗੇ-ਦਿਤਾ ਬਿਆਨ ਜਿਥੇ ਮਹਾਰਾਜੇ ਦੇ ਉਕਤ ਸ੍ਵੈ-ਕਥਨ ਦੀ ਪੁਸ਼ਟੀ ਕਰਦਾ ਹੈ, ਉਥੇ ਇਸ ਹਕੀਕਤ ਨੂੰ ਵਧੇਰੇ ਸਪੱਸ਼ਟ ਵੀ ਕਰ ਦੇਂਦਾ ਹੈ :

"ਮਹਾਰਾਜਾ ਸਾਹਿਬ ਦੇ ਰਾਜ ਦੀ ਲੋਕ-ਪ੍ਰੀਯਤਾ ਦਾ ਇਕ ਵਡਾ ਭੇਤ ਇਹ ਸੀ ਕਿ ਇਸ ਨੇ ਪਦਵੀ ਤੇ ਪੈਸਾ ਪਰਾਪਤ ਕਰਨ ਦੀਆਂ ਸੰਭਾਵਨਾਵਾਂ ਨਿਮਾਣੇ-ਤੋਂ ਨਿਮਾਣੇ ਵਸਨੀਕ ਲਈ ਵੀ ਖੁਲ੍ਹੀਆਂ ਰਖੀਆਂ ਹੋਈਆਂ ਸਨ। ਇਸ ਗੱਲ ਦੀ ਪੁਸ਼ਟੀ ਇਸ ਅਸਲੀਅਤ ਤੋਂ ਸਪੱਸ਼ਟ ਹੋ ਜਾਂਦੀ ਹੈ ਕਿ ਲਾਹੌਰ-ਦਰਬਾਰ ਦੇ ਸਰੇਸ਼ਟ ਉੱਚ-ਅਧਿਕਾਰੀਆਂ ਵਿਚੋਂ ਬਹੁਤ ਸਾਰੇ ਤਾਂ ਅਜਿਹੇ ਸਨ ਜਿਨ੍ਹਾਂ ਨੂੰ ਉਸ ਤੋਂ ਪਰਾਪਤ ਹੋਇਆ ਧਨ ਤੇ ਵੱਡਿਆਈ ਖ਼ਾਨਦਾਨੀ ਸਿਫ਼ਾਰਸ਼ਾਂ ਦੀ ਥਾਂ, ਉਨ੍ਹਾਂ ਦੇ ਆਪਣੇ ਨਿੱਜੀ ਗੁਣਾਂ ਕਰ ਕੇ ਸੀ" ।[109]

ਜਿਥੋਂ ਤਕ ਰਣ-ਭੂਮੀ ਵਿਚ ਸੂਰਬੀਰਾਂ ਦੇ ਵੱਡਿਆਏ ਜਾਣ ਦਾ ਸੰਬੰਧ ਹੈ, ਉਸ ਦੀ ਤਸਦੀਕ ਔਜ਼ਬਰਨ ਦੇ ਅਗੇ-ਦਿੱਤੇ ਬਿਆਨ ਤੋਂ ਸਹਿਜੇ ਹੀ ਹੋ ਜਾਂਦੀ ਹੈ :

"ਮਹਾਰਾਜਾ ਰਣਜੀਤ ਸਿੰਘ ਦਾ ਚਰਿੱਤਰ ਇਕ ਦਰਿਆ-ਦਿਲ ਤੇ ਉਦਾਰ-ਚਿਤ ਮਾਲਕ ਵਾਲਾ ਸੀ। ਉਹ ਰਣ-ਭੂਮੀ ਵਿਚ, ਆਪਣੇ ਦਸਤੂਰ ਅਨੁਸਾਰ, ਆਪਣੀਆਂ ਬਾਹਾਂ ਸੋਨੇ ਦੇ ਕੰਗਣਾਂ ਨਾਲ ਪਰੋ ਕੇ ਲਿਜਾਂਦੇ ਸਨ। ਜਿਥੇ ਤੇ ਜਦੋਂ ਵੀ ਕਿਸੇ ਸਿਪਾਹੀ ਦੀ ਬਹਾਦਰੀ ਦਾ ਕੋਈ ਕਾਰਨਾਮਾ ਉਨ੍ਹਾਂ ਨੂੰ ਨਜ਼ਰ ਆ ਜਾਂਦਾ ਸੀ, ਉਹ ਉਸ ਨੂੰ ਉਸੇ ਵੇਲੇ ਉਨ੍ਹਾਂ ਦੀ ਜੋੜੀ ਨਾਲ ਉਥੇ ਹੀ ਨਿਵਾਜ ਦੇਂਦੇ ਸਨ" ।[110]

---

106. ਅਲੀ-ਉਲ-ਦੀਨ, ਇਬਰਤਨਾਮਾ, ਸੰਨ 1854 ਦੀ ਲਿਖਤ; ਇੰਡੀਆ ਆਫ਼ਿਸ ਲਾਇਬਰੇਰੀ, ਲੰਡਨ ਦੀ ਫ਼ਾਰਸੀ ਹੱਥ-ਲਿਖਤ ਨੰ: 505, ਵ. 380। ਹੋਰ ਵੇਖੋ : ਸੋਹਣ ਲਾਲ ਸੂ., ਤਵਾਰੀਖ਼ੇ ਮਹਾਰਾਜਾ ਰਣਜੀਤ ਸਿੰਘ, ਸੰਨ 1831 ਦੀ ਲਿਖਤ, ਰਾਇਲ ਏਸ਼ਿਆਟਿਕ ਸੋਸਾਇਟੀ ਲਾਇਬਰੇਰੀ ਲੰਡਨ ਦੀ ਹੱਥ-ਲਿਖਤ ਨੰ: 87, ਵ. 347।

107. Smyth, A History of the Reigning Family of Lahore, pp. 248-252.

108. Lawrence, Adventures of an officer in the Panjab op. cit., Vol. II, p. 235.

109. Chopra, Panjab as a Sovereign State, op. cit., pp. 92-93.

110. Osborne, The Court and Camp of Runjeet Singh, op. cit., p. 32.

ਪੰਜਵਾਂ ਅੰਗ :

"ਮੈਂ ਆਪਣੀ ਫੌਜ ਨਾਲ ਸਭ ਖ਼ਤਰਿਆਂ ਤੇ ਬਖੇੜਿਆਂ ਵਿਚ ਸਾਂਝ ਪਾਉਂਦਾ ਰਿਹਾ ਹਾਂ। ਮੈਂ ਆਪਣੇ ਸੁੱਖ-ਆਰਾਮ ਦੀ ਕਦੇ ਪਰਵਾਹ ਨਹੀਂ ਕੀਤੀ।"

ਸ਼ੇਰੇ ਪੰਜਾਬ ਦੇ ਇਸ ਕਥਨ ਦੀ ਪੁਸ਼ਟੀ ਲਈ ਇਕ ਅਚਰਜ ਮਿਸਾਲ ਉਨ੍ਹਾਂ ਦੀ ਉਹ ਜੋਸ਼ੀਲੀ ਤੇ ਫੁਰਤੀਲੀ ਚੜ੍ਹਤ ਹੈ ਜੋ ਖਟਕ ਕਬਾਇਲੀਆਂ ਵਲੋਂ, ਸੰਨ 1818 ਵਿਚ, ਇਕ ਪੰਜਾਬੀ ਦਸਤੇ ਦੇ ਹਜ਼ਾਰੋ ਪਹੁੰਚਦਿਆਂ ਹੀ ਧੋਖੇ ਨਾਲ ਮਾਰੇ ਜਾਣ ਦੀ ਸੋਅ ਸੁਣਦਿਆਂ ਸਾਰ, ਆਪ ਨੇ ਤੇਜ਼-ਤੱਰਾਰ ਆਰੰਭ ਦਿਤੀ ਸੀ। ਹੜਿਆਲੇ ਅਟਕ ਦੇ ਤੇਜ਼ ਵੇਗ ਨੂੰ ਮੁਖ ਰਖਦਿਆਂ, ਕਈ ਸਾਥੀਆਂ ਦੇ ਮਨ੍ਹਾ ਕਰਨ ਦੇ ਬਾਵਜੂਦ ਉਹ ਆਪਣੇ ਹਾਥੀ ਉਤੇ ਹੀ ਚੜ੍ਹੇ-ਚੜ੍ਹਾਏ ਅਰਦਾਸ ਕਰ ਕੇ, ਇਹ ਕਹਿੰਦਿਆਂ ਉਸ ਵਿਚ ਨਿੱਝਕ ਠਿਲ੍ਹ ਪਏ ਸਨ[111] ਕਿ ਅਟਕ ਉਨ੍ਹਾਂ ਲਈ ਅਟੱਕ ਹੈ ਜਿਨ੍ਹਾਂ ਦੇ ਦਿਲ ਵਿਚ ਅਟਕ ਹੈ; ਜਿਨ੍ਹਾਂ ਦੇ ਦਿਲ ਵਿਚ ਅਟਕ ਨਹੀਂ, ਅਟਕ ਉਨ੍ਹਾਂ ਦੇ ਇਰਾਦਿਆਂ ਦੀ ਪੂਰਤੀ ਲਈ ਅਟਕ ਕਦੇ ਵੀ ਨਹੀਂ ਪਾਉਂਦਾ।

ਇਉਂ ਹੀ, ਜਦੋਂ ਉਹ ਸੰਨ 1823 ਵਿਚ ਵੀ, ਮੁਹੰਮਦ ਅਜ਼ੀਮ ਖਾਨ ਬਾਰਕਜ਼ਈ ਤੇ ਪਠਾਣਾਂ ਦੀ ਸੁਧਾਈ ਲਈ, ਆਪਣੀ ਫ਼ੌਜ ਸਮੇਤ, ਅਟਕ ਪੁਜੇ ਸਨ, ਤਾਂ ਅਗੋਂ ਬਾਰਸ਼ ਦੀ ਬਹੁਲਤਾ ਕਾਰਨ ਦਰਿਆ ਵਿਚ ਭਾਰੀ ਹੜ ਆਇਆ ਹੋਇਆ ਸੀ। ਮਲਾਹਾਂ ਤੇ ਇੰਜੀਨੀਅਰਾਂ ਨੇ ਪਾਣੀ ਦੇ ਬੇਓੜਕ ਜ਼ੋਰ ਨੂੰ ਮੁਖ ਰਖਦਿਆਂ, ਉਹਨਾਂ ਨੂੰ ਪਾਰ ਪਹੁੰਚਾਣ ਲਈ ਫੌਰੀ ਪਰਬੰਧ ਕਰਨ ਤੋਂ ਆਪਣੀ ਮਜਬੂਰੀ ਪ੍ਰਗਟ ਕਰ ਦਿਤੀ ਸੀ। ਉਦੋਂ ਵੀ ਧੁਨ ਦੇ ਪੱਕੇ ਤੇ ਚੜ੍ਹਦੀ ਕਲਾ ਦੇ ਪੁਤਲੇ ਰਣਜੀਤ ਸਿੰਘ ਸਤਿਗੁਰ ਦੀ ਟੇਕ ਲੈ ਕੇ, ਝਟ ਆਪਣੇ ਘੋੜੇ ਨੂੰ ਅੱਡੀ ਲਾ ਲਾ, ਸੈਨਾ ਸਮੇਤ, ਅਟਕ ਵਿਚ ਠਿਲ ਪਏ ਸਨ ਅਤੇ ਸਹੀ ਸਲਾਮਤ ਪਾਰ ਹੋ ਗਏ ਸਨ।[112]

ਉਨ੍ਹਾਂ ਦੀਆਂ ਅਜਿਹੀਆਂ ਨਿਰਭੈ ਫੌਜੀ ਚੜ੍ਹਤਲਾਂ ਤ ਜਾਨ-ਜੋਖਵੀਆਂ ਘਾਲਾਂ ਨੂੰ ਹੀ ਮੁਖ ਰਖਦਿਆਂ ਇਕ ਹੋਰ ਸਮਕਾਲੀ, ਕੈਪਟਨ ਓਰਲਿਚ ਲਿਖਦਾ ਹੈ :

"ਲੜਾਈ ਸਮੇਂ, ਉਹ ਆਪਣੀਆਂ ਫ਼ੌਜਾਂ ਦੇ ਸਦਾ ਮੂਹਰੇ ਅਤੇ ਮੁਠਭੇੜ ਵਿਚ ਸਭ ਤੋਂ ਅਗੇ ਹੁੰਦੇ ਸਨ। ਉਨ੍ਹਾਂ ਨੇ ਵੈਰੀ ਦੇ ਆਮੋ ਸਾਹਮਣੇ ਸਿੰਧ ਦਰਿਆ ਨੂੰ ਦੋ ਵਾਰ, ਆਪਣੇ ਰਿਸਾਲੇ ਸਮੇਤ ਪਾਰ ਕੀਤਾ ਸੀ; ਅਤੇ ਫ਼ਤਹ ਵੀ ਪਰਾਪਤ ਕੀਤੀ ਸੀ। ਜਿਥੋਂ ਤਕ ਇੱਛਾ ਸ਼ਕਤੀ ਤੇ ਸਹਿਣ ਸਕਤੀ ਦਾ ਸੰਬੰਧ ਹੈ, ਆਪਣੇ ਲੋਕਾਂ ਵਿਚ ਉਹ ਲਾਸਾਨੀ ਸਨ।[113]

ਉਨ੍ਹਾਂ ਨਾਲ ਇਨ੍ਹਾਂ ਦੀ ਨਿੱਘੀ ਸਾਂਝ ਤੇ ਨਿਜੀ ਜਾਣਕਾਰੀ ਦਾ ਹਾਲ ਇਹ ਸੀ ਕਿ ਸਰ ਲੈਪਲ ਗ੍ਰਿਫਨ ਅਨੁਸਾਰ, ਉਹ ਆਪਣੀ ਸੈਨਾ ਦੇ ਹਰ ਸਿਪਾਹੀ ਤੇ ਅਫ਼ਸਰ ਦੀ ਯੋਗਤਾ ਤੇ ਹਨਰ ਤੋਂ ਵਾਕਫ਼ ਸਨ: ਅਤੇ ਉਨ੍ਹਾਂ ਦੀ ਯੋਗਤਾ ਅਨੁਸਾਰ ਹੀ ਕੰਮ ਸੌਂਪਦੇ ਸਨ।[115] ਮੁਨਸ਼ੀ

---

111. ਵੇਖੋ : Khushwant Singh, A History of the Sikhs, Princeton-1963, Vol. I, p. 253.

112. ਵੇਖੋ : ਹੋਤੀ, ਬਾ, ਪ੍ਰੇਮ ਸਿੰਘ, ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ, ਲਾਹੌਰ 1918, ਗਿਆਰਵੀਂ ਛਾਪ, ਲੁਧਿਆਣਾ-1980 (ਲਪ.) ਪੰ. 173-74.

113. Orlich, Capt. Leopold Von, Travels in India, including Sindh and the Punjab, London-1845, p. 172.

115. Griffin, Ranjit Singh, op. cit., p. 48.

ਗਨੇਸ਼ ਦਾਸ ਵਡੇਰਾ ਤਾਂ ਇਥੋਂ ਤਕ ਕਹਿੰਦਾ ਹੈ ਕਿ ਸ਼ੇਰੇ ਪੰਜਾਬ ਨੂੰ ਤਾਂ ਉਹਨਾਂ ਦੇ ਨਾਂ ਥਾਂ ਵੀ ਚੇਤੇ ਹੁੰਦੇ ਸਨ ।[116] ਬਰਤਾਨਵੀ ਸਰਕਾਰ ਵਲੋਂ ਉਹਨਾਂ ਦੇ ਇਲਾਜ ਲਈ ਭੇਜਿਆ ਗਿਆ ਡਾ: ਮੱਰੇ ਦਸਦਾ ਹੈ ਕਿ ਉਹ ਬੀਮਾਰੀ ਦੇ ਦੌਰਾਨ ਵੀ, ਆਪਣੇ ਨੇਮ ਤੇ ਧੁਨ ਦੇ ਪਕੇ ਰਹੇ ਸਨ। ਉਹ ਇਕ ਅਜਿਹੇ ਗੈਰਮਾਮੂਲੀ ਤਕੜੇ ਮਨ ਤੇ ਬਾਕਾਇਦਾ ਆਦਤਾਂ ਦੇ ਮਾਲਕ ਇਨਸਾਨ ਸਨ ਜੋ ਆਪਣੇ ਰਾਜ ਕਾਜ ਦੇ ਸਾਰੇ ਕਾਰ-ਵਿਹਾਰ ਨੂੰ ਉਸ ਦੇ ਬਾਰੀਕ ਤੋਂ ਬਾਰੀਕ ਵੇਰਵੇ ਤਕ ਬੜੀ ਲਗਨ ਤੇ ਮਿਹਨਤ ਨਾਲ ਆਪੇ ਨਜਿੱਠਦੇ ਸਨ ।[117] ਉਹ ਇਤਨੇ ਸਾਹਸੀ, ਹਿੰਮਤੀ ਤੇ ਦਿਲਾਵਰ ਸਨ ਕਿ, ਔਜ਼ਬਰਨ ਅਨੁਸਾਰ [118] ਦੇਹਾਂਤ ਤੋਂ ਕੁਝ ਵਰ੍ਹੇ ਪਹਿਲਾਂ ਤਕ ਲੜਾਈ ਸਮੇਂ, ਆਪਣੀਆਂ ਫ਼ੌਜਾਂ ਦੀ ਅਗਵਾਈ ਖ਼ੁਦ ਆਪ ਕਰਦੇ ਰਹੇ ਹਨ ।''

ਉਨ੍ਹਾਂ ਦੀਆਂ ਫੌਜਾਂ ਵੀ, ਕੈਪਟਨ ਬਿੰਗਲੇ ਦੇ ਲਫਜ਼ਾਂ ਵਿਚ, ''ਬਾਜ਼ਾਬਤਾ ਤੇ ਸਥਿਰ ਚਿੱਤ ਦਲਾਂ ਦਾ ਇਕ ਪ੍ਰਬਲ ਤੇ ਅਝੁਕ ਸਮੂਹ ਸਨ ।[119]

2. ਇਹ ਗੱਲ ਵੀ ਸੋਲਾਂ-ਆਨੇ ਸਚ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸੁਖ ਆਰਾਮ ਦੀ ਪਰਵਾਹ ਕਦੇ ਵੀ ਨਹੀਂ ਕੀਤੀ ਸੀ। ਉਹ ਇਕ ਬੜੇ ਮਿਹਨਤੀ ਤੇ ਹਿੰਮਤੀ, ਤਤਪਰ ਤੇ ਅਥੱਕ ਜੀਉੜੇ ਸਨ। ਉਹਨਾਂ ਦੇ ਸਮਕਾਲੀ, ਕਵੀ ਸਾਹਿਬ ਸਿੰਘ ਨੇ ਲਿਖਿਆ ਹੈ :

ਸਦ ਹੀ ਕਮਰ ਕਸੀ ਹਮ ਦੇਖੀ
ਕਬਹੂੰ ਨ ਸੁਸਤੀ ਮੁਖ ਪਰ ਪੇਖੀ ।[120]

ਉਹਨਾਂ ਦੀ ਨਿਰਭੈਤਾ ਤੇ ਤਤਪਰਤਾ ਦਾ ਹੀ ਜ਼ਿਕਰ ਕਰਦਿਆਂ, ਡਾ: ਮੈਕਗਰੇਗਰ ਆਖਦਾ ਹੈ : ''ਉਹਨਾਂ ਦੇ ਕਦੇ ਪਰੇਸ਼ਾਨ ਜਾਂ ਭੈਭੀਤ ਹੋਣ ਜਾਂ ਕੋਈ ਡਰ-ਭੈ ਪਰਗਟ ਕਰਨ ਦੀ ਕੋਈ ਇਕ ਵੀ ਮਿਸਾਲ ਕਿਤੇ ਨਹੀਂ ਮਿਲਦੀ।... ਸਰਕਾਰੀ ਮਾਮਲੇ ਨਜਿੱਠਣ ਲਈ; ਉਹ ਦਿਨ ਰਾਤ ਹਰ ਸਮੇਂ ਸਦਾ ਤਿਆਰ ਰਹਿੰਦੇ ਹਨ ।''[121] ਸੰਨ 1838 ਵਿਚ, ਉਹਨਾਂ ਦੀ ਲਾਰਡ ਆਕਲੈਂਡ ਨਾਲ ਫੀਰੋਜ਼ਪੁਰ ਹੋਈ ਮੁਲਾਕਾਤ ਸਮੇਂ ਉਹਨਾਂ ਨੂੰ ਸਰੀਰਕ ਤੌਰ ਤੇ

116, ਬਡੇਰਾ, ਗਨੇਸ਼ ਦਾਸ ਰਿਸਾਲਾ-ਇ-ਸਾਹਿਬ ਨੁਮਾ, ਤਾਰੀਖੇ ਪੰਜਾਬ, ਸੰਨ 1847 ਦੀ ਲਿਖਿਤ : ਬ੍ਰਿਟਿਸ਼ ਮੀਯੂਜ਼ਿਅਮ, ਲੰਡਨ ਦੀ ਹੱਥ-ਲਿਖਤ ਨੰ, ਓਰ 1693. ਵ. 62

117. ਵੇਖੋਂ : ਉਸ ਵਲੋਂ ਲਾਹੌਰ ਤੋਂ ਲੁਧਿਆਣਾ ਦੀ ਬਰਤਾਣਵੀ ਏਜੰਸੀ ਵਲ ਲਿਖ ਭੇਜੀਆਂ ਚਿੱਠੀਆਂ :

Murray to Wade, dated 15 February 1827-BPC (I), 23 March-1827, No. 28.

118. Osborne, The Court and Camp of Runjeet Singh, op. cit., under 29 May 1838, p. 32.

119. Bingley, Capt. A. H. Sikhs : A Handlook for Indian Army, Calcutta-1918, p. 104; Griffin, Ranjit Singh, op. cit., p. 134.

120. ਵੇਖੋ : ਮਹਾਨ ਕੋਸ਼ : ਉਹੀ ਪੰ, 763.

121. M' Gregor, Dr. W. L., The History of the Sikhs, Containing the Lives of the Gurus, the History of the Independent Sirdars or Misals and the life of the Great Founder of the Sikh Monarchy, Maharaja Ranjit Singh, London-1846, Vol. I, p. 215.

ਨਿਰਬਲ ਹੋਏ ਵੇਖ ਕੇ, ਈਸਟ ਇੰਡੀਆ ਕੰਪਨੀ ਦੇ ਉਕਤ ਸਰਜਨ ਨੇ ਹੀ ਇਹ ਲਿਖਿਆ ਸੀ :"ਸਾਨੂੰ ਇਸ ਅਨੂਠੇ ਇਨਸਾਨ ਦੇ ਜ਼ੋਰਦਾਰ ਤੇ ਬਲਵਾਨ ਸਰੀਰ (ਜਦੋਂ ਕਿ ਉਹ ਅਧਰੰਗ ਨਾਲ ਵੀ ਪੀੜਿਤ ਵੀ ਸੀ) ਨੂੰ ਵੇਖਣ ਦੇ ਮੌਕੇ ਆਮ ਮਿਲਦੇ ਰਹੇ ਹਨ। ਉਹਨਾਂ ਦੇ ਪੱਠਿਆਂ ਦਾ ਪ੍ਰਬੰਧ ਅਜੇ ਵੀ ਦਸਦਾ ਸੀ ਕਿ ਇਕ ਅਸਾਧਾਰਨ ਸ਼ਕਤੀ ਦੇ ਮਾਲਕ ਮਨ ਦੇ ਨਾਲ ਇਕ ਅਜਿਹਾ ਤਨ ਜੁੜਿਆ ਰਿਹਾ ਸੀ ਜੋ ਬੀਮਾਰੀ ਨਾਲ ਖੀਣ ਹੋਣ ਤੋਂ ਪਹਿਲਾਂ ਕੋਈ ਵੀ ਮਿਹ-ਨਤ ਕੋਈ ਵੀ ਘਾਲ ਘਾਲਣ ਦੇ ਸਮਰਥ ਸੀ "।[122]

3. ਸ਼ੇਰੇ ਪੰਜਾਬ ਨੇ ਅਜਿਹੇ ਮਿਹਨਤੀ ਤੇ ਮਜ਼ਬੂਤ ਤਨ ਨੂੰ, ਆਮ ਬਾਦਸ਼ਾਹਾਂ ਵਾਂਗ, ਸ਼ਿੰਗਾਰਨ ਦਾ ਕੋਈ ਉਚੇਚ ਕਦੇ ਨਹੀਂ ਕੀਤਾ ਸੀ। ਉਹਨਾਂ ਨੂੰ ਅਖੀਂ ਵੇਖਣ, ਜਾਣਨ ਤੇ ਬਿਆਨਣ ਵਾਲੇ ਬਦੇਸੀ ਯਾਤਰੀ ਤੇ ਕਰਮਚਾਰੀ ਦਸਦੇ ਹਨ :

(1) ਹੀਊਗਲ 1835 ਈ:) ਮੈਂ ਉਨ੍ਹਾਂ ਨੂੰ ਕਢਾਈ ਜਾਂ ਜ਼ਰੀ ਵਾਲਾ ਕਪੜਾ, ਜਾਂ ਕਿਸੇ ਕਿਸਮ ਦਾ ਕੋਈ ਗਹਿਣਾ ਪਹਿਨੇ ਹੋਏ ਕਦੇ ਨਹੀਂ ਵੇਖਿਆ"।[123]

(2) ਕੈਪਟਨ ਔਜ਼ਬਰਨ (1838 ਈ:) "ਇਕ ਸੁਨਹਿਰੀ ਕੁਰਸੀ ਉਤੇ, ਲੱਤ ਉਤੇ ਲਤ ਰਖੇ, ਸਾਦੀ ਸਫੇਦ ਪੁਸ਼ਾਕ ਪਹਿਨੇ, ਕੋਈ ਵੀ ਗਹਿਣਾ ਨਾ ਪਾਏ, ਪਰ ਲੱਕ ਦੁਆਲੇ ਵਡੇ ਮੋਤੀਆਂ ਦੀ ਇਕਹਿਰੀ ਲੜੀ ਲਾਏ ਤੇ ਇਕ ਬਾਂਹ ਉਤੇ ਮਸ਼ਹੂਰ ਹੀਰਾ, 'ਕੋਹਿਨੂਰ', ਬੰਨੇ ਹੋਏ ਲਾਹੌਰ ਦਾ ਸ਼ੇਰ ਬੈਠਾ ਹੁੰਦਾ ਸੀ"।[124]

(3) ਕੈਪਟਨ ਓਰਲਿਚ (1841 ਈ:) ਉਹਨਾਂ ਦੇ ਦਰਬਾਰ ਵਿਚ ਸਜ-ਧਜ ਤੇ ਠਾਠ ਬਾਠ ਹਾਵੀ ਹੋਣ ਦੇ ਬਾਵਜੂਦ, ਉਹ ਆਪ ਆਪਣੇ ਪਹਿਰਾਵੇ ਵਿਚ ਬੜੇ ਸਾਦੇ ਸਨ; ਅਤੇ ਬੜੇ ਘਟ ਗਹਿਣੇ ਪਹਿਨਦੇ ਸਨ। ਪਰ ਉਹ ਆਪਣੇ ਆਲੇ ਦੁਆਲੇ ਹਰ ਚੀਜ਼ ਵਿਚ ਠਾਠ-ਬਾਠ ਤੇ ਸ਼ਾਨ-ਸ਼ੌਕਤ ਵੇਖਣ ਦੇ ਬੜੇ ਚਾਹਵਾਨ ਸਨ"।[125]

ਛੇਵਾਂ ਅੰਕ :

> "ਮੈਂ ਪੱਖਪਾਤੀ ਰੁਚੀ ਨੂੰ ਨਾ ਕਦੇ ਮੰਤਰੀ ਮੰਡਲ ਤੇ ਨਾ ਹੀ ਰਣ-ਭੂਮੀ ਵਿਚ ਵਿਚਰਦਿਆਂ ਆਪਣੇ ਹਿਰਦੇ ਅੰਦਰੇ ਦਾਖ਼ਲ ਹੋਣ ਦਿੱਤਾ ਹੈ।"

ਜਿਥੋਂ ਤਕ ਰਾਜ-ਕਾਜ ਨਾਲ ਸੰਬੰਧਤ ਉਚ-ਅਧਿਕਾਰਾਂ ਦੀ ਸੌਂਪਣਾਂ ਅਤੇ ਪਦਵੀਆਂ ਉਤੇ ਨਿਯੁਕਤੀ ਦਾ ਸਬੰਧ ਹੈ, ਪ੍ਰਿੰ. ਸੀਤਾ ਰਾਮ ਕੋਹਲੀ ਲਿਖਦੇ ਹਨ : "ਇਸ ਦੇ ਰਾਜ ਵਿਚ ਧਰਮ ਤੇ ਕੌਮ ਦਾ ਸਵਾਲ ਕਦੀ ਉਤਪੰਨ ਹੀ ਨਹੀਂ ਹੋਇਆ। ਜੇ ਰਣਜੀਤ ਸਿੰਘ ਦੀ ਸਲਤਨਤ ਪੰਥ ਦੀ ਸਲਤਨਤ ਸੀ ਜਿਸ ਵਿਚ ਹਰੇਕ ਸਿੱਖ ਨੂੰ ਦਰਜੇ ਅਤੇ ਹੁਦੇ ਦੇ ਲਿਹਾਜ਼ ਬਿਨਾਂ ਪੂਰੇ ਅਤੇ ਬਰਾਬਰ ਦੇ ਹੱਕ ਪਰਾਪਤ ਸਨ; ਤਾਂ ਗੈਰ-ਸਿਖਾਂ ਲਈ ਵੀ, ਉਹਨਾਂ ਦੀ ਯੋਗਤਾ ਅਤੇ ਵਿਦਵਤਾ ਅਨੁਸਾਰ, ਰਾਜ ਦਰਬਾਰ ਦੇ ਦਰਵਾਜ਼ੇ ਖੁਲੇ ਸਨ।[126]

---

122. M' Gregor, Dr. W. L., The History of the Sikhs, containing an account of the War between the Sikhs and the British in 1845-46, London-1846, Vol. II, p. 3.

123. Hugel, Travels in Cashmere and the Punjab, op. cit., pp. 379-80.

124. Osborne, The Court and Camp of Ranjit Singh, op. cit., p. 73.

125. Orlich, Travels in India, op. cit., Vol. I, p. 172.

126, ਕੋਹਲੀ ਸੀਤਾ ਰਾਮ (ਸੰਪਾਦਕ) ਫਤਹਨਾਮਾ ਗੁਰੂ ਖਾਲਸਾ ਜੀ ਕਾ, ਪਟਿਆਲਾ-1952, ਪੰਨਾ 52

ਜਨਰਲ ਗਾਰਡਨ ਨੇ ਵੀ ਇਸੇ ਪੱਖ ਤੇ ਉਕਤ ਤੱਥ ਵਲ ਧਿਆਨ ਦੁਆਂਦਿਆਂ ਦਸਿਆ ਹੈ :

"ਪੰਜਾਬ ਦਾ ਬਾਦਸ਼ਾਹ ਤੇ ਰਾਜਨੀਤਕ ਮੁਖੀ, ਨਾਲੇ ਖਾਲਸੇ ਦਾ ਆਗੂ ਹੋਣ ਕਰ ਕੇ, ਉਨ੍ਹਾਂ ਨੇ ਆਪਣੀ ਪਰਜਾ ਦੇ ਸਭ ਭਿੰਨ-ਭਿੰਨ ਨਸਲੀ ਮਤਾਂਤਰੀ ਭਾਗਾਂ ਨੂੰ ਸਰਕਾਰੀ ਨੌਕਰੀ ਵਿਚ ਸ਼ਾਮਲ ਕਰ ਕੇ, ਇਕ ਦੂਜੇ ਨਾਲ ਮੇਲਣ ਤੇ ਅਨੁਕੂਲਣ ਦਾ ਜਤਨ ਕੀਤਾ ਸ਼ੀ" ।[127] ਤਦੇ ਤਾਂ, ਉਹਨਾਂ ਦੇ ਮਹਿਲ ਦਰਬਾਰ ਤੇ ਫੌਜ ਦੇ ਉਚ ਅਧਿਕਾਰੀ ਅਨੇਕ ਮਤਾਂ, ਬਹੁ-ਭਾਂਤੀ, ਨਸਲਾਂ. ਵਖ ਵਖ ਦੇਸਾਂ ਪਰਾਂਤਾਂ ਤੇ ਭਿੰਨ-ਭਿੰਨ ਰਵਾਇਤਾਂ ਦੇ ਜੰਮ ਪਲ ਅਤੇ ਧਾਰਨੀ ਸਨ । ਮਿਸਾਲ ਵਜੋਂ ਉਹਨਾਂ ਦੇ ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ, ਇਕ ਡੋਗਰਾ ਸਨ, ਬਦੇਸ਼ ਮੰਤਰੀ, ਫਕੀਰ ਅਜ਼ੀਜ਼ੁ ਦੀਨ, ਇਕ ਮੁਸਲਮਾਨ ਸਨ: ਅਤੇ ਖਜ਼ਾਨਾ ਮੰਤਰੀ, ਦੀਵਾਨ ਭਵਾਨੀ ਦਾਸ, ਇਕ ਹਿੰਦੂ ਸਨ । ਸਲਤਨਤ ਦੇ ਚੌਹਾਂ ਸੂਬਿਆਂ ਵਿਚੋਂ, ਮੁਲਤਾਨ ਦੇ ਗਵਰਨਰ ਲਾਲਾ ਸਾਵਣ ਮਲ, ਪਿਸ਼ਾਵਰ ਦੇ ਜੈਨਰਲ ਐਵੀਤੇਬਾਈਲ ਤੇ ਕਸ਼ਮੀਰ ਦੇ ਦੀਵਾਨ ਮੋਤੀ ਰਾਮ ਸਨ । ਫ਼ੌਜ ਦੀ ਕਮਾਨ ਜੇ ਇਕ ਪਾਸੇ ਸਰਦਾਰ ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਤੇ ਸ਼ਾਮ ਸਿੰਘ ਅਟਾਰੀ ਦੇ ਹੱਥ ਸੀ; ਤਾਂ ਦੂਜੇ ਪਾਸੇ ਦੀਵਾਨ ਮੁਹਕਮ ਚੰਦ, ਮਿਸਰ ਦੀਵਾਨ ਚੰਦ ਤੇ ਸ੍ਰੀ ਜ਼ੋਰਾਵਰ ਸਿੰਘ ਵਰਗੇ ਹਿੰਦੂ ਜਰਨੈਲ ਵੀ ਇਸ ਦੀ ਵਾਗਡੋਰ ਸੰਭਾਲੇ ਹੋਏ ਸਨ । ਇਉਂ ਹੀ, ਮੀਆਂ ਮੁਹੰਮਦ ਗੌਸ਼ ਖਾਂ, ਜਨਰੈਲ ਇਲਾਹੀ ਬਖਸ਼ ਤੇ ਸਯੱਦ ਨੁਰੂਦੀਨ ਵਰਗੇ ਮੁਸਲਮਾਨ ਕਮਾਂਡਰ ਵੀ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜਕੇ, ਲੜਦੇ ਤੇ ਮੱਲਾਂ ਮਾਰਦੇ ਰਹੇ ਸਨ । ਇਸੇ ਤਰ੍ਹਾਂ, ਜੇ ਡਿਓੜੀ ਦੇ ਨਿਗਰਾਨ ਮੇਰਠ ਦੇ ਜਮਾਦਾਰ ਖੁਸ਼ਾਲ ਚੰਦ (ਸਿੰਘ) ਤੇ ਜੋਤਸ਼ ਦੇ ਸਲਾਹਕਾਰ ਮਾਲਾਬਾਰ ਦੇ ਸੰਕਰਨ ਸਨ, ਤਾਂ ਤੋਪਖ਼ਾਨੇ ਦੇ ਇਨਚਾਰਜ ਮਿਸਰ ਬੇਲੀਰਾਮ ਸਨ ।

ਇਸ ਅਹਿਮ ਤੇ ਵਿਸ਼ਾਲ ਖੇਤਰ ਵਿਚ ਸਿਰਫ ਅਜਿਹੇ ਗੁਣਵਾਨ ਪੰਜਾਬੀ ਜਾਂ ਹਿੰਦੁ-ਸਤਾਨੀ ਹੀ ਨਹੀਂ, ਹੋਰ ਦੇਸਾਂ ਤੇ ਕੌਮਾਂ ਦੇ ਸਿਆਣੇ ਤੇ ਤਜਰਬੇਕਾਰ ਲੋਕ ਵੀ ਉਸੇ ਕਿਸਮ ਦੇ ਆਦਰ-ਭਾਅ ਤੇ ਆਨ ਸ਼ਾਨ ਦੇ ਭਾਗੀ ਬਣ ਰਹੇ ਸਨ । ਫਰਾਂਸ ਦੇ ਐਲਾਰਡ, ਇਟਲੀ ਦੇ ਵਨਤੂਰਾ, ਅਮਰੀਕਾ ਦੇ ਹਾਰਲਨ, ਸਪੇਨ ਦੇ ਹਰਬਨ, ਹੰਗਰੀ ਦੇ ਹੋਨਿੰਗਬਰਗਰ, ਯੂਰੇਸ਼ੀਆ ਹੋਮਜ਼, ਨੀਪਾਲ ਤੇ ਬਾਲਭਦਰਾ, ਰੂਸ ਦੇ ਵੇਚਿਸ, ਯੂਨਾਨ ਦੇ ਹੈਸਟ, ਬਰਤਾਨੀਆ ਦੇ ਡਾ: ਹਾਰਵੇ, ਜਰਮਨੀ ਦੇ ਡੋਟੋਨੀਸ ਅਤੇ ਆਸਟਰੀਆ ਦੇ ਸਟੇਨਬਾਚ ਆਦਿ ਉਸ ਰਾਜ ਦੇ ਉਜਿਹੇ ਯੋਗ ਉਸੱਰਈਆਂ ਤੇ ਕਾਰਿੰਦਿਆਂ ਦੇ ਹੀ ਕੁਝ ਉੱਘੇ ਨਾਂ ਸਨ । ਤਦੇ ਤਾਂ ਫਕੀਰ ਸਯੱਦ ਵਹੀਦਦੀਨ ਲਿਖਦੇ ਹਨ :

"ਇਸ ਸਲਤਨਤ ਦਾ ਹਾਕਮ ਭਾਵੇਂ ਇਕ ਸਿੱਖ ਸੀ, ਪਰ ਇਸ ਤਰ੍ਹਾਂ ਦੇ ਰਾਜ-ਪ੍ਰਬੰਧ ਸਭ ਕੌਮਾਂ ਦੇ ਸਿਆਣਿਆਂ ਨਾਲ ਸੰਮਿਲਿਤ ਇਕ ਸ਼ਰੇਸ਼ਟ ਵਰਗ ਚਲਾ ਰਿਹਾ ਸੀ । ਇਸ ਤਰ੍ਹਾਂ ਦੇ ਰਾਜ-ਪ੍ਰਬੰਧ ਨੇ ਰਣਜੀਤ ਸਿੰਘ ਦੀ ਹਕੂਮਤ ਨੂੰ ਸੇਕੂਲਰ ਨੀਤੀ ਵਾਲੀ ਸਰਕਾਰ ਹੋਣ ਦੀ ਹੈਸੀਅਤ ਤੇ ਖਾਸੀਅਤ ਦਿੱਤੀ ਸੀ, ਉਂਜ ਭਾਵੇਂ ਉਹ ਦੀਨੀ ਹਕੂਮਤ ਵਾਲੀਆਂ ਨੀਹਾਂ ਉਤੇ ਉਸਾਰੀ ਗਈ ਸੀ" ।[128]

---

127. Gardon, The sikhs, op. cit., p. 114.
128. Whaeed-ud-din, The Real Ranjit Singh, op. cit., p. 37.

ਪਦਵੀਆਂ ਤੇ ਤਰੱਕੀਆਂ ਸਦਾ ਲਿਆਕਤ ਤੇ ਸੰਬੰਧਤ ਕੰਮ ਲਈ ਯੋਗਤਾ ਤੇ ਅਧਾਰ ਉਤੇ ਹੀ ਦਿੱਤੀਆਂ ਜਾਂਦੀਆਂ ਸਨ। ਇਸੇ ਅਧਾਰ-ਤੱਤ ਨੂੰ ਮੁੱਖ ਰਖਦਿਆਂ, ਡਾ: ਚੋਪੜਾ ਨੇ ਲਿਖਿਆ ਹੈ : ਮਹਾਰਾਜਾ ਸਾਹਿਬ ਯੋਗ ਬੰਦਿਆਂ ਨੂੰ ਹੀ ਯੋਗ ਥਾਵਾਂ ਲਈ ਚੁਣਦੇ ਤੇ ਨਿਯਤ ਕਰਦੇ ਰਹੇ ਸਨ'' ।[129]

ਉਹ ਤਾਂ ਧਰਮ-ਕਰਮ ਦੇ ਮਾਮਲੇ ਵਿਚ ਵੀ, ਇਵੇਂ ਹੀ, ਸੂਝ ਤੇ ਸਾਵਧਾਨੀ, ਨਿਆਂ-ਸ਼ੀਲਤਾ ਤੇ ਨਿਰਪਖੱਤਾ ਨਾਲ ਹੀ ਵਿਚਰਦੇ ਰਹੇ ਹਨ। ਜ਼ਾਤੀ ਤੌਰ ਤੇ, ਉਹ ਇਕ ਸਿਦਕੀ ਤੇ ਸ਼ਰਧਾਲੂ ਸਿੱਖ ਸਨ। ਸਿੱਖੀ ਦੇ ਜ਼ਾਹਿਰਾ-ਜ਼ਹੂਰ ਤੇ ਜੁਗੋ ਜੁੱਗ ਅਟਲ ਇਸ਼ਟ, ਗੁਰੂ ਗ੍ਰੰਥ ਸਾਹਿਬ ਦੀ ਬਰਕਤ ਤੇ ਬਖ਼ਸ਼ਿਸ਼ ਵਿਚ ਉਨ੍ਹਾਂ ਦਾ ਵਿਸ਼ਵਾਸ ਅਮੁਕ ਤੇ ਅਟੁਟ ਸੀ। ਸਤਲੁਜੋਂ-ਪਾਰ ਸਥਿਤ ਬਰਤਾਨਵੀ ਏਜੰਸੀ ਦੇ ਇਕ ਸਮਕਾਲੀ ਏਜੰਟ, ਹੈਨਰੀ ਪ੍ਰਿੰਸੇਪ, ਨੇ ਸੰਨ 1834 ਵਿਚ ਲਿਖਿਆ ਸੀ :

" ਮਾ. ਰਣਜੀਤ ਸਿੰਘ ਭਾਵੇਂ ਇਕ ਤੁਅੱਸਬੀ ਤੇ ਕੱਟੜਪੰਥੀ ਨਹੀਂ, ਤਦ ਵੀ ਉਹ ਸਿੱਖ ਧਰਮ ਦੀਆਂ ਸਭ ਨਿਯਤ ਰੀਤਾਂ ਤੇ ਰਹਿਤਾਂ ਦੀ ਅਦਾਇਗੀ ਵਿਚ ਸੋਘੇ ਹਨ। ਉਹ ਆਪਣੀ ਧਰਮ-ਪੁਸਤਕ, 'ਗੁਰੂ ਗ੍ਰੰਥ ਸਾਹਿਬ', ਦਾ ਪਾਠ ਕੁਝ ਨਿਸਚਿਤ ਘੰਟਿਆਂ ਲਈ ਹਰ ਰੋਜ਼ ਸੁਣਦੇ ਹਨ'' [130] ।" ਇਕ ਹੋਰ ਸਮਕਾਲੀ, ਕੈਪਟਨ ਮੱਰੇ, ਲਿਖਦਾ ਹੈ :

"ਮਾ. ਰਣਜੀਤ ਸਿੰਘ ਦਾ ਇਹ ਇਕ ਆਮ ਵਿਹਾਰ ਹੈ ਕਿ ਉਹ ਜਦੋਂ ਕਦੇ ਵੀ ਕੋਈ ਅਹਿਮ ਕਾਰਜ ਚਿਤਵਦੇ ਹਨ, ਤਾਂ 'ਗੁਰੂ ਗਰੰਥ ਸਾਹਿਬ' ਉਤੇ ਦੋ ਪਰਚੀਆਂ ਰਖਵਾ ਦੇਂਦੇ ਹਨ। ਇਕ ਉਤੇ ਉਨ੍ਹਾਂ ਦੀ 'ਆਪਣੀ ਇੱਛਾ' ਤੇ ਦੂਜੀ ਉਤੇ 'ਉਸ ਦਾ ਉਲਟ' ਲਿਖਿਆ ਹੁੰਦਾ ਹੈ। ਫਿਰ ਇਕ ਬੱਚੇ ਨੂੰ ਅੰਦਰ ਲਿਜਾ ਕੇ, ਕੋਈ ਇਕ ਪਰਚੀ ਚੁਕ ਲਿਆਣ ਲਈ ਆਖਿਆ ਜਾਂਦਾ ਹੈ। ਜਿਹੜੀ ਪਰਚੀ ਵੀ ਉਹ ਸਹਿਜ ਸੁਭਾ ਚੁਕ ਲਿਆਂਦਾ ਹੈ, ਉਸ ਦੀ ਲਿਖਤ ਮਹਾਰਾਜ ਲਈ ਇੰਨੀ ਤਸੱਲੀਬਖ਼ਸ਼ ਹੁੰਦੀ ਹੈ ਜਿੰਨੀ ਕਿ ਆਕਾਸ਼ ਤੋਂ ਆਈ ਆਵਾਜ਼ ਸਮਝੀ ਜਾਂਦੀ ਹੈ'' ।[131] ਉਨ੍ਹਾਂ ਨੂੰ ਜੀਵਨ-ਯਾਤਰਾ ਦੇ ਅੰਤਲੇ ਵਾਰ੍ਹਿਆਂ ਵਿਚ ਮਿਲਦੇ ਰਹੇ, ਕੈਪਟਨ ਔਜ਼ਬਰਨ ਨੇ ਵੀ ਉਨ੍ਹਾਂ ਦੇ ਇਸ ਵਿਹਾਰ ਤੇ ਵਿਚਾਰ ਨੂੰ ਆਪਣੇ ਰੋਜ਼ਨਾਮਚੇ ਵਿਚ ਬਿਆਨ ਕੀਤਾ ਹੋਇਆ ਹੈ। ਉਸ ਨੇ ਤਾਂ ਉਸ ਦੇ 5 ਜੂਨ, 1838 ਵਾਲੇ ਇੰਦਰਾਜ ਵਿਚ ਇਕ ਨਿਜੀ ਤਜਰਬੇ ਨੂੰ ਬਿਆਨ ਕਰਦਿਆਂ, ਤਾਂ ਸਗੋਂ ਇਥੋਂ ਤਕ ਲਿਖ ਦਿੱਤਾ ਸੀ :

"ਮਹਾਰਾਜਾ ਰਣਜੀਤ ਸਿੰਘ ਆਪਣੀ ਕੋਈ ਵੀ ਅਹਿਮ ਮੁਹਿੰਮ ਇਸ ਪਵਿੱਤਰ ਪੁਸਤਕ ਦੀ ਸਲਾਹ (ਭਾਵ 'ਹੁਕਮ' ਜਾਂ 'ਵਾਕ' ਲਏ ਬਿਨਾਂ) ਹੱਥ ਵਿਚ ਨਹੀਂ ਲੈਂਦੇ।...... ਉਕਤ ਵਿਹਾਰ ਅਨੁਸਾਰ, ਉਨ੍ਹਾਂ ਨੂੰ ਪੇਸ਼ ਕੀਤੀ ਗਈ ਪਹਿਲੀ ਪਰਚੀ ਜੇ ਚਿਤਵਿਤ ਮੁਹਿੰਮ

---

129. Panjab as a Sovereign State, op. cit., p. 135.

130. Prinsep H. T. Origin of the Sikh Power in the Punjab and Political Life of Maharaja Ranjit Singh with an account of the present conduct, religion, laws and customs of the Sikhs, Calcutta-1834; reprint Patiala-1970, pp. 143-44, ਹੋਰ ਵੇਖੋ : History of the Panjab, op. cit., p. 490.

131. Murray, Capt. W. History of the Punjab, London-1846,

ਹੋਰ ਵੇਖੋ : ਇਬਰਤਨਾਮਾ, ਉਹੀ, ਵ. 191-92; ਤਵਾਰੀਖੇ ਮਹਾਰਾਜਾ ਰਣਜੀਤ ਸਿੰਘ, ਉਹੀ, ਵ, 571.

ਲਈ ਸ਼ੁਭ ਤੇ ਅਨੁਕੂਲ ਸਾਬਤ ਹੋ ਜਾਂਦੀ ਹੋ ਜਾਂਦੀ ਹੈ, ਤਾਂ ਉਹ ਉਸ ਦਾ ਬੀੜਾ ਜਿੱਤ ਦੇ ਵੱਧ ਤੋਂ ਵੱਧ ਵਿਸ਼ਵਾਸ਼ ਨਾਲ ਚੁਕ ਲੈਂਦੇ ਹਨ। ਜੇ ਉਹ ਦੂਜੀ ਅਥਵਾ ਉਲਟ ਭਾਵ ਦੀ ਸੂਚਕ ਹੁੰਦੀ ਹੈ, ਤਾਂ ਉਸ ਕਾਰਜ ਜਾਂ ਮੁਹਿੰਮ ਦਾ ਖ਼ਾਬ-ਖਿਆਲ ਹੀ ਫੌਰਨ ਛੱਡ ਦਿਤਾ ਜਾਂਦਾ ਹੈ।"[132]

ਸਿੱਖ ਸਤਿਗੁਰਾਂ ਦੇ ਇਤਿਹਾਸਕ ਸਥਾਨਾਂ ਦੀ ਜੋ ਨਿੱਗਰ, ਉਸਾਰੂ ਤੇ ਯਾਦਗਾਰੀ ਸੇਵਾ ਉਨ੍ਹਾਂ ਨੇ ਕੀਤੀ ਹੈ, ਉਸ ਦਾ ਸੁਭਾਗ ਅਤੇ ਸ਼ੋਭਾ ਕਿਸੇ ਵੀ ਸਿੱਖ ਰਾਜੇ ਜਾਂ ਜਨ-ਸਾਧਾਰਨ ਨੂੰ ਅਜੇ ਤਕ ਕਿਤੇ ਵੀ ਪ੍ਰਾਪਤ ਨਹੀਂ ਹੋ ਸਕੀ। ਗੁਰੂ ਨਾਨਕ ਸਾਹਿਬ ਦੇ ਜਨਮ-ਸਥਾਨ, ਨਨਕਾਣਾ ਸਾਹਿਬ, ਦੇ ਦਾਇਮੀ ਪ੍ਰਬੰਧ ਲਈ ਲਾਈ ਗਈ ਬੇਮਿਸਾਲ ਜਾਗੀਰ[133] ਅਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਕਰਵਾਈ ਸਵਰਨ-ਸੇਵਾ[134] ਇਸੇ ਸ਼ਰਧਾ ਤੇ ਸਿਦਕ ਦੀਆਂ ਕੁਝ ਅਮਰ ਤੇ ਅਦੁੱਤੀ ਯਾਦਗਾਰਾਂ ਹਨ। ਧੁਰ ਦੱਖਣ ਦੇ ਸ਼ਹਿਰ ਨੰਦੇੜ ਵਿਚ, ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਸੰਸਕਾਰ-ਅਸਥਾਨ ਨੂੰ ਉਸਾਰਨਾ ਤਾਂ ਕਿਤੇ ਰਿਹਾ, ਉਹ ਤਾਂ ਸਮੂਲੇ ਸ਼ਹਿਰ ਨੂੰ ਹੀ ਖਰੀਦ ਲੈਣ ਲਈ ਨਿਜ਼ਾਮ ਹੈਦਰਾਬਾਦ ਨੂੰ ਮੂੰਹ-ਮੰਗਿਆ ਮੁੱਲ ਦੇਣ ਲਈ ਹਰ ਮੁਮਕਿਨ ਜਤਨ ਕਰਦੇ ਰਹੇ।

3. ਗੁਰੂ ਘਰ ਦੀ ਅਜਿਹੀ ਨਿਸ਼ਕਾਮ ਸੇਵਾ ਤੇ ਸਿਦਕ ਹੀ ਮਹਾਰਾਜਾ ਸਾਹਿਬ ਨੂੰ ਹੋਰ ਧਰਮਾਂ ਦਾ ਸਮਾਨ ਸਤਿਕਾਰ ਕਰਨ ਅਤੇ ਉਨ੍ਹਾਂ ਦੀ ਸ਼ੋਭਾ ਵਧਾਉਣ ਲਈ ਸਦਾ ਪਰੇਰਦਾ ਰਿਹਾ ਸੀ। ਉਨ੍ਹਾਂ ਨੇ ਦਸਵੇਂ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਜੀ, ਦੇ ਹੇਠ-ਲਿਖੇ ਉਪਦੇਸ਼ ਨੂੰ ਮਾਨੋ ਆਪਣੇ ਰਾਜ-ਕਾਜ ਦਾ ਆਦਰਸ਼ ਬਣਾ ਲਿਆ ਸੀ :

---

132. Osborne, The Court and Camp of Runjit Singh, op. cit., pp. 45-46.

133. ਜਥੇਦਾਰ ਪਰਤਾਪ ਸਿੰਘ ਅਨੁਸਾਰ, "ਇਸ ਵਕਤ ਸ੍ਰੀ ਨਨਕਾਣੇ ਸਾਹਿਬ ਦੇ ਨਾਂ ਸਾਢੇ ਸਤ ਸੌ ਮੁਰੱਬੇ ਦੇ ਕਰੀਬ ਜ਼ਮੀਨ ਹੈ। ਇਹ ਜਾਗੀਰ ਮਹਾਰਾਜਾ ਰਣਜੀਤ ਸਿੰਘ ਨੇ ਲਾਈ ਹੈ।... ਪੰਜਾਬ ਵਿਚ ਇਤਨੀ ਜ਼ਮੀਨ ਕਿਸੇ ਮਸੀਤ ਜਾਂ ਮੰਦਰ ਦੇ ਨਾਂ ਨਹੀਂ।" ਸਿੱਖ ਇਤਿਹਾਸਕ ਲੈਕਚਰ, ਉਹੀ, ਪੰਨਾ 356-357

134. ਹਰਿਮੰਦਰ ਸਾਹਿਬ ਦੀ ਆਪ ਵਲੋਂ ਸੰਨ 1830 ਵਿਚ ਸਮਾਪਤ ਹੋਈ ਅਜਿਹੀ ਅਨੂਠੀ ਤੇ ਮਹਾਨ ਸੇਵਾ ਕਰ ਕੇ ਹੀ, ਪੱਛਮੀ ਲੋਕਾਂ ਨੇ ਇਨ੍ਹਾਂ ਦਾ ਨਾਂ (ਸਵਰਨ ਮੰਦਰ) ਰਖ ਦਿਤਾ ਸੀ। ਮਿਸਾਲ ਵਜੋਂ, ਅੱਠ ਵਰ੍ਹੇ ਬਾਅਦ, ਸੰਨ 1838 ਵਿਚ, ਬਰਤਾਨਵੀ ਹਿੰਦੁਸਤਾਨ ਦੇ ਉਦੋਂਕੇ ਗਵਰਨਰ-ਜੈਨਰਲ, ਲਾਰਡ ਆਕਲੈਂਡ, ਦੀ ਭੈਣ, ਮਿਸ ਐਮਿਲੀ ਈਡਨ ਨੇ ਜਦੋਂ ਇਸ ਦੇ ਦੀਦਾਰ ਕੀਤੇ, ਤਾਂ ਇਸ ਉਤੇ ਚੜ੍ਹਾਏ ਗਏ ਨਵੇਂ-ਨਵੇਂ ਸੁਨਹਿਰੀ ਉਛਾੜ ਦਾ ਜਲਵਾ ਵੇਖ ਕੇ, ਉਸ ਦੀਆਂ ਅੱਖਾਂ ਚਕਾ-ਚੂੰਦ ਹੋ ਗਈਆਂ। ਤਦੇ ਤਾਂ, ਉਸ ਨੇ ਉਦੋਂ ਹੀ ਆਪਣੀ ਵਲੈਤ-ਰਹਿੰਦੀ ਭੈਣ ਨੂੰ ਬੜੇ ਚਾਅ ਤੇ ਭਰੋਸੇ ਨਾਲ ਲਿਖਿਆ ਸੀ :

'ਹਰਿਮੰਦਰ, ਸੱਚੀ-ਮੁਚੀਂ, ਖਰੇ ਸੋਨੇ ਦਾ ਹੈ, ਅਤੇ ਹਕੀਕੀ ਤੌਰ ਮੁਕੰਮਲ ਤੌਰ ਤੇ, ਸੋਨੇ ਨਾਲ ਮੜ੍ਹਿਆ ਹੋਇਆ ਹੈ ਜਿਸ ਉਤੇ ਅਤਿਅੰਤ ਸੁੰਦਰ ਮੀਨਾਕਾਰੀ ਵੀ ਕੀਤੀ ਹੋਈ ਹੈ।"

ਵੇਖੋ—ਇਸੇ ਲਈ ਹੋਰ ਪਰਾਂਤਾਂ, ਪਰਦੇਸਾਂ ਤੇ ਪਰਦੇਸੀਆਂ ਵਿਚ, ਹੁਣ ਵੀ, ਇਸ ਦਾ ਇਹੋ ਨਾਂ, ਭਾਵ—'ਗੋਲਡਨ ਟੈਂਪਲ', ਹੀ ਪ੍ਰਚਲਤ ਹੈ।

1. ਹਿੰਦੂ ਕੋਊ, ਤੁਰਕ ਕੋਊ, ਰਾਫ਼ਜੀ ਇਮਾਮ ਸ਼ਾਫ਼ੀ
ਮਾਨਸ ਕੀ ਜਾਤ ਸਬੈ, ਏਕੈ ਪਹਿਚਾਨਬੋ ।
ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਹੀ
ਦੂਸਰੋ ਨਾ ਭੇਦ ਕੋਈ, ਭੂਲਿ ਭ੍ਰਮ ਮਾਨਬੋ ।[135]

4. ਅਜਿਹੇ ਆਦਰਸ਼ਕ ਸਿਧਾਂਤ ਦੇ ਵਿਸ਼ਵਾਸੀ ਮਹਾਰਾਜਾ ਰਣਜੀਤ ਸਿੰਘ, ਨੇ ਹੀ 'ਕੁਰਾਨ ਸ਼ਰੀਫ਼' ਦੀ ਇਕ ਅਤਿ ਸੁੰਦਰ ਤੇ ਸਚਿੱਤਰ ਸੁਨਹਿਰੀ ਜਿਲਦ ਇਕ ਮੁਸਲਮਾਨ ਕਾਤਬ ਨੂੰ ਮੂੰਹ-ਮੰਗਿਆ ਮੁੱਲ, ਭਾਵ ਦਸ-ਹਜ਼ਾਰ ਮੁਹਰ, ਨਕਦ ਦੇ ਕੇ ਪ੍ਰਾਪਤ ਕੀਤੀ ਸੀ ।[137] ਕਹਿੰਦੇ ਹਨ, ਜਦੋਂ ਫਕੀਰ ਅਜ਼ੀਜ਼ੁ ਦੀਨ ਨੇ ਨਿਮ੍ਹੀ ਜਿਹੀ ਮੁਸਕਾਨ ਨਾਲ ਪੁਛਿਆ, "ਮਹਾਰਾਜ ! ਇਹ ਤਾਂ ਮੋਮਨ ਦੇ ਕੰਮ ਆਉਣ ਵਾਲੀ ਪੁਸਤਕ ਹੈ, ਤੁਹਾਡਾ ਇਸ ਨਾਲ ਕੀ ਸੰਬੰਧ ? ਤੁਹਾਨੂੰ ਇਸ ਤੋਂ ਕੀ ਹਾਸਲ ?" ਤਾਂ ਮਹਾਰਾਜ ਨੇ ਬੜੇ ਮਾਣ ਨਾਲ ਮੁਸਕਰਾ ਕੇ ਆਖਿਆ ਸੀ, "ਫਕੀਰ ਜੀ ! ਰੱਬ ਜੀ ਦੀ ਇੱਛਾ ਸੀ ਕਿ ਮੈਂ ਸਭ ਧਰਮਾਂ, ਉਨ੍ਹਾਂ ਦੇ ਸਭ ਅਨੁਆਈਆਂ ਤੇ ਧਰਮ-ਪੁਸਤਕਾਂ ਨੂੰ ਇਕੋ ਨਜ਼ਰ ਨਾਲ ਵੇਖਦਾ ਰਹਾਂ, ਇਸੇ ਲਈ ਉਨ੍ਹਾਂ ਨੇ ਮੇਰੀ ਦੂਜੀ ਅੱਖ ਦਾ ਚਾਨਣ ਮੈਥੋਂ ਬਚਪਨ ਵਿਚ ਹੀ ਖੋਹ ਲਿਆ ਸੀ । ਤੇ ਇਸੇ ਕਰ ਕੇ ਮੈਂ 'ਕੁਰਾਨ' ਤੇ 'ਪੁਰਾਨ' ਆਦਿ ਨੂੰ ਇਕੋ ਨਜ਼ਰ ਨਾਲ ਵੇਖਦਾ ਤੇ ਸਤਿਕਾਰਦਾ ਹਾਂ ।"

ਕਈ ਮਸੀਤਾਂ, ਮੰਦਰਾਂ ਤੇ ਠਾਕਰਦੁਆਰਿਆਂ ਦੇ ਨਾਂ ਲਾਈਆਂ ਕਈ ਜਾਗੀਰਾਂ ਤੋਂ ਛੁੱਟ, ਬਨਾਰਸ ਤੇ ਜਵਾਲਾਮੁਖੀ ਦੇ ਮੰਦਰਾਂ ਦੀ ਕੀਤੀ ਸਵਰਨ-ਸੇਵਾ ਵੀ ਉਨ੍ਹਾਂ ਦੀ ਅਜਿਹੀ ਉਦਾਰ ਰੁਚੀ, ਸੈਕੂਲਰ ਨੀਤੀ ਅਤੇ ਸਾਂਝੇ ਉਪਕਾਰੀ ਸਲੂਕ ਦੀ ਹੀ ਸਾਖ ਭਰਦੀ ਹੈ । ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸੰਨ 1838 ਵਿਚ ਸ਼ਾਹ ਸੁਜਾਅ ਨੂੰ, ਉਸ ਦੀ ਬੇਨਤੀ ਤੇ ਕਾਬਲ ਦਾ ਤਖਤ ਮੁੜ ਦੁਆਣ ਲਈ ਆਪ ਵਲੋਂ ਪੇਸ਼ ਹੋਈਆਂ ਸ਼ਰਤਾਂ ਵਿਚ, ਆਪਣੀ ਹਿੰਦੂ ਪਰਜਾ ਦੇ ਧਾਰਮਕ ਜਜ਼ਬੇ ਤੇ ਸਮੁੱਚੇ ਹਿੰਦੁਸਤਾਨ ਦੀ ਗੈਰਤ ਨੂੰ ਮੁੱਖ ਰਖਦਿਆਂ, ਚੰਦਨ ਦੇ ਉਨ੍ਹਾਂ ਦਰਵਾਜ਼ਿਆਂ ਦੀ ਸਤਿਕਾਰ-ਸਹਿਤ ਵਾਪਸੀ ਵੀ ਸ਼ਾਮਲ ਸੀ, ਜੋ ਬੁਤ-ਸ਼ਿਕਨ ਮਹਿਮੂਦ ਅੱਠ ਸੌ ਵਰ੍ਹੇ ਪਹਿਲਾਂ ਸੋਮਨਾਥ ਦੇ ਮੰਦਰ ਤੋਂ ਉਖਾੜ ਕੇ ਗ਼ਜ਼ਨੀ ਲੈ ਗਿਆ ਸੀ ।[138]

ਆਸਟਰੀਅਨ ਵਿਗਿਆਨੀ, ਬੈਰਨ ਹੂਗਲ, ਜੋ ਸੰਨ 1835 ਵਿਚ ਜਵਾਲਾਮੁਖੀ ਦੇ ਦਰਸ਼ਨਾਂ ਲਈ ਗਿਆ ਸੀ, ਲਿਖਦਾ ਹੈ :

---

135. ਸ੍ਰੀ ਦਸਮ ਗ੍ਰੰਥ ਸਾਹਿਬ, ਸੰਨ 1734 ਦੇ ਸੰਪਾਦਿਤ, 'ਅਕਾਲ ਉਸਤਤਿ', ਕਬਿੱਤ ਨੰ: 15/85 ।

137. ਨੈਨਸੀ ਸਿੰਘ ਅਨੁਸਾਰ: This same large holy Queen is on display today at Lahore Museum, Pakistan, and is being preserved with great care, which I, myself, saw in March, 1977 on my visit to Lahore. (The Sikh Review, op. cit., Vol. xxviii no, 320., p. 63.

138. ਵੇਖੋ : Macmunn, G. F. Afghanistan from Darius to Amanallah, London-1929, p. 99, The Lure of the Indus, being the final acquisition of India, London-1936, p. 22.

"ਵੱਡੀ ਤੇ ਛੋਟੀ ਦੋਹਾਂ ਇਮਾਰਤਾਂ ਦੇ ਸੁਨਹਿਰੀ ਛੱਤਰ ਬੜੇ ਹੀ ਰੱਸਿਕ ਤੇ ਸ਼ਾਨਦਾਰ ਢੰਗ ਨਾਲ ਬਣਾਏ ਤੇ ਸਜਾਏ ਗਏ ਹਨ। ਇਹ ਦੋਵੇਂ ਮਹਾਰਾਜਾ ਰਣਜੀਤ ਸਿੰਘ ਦੀ ਦੇਣ ਹਨ।"[139] ਮੁਨਸ਼ੀ ਸੋਹਨ ਲਾਲ ਦੇ ਰੋਜ਼ਨਾਮਚੇ ਵਿਚ ਲਿਖਿਆ ਹੈ ਕਿ ਮਹਾਰਾਜਾ ਸਾਹਿਬ ਨੇ 1835 ਦੇ ਅਗਸਤ ਵਿਚ ਉਥੋਂ ਲਈ ਦੋ ਸੁਨਹਿਰੀ ਛੱਤਰ ਵੀ ਭੇਟਾ ਕੀਤੇ ਸਨ।[140] ਇਉਂ ਹੀ, ਬਨਾਰਸ ਦੇ ਵਿਸ਼ਵਾਨਾਥ ਮੰਦਰ ਦੇ ਸ਼ਿਖਰਾਂ ਦੀ ਸੁਨਹਿਰੀ ਸੇਵਾ ਲਈ ਤੇਤੀ ਮਣ ਸੋਨਾ ਆਪ ਨੇ ਹੀ ਭੇਜਿਆ ਸੀ।[141] ਲਾਹੌਰ ਵਿਚ ਕਾਇਮ ਧਰਮੀ ਹਕੀਕਤ ਰਾਏ ਦੀ ਸਮਾਧ ਨਾਲ ਜਗੀਰ ਆਪ ਨੇ ਹੀ ਲਾਈ ਸੀ। ਆਪ ਨੇ ਹੀ ਸੰਨ 1825 ਵਿਚ ਜਲੰਧਰ ਦੇ ਇਕ ਮੰਦਰ ਸਾਹਵੇਂ, ਝੁੱਗੀ ਪਾ ਕੇ, ਰਹਿ ਰਹੇ ਇਕ ਬੁੱਢੇ ਸਾਧੂ ਲਈ, ਉਸ ਦੀ ਇਛਾ ਨੂੰ ਮੁਖ ਰਖਦਿਆਂ, ਜਵਾਲਾਮੁਖੀ ਵਿਚ ਇਕ ਉਚੇਚਾ ਡੇਰਾ ਬਣਵਾ ਦਿਤਾ ਸੀ। ਉਹ ਛੱਜੂ ਭਗਤ ਦੇ ਚੁਬਾਰੇ ਆਮ ਜਾਇਆ ਕਰਦੇ ਸਨ, ਅਤੇ ਸਾਧੂਆਂ ਦੇ ਰਹਿਣ-ਬਹਿਣ ਲਈ ਉਨ੍ਹਾਂ ਨੇ ਉਥੇ ਕਈ ਇਮਾਰਤਾਂ ਵੀ ਬਣਵਾ ਦਿਤੀਆਂ ਸਨ।[142] ਇਉਂ ਹੀ ਧੌਲਬਾਹਾ ਵਿਖੇ ਇਕ ਸ਼ਿਵ ਮੰਦਰ ਵੀ ਉਸਰਵਾ ਦਿਤਾ ਸੀ ਅਤੇ ਉਸ ਦੇ ਮਹੰਤ ਦੇ ਨਾਂ ਜਾਗੀਰ ਵੀ ਲਾ ਦਿਤੀ ਸੀ।[143]

ਮਹਾਰਾਜਾ ਸਾਹਿਬ ਨੇ ਆਪਣੀ ਮੁਸਲਮਾਨ ਪਰਜਾ ਦੇ ਭਾਵਾਂ ਤੇ ਲੋੜਾਂ ਨੂੰ ਮੁਖ ਰਖਦਿਆਂ, ਉਨ੍ਹਾਂ ਦੇ ਧਰਮ-ਸਥਾਨਾਂ ਤੇ ਮਜ਼ਾਰਾਂ ਨਾਲ ਵੀ ਜਾਗੀਰਾਂ ਲਾਈਆਂ ਤੇ ਲੋੜੀਂਦੀਆਂ ਸਹੂਲਤਾਂ ਪਹੁੰਚਾਈਆਂ ਹੋਈਆਂ ਸਨ। ਆਪ ਨੇ ਸੰਨ 1799 ਵਿਚ, ਲਾਹੌਰ ਉਤੇ ਕਬਜ਼ਾ ਕਰਦਿਆਂ ਹੀ, ਉਸ ਦੀ ਸੁਨਹਿਰੀ ਮਸਜਿਦ ਦਾ ਅਧਿਕਾਰ ਉਨ੍ਹਾਂ ਦੇ ਮੁਖੀਆਂ ਨੂੰ ਦੁਆ ਦਿਤਾ ਸੀ।[144] ਦਾਤਾਗੰਜ ਬਖਸ਼ ਦੇ ਮਜ਼ਾਰ ਦੀ ਮੁਰੰਮਤ ਤੇ ਸਜਾਵਟ, ਸਰਕਾਰੀ ਤੌਰ ਤੇ, ਆਪ ਨੇ ਹੀ ਕਰਵਾਈ ਸੀ, ਅਤੇ ਉਸ ਦੇ ਦਾਇਮੀ ਪ੍ਰਬੰਧ ਲਈ ਉਸ ਨਾਲ ਬਾਕਾਇਦਾ ਜਾਗੀਰ ਵੀ ਲਾ ਦਿਤੀ ਸੀ। ਇਸ ਤੋਂ ਛੁੱਟ, ਉਥੇ ਹਰ ਵਰ੍ਹੇ, ਉਰਸ ਦੇ ਅਵਸਰ ਤੇ, ਇਕ ਹਜ਼ਾਰ ਰੁਪਏ ਦੀ ਭੇਟਾ ਵੀ ਹਾਜ਼ਰ ਕਰ ਜਾਂ ਕਰਵਾ ਦਿਆ ਕਰਦੇ ਸਨ।[145] ਉਨ੍ਹਾਂ ਨੇ ਸ਼ੇਖ ਅਬਦੁਲ ਕਾਦਰ ਜ਼ੀਲਾਨੀ ਦੇ ਵਾਰਸਾਂ ਨੂੰ ਵੀ ਜਾਗੀਰਾਂ ਨਾਲ ਨਿਵਾਜਿਆ ਹੋਇਆ ਸੀ। ਇਸੇ ਤਰ੍ਹਾਂ, ਸੰਨ 1818 ਵਿਚ ਆਪ ਨੇ ਮੁਲਤਾਨ ਦੇ ਪੀਰ ਬਹਾਵਲ ਹਕ ਦੇ ਲੰਗਰ ਨੂੰ ਚਾਲੂ ਰਖਣ ਲਈ, ਪੈਂਤੀ ਸੌ ਰੁਪਏ ਸਾਲਾਨਾ ਦੀ ਜਾਗੀਰ ਮੁਕਰਰ ਕਰ ਦਿਤਾ ਸੀ।[146] ਸੰਨ 1821

139. Hugel, Travels in Cashmere and the Panjab, op. cit., p. 45.
140. ਸੋਹਣ ਲਾਲ, ਉਮਦਾ ਤੂ ਤਵਾਰੀਖ, ਉਹੀ, ਦਫਤਰ 3, ਭਾਗ 2, ਪੰਨਾ 263
141. ਵੇਖੋ : Maharaja Ranjit Singh Centenary Memorial, op. cit., p. ix.
142. ਵੇਖੋ : ਉਮਦਾ-ਤੁ-ਤਵਾਰੀਖ, ਉਹੀ, ਦਫਤਰ 3, ਭਾਗ 5, ਪੰਨਾ 15, 108, ਦਫਤਰ 4, ਪੰਨਾ 25, ਇਤਿਆਦਿ।
143. ਵੇਖੋ : Proceedings of Panjab History Conference, 13th Session, Patiala-1980, p. 167.
144. Latif, K. B., Syed Mohammad, Lahore : Its History, Architedural Remains and Antiquities, etc., Lahore-1892, p. 138.
145. ਵੇਖੋ : ਅਲੀ-ਉ-ਦੀਨ, ਇਬਰਤਨਾਮ, ਉਹੀ, ਵ. 712-14। 712-14; Latif, Lahore, op. cit., pp. 158-59.
146. Gazetter of District Mooltan, Lahore, 1883-84, p. 52.

ਵਿਚ ਰਾਵੀ ਦੇ ਹੜ੍ਹ ਨੇ ਸ਼ਾਹ ਬਿਲਾਵਲ ਦ ਮਜ਼ਾਰ ਨੂੰ ਜਦੋਂ ਆਪਣੀ ਲਪੇਟ ਵਿਚ ਲੈਣਾ ਚਾਹਿਆ, ਤਾਂ ਮਹਾਰਾਜਾ ਸਾਹਿਬ ਨੇ ਉਸ ਨੂੰ ਬਚਾਉਣ ਲਈ ਹਜ਼ਾਰਾਂ ਰੁਪਏ ਖ਼ਰਚ ਕੇ, ਬੰਧ ਬੰਨਵਾ ਦਿਤਾ ਸੀ। ਪਰ ਜਦੋਂ ਉਹ ਉਸ ਦੀ ਦਾਹ ਤੋਂ, ਫਿਰ ਵੀ, ਬਚਦਾ ਨਜ਼ਰ ਨਾ ਆਇਆ, ਤਾਂ ਉਨ੍ਹਾਂ ਨੇ ਉਸ ਨੂੰ ਆਪਣੀ ਪਹਿਲੀ ਥਾਂ ਤੋਂ ਉਠਵਾ ਕੇ ਤੇ ਵਰਤਮਾਨ ਥਾਂ ਉਤੇ ਟਿਕਵਾ ਕੇ, ਉਸ ਦੀ ਇਮਾਰਤ ਨੂੰ ਨਵੇਂ ਸਿਰੇ ਉਸਰਵਾ ਦਿਤਾ ਸੀ।[147]

5. ਪੰਡਤ ਦੇਬੀ ਪ੍ਰਸਾਦ ਦਸਦੇ ਹਨ ਕਿ ਮਹਾਰਾਜ ਸਾਹਿਬ ਨੇ ਅਜਿਹੇ ਧਰਮ-ਅਸਥਾਨਾਂ ਲਈ ਪੰਜਾਹ ਲੱਖ ਰੁਪਏ ਸਾਲਾਨਾ ਦੀਆਂ ਜਾਗੀਰਾਂ ਲਾਈਆਂ ਹੋਈਆਂ ਸਨ।[148]

ਇਥੇ ਇਹ ਦਸਣਾ ਕੁਥਾਂ ਨਹੀਂ ਹੋਵੇਗਾ ਕਿ ਧਰਮ-ਅਰਥ ਤੇ ਦਾਨ-ਪੁੰਨ ਵਜੋਂ ਵਰਤੀਆਂ-ਵਰਤਾਈਆਂ ਜਾਂਦੀਆਂ ਅਜਿਹੀਆਂ ਰਕਮਾਂ ਉਸ ਸਮੇਂ ਤੇ ਆਰਥਕ ਸਥਿਤੀ ਨਾਲ ਸੰਬੰਧਤ ਹਨ ਜਦੋਂ ਰੁਪਏ ਦਾ ਮੁੱਲ ਇੰਨਾ ਜ਼ਿਆਦਾ ਸੀ ਕਿ ਉਨ੍ਹਾਂ ਦੇ ਇਕ ਲਾਇਕ ਸਮਕਾਲੀ, ਉਕਤ ਵਿਗਿਆਨੀ ਤੇ ਸੈਲਾਨੀ ਬੈਰਨ ਹੂਗਲ, ਅਨੁਸਾਰ, ਪੰਜਾਬ ਦਾ ਕੋਈ ਨੌਂ ਆਨੇ (ਅਜੋਕੇ ਛਿਵੰਜਾ ਪੈਸੇ) ਮਾਹਵਾਰ ਦੇ ਖਰਚ ਨਾਲ ਆਪਣੇ ਟੱਬਰ ਨੂੰ ਚੰਗੀ ਤਰ੍ਹਾਂ ਪਾਲ ਸਕਦਾ ਸੀ।[149]

6. ਸ਼ੇਰੇ-ਪੰਜਾਬ ਦੇ ਅਜਿਹੇ ਉਪਕਾਰੀ ਸੁਭਾ, ਨਿਰਪੱਖ ਨੀਤੀ ਤੇ ਸੁਚੱਜੇ ਰਾਜ-ਪ੍ਰਬੰਧ ਰਾਹੀਂ ਸਮੂਹ ਪੰਜਾਬੀਆਂ ਨੂੰ ਨਸੀਬ ਹੋਏ ਅਮਨ-ਅਮਾਨ ਤੇ ਖ਼ੁਸ਼ਹਾਲੀ ਨੂੰ ਹੀ ਮੁੱਖ ਰਖਦਿਆਂ, ਫ਼ਕੀਰ-ਘਰਾਣੇ ਦੇ ਅਜੋਕੇ ਵਿਦਵਾਨ ਵਾਰਸ, ਫ਼ਕੀਰ ਵਹੀਦ ਦੀਨ ਨੇ ਲਿਖਿਆ ਹੈ :

"ਸਾਰੇ ਮਤ ਤੇ ਫਿਰਕੇ ਉਨ੍ਹਾਂ ਨੂੰ ਕੇਵਲ ਆਪਣਾ ਰੱਖਿਅਕ ਹੀ ਨਹੀਂ... ਆਪਣੇ ਵਿਚੋਂ ਹੀ ਇਕ, ਆਪਣਾ ਹਮ-ਜ਼ਾਤ ਜਾਂ ਹਮ-ਸ਼ਹਿਰੀ, ਸਮਝਦੇ ਸਨ।"[150] ਮਹਾਰਾਜਾ ਰਣਜੀਤ ਸਿੰਘ ਦੀ ਉਕਤ ਉਦਾਰ, ਮਿਲਾਪੜੀ ਤੇ ਸੈਕੂਲਰ ਨੀਤੀ, ਇਸ ਹਕੀਕਤ ਨੂੰ ਮੁੱਖ ਰਖਦਿਆਂ ਕਿੰਨੀ ਅਸਚਰਜ, ਅਨੂਠੀ ਤੇ ਮਾਣਕਰਨਯੋਗ ਜਾਪਦੀ ਹੈ, ਕਿ ਉਹ ਜਿਨ੍ਹਾਂ ਧਰਮਾਂ ਦੇ ਨਾਮ-ਲੇਵਿਆਂ ਨੂੰ ਇਉਂ ਖੁਲ੍ਹੇ-ਦਿਲ ਨਿਵਾਜ ਰਹੇ ਹਨ, ਉਨ੍ਹਾਂ ਦੇ ਆਪਣੇ ਸਹਿਧਰਮੀ ਉਨ੍ਹਾਂ ਵਿਚੋਂ ਕਈਆਂ ਦੇ ਨਿਰਦੇਈ ਤੇ ਤੁਅੱਸਬੀ ਧਾਰਮਕ ਅਤਿਆਚਾਰ ਤੋਂ, ਅਜੋਕੇ ਹੀ, ਮਸਾਂ ਬਚ ਨਿਕਲੇ ਸਨ।

ਸਤਵਾਂ ਅੰਗ :

> "ਮੈਂ ਸ਼ਹਿਨਸ਼ਾਹ ਖ਼ਿਲਤ ਦੇ ਨਾਲ ਨਾਲ, ਹੁਸ਼ਿਆਰੀ ਤੇ ਖ਼ਬਰਦਾਰੀ ਦਾ ਕੱਜਣ ਵੀ ਪਹਿਨੇ ਰਖਿਆ ਹੈ।"

ਇਹ ਉਸ ਤਰ੍ਹਾਂ ਦੀ ਚੌਕਸੀ ਤੇ ਹੁਸ਼ਿਆਰੀ ਹੈ ਜਿਸ ਨੂੰ ਸੁਚੱਜ ਨਾਲ ਵਰਤਣ ਦੀ ਹਦਾਇਤ ਉਨ੍ਹਾਂ ਨੇ ਮੇਜਰ ਲਾਰੰਸ ਨੂੰ, ਕਾਂਗੜੇ ਦਾ ਪ੍ਰਬੰਧ ਸੌਂਪਣ ਲਗਿਆਂ, ਉਕਤ ਗੁਪਤ ਹੁਕਮ ਵਿਚ ਇਉਂ ਕੀਤੀ ਸੀ :

147. Latif, Lahore, op. cit., p. 203.
148. ਦੇਬੀ ਪ੍ਰਸਾਦ, ਪੰਨਾ, ਤਾਰੀਖੇ ਗੁਲਸ਼ਨੇ ਪੰਜਾਬ, ਲਖਨਊ—1850 ਪੰਨਾ
149. Hugel, Travells in Cashmere and the Punjab, op. cit., p. 391.
150. Waheedu-ud-din, The Real Ranjit Singh, op. cit., p. 25.

"ਤੂੰ ਸਦਾ ਕਾਂਗੜੇ ਦੇ ਕਿਲ੍ਹੇ ਵਿਚ ਹੀ ਰਹਿਣਾ ਹੈ, ਜਾਂ ਜ਼ਰੂਰੀ ਗੈਰ-ਹਾਜ਼ਰੀ ਦੇ ਦੌਰਾਨ ਇਹਨੂੰ ਆਪਣੇ ਸਭ ਤੋਂ ਇਤਬਾਰੀ ਪੈਰੋਕਾਰ ਨੂੰ ਸੌਂਪ ਕੇ ਜਾਣਾ ਹੈ। ਉਹ ਭਾਵੇਂ ਤੇਰਾ ਤਤਕਾਲੀ ਨਾਇਬ ਹੋਵੇ ਜਾਂ ਕੋਈ ਹੋਰ, ਉਸ ਦਾ ਤੇਰਾ'ਦੂਜਾ ਰੂਪ' ਹੋਣਾ ਜ਼ਰੂਰੀ ਹੈ। ਉਸ ਦੇ ਤੇ ਤੇਰੇ ਹੁਕਮ ਅਨੁਸਾਰ, ਕਿਲ੍ਹੇ ਨੂੰ ਸਭ ਅੰਦਰ-ਦੇ-ਚਾਹਵਾਨਾਂ ਲਈ ਬੰਦ ਰਖਣਾ ਹੈ। ਉਹ ਭਾਵੇਂ ਕੋਈ ਵੀ ਹੋਣ-ਭਾਵੇਂ ਮੇਰਾ ਬੇਟਾ, ਵਜ਼ੀਰ ਜਾਂ ਕੋਈ ਨਿਜੀ ਨੌਕਰ ਹੀ ਹੋਵੇ, ਉਸ ਪਾਸ ਮੇਰੀ ਸਨਦ ਹੋਵੇ ਜਾਂ ਨਾ, ਕਿਸੇ ਨੂੰ ਵੀ ਅੰਦਰ ਦਾਖਲ ਨਹੀਂ ਹੋਣ ਦੇਣਾ, ਮੈਨੂੰ ਵੀ ਉਦੋਂ ਤਕ ਦਾਖਲ ਨਹੀਂ ਹੋਣ ਦੇਣਾ, ਜਦੋਂ ਤਕ ਮੈਂ ਖਿੜਕੀ ਵਿਚੋਂ ਆਪਣਾ ਸਿਰ ਤਿੰਨ ਵਾਰ ਘੁਸੇੜ ਨਾ ਦਿਤਾ ਹੋਵੇ ਅਤੇ ਤੂੰ ਵੀ ਮੇਰੀ ਦਾੜ੍ਹੀ ਨੂੰ ਤਿੰਨ ਵਾਰ ਪੜਤਾਲ ਨਾ ਲਿਆ ਹੋਵੇ। ਤੂੰ ਤਦੋਂ ਤੇ ਕੇਵਲ ਤਦੋਂ ਹੀ ਦਰ ਖੋਲ੍ਹਣਾ ਹੈ। ਤੂੰ ਕਸ਼ਮੀਰ ਤੋਂ ਲੈ ਕੇ ਬਿਲਾਸਪੁਰ ਤਕ ਦੇ ਸਭ ਗੁਆਂਢੀਆਂ ਉਤੇ ਨਿਗਾਹ ਰਖਣੀ ਹੈ। ਜੰਮੂ, ਨੂਰਪੁਰ ਜਾਂ ਮੰਡੀ ਵਿਚ ਜਦੋਂ ਵੀ ਕੋਈ ਹਿਲ-ਜੁਲ ਹੋਵੇ, ਫਕੀਰ ਅਜ਼ੀਜ਼ੁ ਦੀਨ ਨੂੰ ਫੌਰਨ ਸੂਚਿਤ ਕਰ ਦੇਣਾ ਹੈ। ਜੇ ਕਿਸੇ ਵੀ ਪਾਸੇ ਗੜਬੜ ਦੀ ਕੋਈ ਨਿਸ਼ਾਨੀ ਨਜ਼ਰ ਆ ਜਾਏ ਜਾਂ ਸਾਡਾ ਅਸਰਰਸੂਖ਼ ਵਧਾਉਣ ਦਾ ਕੋਈ ਮੌਕਾ ਪੇਸ਼ ਆ ਜਾਏ, ਤਾਂ ਖ਼ਬਰਦਾਰ ਰਹਿਣਾ ਹੈ ਅਤੇ ਵਿਦਤ ਕਰਦੇ ਰਹਿਣਾ ਹੈ। ਪਰ ਸਵੈ-ਰਖਿਆ ਤੋਂ ਛੁੱਟ, ਸਪਸ਼ਟ ਹੁਕਮ ਪ੍ਰਾਪਤ ਕਰੇ ਬਿਨਾਂ ਕਿਸੇ ਤਰ੍ਹਾਂ ਦੀ ਕੋਈ ਕਾਰਵਾਈ ਨਹੀਂ ਕਰਨੀ। ਉਸ ਸੂਰਤ ਵਿਚ ਵੀ, ਇਹ ਜਾਣਦੇ ਹੋਇਆਂ ਕਾਹਲ ਨਹੀਂ ਕਰਨੀ ਕਿ ਸਰਕਾਰ ਦੀ ਮਨਸ਼ਾ ਬਦਲ ਵੀ ਸਕਦੀ ਹੈ ਜਾਂ ਹਾਲਾਤ ਵੀ ਕੋਈ ਹੋਰ ਸ਼ਕਲ ਇਖਤਿਆਰ ਕਰ ਸਕਦੇ ਹਨ। ਇਥੇ ਬਹੁਤ ਕੁਝ ਨਹੀਂ ਕਿਹਾ ਗਿਆ, ਪਰ ਤੇਰੇ ਵਿਚ ਲੋੜੀਂਦੀ ਸੂਝਬੂਝ ਹੈ ਅਤੇ ਤੂੰ ਉਹ ਕੁਝ ਸਮਝ ਜਾਏਂਗਾ। ਪਰ ਮੁਲਾਜ਼ਮ ਸਿਆਣੇ ਅਤੇ ਆਗਿਆਕਾਰ ਹਨ। ਉਨ੍ਹਾਂਨੂੰ ਲਾਪਰਵਾਹੀ ਨਾਲ, ਉਸ ਦੇ ਉਲਟ ਹੋਣ ਲਈ ਵਰਗਲਾਉਣਾ ਕਰੂਰਤਾ ਤੇਬੇਰਹਿਮੀ ਹੋਵੇਗੀ। ਸੋ, ਇਹ ਕਦੇ ਨਹੀਂ ਸੋਚਣਾ ਕਿ ਮੇਰੇ ਹਿਰਦੇ ਵਿਚ ਸ਼ਕ-ਸੰਦੇਹ ਵਸ ਰਿਹਾ ਹੈ। ਇਹ ਗੱਲ ਇਉਂ ਬਿਲਕੁਲ ਨਹੀਂ। ਕਾਂਗੜੇ ਦੇ ਆਲੇ-ਦੁਆਲੇ ਨਿਯਤ ਸਰਦਾਰ ਮੇਰੇ ਮਨਜ਼ੂਰੇ ਨਜ਼ਰ ਹਨ। ਸ਼ਾਲਾ! ਉਹ ਚਿਰਕਾਲ ਤਕ ਮੇਰੀ ਕਿਰਪਾ-ਦ੍ਰਿਸ਼ਟੀ ਦੇ ਹੱਕਦਾਰ ਇਉਂ ਹੀ ਬਣੇ ਰਹਿਣ! ਫਿਰ ਵੀ, ਚੌਕਸੀ ਤੇ ਦੂਰ-ਅੰਦੇਸ਼ੀ ਮੁਸੀਬਤ ਤੋਂ ਬਚਾ ਲੈਂਦੀਆਂ ਹਨ। ਬਲੈਸਿਜ਼! ਚੌਕਸ ਰਹੀਂ, ਹੁਸ਼ਿਆਰ ਰਹੀਂ, ਖਬਰਦਾਰ ਰਹੀਂ।"[150A]

ਮਹਾਰਾਜਾ ਰਣਜੀਤ ਸਿੰਘ ਆਪ ਵੀ, ਸਾਰੀ ਉਮਰ, ਇਵੇਂ ਹੀ ਚੌਕਸ, ਹੁਸ਼ਿਆਰ ਤੇ ਖਬਰਦਾਰ ਰਹੇ ਸਨ। ਉਨ੍ਹਾਂ ਦੀ ਭਰਪੂਰ ਸਫਲਤਾ ਦਾ ਇਕ ਮੁਖ ਕਾਰਨ ਉਨ੍ਹਾਂ ਦੇ ਸੂਝ ਤੇ ਨੀਤੀ ਦਾ ਇਹ ਇਕ ਖਾਸ ਗੁਣ ਵੀ ਸੀ। ਪੰਜਾਬ ਦੀ ਹੰਨੇ-ਹੰਨੇ ਮੀਰੀ ਅਤੇ ਖਤਮ ਕੀਤੇ ਹੋਏ ਮੀਰਾਂ ਨੂੰ ਸੰਤੁਸ਼ਟ ਰਖਣ, ਸਦੀਆਂ ਤੋਂ ਪੰਜਾਬ ਨੂੰ ਲਿਤਾੜਦੇ ਰਹੇ ਪਠਾਣਾਂ ਤੇ ਅਫਗਾਨਾਂ ਦਾ ਮੱਕੂ ਠੱਪਣ ਅਤੇ ਉਨ੍ਹਾਂ ਦੇ ਨੱਕ ਵਿਚ ਨੁਕੇਲ ਪਾਈ ਰਖਣ, ਬਾਕੀ ਹਿੰਦੁਸਤਾਨ ਉਤੇ ਕਾਬਜ਼ ਹੋ ਚੁਕੇ ਅੰਗਰੇਜ਼ਾਂ ਦੀ ਕੂਟ-ਨੀਤੀ ਸਮਝਣ ਅਤੇ ਜੀਉਂਦੇ-ਜੀਅ ਉਨ੍ਹਾਂ ਨੂੰ ਆਪਣੇ ਰਾਜ-ਖੇਤਰ ਤੋਂ ਪਰੇਡੇ ਰਖਣ ਲਈ ਜੋ ਰਾਜਨੀਤਕ ਸੋਝੀ ਤੇ ਚੌਕਸੀ ਉਨ੍ਹਾਂ ਨੇ ਵਰਤੀ ਸੀ, ਉਹ ਕੇਵਲ ਕਾਮਯਾਬ ਹੀ ਨਹੀਂ, ਆਪਣੀ ਮਿਸਾਲ ਆਪ ਵੀ ਸੀ। ਇਸੇ ਲਈ ਡਾ: ਗੰਡਾ ਸਿੰਘ ਦੇ ਅੱਗੇ ਵਿਚਾਰ ਵਿਚ ਕੋਈ ਅਤਿਕਥਨੀ ਨਹੀਂ ਜਾਪਦੀ :

150-A. Lawrence, Adventures of an Officer in the Punjab, op. cit., p. 65-66.

"ਉਹ ਆਪਣੀ ਸਰੇਸ਼ਟ ਰਾਜਨੀਤਕ ਸੋਝੀ ਤੇ ਸੈਨਿਕ ਪ੍ਰਭਿਤਾ ਰਾਹੀਂ ਮੌਜੂਦਾ ਰਿਆਸਤਾਂ ਨੂੰ ਆਪਣੇ ਅਧੀਨ ਕਰਨ ਅਤੇ ਪੰਜਾਬੀਆਂ ਨੂੰ ਇਕ ਤਕੜੀ ਕੌਮ ਦੇ ਰੂਪ ਵਿਚ ਇਕਮੁੱਠ ਕਰਨ ਵਿਚ ਕਾਮਯਾਬ ਹੋ ਗਏ ਸਨ।"[151] ਰਤਾ ਅਗੇਰੇ ਜਾ ਕੇ ਇਹ ਵੀ ਉਨ੍ਹਾਂ ਨੇ ਹੀ ਲਿਖਿਆ ਹੈ ਕਿ :

"ਮਹਾਰਾਜਾ ਰਣਜੀਤ ਸਿੰਘ ਇਕ ਬੜੇ ਸੂਝਵਾਨ ਹਾਕਮ ਸਨ। ਅੰਗਰੇਜ਼ਾਂ ਦੀ ਸਾਜ਼-ਬਾਜ਼ ਅਤੇ ਕੂਟਨੀਤੀ ਉਦੋਂ ਦੇ ਹਿੰਦੁਸਤਾਨ ਵਿਚ, ਉਨ੍ਹਾਂ ਤੋਂ ਬਿਹਤਰ, ਸ਼ਾਇਦ, ਹੋਰ ਕੋਈ ਵੀ ਸਮਝ ਨਹੀਂ ਸਕਿਆ।"[152]

ਅਠਵਾਂ ਅੰਗ :

> "ਮੈਂ ਫਕੀਰਾਂ ਤੇ ਪਵਿੱਤਰ ਪੁਰਸ਼ਾਂ ਦੀ ਸੇਵਾ ਕਰਦਾ ਅਤੇ ਉਨ੍ਹਾਂ ਦੀਆਂ ਅਸੀਸਾਂ ਪ੍ਰਾਪਤ ਕਰਦਾ ਰਿਹਾ ਹਾਂ।"

ਮਹਾਰਾਜਾ ਰਣਜੀਤ ਸਿੰਘ ਦੇ ਉਕਤ ਕਥਨ ਦੀ ਤਸਦੀਕ ਵੀ ਕਈ ਸਮਕਾਲੀ ਬਿਆਨਾਂ ਤੋਂ ਭਲੀ ਪ੍ਰਕਾਰ ਹੋ ਜਾਂਦੀ ਹੈ। ਜਿਵੇਂ :—

1. ਸੰਨ 1834 ਵਿਚ, ਉਨ੍ਹਾਂ ਦੇ ਜੀਉਂਦੇ-ਜੀਅ, ਪ੍ਰਿੰਸੇਪ ਨੇ ਲਿਖਿਆ ਸੀ :

"ਮਹਾਰਾਜ ਰਣਜੀਤ ਸਿੰਘ ਫਕੀਰਾਂ ਤੇ ਪਵਿੱਤਰ ਲੋਕਾਂ ਲਈ ਦਾਨ-ਪੁੰਨ ਕਰਨ ਵਿਚ ਬੜੇ ਉਦਾਰ ਤੇ ਖੁਲ੍ਹ-ਦਿਲੇ ਹਨ।"[153]

2. ਆਪਣੇ ਬਜ਼ੁਰਗ ਬਾਬਾ ਨੌਧ ਸਿੰਘ ਜੀ ਦੀ ਅੱਖੀਂ-ਡਿੱਠੀ ਗਵਾਹੀ ਦੇ ਆਧਾਰ ਤੇ, ਭਾਈ ਕਾਹਨ ਸਿੰਘ ਨਾਭਾ ਨੇ ਦਸਿਆ ਹੈ : "ਜਦ ਦਿੱਲੀ ਦੇ ਗੁਰਦੁਆਰਿਆਂ ਦੇ ਪੁਜਾਰੀ ਇਨ੍ਹਾਂ ਨੂੰ ਲਾਹੌਰ ਮਿਲਣ ਆਏ, ਤਦ ਉਨ੍ਹਾਂ ਦੇ ਚਰਨ ਭਰੇ-ਦਰਬਾਰ ਆਪਣੀ ਦਾੜ੍ਹੀ ਨਾਲ ਝਾੜੇ ਸਨ[154A] ਅਤੇ ਦੁਸਾਂਝ ਨਾਂ ਦਾ ਪਿੰਡ ਜਾਗੀਰ ਵਜੋਂ ਦਿਤਾ ਸੀ।"[154]

3. ਲਾਹੌਰ-ਅੰਮ੍ਰਿਤਸਰ ਵਸਦੇ ਸਾਧਾਂ-ਸੰਤਾਂ ਅਤੇ ਭਾਈਆਂ-ਗਿਆਨੀਆਂ ਨੂੰ ਵੀ ਉਹ, ਇਵੇਂ ਹੀ ਸਤਿਕਾਰਦੇ ਤੇ ਜਾਗੀਰਾਂ ਆਦਿ ਨਾਲ ਸਨਮਾਣਦੇ ਰਹੇ ਹਨ। ਭਾਈ ਸੰਤ ਸਿੰਘ ਗਿਆਨੀ, ਭਾਈ ਗੁਰਮੁਖ ਸਿੰਘ, ਭਾਈ ਵਸਤੀ ਰਾਮ ਤੇ ਭਾਈ ਰੂਪਾ ਆਦਿ ਲਈ ਉਨ੍ਹਾਂ ਦੇ ਦਿਲ ਵਿਚ ਬੜਾ ਪਿਆਰ ਤੇ ਸਤਿਕਾਰ ਸੀ। ਮੁਨਸ਼ੀ ਸ਼ਹਾਮਤ ਅਲੀ ਅਨੁਸਾਰ :

"ਭਾਈ ਵਸਤੀ ਰਾਮ ਜੀ ਦੇ ਨਿਵਾਸ-ਸਥਾਨ ਤੇ ਉਹ ਆਪ, ਕਦੇ-ਕਦਾਈਂ, ਜਾਂਦੇ ਅਤੇ ਉਨ੍ਹਾਂ ਦੀਆਂ ਪਾਵਨ ਅਸੀਸਾਂ ਪ੍ਰਾਪਤ ਕਰਦੇ ਰਹੇ ਹਨ।"[155] ਇਵੇਂ ਹੀ, ਉਹ ਆਪਣੇ ਸਮੇਂ ਦੇ ਉੱਘੇ ਦਰਵੇਸ਼ਾਂ, ਫਕੀਰ ਮਸਤਾਨ ਸ਼ਾਹ ਤੇ ਫਕੀਰ ਅਲਫ ਸ਼ਾਹ ਆਦਿ, ਦੇ ਡੇਰਿਆਂ ਵਿਚ ਵੀ ਜਾ ਕੇ ਨਜ਼ਰਾਂ ਭੇਟਾ ਕਰਦੇ ਅਤੇ ਦੁਆਵਾਂ ਹਾਸਲ ਕਰਦੇ ਰਹੇ ਹਨ।

4. ਮਹਾਰਾਜਾ ਸਾਹਿਬ ਦੇ ਹਿਰਦੇ ਵਿਚ ਸਿੱਖ ਸ਼ਹੀਦਾਂ ਲਈ ਤਾਂ ਬੜੀ ਸ਼ਰਧਾ, ਬੜਾ ਸਤਿਕਾਰ ਸੀ। ਆਪ ਨੇ ਉਨ੍ਹਾਂ ਦੀਆਂ ਯਾਦਗਾਰਾਂ ਨਾਲ ਜਾਗੀਰਾਂ ਲਾ ਦਿਤੀਆਂ ਸਨ।

---

151. A Brief Account of the Sikh People, op. cit., p. 66.
152. Ibid, p. 69. Cunningham, History of the Sikhs, op. cit., P. 198.
153. Prinsep, Origin of the Sikh Power in the Punjab, op. cit., p. 144.
154-A. ਵੇਖੋ : ਕਾਹਨ ਸਿੰਘ, ਮਹਾਨ ਕੋਸ਼, ਉਹੀ, ਪੰਨਾ 763
154. ਪ੍ਰੇਮ ਸਿੰਘ, ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਉਹੀ, ਪੰਨਾ 202
155. Shahamat Ali, The Sikhs and Afghans, op. cit., p. 29.

ਲਾਹੌਰ ਦੇ ਸ਼ਹੀਦ ਗੰਜ ਦੇ ਦਰਸ਼ਨਾਂ ਲਈ ਤਾਂ ਆਪ ਆਮ ਹਾਜ਼ਰ ਹੁੰਦੇ ਸਨ। ਸੱਯਦ ਮੁਹੰਮਦ ਲਤੀਫ ਲਿਖਦਾ ਹੈ :

"ਮਹਾਰਾਜਾ ਰਣਜੀਤ ਸਿੰਘ ਦੇ ਦਿਲ ਵਿਚ ਸ਼ਹੀਦਾਂ ਦੇ ਇਸ ਅਸਥਾਨ ਲਈ ਬੜਾ ਭਾਰੀ ਸਤਿਕਾਰ ਸੀ। ਉਹ ਇਸ ਦੇ ਦਰਸ਼ਨ ਲਈ ਆਮ ਜਾਇਆ ਕਰਦੇ ਸਨ। ਉਨ੍ਹਾਂ ਨੇ ਇਸ ਦੇ ਨਿਰਬਾਹ ਤੇ ਦੇਖ-ਭਾਲ ਲਈ ਲਾਹੌਰ ਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਵਿਚ ਚੋਖੀ ਜਾਗੀਰ ਵੀ ਲਾਈ ਹੋਈ ਸੀ"।[156]

5. ਸ਼ੇਰੇ-ਪੰਜਾਬ ਨੇ ਉਕਤ ਧਰਮ-ਸਥਾਨਾਂ ਲਈ ਲਾਈਆਂ ਜਾਗੀਰਾਂ ਅਤੇ ਸਾਧਾਂ-ਫਕੀਰਾਂ ਨੂੰ ਦਿਤੇ ਸਨਮਾਨਾਂ ਤੋਂ ਛੁੱਟ, ਗਰੀਬਾਂ ਤੇ ਮੁਥਾਜਾਂ ਦੀ ਖੁਸ਼ੀ ਤੇ ਅਸੀਸ ਲੈਣ ਲਈ ਵੀ, ਕਈ ਪ੍ਰਬੰਧ ਕੀਤੇ ਹੋਏ ਸਨ। ਸੱਯਦ ਮੁਹੰਮਦ ਲਤੀਫ਼ ਅਨੁਸਾਰ :

"ਮਹਾਰਾਜਾ ਰਣਜੀਤ ਸਿੰਘ ਦੇ ਸਰਹਾਣੇ ਹੇਠ ਹਰ ਰਾਤ ਇਕ ਸੌ ਰੁਪਿਆ ਰਖਿਆ ਜਾਂਦਾ ਸੀ ਜੋ ਸਵੇਰੇ-ਸਾਰ, ਭਾਈ ਰਾਮ ਸਿੰਘ ਰਾਹੀਂ, ਗ਼ਰੀਬਾਂ ਵਿਚ ਵੰਡ ਦਿਤਾ ਜਾਂਦਾ ਸੀ" :[157] ਉਨ੍ਹਾਂ ਨੇ ਲਾਹੌਰ ਤੇ ਅੰਮ੍ਰਿਤਸਰ ਵਿਚ ਸਦਾ-ਬਰਤ ਜਾਂ ਲੰਗਰ ਵੀ ਜਾਰੀ ਕੀਤੇ ਹੋਏ ਸਨ ਜੋ ਹਰ ਪ੍ਰਾਣੀ ਲਈ ਹਰ ਸਮੇਂ ਖੁਲ੍ਹੇ ਸਨ। ਲਾਹੌਰ ਤੇ ਅੰਮ੍ਰਿਤਸਰ ਦੇ ਵਿਚਾਲੇ, ਪੁਲ ਤਵੇਫ ਉਤੇ ਵੀ ਇਕ ਅਜਿਹਾ ਲੰਗਰ ਚਾਲੂ ਸੀ ਜਿਥੋਂ ਹਰ ਗ਼ਰੀਬ ਤੇ ਮੁਸਾਫ਼ਰ ਨੂੰ ਖਾਣਾ ਮੁਫਤ ਮਿਲ ਜਾਇਆ ਕਰਦਾ ਸੀ।

6. 'ਉਮਦਾ-ਤੁ-ਤਵਾਰੀਖ' ਵਿਚ ਲਿਖਿਆ ਹੈ ਕਿ ਉਹ ਹਰ ਸੰਗਰਾਂਦ ਨੂੰ ਅੰਮ੍ਰਿਤ-ਸਰ ਜਾਂਦੇ, ਦਰਬਾਰ ਸਾਹਿਬ ਹਾਜ਼ਰੀ ਭਰਦੇ ਅਤੇ ਅਰਦਾਸਾਂ ਬੇਨਤੀਆਂ ਕਰਦੇ ਸਨ। ਉਪਰੰਤ 'ਤੁਲਾਦਾਨ' ਰਾਹੀਂ ਸੋਨਾ, ਚਾਂਦੀ, ਹਾਥੀ, ਘੋੜੇ, ਗਊਆਂ ਤੇ ਮੱਝਾਂ ਆਦਿ ਦਾਨ-ਪੁੰਨ ਵਜੋਂ ਵਰਤਾਇਆ ਕਰਦੇ ਸਨ। ਹਰ ਅਮਾਵਸ ਨੂੰ ਵੀ ਤੁਲਾਦਾਨ ਹੁੰਦਾ ਜਿਸ ਰਾਹੀਂ ਬ੍ਰਾਹਮਣਾਂ ਨੂੰ ਅੰਨ-ਧਨ ਨਾਲ ਵਰੋਸਾਇਆ ਜਾਂਦਾ। ਵਿਸਾਖੀ, ਦਸਹਿਰੇ ਤੇ ਦੀਵਾਲੀ ਦੇ ਅਵਸਰਾਂ ਉਤੇ ਵੀ ਵਿਸ਼ੇਸ਼ ਤੁਲਾਦਾਨਾਂ ਰਾਹੀਂ ਹਜ਼ਾਰਾਂ ਰੁਪਏ ਤੇ ਮਾਲ-ਧਨ ਧਰਮ-ਅਰਥ ਦਿਤੇ ਜਾਂਦੇ ਸਨ। ਦੀਵਾਲੀ ਵਾਲੇ ਦਿਨ ਤਾਂ ਉਨ੍ਹਾਂ ਨੂੰ ਸੋਨੇ ਨਾਲ ਤੋਲਿਆ ਜਾਂਦਾ ਸੀ।[158] ਉਨ੍ਹਾਂ ਦੀ ਉਦਾਰਤਾ ਤੇ ਦਾਨ-ਵੀਰਤਾ ਉਨ੍ਹਾਂ ਦੀ ਸੂਰਬੀਰਤਾ ਵਾਂਗ ਹੀ ਜਗਤ ਪ੍ਰਸਿੱਧ ਸੀ।

7. ਸਰਕਾਰ ਤੇ ਦਰਬਾਰ ਖ਼ਾਲਸਾ ਦੇ ਬਿਰਤਾਂਤਕਾਰ, ਮੁਨਸ਼ੀ ਸੋਹਣ ਲਾਲ, ਅਨੁਸਾਰ ਦਾਨ-ਪੁੰਨ ਵਿਭਾਗ ਦਾ ਖ਼ਰਚ ਲਗਪਗ ਵੀਹ ਲੱਖ ਰੁਪਏ ਸਾਲਾਨਾ ਸੀ ਜੋ ਕਿ ਕੁਲ ਸਰਕਾਰੀ ਆਮਦਨ ਦਾ ਦਸਵਾਂ ਹਿੱਸਾ, ਭਾਵ ਦਸਵੰਧ, ਹੁੰਦਾ ਸੀ।[159] ਅੰਗਰੇਜ਼ਾਂ ਦੀ ਦੇਖ ਰੇਖ ਹੇਠ ਤਿਆਰ ਹੋਏ ਸਰਕਾਰੀ ਰੀਕਾਰਡ ਵਿਚ ਲਿਖਿਆ ਹੈ : "ਕਰਨਲ ਲਾਰੰਸ ਦੀ, ਆਪਣੇ ਸਲਾਹ-

---

156. Latif, Lahore, op. cit., p. 162.

158. ਵੇਖੋ : ਸੋਹਣ ਲਾਲ, ਉਮਦਾ-ਤੁ-ਤਵਾਰੀਖ, ਉਹੀ, ਦਫਤਰ 3, ਭਾਗ 2, ਪੰਨਾ 195, 204 ਇਤਿਆਦਿ।

159. ਵੇਖੋ ਉਮਦਾ-ਤੁ-ਤਵਾਰੀਖ, ਉਹੀ, ਦਫ਼ਤਰ 3, ਭਾਗ 1, ਪੰ. 10 ਤੇ 72; ਭਾਗ 4, ਪੰ. 421 ਤੇ 446 ਇਤਿਆਦਿ।

ਕਾਰਾਂ ਰਾਹੀਂ ਇਕੱਤਰ ਕੀਤੀ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਹਰ ਵਰ੍ਹੇ ਬਾਰਾਂ ਲੱਖ ਰੁਪਿਆ ਦਾਨ-ਪੁੰਨ ਵਜੋਂ ਖਰਚ ਕਰਦੇ ਹਨ" ।[160] ਵਬਾ ਜਾਂ ਕਾਲ ਦੇ ਸਮੇਂ ਤਾਂ ਉਹ ਖ਼ਜ਼ਾਨਿਆਂ ਦਾ ਮੂੰਹ ਖੋਲ ਦਿੰਦੇ ਸਨ । ਗਰਿਫ਼ਨ ਅਨੁਸਾਰ ਸੰਨ 1833 ਵਿਚ ਕਸ਼ਮੀਰ ਪਏ ਕਾਲ ਸਮੇਂ, ਪੰਜਾਹ ਹਜ਼ਾਰ ਮਣ ਅਨਾਜ ਮੁਫਤ ਵੰਡਿਆ ਗਿਆ ਸੀ" ।[161]

8. ਤਦੇ ਤਾਂ, ਉਹਨਾਂ ਦੇ ਰਾਜ-ਕਾਲ ਵਿਚ ਪੰਜਾਬ ਤੋਂ ਅਫਗਾਨਿਸਤਾਨ ਤਕ ਪੈਦਲ ਆਣ-ਜਾਣ ਵਾਲੇ ਅੰਗਰੇਜ਼ ਯਾਤਰੀ, ਚਾਰਲਸ ਮੇਸਨ, ਨੇ ਲਿਖਿਆ ਸੀ, "ਕੋਈ ਇਕ ਦਿਨ ਵੀ ਨਹੀਂ ਗੁਜ਼ਰਦਾ ਜਦੋਂ ਕਿ ਹਜ਼ਾਰਾਂ ਲੋਕ ਮਹਾਰਾਜ ਦੇ ਜੀਊਂਦੇ ਰਹਿਣ ਲਈ ਤੀਖਣ ਅਭਿਲਾਸ਼ਾ ਪਰਗਟ ਨਹੀਂ ਕਰ ਰਹੇ ਹੁੰਦੇ । ਉਹ ਆਪਣੀ ਪਰਜਾ ਦੀ ਆਮ ਜਨਤਾ ਵਿਚ ਵੀ ਇਕੋ ਜਿੰਨੇ ਲੋਕ-ਪ੍ਰਿਯ ਹਨ; ਅਤੇ ਹਿੰਦੂਆਂ ਤੇ ਮੁਸਲਮਾਨਾਂ ਨਾਲ ਇਕੋ ਜਿਹਾ ਸਲੂਕ ਕਰਦੇ ਹਨ" ।[162]

ਨੌਵਾਂ ਅੰਗ :

> "ਮੈਂ ਦੋਸ਼ੀਆਂ ਨੂੰ ਨਿਰਦੋਸ਼ਾਂ ਵਾਂਗ ਹੀ ਬਖਸ਼ ਦੇਂਦਾ ਰਿਹਾ ਹਾਂ; ਅਤੇ ਜਿਨ੍ਹਾਂ, ਦੇ ਹੱਥ ਮੇਰੀ ਆਪਣੀ ਜ਼ਾਤ ਵਿਰੁਧ ਉਠੇ ਸਨ, ਉਹਨਾਂ ਉਤੇ ਵੀ ਮੈਂ ਦਇਆ ਹੀ ਕੀਤੀ ਹੈ" ।

ਇਹ ਕਥਨ ਵੀ ਇਕ ਇਤਿਹਾਸਕ ਸੱਚਾਈ ਦਾ ਹੀ ਲਿਖਤੀ ਬਿਆਨ ਹੈ; ਅਤੇ ਇਸ ਦਾ ਕਾਰਨ ਵੀ ਬਿਲਕੁਲ ਸਪਸ਼ਟ ਹੈ । ਸ਼ੇਰੇ ਪੰਜਾਬ ਦਾ ਇਕ ਨਿਸ਼ਾਨਾ ਇਕ ਅਜਿਹੇ ਰਾਜ ਦੀ ਸਥਾਪਨਾ ਸੀ ਜੋ ਉਹਨਾਂ ਦੇ ਪੰਜਵੇਂ ਪਾਤਸ਼ਾਹ, ਗੁਰੂ ਅਰਜਨ ਦੇਵ ਜੀ, ਦੇ ਹੇਠ ਲਿਖੇ ਸ਼ੁਭ ਬਚਨ ਨੂੰ ਅਮਲੀ ਰੂਪ ਦੇ ਕੇ, ਠੀਕ ਅਰਥਾਂ ਵਿਚ 'ਹਲੇਮੀ ਰਾਜ' ਹੋਣ ਤੇ ਅਖਵਾਉਣ ਦਾ ਮਾਣ ਪਰਾਪਤ ਕਰ ਸਕੇ :

> ਹੁਣਿ ਹੁਕਮੁ ਹੋਆ ਮਿਹਰਵਾਣ ਦਾ
> ਪੈ ਕੋਇ ਨ ਕਿਸੈ ਰਞਾਣਦਾ
> ਸਭ ਸੁਖਾਲੀ ਵੁਠੀਆਂ
> ਇਹੁ ਹੋਆ ਹਲੇਮੀ ਰਾਜ ਜੀਓ ।[163]

2. ਉਦੋਂ ਕੇ ਅੰਗਰੇਜ਼ ਕਮਾਂਡਰ-ਇਨ-ਚੀਫ, ਸਰ ਹੈਨਰੀ ਫ਼ੇਨ, ਦਾ ਏਡੀਕਾਂਗ, ਕੈਪਟਨ ਫ਼ੇਨ, ਜੋ ਸੰਨ 1837 ਵਿਚ ਪੰਜਾਬ ਵਿਚ ਵਿਚਰਦਾ ਰਿਹਾ ਸੀ, ਆਪਣੇ ਰੋਜ਼ਨਾਮਚੇ ਰਾਹੀਂ ਦਸਦਾ ਹੈ :

---

160. ਵੇਖੋ : Panjab Government Records, 1847-48, p. 372.

161. ਹੋਰ ਵੇਰਵੇ ਲਈ ਵੇਖੋ : ਉਮਦਾ-ਤੁ-ਤਵਾਰੀਖ਼, ਉਹੀ, ਦਫਤਰ 3, ਭਾਗ 2, ਪੰ. 179 ਆਦਿ ।

162. Masson, Charles, Narrative of Various Journeys in Beluchistan, Afghanistan and the Punjab, including residence in those countries from 1826 to 1836, London-1842, Vol. I, p. 439.

163. ਗੁਰੂ ਗਰੰਥ ਸਾਹਿਬ, ਉਹੀ, ਰਾਗੁ ਸਿਰੀ, ਮਹਲਾ 5, ਪਨਾ 74.

"ਮਹਾਰਾਜਾ ਰਣਜੀਤ ਸਿੰਘ ਦਾ ਸੁਭਾ ਤੇ ਕਿਰਦਾਰ ਆਪਣੀ ਪਰਜਾ ਵਿਚ ਆਮ ਤੌਰ ਤੇ, ਦਿਆਲੂ ਤੇ ਉਪਕਾਰੀ ਮਾਲਕ ਵਾਲਾ ਹੈ। ਉਹ ਹਿੰਦੁਸਤਾਨ ਉਤੇ ਰਾਜ ਕਰ ਚੁਕੇ ਸਭ ਤੋਂ ਵਧੀਆ ਬਾਦਸ਼ਾਹਾਂ ਵਿਚੋਂ ਇਕ ਹਨ। ਉਹਨਾਂ ਦਾ ਅਸਲੋਂ ਹੀ, ਇਕ ਚੰਗਾ ਤੇ ਮਿਲਾਪੜਾ ਮਨੁਖ ਹੋਣ ਦੀ ਸਾਖ, ਉਹਨਾਂ ਦੀ ਬੱਚਿਆਂ ਲਈ ਸਨੇਹ-ਭਾਵਨਾ[164A] (ਜਿਹਨਾਂ ਵਿਚੋਂ ਦੋ-ਤਿੰਨ ਤਾਂ ਦਰਬਾਰ ਵਿਚ ਰੀਂਗਦੇ ਰਹਿੰਦੇ ਹਨ) ਅਤੇ ਕਿਸੇ ਘੋਰ ਅਪ੍ਰਾਧ ਦੇ ਦੋਸ਼ੀ ਨੂੰ ਵੀ ਕਦੇ ਮੌਤ ਦੀ ਸਜ਼ਾ ਨਾ ਦੇਣ ਵਾਲੀ ਅਸਲੀਅਤ ਦਸਦੀ ਹੈ। ਹੋਰ ਭਾਵੇਂ ਕੁਝ ਵੀ ਹੋਵੇ, ਇਹ ਗੱਲ ਤਾਂ ਯਕੀਨੀ ਹੈ ਕਿ ਉਹ ਮੌਤ ਦੀ ਸਜ਼ਾ ਦਿਤੇ ਬਿਨਾਂ ਹੀ, ਆਪਣੇ ਅੱਥਰੇ ਲੋਕਾਂ ਨੂੰ ਵੀ ਪੂਰੇ ਵੱਸ ਵਿਚ ਕਦੇ ਰਖਦੇ ਹਨ"।[164]

ਫ਼ੇਨ ਤੋਂ ਵੀ ਦੋ ਵਰ੍ਹੇ ਪਹਿਲਾਂ, ਭਾਵ 1835 ਦੇ ਪੰਜਾਬ ਵਿਚ, ਵਿਚਰਦਾ ਰਿਹਾ ਸਾਇੰਸਦਾਨ ਬੈਰਨ ਹੀਉਗਲ, ਵੀ ਇਸ ਤੱਥ ਦੀ ਸ਼ਾਹਦੀ ਭਰਦਿਆਂ ਲਿਖਦਾ ਹੈ : 'ਮਹਾਰਾਜਾ ਰਣਜੀਤ ਸਿੰਘ ਕਿਸੇ ਨੂੰ ਵੀ ਮੌਤ ਜਾਂ ਅੰਗ-ਕਟਾਈ ਦੀ ਸਜ਼ਾ ਦੇਣ ਲਈ ਕਦੇ ਵੀ ਰਜ਼ਾਮੰਦ ਨਹੀਂ ਹੁੰਦੇ"।[165]

ਈਸਟ ਇੰਡੀਆ ਕੰਪਨੀ ਦਾ ਡਾ: ਮੈਕਗਰੇਗਰ ਵੀ ਉਹਨਾਂ ਨੂੰ ਹੱਦੋਂ ਵਧ ਦਿਆਲੂ ਤੇ ਕਿਰਪਾਲੂ ਮੰਨਦਿਆਂ ਅਤੇ ਉਕਤ ਵਿਚਾਰ ਦੀ ਪੁਸ਼ਟੀ ਕਰਦਿਆਂ ਦਸਦਾ ਹੈ "ਮਹਾਰਾਜਾ ਸਾਹਿਬ ਪੂਰਬ ਦੇ ਬਾਦਸ਼ਾਹਾਂ ਤੋਂ ਵਿਸ਼ੇਸ਼ ਤੇ ਵਿਲਖਣ ਸਨ। ਉਹਨਾਂ ਨੇ ਮੌਤ ਜਾਂ ਅੰਗ-ਕਟਾਈ ਦੀ ਸਜ਼ਾ, ਬੇਪਰਵਾਹੀ ਜਾਂ ਬਦਮਸਤੀ ਦੇ ਖ਼ੁਮਾਰ ਵਿਚ, ਕਦੇ ਵੀ ਕਿਸੇ ਨੂੰ ਨਹੀਂ ਦਿੱਤੀ"।[166] ਲੁਧਿਆਣਾ ਦੀ ਬਰਤਾਨਵੀ ਏਜੰਸੀ ਦੇ ਇਕ ਅੰਗਰੇਜ਼ ਅਫ਼ਸਰ, ਹੈਨਰੀ ਪ੍ਰਿੰਸਪ, ਨੇ ਉਹਨਾਂ ਦੇ ਸੁਭਾ ਤੇ ਰਾਜ ਪ੍ਰਬੰਧ ਦੀ ਇਹ ਖ਼ਾਸੀਅਤ ਉਹਨਾਂ ਦੇ ਜੀਉਂਦੇ ਜੀਅ ਲਿਖ ਛਾਪ ਕੇ, ਸੰਨ 1834 ਵਿਚ ਪ੍ਰਕਾਸ਼ਤ ਵੀ ਕਰ ਦਿਤੀ ਸੀ ਕਿ ਉਹਨ੍ਹਾਂ ਦੇ ਮਿਜ਼ਾਜ ਵਿਚ ਵਹਿਸ਼ਤ ਜਾਂ ਬੇਰਹਿਮੀ ਦਾ ਤਾਂ ਨਾਂ-ਨਿਸ਼ਾਨ ਵੀ ਨਹੀਂ। ਉਹਨਾਂ ਨੇ ਗੰਭੀਰ ਤੇ ਸੰਗੀਨ ਜੁਰਮ ਦੀ ਹਾਲਤ ਵਿਚ ਵੀ, ਕਿਸੇ ਵੀ ਮੁਜਰਮ ਦੀ ਜਾਨ ਕਦੇ ਵੀ ਨਹੀਂ ਗੰਵਾਈ"।[167] ਉਸੇ ਏਜੰਸੀ ਦੇ ਇਕ ਹੋਰ ਅਫ਼ਸਰ, ਕੈਪਟਨ ਮੱਰੇ, ਨੇ ਉਹਨਾਂ ਦੇ ਇਸੇ ਨਿਰੀਖਣ ਨੂੰ ਦੁਹਰਾਉਂਦਿਆਂ, ਇਹ ਵੀ ਦਸਿਆ ਸੀ ਕਿ "ਉਦਾਰਤਾ ਜਾਂ ਸਗੋਂ ਮਨੁਖਾ ਜੀਵਨ ਲਈ ਹਾਰਦਿਕ ਸਨੇਹ, ਰਣਜੀਤ ਸਿੰਘ ਦੇ ਚਾਲਚਲਣ ਦਾ, ਨਿਰਸੰਦੇਹ, ਇਕ ਵਿਸ਼ੇਸ਼ ਲੱਛਣ ਸੀ। ਇਸ ਗੱਲ ਦੀ ਕੋਈ ਇਕ ਮਿਸਾਲ ਕਿਤੇ ਵੀ ਨਹੀਂ ਮਿਲਦੀ ਕਿ ਉਹਨਾਂ ਨੇ ਕਦੇ ਵੀ ਬੇਪਰਵਾਹੀ ਜਾਂ ਖ਼ਰਮਸਤੀ ਵਿਚ ਕਿਸੇ ਦੇ ਖ਼ੂਨ ਨਾਲ ਕਦੇ ਵੀ ਆਪਣੇ ਹੱਥ ਰੰਗੇ ਹੋਣ"।[168]

164A. ਬੱਚਿਆਂ ਤੇ ਇਸਤਰੀਆਂ ਲਈ ਉਹਨਾਂ ਦੀ ਕਿਰਪਾਲਤਾ ਤੇ ਸਨੇਹ-ਭਾਵਨਾ ਬਾਰੇ ਵੇਖੋ : Punjab Government Record 1847-48, p. 238.

164. Fane, Capt. H. E., Five Years in India, 1835-1839, London-1842; reprint, Patiala-1970, Vol. I, pp. 95-96.

165. Hugel, Travels in Cashmere and the Punjab, op. cit., p. 317.

166. M' Gregor, History of the Sikhs, op. cit., Vol, I, p. 281.

167. Princep, origin of the Sikh Power in the Punjab, etc., op. cit., p. 143.

168. Murray, Capt. H., History of British India, with continuation, comprising. . . . War in the Punjab, London-1856, p. 615.

ਸ: ਖੁਸ਼ਵੰਤ ਸਿੰਘ ਅਨੁਸਾਰ ਤਾਂ "ਸਮੂਹ ਸੰਸਾਰ ਦੇ ਇਤਿਹਾਸ ਵਿਚ ਕਿਸੇ ਹੋਰ ਅਜਿਹੇ ਤਾਨਾਸ਼ਾਹ ਦਾ ਜ਼ਿਕਰ ਲਭਣਾ ਔਖਾ ਹੋਵੇਗਾ ਜਿਸ ਨੇ ਕਿਸੇ ਨੂੰ ਵੀ ਕਦੇ ਬੇਰਹਿਮੀ ਨਾਲ ਨਾ ਮਾਰਿਆ ਹੋਵੇ; ਅਤੇ ਜਿਸ ਨੇ ਫਿਰ ਵੀ ਐਨੀ ਵੱਡੀ ਬਾਦਸ਼ਾਹੀ ਕਾਇਮ ਕਰ ਲਈ ਹੋਵੇ ਜਿੰਨੀ ਕਿ ਰਣਜੀਤ ਸਿੰਘ ਨੇ ਕੀਤੀ ਸੀ" ।[169]

ਹੋਰ ਤਾਂ ਹੋਰ, ਉਹਨਾਂ ਦੇ ਕੱਟਰ ਦੁਸ਼ਮਨ ਵੀ ਜਦੋਂ ਉਹਨਾਂ ਦੇ ਸਾਹਮਣੇ ਪੇਸ਼ ਕੀਤੇ ਜਾਂਦੇ, ਤਾਂ ਉਹ ਵਧੇਰੇ ਤਰਸ ਤੇ ਖਿਮਾਂ ਤੋਂ ਹੀ ਕੰਮ ਲੈਂਦੇ ਸਨ। ਪਿਸ਼ਾਵਰ ਦੇ ਯਾਰ ਮੁਹੰਮਦ ਤੇ ਦੋਸਤ ਮੁਹੰਮਦ, ਅਤੇ ਭਿੰਬਰ ਦੇ ਸੁਲਤਾਨ ਖਾਨ ਨਾਲ ਕੀਤਾ ਗਿਆ ਸਲੂਕ ਅਜਿਹੇ ਵਤੀਰੇ ਦੀਆ ਅਭੁਲ ਉਦਾਹਰਣਾਂ ਹਨ" ।[170] ਅਸਲ ਵਿਚ, ਉਹ ਦੋਸ਼ੀਆਂ ਨੂੰ ਸਖਤੀ ਦੀ ਥਾਂ ਬਖਸ਼ਿਸ਼ ਦੇ ਭਾਰ ਹੇਠ ਇੰਨਾ ਦਬਾ ਦੇਂਣੇ ਸਨ ਕਿ ਉਹ ਉਸ ਦੇ ਅਸਰ ਹੇਠ ਅਗੇ ਤੋਂ, ਸੁਤੇ ਸਿਧੇ ਹੀ ਸੁਧਰ ਜਾਂਦੇ ਸਨ ।

4. ਜਿਥੋਂ ਤਕ ਫ਼ਤਹਿ ਕਰ ਕੇ ਅਧੀਨ ਕਰ ਲਏ ਵਿਰੋਧੀਆਂ ਦਾ ਸੰਬੰਧ ਹੈ, ਮਹਾਰਾਜਾ ਸਾਹਿਬ ਦੀ ਨੀਤੀ ਤੇ ਉਸ ਉਤੇ ਅਮਲੀ ਵਰਤੋਂ ਉਕਤ ਸੁਭਾ ਦਾ ਹੀ ਇਕ ਹੋਰ ਚਮਤਕਾਰੀ ਪੱਖ ਸੀ । ਉਸ ਦੀ ਭਰਪੂਰ ਸਫ਼ਲਤਾ ਦਾ ਜ਼ਿਕਰ ਕਰਦਿਆਂ, ਪ੍ਰਿ: ਸੀਤਾ ਰਾਮ ਕੋਹਲੀ ਨੇ ਲਿਖਿਆ ਹੈ, ਮਹਾਰਾਜਾ ਰਣਜੀਤ ਸਿੰਘ ਦੀ ਹੋਰ ਰਾਜਵਾੜਿਆਂ ਨੂੰ ਅਧੀਨ ਕਰ ਲੈਣ ਦੀ ਨੀਤੀ ਸਫ਼ਲ ਹੋਈ ਸੀ, ਕਿਉਂਕਿ ਉਨ੍ਹਾਂ ਨੇ ਉਨ੍ਹਾਂ ਦੇ ਪਹਿਲੇ ਮਾਲਕਾਂ ਤੇ ਉਨ੍ਹਾਂ ਦੇ ਵਾਰਸਾਂ ਨੂੰ ਬੜੀ ਖੁਲ੍ਹਦਿਲੀ ਨਾਲ ਨਿਵਾਜਣ ਵਲ ਖ਼ਾਸ ਧਿਆਨ ਦਿਤਾ ਸੀ । ਕੁਝ ਰਾਜੇ ਨਵਾਬ ਤਾਂ ਜਾਗੀਰਾਂ ਪ੍ਰਵਾਨ ਕਰਨ ਅਤੇ ਉਹਨਾਂ ਦੁਆਰਾ ਸੁਖੀ ਤੇ ਸੁਰੱਖਿਅਤ ਜੀਵਨ ਬਿਤਾਉਣ ਉਤੇ ਹੀ ਖ਼ੁਸ਼ ਹੋ ਗਏ ਸਨ । ਉਹਨਾਂ ਵਿਚੋਂ ਜੋ ਵਧੇਰੇ ਚੁਸਤ ਸਨ, ਉਹ ਮਹਾਰਾਜੇ ਦੇ ਅਧੀਨ ਸੇਵਾ ਕਰਨ ਅਤੇ ਆਪਣੀਆਂ ਫੌਜਾਂ ਉਹਨਾਂ ਦੀ ਸ਼ਾਹੀ ਸੈਨਾ ਵਿਚ ਹੀ ਸ਼ਾਮਲ ਹੋ ਜਾਣ ਤੇ ਪ੍ਰਸੰਨ ਹੋ ਗਏ ਸਨ" ।[171]

ਤਦੇ ਤਾਂ ਸਰ ਹੈਨਰੀ ਲਾਰੰਸ ਲਿਖ ਗਿਆ ਹੈ : "ਤਖਤੋਂ-ਲੱਥੇ ਰਾਜ ਘਰਾਣਿਆ ਦੇ ਜੀਅ ਦਿੱਲੀ ਤੇ ਕਾਬਲ ਵਿਚ ਅਤਿ ਗ਼ਰੀਬੀ ਤੇ ਬੇਬਸੀ ਵਿਚ ਵਿਚਰਦੇ ਨਜ਼ਰ ਆਉਂਦੇ ਹਨ । ਪਰ ਪੰਜਾਬ ਵਿਚ ਕੋਈ ਵੀ ਅਜਿਹਾ ਘਰਾਣਾ ਨਜ਼ਰ ਨਹੀਂ ਆਉਂਦਾ ਜਿਸ ਦੇ ਰਾਜ-ਖੇਤਰ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਫ਼ਤਹ ਕਰਨ ਉਪਰੰਤ, ਚੋਖੀ ਜਾਗੀਰ ਜਾਂ ਪੈਨਸ਼ਨ ਨਾਲ ਨਿਵਾਜ ਕੇ ਅਜਿਹੀ ਬੇਬਸੀ ਤੇ ਰੁਸਵਾਈ ਤੋਂ ਬਚਾ ਨਾ ਲਿਆ ਹੋਵੇ ।[172] ਉਹਨਾਂ ਨੇ ਤਾਂ ਕੇਵਲ ਸਿੱਖ ਰਾਜ-ਘਰਾਣਿਆਂ ਨੂੰ ਹੀ ਨਹੀਂ, ਹੋਰਨਾਂ ਮਤਾਂ ਦੇ ਵੀ ਸਭ ਅਜਿਹੇ

169-A. Lord Lawrence's observation on Ranjit Singh on the Calcutta Review, Calcutta – August, 1844.
Punjab Government Record 1847-48, p. 238.
170. Latif, History of the Punjab, op. cit., p. 473; Hasrat, Life and Times of Ranjit Singh, op. cit., p. 345 etc.
171. Kohli, Sunset of the Sikh Empire, op. cit., p. 7.
172. Lawrence, Sir H., as quoted in Maharaja Ranjit Singh First Death Centenary Memorial op. cit., p. 208.

ਖਾਨਦਾਨਾਂ ਨੂੰ ਵੀ ਉਸੇ ਤਰ੍ਹਾਂ ਦੀ ਸ਼ਾਹਾਨਾ ਫ਼ਿਆਜ਼ੀ ਨਾਲ ਨਿਵਾਜ ਦਿੱਤਾ ਸੀ । ਲਾਹੌਰ ਦੇ ਸਰਦਾਰ ਚੇਤ ਸਿੰਘ, ਕਸੂਰ ਦੇ ਨਵਾਬ ਕੁਤਬਦੀਨ, ਕਾਂਗੜੇ ਦੇ ਰਾਜਾ ਸੰਸਾਰ ਚੰਦ ਅਤੇ ਮੁਲਤਾਨ ਦੇ ਨਵਾਬ ਮੁਜ਼ੱਫ਼ਰਦੀਨ ਆਦਿ ਨਾਲ ਕੀਤੀ ਅਜਿਹੀ ਮਿਹਰਬਾਨੀ ਅਤੇ ਬਖ਼ਸ਼ਿਸ਼ ਇਸ ਹਕੀਕਤ ਦੀ ਤਸਦੀਕ ਖੁਲ੍ਹੇਬੰਦ ਕਰਦੀ ਹੈ ।[173]

5. ਜਿਥੋਂ ਤਕ ਮਹਾਰਾਜੇ ਦੀ ਆਪਣੀ ਜ਼ਾਤ ਉਤੇ ਹੋਏ ਮਾਰੂ ਵਾਰਾਂ ਦਾ ਸੰਬੰਧ ਹੈ, ਉਹਨਾਂ ਨੂੰ ਬਹੁਤ ਨੇੜਿਉਂ ਹੋ ਕੇ ਵੇਖਣ ਤੇ ਬਿਆਨਣ ਵਾਲਾ ਔਜ਼ਬਰਨ ਲਿਖਦਾ ਹੈ :

"ਉਹ ਇਕ ਹੁਕਮਰਾਨ ਦੇ ਤੌਰ ਤੇ ਨਰਮਦਿਲ ਤੇ ਰਹਿਮ ਦਿਲ ਹਨ ।...ਉਹਨਾਂ ਨੇ ਖੁਲ੍ਹੇ ਮੈਦਾਨੇ ਹੋਈ ਲੜਾਈ ਤੋਂ ਸਿਵਾ, ਕਦੇ ਕਿਸੇ ਨੂੰ ਜਾਨੋਂ ਨਹੀਂ ਮਾਰਿਆ, ਭਾਵੇਂ ਉਹਨਾਂ ਦੀ ਆਪਣੀ ਜਾਨ ਲੈਣ ਲਈ ਇਕ ਤੋਂ ਵਧ ਜਤਨ ਹੋ ਚੁਕੇ ਹਨ" ।[174]

ਫਕੀਰ ਘਰਾਣੇ ਦੇ ਉਕਤ ਵਿਦਵਾਨ ਵਾਰਸ, ਸੱਯਦ ਵਹੀਦ ਦੀਨ, ਨੇ ਮਾਨੋਂ ਇਸੇ ਹਕੀਕਤ ਦੀ ਪੁਸ਼ਟੀ ਕਰਦਿਆਂ, ਸਹਿਜੇ ਹੀ ਲਿਖਿਆ ਹੈ :

"ਉਨ੍ਹਾਂ ਦੇ ਰਾਜ ਵਿਚ ਮੌਤ ਦੀ ਸਜ਼ਾ ਜੋ ਨਵੀਨ ਸਰਕਾਰਾਂ ਵੀ ਅਜੇ ਹਟਾ ਨਹੀਂ ਸਕੀਆਂ, ਅਮਲੀ ਤੌਰ ਤੇ ਬਿਲਕੁਲ ਰਹੀ ਸੀ । ਇਹ ਤਾਂ ਜਦੋਂ ਉਨ੍ਹਾਂ ਦੀ ਆਪਣੀ ਜਾਨ ਉਤੇ ਵਾਰ ਹੋਇਆ ਸੀ, ਉਦੋਂ ਵੀ ਸੰਬੰਧਤ ਮੁਜਰਮ ਨੂੰ ਨਹੀਂ ਦਿੱਤੀ ਗਈ ਸੀ" ।[175]

ਦਸਵਾਂ ਅੰਗ :

> "ਸ੍ਰੀ ਅਕਾਲਪੁਰਖ ਜੀ ਆਪਣੇ ਇਸ ਸੇਵਕ ਉਤੇ, ਇਸੇ ਲਈ, ਦਿਆਲੂ ਰਹੇ ਹਨ ਅਤੇ ਉਸ ਦੀ ਰਾਜ ਸ਼ਕਤੀ ਵਿਚ ਵਾਧਾ ਕਰਦੇ ਰਹੇ ਹਨ; ਇਥੋਂ ਤਕ ਕਿ ਉਸ ਦਾ ਰਾਜ ਖੇਤਰ ਹੁਣ ਚੀਨ ਤੇ ਅਫ਼ਗਾਨਿਸਤਾਨ ਦੀਆਂ ਹੱਦਾਂ ਤਕ ਪਸਰਿਆ ਹੋਇਆ ਹੈ ਤੇ ਜਿਸ ਵਿਚ ਸਤਲੁਜੋਂ ਪਾਰ ਦੀਆਂ ਉਪਜਾਊ ਬਸਤੀਆਂ ਵੀ ਸ਼ਾਮਲ ਹਨ ।"

ਮਹਾਰਾਜਾ ਸਾਹਿਬ ਦੇ ਉਕਤ ਬਿਆਨ ਦਾ ਇਹ ਅੰਤਮ ਵਾਕ ਵੀ ਸੌ-ਫੀ-ਸਦੀ ਠੀਕ ਹੈ । ਉਹ ਬੁਨਿਆਦੀ ਤੌਰ ਤੇ ਇਕ ਧਰਮੀ ਤੇ ਰੱਬ ਪੂਜ ਜੀਉੜੇ ਸਨ । ਉਹਨਾਂ ਨੂੰ ਵਾਹਿਗੁਰੂ ਦੀ ਮਿਹਰ ਤੇ ਸਤਿਗੁਰੂ ਦੀ ਕਿਰਪਾ ਉਤੇ ਪੂਰਨ ਭਰੋਸਾ ਸੀ; ਅਤੇ ਆਪਣਾ ਬਲ, ਬੁਧੀ ਤੇ ਰਾਜ-ਭਾਗ ਉਹਨਾਂ ਦੀ ਦਿਆਲਤਾ ਹੀ ਮੰਨਦੇ ਸਨ ।

ਸਰ ਲੈਪਲ ਗਰਿਫ਼ਨ ਅਨੁਸਾਰ : ਉਹਨਾਂ ਦਾ ਨਿਸਚਾ ਸੀ ਕਿ ਉਹ ਅਕਾਲਪੁਰਖ ਦੀ ਕਿਰਪਾ ਦੁਆਰਾ ਹੀ ਰਾਜ ਕਾਜ ਚਲਾ ਰਹੇ ਸਨ । ਉਹਨਾਂ ਦੇ ਸਿੱਕਿਆਂ ਉਤੇ ਗੁਰੂ ਸਾਹਿਬ ਦਾ ਨਾਂ ਉਕਰਿਤ ਸੀ । ਉਹ ਆਪਣੇ ਲੋਕਾਂ (ਜਿਨ੍ਹਾਂ ਵਿਚ ਉਹ ਸਦਾ ਹਰਮਨ-ਪਿਆਰੇ ਰਹੇ) ਦੇ ਇਕ ਚੁਣੇ ਹੋਏ ਨੇਤਾ ਤੋਂ ਵਧੇਰੇ ਹੋਰ ਕੁਝ ਨਹੀਂ ਸਨ" ।[176]

---

173. ਮਿਸਾਲ ਵਜੋਂ ਵੇਖੋ : ਸੋਹਣ ਲਾਲ ਉਮਦਾ-ਤੁ-ਤਵਾਰੀਖ਼ ਉਹੀ, ਦਫ਼ਤਰ 3, ਪੰਨਾ 93;

173. Gough, The Sikhs and the Sikh Wars, op. cit., pp. 35-36, Latif, History of the Panjab, op. cit., pp. 350-51; Maharaja Ranjit Singh Centenary Memorial, op. cit., p. 25.

174. Osborne, The Court and Camp of Runjeet Singh, op. cit., p. 36.

175. Waheed-ud-din, The Real Ranjit Singh, op. cit., p. 38.

176. Griffin, Sir L., The Punjab Chiefs etc., Lahore-1890, Vol. I, p. 85.

ਉਹਨਾਂ ਦੇ ਅਜਿਹੇ ਵਿਸ਼ਵਾਸ਼ ਤੇ ਭਾਵਨਾ, ਦੀ ਇਕ ਸੁੰਦਰ ਮਿਸਾਲ ਅਕਾਲਪੁਰਖ ਦੇ ਨਾਂ ਸਥਾਪਿਤ ਤੇ ਸਮਰਪਿਤ 'ਹਰਿਮੰਦਰ ਸਾਹਿਬ' 'ਅੰਮ੍ਰਿਤਸਰ' ਦੀ ਕੀਤੀ ਤੇ ਕਾਰਵਾਈ ਬੇਮਿਸਾਲ ਸੇਵਾ ਅਤੇ ਉਸ ਦਾ ਕੀਤਾ ਹੋਇਆ ਬੇਜੋੜ ਵਰਨਣ ਹੈ। ਉਸ ਦੀ ਪਾਵਨ ਇਮਾਰਤ ਨੂੰ ਸਜਾਉਣ ਤੇ ਉਸ ਨੂੰ 'ਸਵਰਨ ਮੰਦਰ' ਬਣਾਉਣ ਲਈ, ਆਪ ਨੇ ਲਖਾਂ ਰੁਪਏ ਦਾ ਸੋਨਾ ਅਤੇ ਕੀਮਤੀ ਪੱਥਰ ਵਰਤਕੇ, ਵਰ੍ਹਿਆਂ-ਬਧੀ ਸੇਵਾ ਤੇ ਸੰਭਾਲ ਕੀਤੀ। ਪਰ ਉਸਦੇ ਮੁਹਰਲੇ ਬੂਹੇ ਉਤੇ ਜੋ ਸੂਚਨਾ-ਪੱਤਰ ਲਾਉਣ ਦੀ ਆਗਿਆ ਦਿੱਤੀ, ਉਹ ਅਕਾਲਪੁਰਖ ਦੇ ਗੁਣਾਂ ਦਾ ਵਰਣਨ ਕਰਦੇ ਮੂਲ ਮੰਤਰ ਅਤੇ ਹੇਠ-ਲਿਖੀ ਇਬਾਰਤ ਦਾ ਧਾਰਨੀ ਹੈ : "ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣਾ ਪਰਮ ਸੇਵਕ ਸਿੱਖ ਜਾਣ ਕਰ, ਸ੍ਰੀ ਦਰਬਾਰ ਸਾਹਿਬ ਜੀ ਕੀ ਸੇਵਾ ਸ੍ਰੀ ਮਹਾਰਾਜਾ ਸਿੰਘ ਸਾਹਿਬ ਰਣਜੀਤ ਸਿੰਘ ਜੀ ਪਰ ਦਯਾ ਕਰਕੇ ਕਰਾਈ। ਸੰਮਤ 1887 ਬਿ:" ।[177]

2. ਜਿਥੋਂ ਤਕ ਉਕਤ ਨਿਸਚੇ ਤੇ ਮਿਹਰ ਸਦਕੇ, ਉਹਨਾਂ ਦੀ ਦਿਨੋ-ਦਿਨ ਵਧਦੀ ਰਹੀ ਸ਼ਕਤੀ ਦਾ ਸੰਬੰਧ ਹੈ, ਉਸ ਵਲ ਇਸ਼ਾਰਾ ਕਰਦਿਆਂ ਕੈਪਟਨ ਕਰੋਧਰ ਨੇ ਲਿਖਿਆ ਹੈ : "ਕਈ ਮਿਸਲਦਾਰੀਆਂ ਨੂੰ ਇਕੋ ਰਾਜ-ਸ਼ਕਤੀ ਵਿਚ ਪਰੋਏ ਜਾਣ ਦਾ ਸੁਭਾਗ, ਇਕ ਉਸਤਾਦ ਹੱਥ ਰਾਹੀਂ ਹੀ ਪਰਾਪਤ ਹੋਣਾ ਸੀ, ਅਤੇ ਅਜਿਹਾ ਉਸਤਾਦ ਹੱਥ ਮਹਾਰਾਜਾ ਰਣਜੀਤ ਸਿੰਘ ਦੀ ਜ਼ਾਤ ਹੀ ਸੀ। ਉਹਨਾਂ ਨੇ ਇਕ ਮਤ ਦੀ ਸੈਨਕ ਗਰਮਜੋਸ਼ੀ ਨੂੰ, ਆਪਣੇ ਨਿਜੀ ਕਿਰਦਾਰ ਦੇ ਜ਼ੋਰ ਰਾਹੀਂ, ਉਸ ਦੇ ਧਾਰਮਿਕ ਜੋਸ਼ ਨਾਲ ਜੋੜ ਦਿਤਾ ਸੀ : ਅਤੇ ਉਸੇ ਦੇ ਸਦਕੇ ਇਕ ਸ਼ਹਿਨਸ਼ਾਹੀ ਦੀ ਸਥਾਪਨਾ ਕਰ ਲਈ ਸੀ" ।[178]

3. ਜਿਥੋਂ ਤਕ ਉਹਨਾਂ ਦੇ ਰਾਜ ਦੇ ਪਸਾਰ ਦਾ ਸਬੰਧ ਹੈ, ਉਸ ਬਾਰੇ ਤਾਂ ਕੋਈ ਦੋ ਰਾਵਾਂ ਹੋ ਹੀ ਨਹੀਂ ਸਕਦੀਆਂ। ਇਸ ਦੀਆਂ ਹੱਦਾਂ, ਨਿਰਸੰਦੇਹ, ਤਿੱਬਤ ਤੋਂ ਸਿੰਧ ਅਤੇ ਖ਼ੈਬਰ ਤੋਂ ਸਤਲੁਜ ਤਕ ਫੈਲੀਆਂ ਹੋਈਆਂ ਸਨ।[179] ਜੇ ਅੰਗਰੇਜ਼ ਉਦੋਂ ਤਕ ਬਾਕੀ ਸਾਰੇ ਹਿੰਦੁਸਤਾਨ ਉਤੇ ਕਾਬਜ ਨਾ ਹੋ ਗਏ ਹੁੰਦੇ ਜੇ ਹਿੰਦੁਸਤਾਨੀ ਰਜਵਾੜੇ ਕਾਇਰ ਤੇ ਸਵਾਰਥੀ ਨਾ ਨਿਕਲਦੇ; ਜੇ ਬਰਤਾਨਵੀ ਸਾਮਰਾਜੀ ਆਪਣੇ ਕੀਤੇ ਕੌਲ ਕਰਾਰਾਂ ਉਤੇ ਕਾਇਮ ਰਹਿੰਦੇ; ਅਤੇ ਜੇ ਸਤਲੁਜੋਂ ਉਰਾਰ ਦੇ ਸਿਖ ਉਨ੍ਹਾਂ ਦੀ ਕੁਟਲਨੀਤੀ ਭਾਂਪ ਕੇ ਵਕਤ ਨੂੰ ਵੇਲੇ ਸਿਰ ਸਮਝ ਤੇ ਸੰਭਾਲ ਲੈਂਦੇ; ਤਾਂ ਉਨ੍ਹਾਂ ਦੇ ਕਾਇਮ ਕੀਤੇ ਇਸ ਸਾਂਝੇ ਤੇ ਸੁਤੰਤਰ ਪੰਜਾਬ ਦੀਆਂ ਹੱਦਾਂ ਘਟੋ ਘਟ ਜਮਨਾ ਤਕ ਤਾਂ ਜ਼ਰੂਰ ਪਸਰ ਜਾਂਦੀਆਂ। ਉਹਨਾਂ ਦੀ ਸਦੀ ਦਾ ਅੰਗਰੇਜ਼ ਇਤਿਹਾਸਕਾਰ, ਜਾਰਜ ਮਾਰਸ਼ਮੈਨ, ਤਾਂ ਸਗੋਂ ਇਥੋਂ ਤਕ ਲਿਖ ਗਿਆ ਹੈ ਕਿ "ਜੇ ਈਸਟ ਇੰਡੀਆ ਕੰਪਨੀ ਦੀ ਬੇਰੋਕ ਤਾਕਤ ਉਹਨਾਂ ਨੂੰ ਚਾਰੇ ਬੰਨਿਉਂ ਘੇਰ ਨਾ ਲੈਂਦੀ, ਤਾਂ ਉਹਨਾਂ ਨੇ ਸਾਰੇ ਹਿੰਦੁਸਤਾਨ ਵਿਚ ਇਕ ਨਵੀਂ ਤੇ ਸ਼ਾਨਦਾਰ ਸ਼ਹਿਨਸ਼ਾਹੀ, ਨਿਰਸੰਦੇਹ ਕਾਇਮ ਕਰ ਲੈਣੀ ਸੀ" ।[180] ਇਸ ਹਕੀਕਤ ਨੂੰ ਤਾਂ ਉਸ ਤੋਂ ਵੀ ਪੰਝੀ ਵਰ੍ਹੇ ਪਹਿਲਾਂ, ਅੰਗਰੇਜ਼ ਜੁਗਰਾਫੀਆਦਾਨ, ਜੀ.ਟੀ. ਵਾਈਨ, ਨੇ ਵੀ ਨਿਝੱਕ ਤਸਲੀਮ ਕਰਦਿਆਂ, ਆਪਣੇ, ਸੰਨ 1844 ਵਿਚ ਛਪ ਚੁਕੇ ਸਫ਼ਰਨਾਮੇ ਵਿਚ ਲਿਖਿਆ ਸੀ :

177. ਇਹ ਲਿਖਤ ਉਥੇ ਇਕ ਸੁਨਹਿਰੀ ਪੱਤਰੇ ਉਤੇ ਅਜੇ ਤਕ ਇਸੇ ਤਰ੍ਹਾਂ ਉਕਰਿਤ ਹੈ।

178. Crowther, Capt. R. T., Memorandum on the Sikhs, Government of India Army Department, Calcutta-1894.

179. Prinsep, Origin of the Sikh Power in Panjab, op. cit., pp. 145-46.

180. Marshman, History of India, op. cit., Vol. I, p. 39.

"ਜੇ ਈਸਟ ਇੰਡੀਆ ਕੰਪਨੀ ਦੀ ਵਿਰਾਟ ਸ਼ਕਤੀ ਉਨ੍ਹਾਂ ਦੇ ਵੇਗ ਉਤੇ ਰੋਕ ਨਾ ਲਾ ਦੇਂਦੀ ਤਾਂ ਰਣਜੀਤ ਸਿੰਘ ਦਿੱਲੀ ਦੇ ਤਖ਼ਤ ਉਤੇ ਕਦੋਂ ਦੇ ਬੈਠ ਗਏ ਹੁੰਦੇ" ।[181] ਕੇਵਲ ਦਿੱਲੀ ਦਾ ਤਖ਼ਤ ਤੇ ਹਿੰਦੁਸਤਾਨ ਦੀ ਸਲਤਨਤ ਹੀ ਨਹੀਂ, ਉਹ ਤਾਂ ਅਫ਼ਗਾਨਿਸਤਾਨ ਦਾ ਰਾਜ-ਖੇਤਰ ਵੀ ਆਪਣੇ ਰਾਜ-ਖੇਤਰ ਵਿਚ ਸ਼ਾਮਲ ਕਰ ਲੈਣ ਦੇ ਸਮਰਥ ਸਨ, ਤਦੇ ਤਾਂ ਫ਼ਰਾਂਸ ਸਰਕਾਰ ਦੇ ਭੇਜੇ ਹੋਏ ਵਿਕਟਰ ਜੈਕੇਮੋਂਟ ਨੇ 1830 ਲਾਗੇ ਲਿਖ ਭੇਜੀ ਚਿੱਠੀ ਰਾਹੀਂ ਆਪਣੇ ਦੇਸ਼ਵਾਸੀਆਂ ਨੂੰ ਦਸਿਆ ਸੀ :

"ਮਹਾਰਾਜਾ ਰਣਜੀਤ ਸਿੰਘ ਜੇ ਕਦੇ ਇਹ ਸੋਚ ਲੈਣ ਕਿ ਪੰਜਾਬ ਤੋਂ, ਕੁਝ ਚਿਰ ਲਈ, ਸਾਵਧਾਨੀ ਨਾਲ ਗੈਰਹਾਜ਼ਰ ਰਹਿ ਸਕਦੇ ਹਨ, ਤਾਂ ਉਨ੍ਹਾਂ ਲਈ ਸਾਰੇ ਹੀ ਅਫ਼ਗ਼ਾਨਿਸਤਾਨ ਨੂੰ ਫ਼ਤਹ ਕਰ ਲੈਣ ਤੋਂ ਵਧੇਰੇ ਸੌਖੀ ਗੱਲ ਹੋਰ ਕੋਈ ਨਹੀਂ ਹੋਵੇਗੀ" ।[182]

7.

ਇਸ ਦੇ ਬਾਵਜੂਦ, ਇਸ ਰਾਜ ਦਾ ਪਸਾਰ, ਠਾਠ, ਅਮੀਰੀ ਤੇ ਅਮਨ-ਅਮਾਨ ਦਾ ਚਰਚਾ ਉਦੋਂ ਕੇਵਲ ਏਸ਼ੀਆ ਵਿਚ ਹੀ ਨਹੀਂ, ਸਾਰੇ ਯੌਰਪ ਵਿਚ ਹੋ ਰਿਹਾ ਸੀ ।

ਸੰਨ 1835 ਵਿਚ ਕਸ਼ਮੀਰ ਤੇ ਪੰਜਾਬ ਦੀ ਯਾਤਰਾ ਮੁਕਾਉਣ ਤੋਂ ਬਅਦ, ਪੱਛਮੀ ਲੋਕਾਂ ਦੀ ਜਾਣਕਾਰੀ ਲਈ ਇਹ ਵੀ ਉਸੇ ਨੇ ਲਿਖਿਆ ਸੀ :

"ਉਨ੍ਹਾਂ ਸਭ ਸਮਾਚਾਰਾਂ ਦੀ (ਜੋ ਮੈਂ ਆਪਣੇ ਸਫ਼ਰ ਦੇ ਦੌਰਾਨ ਸੁਣਦਾ ਰਿਹਾ ਸਾਂ), ਹਿੰਦੁਸਤਾਨ ਪਹੁੰਚ ਜਾਣ ਤੇ, ਕੇਵਲ ਤਸਦੀਕ ਹੀ ਨਾ ਹੋ ਗਈ, ਸਗੋਂ ਉਹ ਉਸ ਪੱਧਰ ਤੋਂ ਵੀ ਵਧੇਰੇ ਠੀਕ ਸਿਧ ਹੋਏ ਜਿਸ ਨੂੰ ਮੈਂ ਕਦੇ ਖ਼ਿਆਲਿਆ ਵੀ ਨਹੀਂ ਸੀ ।...ਮਹਾਰਾਜਾ ਸਾਹਿਬ ਨੇ ਮੈਨੂੰ ਕੇਵਲ (ਇਕ ਮਹਾਨ ਬਾਦਸ਼ਾਹ ਨੂੰ ਸੋਭਦੀ) ਰੱਖਿਆ ਤੇ ਸ਼ਾਹਾਨਾ ਫ਼ਿਆਜ਼ੀ ਹੀ ਨਹੀਂ ਬਖਸ਼ੀ ਹੈ, ਸਗੋਂ ਉਨ੍ਹਾਂ ਦੀ ਕਿਰਪਾਲਤਾ ਨੇ ਮੇਰੇ ਮਨ ਉਤੇ ਇਕ ਸਦੀਵੀ ਛਾਪ ਵੀ ਲਾ ਦਿੱਤੀ ਹੈ" ।[184] ਉਨ੍ਹਾਂ ਦੇ ਸ਼ਹਿਰਾਂ ਤੇ ਕਿਲ੍ਹਿਆਂ ਉਤੇ, ਤੋੜ ਖ਼ੈਬਰ ਤਕ, ਪੰਜਾਬ-ਰਾਜ ਦੇ ਸਿੱਕੇ ਚਲ ਰਹੇ ਸਨ ਅਤੇ ਫਰੇਰੇ ਝੂਲ ਰਹੇ ਸਨ । ਅਜਿਹੇ ਰੁਅਬ ਤੇ ਵਕਾਰ ਦਾ ਹੀ ਜ਼ਿਕਰ ਕਰਦਿਆਂ, ਸਮਕਾਲੀ ਕਵੀ—ਜ਼ਾਫ਼ਰਬੇਗ ਤੇ ਨਿਹਾਲ ਸਿੰਘ ਤੇਸ਼ ਲਿਖਦੇ ਹਨ :

1. ਜ਼ਾਫ਼ਰਬੇਗ ਸਿੰਘਾਂ ਖ਼ੈਬਰ ਬੱਸ ਕੀਤਾ
   ਪਈਆਂ ਭਾਜੜਾਂ ਵਿਚ ਕੰਧਾਰ ਸਾਰੀ ।[184]
2. ਕਲਾਨੌਰ ਫ਼ਿਲੌਰ ਪਿਸ਼ੌਰ ਤਾਈਂ
   ਟੱਕੇ ਦੇਂਵਦੇ ਨੀ ਮਾਰੇ ਹੁਰਿਆਂ ਦੇ ।...
   ਪੈਣ ਭਾਜੜਾਂ ਚੀਨ ਮਚੀਨ ਤਾਈਂ
   ਕਾਬਲ ਕੰਬਦਾ ਜ਼ਰਾ ਖੰਘੂਰਿਆਂ ਦੇ । [185]

---

181. Vigne, G. T., Travels in Kashmir, Ladak, Iskardo, the Countries adjoining the mountain course of the Indus and the Himalayas, North of the Punjab, London-1844, Vol. II, p. 421.
182. Jacquemont, Letters from India, op. cit., Vol. II, p. 139.
Osborne, The Court and Camp of Runjeet Singh, op. cit., p. 36.
184. ਜ਼ਾਫ਼ਰ ਬੇਗ, ਸੀਹਰਫ਼ੀ ਸਰਕਾਰ ਕੀ, ਉਹੀ, ਬੰਦ ਨੰ, 2.
185. ਨਿਹਾਲ ਸਿੰਘ, ਵਾਰ, ਬੰਦ ਨੰ. 4

3. ਜਾਫ਼ਰਬੇਗ ਸਰਦਾਰ ਦੀ ਧਮਕ ਡਾਢੀ
ਟੱਕੇ ਆਉਂਦੇ ਚੀਨ ਮਚੀਨ ਤਾਈਂ।[186]

ਇਹ ਸ਼ਾਨਦਾਰ ਸਥਿਤੀ ਇਕ ਅਜਿਹੀ ਮਹਾਨ ਪਰਾਪਤੀ ਦੀ ਸੂਚਕ ਹੈ ਜਿਸ ਨੂੰ ਇਸ ਸਾਰੇ ਉਪ-ਮਹਾਂਦੀਪ ਅਤੇ ਦੁਨੀਆ ਦੇ ਕਈ ਹਰ ਉਪ ਮਹਾਂਦੀਪਾਂ ਦੇ ਮਾਲਕ ਬਣ ਚੁਕੇ ਅੰਗਰੇਜ਼, 1947 ਤਕ ਵੀ, ਕਈ ਚਾਲਾਂ ਤੇ ਹੱਲਿਆਂ ਦੇ ਬਾਵਜੂਦ, ਪਰਾਪਤ ਨਹੀਂ ਕਰ ਸਕੇ ਸਨ; ਅਤੇ ਜੋ ਦੁਨੀਆਂ ਦੀਆਂ ਪਰਮੁਖ ਤਾਕਤਾਂ ਦੀਆਂ ਨਜ਼ਰਾਂ ਨੂੰ ਅਜੇ ਵੀ ਉਸੇ ਤਰ੍ਹਾਂ ਲਲਚਾਅ ਰਹੀ ਹੈ।

ਇਹ ਇਕ ਅਜਿਹੇ ਮਹਾਨ ਤੇ ਬਲਵਾਨ ਹੁਕਮਰਾਨ ਦੀ ਪਰਾਪਤੀ ਸੀ ਜਿਸ ਨੇ ਜੇ ਇਕ ਪਾਸੇ, ਉਸ ਦੀ ਪੱਛਮੀ ਸਰਹੱਦ ਵਲੋਂ ਇਕ ਹਜ਼ਾਰ ਵਰ੍ਹੇ ਤੋਂ, ਹੋ ਰਹੇ ਪਠਾਣੀ ਤੇ ਅਫ਼ਗਾਨੀ ਹੱਲਿਆਂ ਨੂੰ ਠਲ੍ਹ ਪਾ ਦਿਤੀ ਸੀ; ਤਾਂ ਦੂਜੇ ਪਾਸੇ, ਪੂਰਬੀ ਬਾਹੀ ਵਲੋਂ ਵਾਹੋ-ਦਾਹੀ ਵਧ ਰਹੇ ਤੇ ਸਾਰੇ ਹਿੰਦ ਉਤੇ ਕਾਬਜ਼ ਹੋ ਚੁਕੇ ਅੰਗਰੇਜ਼ਾਂ ਨੂੰ ਸਤਲੁਜ ਪਾਰ ਕਰ ਸਕਣ ਦਾ ਹੀਆ ਹੀ ਨਹੀਂ ਪੈਣ ਦਿਤਾ ਸੀ। ਇਹ ਪੰਜਾਬ ਦੇ ਇਕ ਅਜਿਹੇ ਸਿਆਣੇ ਤੇ ਸੂਰਬੀਰ ਸਪੂਤ ਦੀ ਪਰਾਪਤੀ ਸੀ ਜਿਸ ਨੇ ਆਪਣੀ ਮਾਤ-ਭੂਮੀ ਨੂੰ ਨਾ ਕੇਵਲ ਗੈਰਾਂ ਦੇ ਪੰਜੇ ਤੋਂ ਛੁਡਾ ਲਿਆ ਸੀ, ਸਗੋਂ ਇਸ ਦਾ ਮਾਣ-ਤਾਣ ਵੀ ਇੰਨਾ ਵਧਾ ਦਿਤਾ ਸੀ ਕਿ ਇਹ ਕੁਝ ਦਹਾਕਿਆਂ ਵਿਚ ਹੀ, ਇਕ ਸੁਤੰਤਰ ਤੇ ਸੰਪੂਰਨ ਸਲਤਨਤ ਦੀ ਮਾਲਕ ਅਤੇ ਅੰਤਰ-ਰਾਸ਼ਟਰੀ ਸ਼ੁਹਰਤ ਤੇ ਹੈਸੀਅਤ ਦੀ ਭਾਗੀ ਵੀ ਬਣ ਗਈ ਸੀ।

ਇਹ ਤਾਂ ਇਕ ਅਜਿਹੇ ਸੁਤੰਤਰ ਤੇ ਸ਼ਕਤੀਵਾਨ ਸਮਰਾਟ ਦੀ ਦਿੱਤ-ਦੇਣ ਸੀ ਜੋ ਉਦੋਂਕੇ ਹਿੰਦੁਸਤਾਨ ਦਾ ਸਭ ਤੋਂ ਉੱਘਾ ਤੇ ਤਕੜਾ ਦੇਸੀ ਸ਼ਾਸਕ ਮੰਨਿਆ ਗਿਆ ਸੀ; ਜਿਸ ਨੂੰ ਮਿਸਰ ਦੇ ਮੁਹੰਮਦ ਅਲੀ ਤੇ ਫ਼ਰਾਂਸ ਦੇ ਨੈਪੋਲੀਅਨ ਨਾਲ ਤੁਲਨਾਉਂਦਿਆਂ, ਫ਼ਰਾਂਸੀਸ ਜੈਕੋਮੋਂਟ ਨੇ ਆਪਣੇ ਦੇਸ ਦੀ ਸਰਕਾਰ ਤੇ ਜਨਤਾ ਨੂੰ 1829 ਵਿਚ ਦਸਿਆ ਸੀ :

"ਰਣਜੀਤ ਸਿੰਘ ਇਕ ਬਿਲਕੁਲ ਆਜ਼ਾਦ ਬਾਦਸ਼ਾਹ ਹਨ; ਅਤੇ ਏਸ਼ੀਆ ਵਿਚ, ਬਰਤਾਨੀਆ ਤੋਂ ਬਾਅਦ, ਸਭ ਤੋਂ ਭਾਰੀ ਰਾਜ-ਸ਼ਕਤੀ ਦੇ ਮਾਲਕ ਹਨ"[187] ਇਹ ਤਾਂ ਇਕ ਅਜਿਹੇ ਪਰਬੀਨ ਤੇ ਪਰਤਾਪੀ ਮਹਾਰਾਜ ਦੀ ਦਿੱਤ-ਦੇਣ ਸੀ ਜਿਸ ਦੇ ਦਰਬਾਰ ਦੀ ਸ਼ਾਨ-ਸ਼ੌਕਤ ਹਰ ਦੇਸੀ-ਬਦੇਸੀ ਦੀਆਂ ਅੱਖਾਂ ਚੁੰਧਿਆ ਰਹੀ ਸੀ; ਅਤੇ ਜਿਸ ਦਾ ਜ਼ਿਕਰ ਕਰਦਿਆਂ, ਉਸ ਦੇ ਇਕ ਸਮਕਾਲੀ ਦਰਸ਼ਕ, ਪਰਸ਼ੀਆ ਦੇ ਕਰਨਲ ਸਟੇਨਬੈਚ, ਨੇ ਲਿਖਿਆ ਸੀ :

"ਇਸ ਵਿਚ ਉਹ ਸਭ ਕੁਝ ਮੌਜੂਦ ਸੀ ਜੋ ਤਸੱਵਰ ਮਨੁੱਖੀ ਮਹਾਨਤਾ ਦੇ ਸੰਬੰਧ ਵਿਚ ਕਿਆਸ ਕਰ ਸਕਦਾ ਹੈ; ਜੋ ਅਤਿ ਉਮਾਹੂ ਕਲਪਨਾ, ਸ਼ਾਹੀ ਸ਼ਾਨ-ਸ਼ੌਕਤ ਦੀ ਸਿਖਰ ਨੂੰ ਪਰਗਟਾਉਣ ਲਈ ਚਿਤਾਰ ਸਕਦੀ ਹੈ। ਯੌਰਪ ਦੇ ਸ਼ਾਇਦ ਹੀ ਕਿਸੇ ਹੋਰ ਰਾਜ-ਦਰਬਾਰ ਕੋਲ ਅਜਿਹੇ ਕੀਮਤੀ ਹੀਰੇ ਤੇ ਜਵਾਹਰ ਮੌਜੂਦ ਹੋਣ, ਜਿਹੋ ਜਹੇ ਲਾਹੌਰ ਦਰਬਾਰ ਦੇ ਖ਼ਜ਼ਾਨੇ ਵਿਚ ਸੰਚਿਤ ਹਨ"।[188] ਜਿਥੋਂ ਤਕ ਉਸ ਦਰਬਾਰ ਨਾਲ ਸੰਬੰਧਤ ਬੰਦਿਆਂ ਦੀ ਆਨ-ਸ਼ਾਨ ਦਾ ਸੰਬੰਧ ਹੈ, ਕੇ. ਕੇ. ਖੁਲਰ ਨੇ ਅਜੋਕੇ ਹੀ ਲਿਖਿਆ ਹੈ :

---

186. ਜ਼ਾਫ਼ਰ ਬੇਗ, ਸੀਹਰਫ਼ੀ, ਉਹੀ, ਬੰਦ ਨੰ. 3

187. Jacquemont, Letter from India, op. cit., letter dated October 1829, Vol. I, p. 251.

188. Steinbach, Lt. Col, The Panjaub – being a brief Account of the Country of the Sikhs, London, 2nd ed.-1846, p. 148.

"ਸਭ ਅੰਗਰੇਜ਼ੀ ਬਿਰਤਾਂਤਾਂ ਅਨੁਸਾਰ, ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ ਉਸ ਵਿਚ ਸ਼ਾਮਲ ਪੁਰਸ਼ਾਂ ਦੀਆਂ ਅਤਿ ਸੁੰਦਰ ਸੂਰਤਾਂ ਤੇ ਪੁਸ਼ਾਕਾਂ ਸਦਕੇ, ਦੁਨੀਆ ਦੇ ਸਭ ਸ਼ਾਹੀ ਦਰਬਾਰਾਂ ਤੋਂ ਬਾਜ਼ੀ ਲੈ ਲਿਆ ਸੀ" ।[189]

8

ਪੰਜਾਬ ਤੇ ਪੰਜਾਬੀਆਂ ਨੂੰ ਮਿਲੀ ਅਜਿਹੀ ਆਜ਼ਾਦੀ ਤੇ ਖੁਸ਼ਹਾਲੀ, ਅਜਿਹਾ ਅਮਨ ਤੇ ਅਮਾਨ, ਅਜਿਹੀ ਇਜ਼ਤ ਤੇ ਦੌਲਤ, ਅਜਿਹੀ ਸ਼ਾਨ ਤੇ ਸ਼ੌਕਤ, ਅਤੇ ਇਹੋ ਜਿਹਾ ਹੋਰ ਬਹੁਤ ਕੁਝ, ਇਕ ਅਜਿਹੇ ਮਹਾਨ ਤੇ ਆਲੀਸ਼ਾਨ ਪੰਜਾਬੀ ਦੀ ਪਰਾਪਤੀ ਅਤੇ ਦਿੱਤ-ਦੇਣ ਸੀ, ਜਿਸ ਨੂੰ ਬਹੁਤ ਸਾਰੇ ਸਮਕਾਲੀ ਬਿਰਤਾਂਤਕਾਰਾਂ, ਇਤਿਹਾਸਕਾਰਾਂ ਤੇ ਸਫ਼ਰਨਾਮਾਕਾਰਾਂ[190] ਆਦਿ ਨੇ, ਆਪੋ-ਆਪਣੀਆਂ ਪੁਸਤਕਾਂ ਵਿਚ, ਇਕ ਵਿਚਿੱਤਰ ਜਾਂ ਵਿਲੱਖਣ; ਅਨੂਠੀ ਜਾਂ ਅਨੋਖੀ, ਅਸਾਧਾਰਣ ਜਾਂ ਗ਼ੈਰ ਮਾਮੂਲੀ ਹਸਤੀ ਮੰਨਿਆ ਹੈ : ਜਿਵੇਂ—

1. ਇੰਗਲੈਂਡ ਦੇ ਬਾਦਸ਼ਾਹ ਵਿਲੀਅਮ ਦੇ ਰਾਜਦੂਤ, ਸਰ ਅਲੈਗਜ਼ੈਂਡਰ ਬਰਨਜ਼ (1631 ਈ:) :

"ਰਣਜੀਤ ਸਿੰਘ, ਹਰ ਪੱਖੋਂ, ਇਕ ਅਸਾਧਾਰਨ ਹਸਤੀ ਹਨ। ਮੈਂ ਉਨ੍ਹਾਂ ਦੇ ਫ਼ਰਾਂਸੀਸੀ ਅਫਸਰਾਂ ਨੂੰ (ਜੋ ਸਭ ਲਾਗਲੀਆਂ ਰਾਜ-ਸ਼ਕਤੀਆਂ ਤੋਂ ਜਾਣੂ ਹਨ) ਇਹ ਕਹਿੰਦਿਆਂ ਸੁਣਿਆ ਹੈ ਕਿ ਕੁਸਤਨਤੁਨੀਆਂ ਤੋਂ ਲੈ ਕੇ ਹਿੰਦੁਸਤਾਨ ਤਕ ਉਨ੍ਹਾਂ ਦਾ ਕੋਈ ਵੀ ਸਾਨੀ ਜਾਂ ਸਮਰੂਪ ਕਿਤੇ ਵੀ ਨਹੀਂ" ;[191]

2. ਬਰਤਾਨਵੀ ਹਿੰਦ ਦੇ ਉਦੋਂ ਦੇ ਗਵਰਨਰ-ਜਨਰਲ ਦੇ ਮਿਲਟਰੀ ਸੈਕ੍ਰੇਟਰੀ, ਆਨਰੇਬਲ ਵਿਲੀਅਮ ਔਜ਼ਬਰਨ (1838 ਈ:) :

"ਕੋਈ ਵੀ ਬੰਦਾ ਰਣਜੀਤ ਸਿੰਘ ਦੇ ਇਕ ਬਹੁਤ ਹੀ ਗੈਰਮਾਮੂਲੀ ਇਨਸਾਨ ਹੋਣ ਦਾ ਅਹਿਸਾਸ ਗ੍ਰਹਿਣ ਕਰੇ ਬਿਨਾਂ ਰਹਿ ਨਹੀਂ ਸਕਦਾ। ਮੈਂ ਤਾਂ ਉਨ੍ਹਾਂ ਨੂੰ ਜਿੰਨਾ ਜ਼ਿਆਦਾ ਵੇਖਦਾ ਤੇ ਵਿਚਾਰਦਾ ਹਾਂ, ਉਹ ਮੈਨੂੰ ਉਨੇ ਹੀ ਜ਼ਿਆਦਾ ਅਸਾਧਾਰਨ ਮਨੁੱਖ ਪਰਤੀਤ ਹੁੰਦੇ ਹਨ" ।[192]

3. ਇਤਿਹਾਸਕਾਰ ਜਾਰਜ ਮਾਰਸ਼ਮੈਨ (1867 ਈ:) :

"ਉਹ, ਆਪਣੇ ਸਮੇਂ ਵਿਚ, ਕੁਸਤਨਤੁਨੀਆ ਤੇ ਪੀਕਿੰਗ ਵਿਚਲੇ ਖੇਤਰ ਦੇ ਸਭ ਤੋਂ ਵਿਲੱਖਣ ਇਨਸਾਨ ਸਨ" ।[193]

---

189. Khullar, K. K., Maharaja Ranjit Singh, New Delhi-1980, p. 196.

190. ਇਨ੍ਹਾਂ ਵਿਚੋਂ ਪਹਿਲੇ ਦੋ ਬਦੇਸ਼ੀਆਂ ਦੇ ਨਾਂਵਾਂ ਉਪਰੰਤ, ਬਰੈਕਟਾਂ ਵਿਚ ਅੰਕਿਤ ਈਸਵੀ ਸੰਨ ਉਨ੍ਹਾਂ ਦੇ ਪੰਜਾਬ ਵਿਚ ਵਿਚਰਨ ਅਤੇ ਸ਼ੇਰੇ ਪੰਜਾਬ ਨੂੰ ਮਿਲਣ-ਗਿਲਣ ਦੇ ਸਮੇਂ ਨਾਲ ਸੰਬੰਧਤ ਹਨ। ਮਗਰਲੇ-ਤਿੰਨਾਂ ਦੇ ਸੰਬੰਧ ਦਿਤੇ ਹੋਏ ਸੰਨ, ਉਨ੍ਹਾਂ ਦੀਆਂ ਪੁਸਤਕਾਂ ਦੀਆਂ ਛਪਣ-ਤਰੀਕਾਂ ਨਾਲ ਸੰਬੰਧਤ ਹਨ।

191. Burnes, Travels into Bokhara, op. cit., Vol. I, p. 140.

192. Osborne, The Court and Camp of Runjeet Singh, op., cit., pp. 32 & 35.

193. Marshman, History of India, op. cit., Vol. I. p. 39.

4. ਅੰਗਰੇਜ਼ ਜਰਨੈਲ ਸਰ ਚਾਰਲਸ ਗਫ਼ (1897 ਈ:)।

"ਸਿੰਘ ਇਕ ਅਨੋਖੇ ਤੇ ਅਭਰਿੱਚ ਇਨਸਾਨ ਸਨ"।[194]

5. ਅੰਗਰੇਜ਼ ਜਰਨੈਲ ਸਰ ਜਾਨ ਗਾਰਡਨ (1904 ਈ.)

"ਰਣਜੀਤ ਸਿੰਘ ਇਕ ਬੇਮਿਸਾਲ ਸ਼ਖਸੀਅਤ ਸਨ।"[195]

9.

ਤਦੇ ਤਾਂ ਪੰਜਾਬ ਅਤੇ ਇਸ ਦੇ ਉਸ ਅਨੂਠੇ ਬਾਦਸ਼ਾਹ ਦੇ ਅਜਿਹੇ ਵਸਫ਼ਾਂ ਤੇ ਵੱਡਿਆਈਆਂ ਦਾ ਜ਼ਿਕਰ, ਕੇਵਲ ਦੇਸ ਵਿਚ ਹੀ ਨਹੀਂ, ਬਦੇਸਾਂ ਵਿਚ ਵੀ ਆਮ ਹੋ ਰਿਹਾ ਸੀ।

ਤਦੇ ਤਾਂ, ਉਸ ਨਾਲ ਦੋਸਤਾਨਾ ਸੰਬੰਧ ਕਾਇਮ ਕਰਨ ਲਈ, ਸਿਰਫ਼ ਇੰਗਲੈਂਡ ਦਾ ਬਾਦਸ਼ਾਹ ਹੀ ਨਹੀਂ, ਰੂਸ ਤੇ ਫਰਾਂਸ ਦੇ ਬਾਦਸ਼ਾਹ ਵੀ ਬਲਾਈਆਂ ਲੈ ਰਹੇ ਸਨ। ਤਦੇ ਤਾਂ, ਹਿੰਦੁਸਤਾਨ ਦੇ ਕੇਵਲ ਹਿੰਦੂ ਸਿੱਖ ਰਾਜੇ ਹੀ ਨਹੀਂ, ਮੁਸਲਮਾਨ ਹਾਕਮ ਵੀ ਉਸ ਦੀ ਸ਼ਰਨ ਤੇ ਸਹਾਇਤਾ ਲੈਂਦੇ ਅਤੇ ਦੋਸਤੀ ਦਾ ਦਮ ਭਰਦੇ ਨਜ਼ਰ ਆ ਰਹੇ ਸਨ। ਸੰਨ 1831 ਦੇ ਹਾਲਾਤ ਦਾ ਜਾਇਜ਼ਾ ਲੈਂਦਿਆਂ ਕੈਪਟਨ ਕਨਿੰਘਮ ਲਿਖਦਾ ਹੈ :

"ਮਹਾਰਾਜਾ ਰਣਜੀਤ ਸਿੰਘ ਦੀ ਸ਼ੁਹਰਤ ਹੁਣ ਆਪਣੀ ਸਿਖਰ ਉਤੇ ਸੀ; ਅਤੇ ਦੂਰ-ਦੁਰਾਡੇ ਦੇਸਾਂ ਦੇ ਬਾਦਸ਼ਾਹ ਉਨ੍ਹਾਂ ਦੀ ਦੋਸਤੀ ਪਰਾਪਤ ਕਰਨ ਲਈ ਜਤਨ ਕਰ ਰਹੇ ਸਨ। ਸੰਨ 1829 ਵਿਚ ਬਲੋਚਿਸਤਾਨ ਦੇ ਏਲਚੀ ਉਨ੍ਹਾਂ ਲਈ ਘੋੜੇ ਲੈ ਕੇ ਆਏ ਸਨ ਅਤੇ ਉਨ੍ਹਾਂ ਨੇ ਇਸ ਗੱਲ ਦੀ ਆਸ ਪਰਗਟ ਕੀਤੀ ਸੀ ਕਿ ਹਰੰਦ ਤੇ ਦਜਲ ਦੀਆਂ ਸਰਹੱਦੀ ਚੌਕੀਆਂ ਜੋ ਇਨ੍ਹਾਂ ਦੇ ਬਹਾਵਲਪੁਰੀ ਜਾਗੀਰਦਾਰ ਨੇ ਹੜੱਪ ਲਈਆਂ ਸਨ, ਉਨ੍ਹਾਂ ਦੇ ਖਾਨ ਨੂੰ ਮੋੜ ਦਿਤੀਆਂ ਜਾਣ। ਮਹਾਰਾਜਾ ਸਾਹਿਬ ਹਰਾਤ ਦੇ ਸ਼ਾਹ ਮਹਿਮੂਦ ਨਾਲ ਵੀ ਇਸੇ ਤਰ੍ਹਾਂ ਦਾ ਪੱਤਰ-ਵਿਹਾਰ ਕਰ ਰਹੇ ਸਨ। ਸੰਨ 1830 ਵਿਚ, ਉਨ੍ਹਾਂ ਨੂੰ ਗਵਾਲੀਅਰ ਦੀ ਬੰਜਾ ਬਾਈ ਨੇ ਜਵਾਨ ਸਿੰਧੀਆ ਦੇ ਵਿਆਹ-ਉਤਸਵ ਨੂੰ ਆਪਣੀ ਮੌਜੂਦਗੀ ਨਾਲ ਨਿਵਾਜਣ ਲਈ ਸੱਦਾ ਭੇਜਿਆ ਸੀ। ਅੰਗਰੇਜ਼ਾਂ ਨੂੰ ਇਸ ਗੱਲ ਦਾ ਸ਼ੱਕ ਸੀ ਕਿ ਉਨ੍ਹਾ ਨੇ ਰੂਸ ਨਾਲ ਵੀ ਚਿੱਠੀ-ਪੱਤਰ ਆਰੰਭਿਆ ਹੋਇਆ ਹੈ; ਅਤੇ ਉਹ ਆਪ ਵੀ ਉਨ੍ਹਾਂ ਦੀ ਚਾਪਲੂਸੀ ਸ਼ੁਰੂ ਕਰਨ ਵਾਲੇ ਸਨ"।[196]

ਕਨਿੰਘਮ ਦਾ ਇਹ ਕਥਨ ਵੀ ਇਕ ਹਕੀਕਤ ਦਾ ਹੀ ਇਕ ਸੱਚਾਵਾਂ ਬਿਆਨ ਹੈ। ਉਸ ਦੇ ਵਤਨ ਦੇ ਬਾਦਸ਼ਾਹ, ਵਿਲੀਅਮ ਚੌਥੇ, ਨੇ ਸ਼ੇਰੇ ਪੰਜਾਬ ਨੂੰ ਸੰਨ 1830-31 ਵਿਚ, ਇਕ ਖਾਸ ਏਲਚੀ, ਸਰ ਅਲੈਗਜ਼ੈਂਡਰ ਬਰਨਜ਼, ਰਾਹੀਂ ਮਿੱਤਰਤਾ ਦਾ ਇਕ ਸ਼ਾਨਦਾਰ ਪੱਤਰ ਅਤੇ ਕਈ ਕੀਮਤੀ ਤੁਹਫ਼ੇ ਭੇਜ ਕੇ, ਦੋਸਤੀ ਦਾ ਹੱਥ ਵਧਾਇਆ ਸੀ।[198]

ਬਰਤਾਨਵੀ ਹਿੰਦ ਦੇ ਦੋ ਗਵਰਨਰ-ਜਨਰਲ, ਲਾਰਡ ਬੈਂਟਿੰਕ ਤੇ ਲਾਰਡ ਆਕਲੈਂਡ, ਅਤੇ ਕਮਾਂਡਰ-ਇਨ-ਚੀਫ਼, ਸਰ ਹੈਨਰੀ ਫ਼ੇਨ ਉਨ੍ਹਾਂ ਨਾਲ ਮੇਲ-ਮਿਲਾਪ ਤੇ ਵਿਚਾਰ-ਵਟਾਂਦਰੇ

194. Gough, The Sikhs and the Sikh Wars, op. cit., p. 39.
195. Gordon, The Sikhs, op. cit., p. 110.
196. Cunningham, A History of the Sikhs, op. cit., pp. 172-73.
198. Burnes, Travels into Bokhara, op. cit., Vol. I, p. 132.
Latif, History of the Panjab, op. cit., p. 447.

ਕਰਨ ਲਈ ਕ੍ਰਮਵਾਰ 1831, 1838 ਤੇ 1837 ਵਿਚ ਪੰਜਾਬ ਦੇ ਸ਼ਹਿਰਾਂ—ਲਾਹੌਰ, ਫ਼ੀਰੋਜ਼ਪੁਰ ਤੇ ਰੋਪੜ—ਵਿਚ ਖ਼ੁਦ ਆਪ ਆਏ ਸਨ। 26 ਅਕਤੂਬਰ 1831 ਨੂੰ ਰੋਪੜ ਹੋਈ ਮੁਲਾਕਾਤ ਦੀ ਆਨ-ਸ਼ਾਨ ਤਾਂ ਜਗਤੀ ਚਰਚਾ ਦਾ ਵਿਸ਼ਾ ਬਣ ਗਈ ਸੀ; ਅਤੇ ਮੌਕੇ ਦੇ ਬਦੇਸੀ ਗਵਾਹਾਂ ਨੇ ਇਸ ਨੂੰ Puhjab's feild of cloth of gold "ਪੰਜਾਬ ਦਾ ਸਵਰਨ ਖੇਤਰ" ਦਸਿਆ ਤੇ ਲਿਖਿਆ ਸੀ।[199] ਜਿਥੋਂ ਤਕ ਇਨ੍ਹਾਂ ਨੂੰ ਇਉਂ ਪਰਬੰਧਣ ਵਾਲੇ ਮਹਾਰਾਜੇ ਦਾ ਸੰਬੰਧ ਹੈ, ਮਗਰਲੇ ਗਵਰਨਰ-ਜਨਰਲ, ਲਾਰਡ ਆਕਲੈਂਡ, ਨੇ 1838 ਵਿਚ ਉਨ੍ਹਾਂ ਨੂੰ The most Powerful and valuble of our frinds.[200] "ਸਾਡਾ (ਭਾਵ ਅੰਗਰੇਜ਼ਾਂ ਦਾ) ਸਭ ਤੋਂ ਤਾਕਤਵਰ ਤੇ ਕਦਰਯੋਗ ਦੋਸਤ" ਮੰਨਿਆ ਤੇ ਦਸਿਆ ਸੀ। ਉਸ ਨੇ ਤਾਂ ਮਹਾਰਾਜ ਨੂੰ ਇਹ ਵੀ ਲਿਖਿਆ ਸੀ :

"ਬੁੱਧੀ ਦੀ ਬਰਕਤ ਸਦਕੇ, ਅੰਗਰੇਜ਼ ਅਤੇ ਸਿੱਖ, ਇਕ ਦੂਜੇ ਨਾਲ ਸਦਾ ਜੁੜੇ ਰਹਿਣਗੇ"।[200A] ਉਸ ਨਾਲ ਆਈ ਉਸ ਦੀ ਚਿੱਤਰਕਾਰ ਤੇ ਸਾਹਿਤਕਾਰ ਭੈਣ, ਐਮਿਲੀ ਈਡਨ, ਨੇ ਉਨ੍ਹਾਂ ਦੀ ਹਸਤੀ ਤੇ ਪਰਾਪਤੀ ਦਾ ਜ਼ਿਕਰ ਕਰਦਿਆਂ, ਲਿਖਿਆ ਸੀ :

"ਉਨ੍ਹਾਂ ਨੇ ਆਪਣੇ ਆਪ ਨੂੰ, ਆਪੇ ਹੀ, ਇਕ ਅਜ਼ੀਮ ਬਾਦਸ਼ਾਹ ਬਣਾ ਲਿਆ ਹੈ ਅਤੇ ਬਹੁਤ ਸਾਰੇ ਤਾਕਤਵਰ ਦੁਸ਼ਮਣਾਂ ਨੂੰ ਫ਼ਤਹ ਕਰ ਲਿਆ ਹੈ। ਉਹ ਆਪਣੇ ਰਾਜ-ਕਾਜ ਵਿਚ, ਵਿਚਿੱਤਰ ਤੌਰ ਤੇ, ਨਿਰਪੱਖ ਤੇ ਨਿਆਂਕਾਰ ਹਨ। ਉਨ੍ਹਾਂ ਨੇ ਜ਼ਬਤ ਤੇ ਕਵਾਇਦ ਸਿਖਾ-ਸਿਖਵਾ ਕੇ, ਇਕ ਬਹੁਤ ਵਡੀ ਫੌਜ ਤਿਆਰ ਕੀਤੀ ਹੋਈ ਹੈ। ਉਹ, ਮਸਾਂ ਹੀ, ਕਦੇ ਕਿਸੇ ਨੂੰ ਜਾਨੋਂ ਮਾਰਦੇ ਹਨ, ਜੋ ਕਿਸੇ ਤਾਨਾਸ਼ਾਹ ਦੇ ਸੰਬੰਧ ਵਿਚ ਇਕ ਅਚਰਜ ਗੱਲ ਹੈ। ਉਨ੍ਹਾਂ ਦੀ ਪਰਜਾ ਉਨ੍ਹਾਂ ਨੂੰ ਹੱਦੋਂ ਵਧ ਪਿਆਰ ਕਰਦੀ ਹੈ।... ਲੋਕਾਂ ਵਿਚ ਉਨ੍ਹਾਂ ਲਈ ਸਨੇਹ ਬੜਾ ਹੀ ਦਿਲ-ਟੁੰਬਵਾਂ ਹੈ।... ਅਸੀਂ ਸਾਰੇ ਇਸ ਤੋਂ ਬਹੁਤ ਪਰਭਾਵਿਤ ਹੋਏ ਹਾਂ"।[201]

ਫਰਾਂਸ ਦੇ ਬਾਦਸ਼ਾਹ, ਲੂਈ ਫਿਲਪ, ਨੇ ਜੋ ਚਿੱਠੀ 27 ਅਕਤੂਬਰ, 1835 ਨੂੰ, ਉਨ੍ਹਾਂ ਵਲ ਲਿਖ ਭੇਜੀ ਸੀ, ਉਸ ਵਿਚ ਉਸ ਨੇ ਉਨ੍ਹਾਂ ਨੂੰ Padichah du Punjab ਕਰ ਕੇ ਸੰਬੋਧਿਆ ਸੀ ਅਤੇ ਲਿਖਿਆ ਸੀ :

"ਭਾਵੇਂ ਲੰਮੇ ਫਾਸਲੇ ਅਤੇ ਡੂੰਘੇ ਸਮੁੰਦਰ ਪੰਜਾਬ ਦੀ ਬਾਦਸ਼ਾਹੀ ਨੂੰ ਫਰਾਂਸ ਦੀ ਬਾਦ-ਸ਼ਾਹੀ ਤੋਂ ਨਿਖੇੜੇ ਹੋਏ ਹਨ, ਫਿਰ ਵੀ ਇਹ ਨਿਖੇੜਾ ਉਸ ਪਿਆਰ ਦੇ ਰਾਹ ਵਿਚ ਕੋਈ ਰੋਕ

---

199. ਸਵਿਸਥਾਰ ਸਮਾਚਾਰ ਲਈ ਵੇਖੋ : Fraser, B., Military Memoirs of Lieut-Col James Skinner, Vol. I, London-1851, entries pertaining to 25-31 Oct., 1831 etc., Fane H. E. Five Years in India, Vol. I, London-1842. Chapter VII to IX; Osborne, W. G., The Court and Camp of Ranjeet Singh, London-1840, pp. 21-82.

ਸੂਰੀ ਸੋਹਣ ਲਾਲ, ਉਮਦਾ-ਤੁ-ਤਵਾਰੀਖ਼, ਲਾਹੌਰ-1889, ਦਫ਼ਤਰ 2-4, ਇਤਿਆਦਿ।

200. Aukland's Minute, dated 12 May 1838.

201. Eden, Up the Country, op. cit., Vol. I, pp. 298-99.

ਨਹੀਂ ਪਾਉਂਦਾ ਜਿਸ ਨੇ ਅਸਾਂ ਦੋਹਾਂ ਦੇ ਦਿਲਾਂ ਨੂੰ ਜੋੜਿਆ ਹੋਇਆ ਹੈ।[202] ਨੈਸ਼ਨਲ ਆਰਕਾਈਵਜ਼ ਆਫ਼ ਇੰਡੀਆ ਵਿਚ ਉਸ ਦੀ 9 ਅਕਤੂਬਰ, 1837 ਨੂੰ ਭੇਜੀ ਹੋਈ ਚਿੱਠੀ ਵੀ ਮੌਜੂਦ ਹੈ।[203]

ਰੂਸ ਦੇ ਸ਼ਹਿਨਸ਼ਾਹ, ਅਲੈਗਜ਼ੈਂਡਰ ਜ਼ਾਰ, ਨੇ ਵੀ ਸ਼ੇਰੇ ਪੰਜਾਬ ਨਾਲ ਦੋਸਤੀ ਤੇ ਵਪਾਰ ਦਾ ਅਜਿਹਾ ਸੰਬੰਧ ਕਾਇਮ ਕਰਨ ਲਈ ਲੋੜੀਂਦੀ ਕਾਰਵਾਈ ਅਤੇ ਅਤੇ ਚਿੱਠੀ-ਪੱਤਰ ਕੀਤਾ ਸੀ।[204] ਰੂਸ ਵਲੋਂ 1821 ਵਿਚ ਆਈ ਇਕ ਚਿੱਠੀ ਈਸਟ ਇੰਡੀਆ ਕੰਪਨੀ ਦੇ ਇਕ ਕਰਮਚਾਰੀ, ਮੂਰਕਰਾਫਟ, ਨੇ ਲਦਾਖ ਵਿਚ ਹੀ ਕਾਬੂ ਕਰ ਲਈ ਸੀ। ਇਸ ਵਿਚ ਮਹਾਰਾਜਾ ਸਾਹਿਬ ਨੂੰ ਯਕਨੀ ਦੁਆਂਦਿਆਂ ਲਿਖਿਆ ਸੀ :

"ਪੰਜਾਬ ਦੇ ਵਪਾਰੀਆਂ ਦਾ ਰੂਸੀ ਰਾਜ-ਖੇਤਰ ਵਿਚ ਨਿੱਘਾ ਸੁਆਗਤ ਕੀਤਾ ਜਾਏਗਾ ... ਰੂਸ ਦਾ ਸ਼ਹਿਨਸ਼ਾਹ ਉਸ ਦੇਸ ਦਾ ਖਾਸ ਤੌਰ ਤੇ ਸ਼ੁਭ-ਇੱਛਕ ਹੈ ਜਿਸ ਉਤੇ ਸਿੱਖਾਂ ਦਾ ਬਾਦਸ਼ਾਹ, ਰਣਜੀਤ ਸਿੰਘ, ਰਾਜ ਕਰ ਰਿਹਾ ਹੈ"।[205] ਇਸ ਚਿੱਠੀ ਤੋਂ ਇਹ ਵੀ ਵਿਦਤ ਸੀ ਕਿ ਜਿਸ ਬੰਦੇ ਹੱਥ ਉਹ ਪੱਤਰ ਪੰਜਾਬ ਵਲ ਭੇਜਿਆ ਗਿਆ ਸੀ, ਉਹ ਉਸ ਤੋਂ ਛੇ ਵਰ੍ਹੇ ਪਹਿਲਾਂ ਵੀ, ਮਹਾਰਾਜਾ ਸਾਹਿਬ ਨੂੰ ਰੂਸੀ ਸਰਕਾਰ ਦੀਆਂ ਕਈ ਅਜਿਹੀਆਂ ਚਿੱਠੀਆਂ ਪਹੁੰਚਾ ਚੁਕਾ ਸੀ।[206]

10

ਜਿਥੋਂ ਤਕ ਹਿੰਦੁਸਤਾਨੀ ਰਾਜਿਆਂ ਤੇ ਨਵਾਬਾਂ ਨੂੰ ਦਿਤੀ ਸ਼ਰਨ ਤੇ ਸਹਾਇਤਾ ਦਾ ਸੰਬੰਧ ਹੈ, ਉਸ ਦੀਆਂ ਉਦਾਹਰਣਾਂ ਵੀ ਕਈ ਮਿਲਦੀਆਂ ਹਨ।

---

202. ਇਸ ਚਿੱਠੀ (ਮਿਤੀ 27.10.1835 ਈ.) ਦੀ ਅਸਲ ਇੰਡੀਆ ਆਫਿਸ ਲਾਇ-ਬਰੇਰੀ ਐਂਡ ਰੀਕਾਰਡਜ਼, ਲੰਡਨ ਵਿਚ ਸੁਰੱਖਿਅਤ ਹੈ।

203. ਵੇਖੋ : Index to Proceedings of the Government of India in the Foreign Department for the Years 1830-1839, Vol. II, Calcutta-1885, 42-44, P. C.

204. ਵੇਖੋ : Moorcraft, W. and Frebeck, C., Travels in the Himalayan Provinces of Hindostan and the Punjab in Ladak and Kashmir, in the Peshawar, Kabul and Kunduz and Pirkhura from 1819 to 1825, London-1837, Vol. I, pp. 383 & 387;

204. ਵੇਖੋ : ਲੁਧਿਆਣੇ ਸਥਿਤ ਪਲੀਟੀਕਲ ਅਸਿਸਟੈਂਟ, ਕੈਪਟਨ ਵੇਡ, ਦੀ ਦਿੱਲੀ ਸਥਿਤ ਅੰਗਰੇਜ਼ ਰੇਜ਼ੀਡੈਂਟ ਨੂੰ ਲਿਖੀ ਚਿੱਠੀ ਮਿਤੀ 24 ਅਗਸਤ, 1830; Marshman, History of India, op. cit., Vol. II, p. 129.

205. Moorcaft Travels, op. cit., Vol. I, p. 99 & 103.

206. Cunningham, History of the Sikhs, op. cit., p. 150.

ਅੰਗਰੇਜ਼ਾਂ ਦਾ ਖਦੇੜਿਆ ਹੋਇਆ ਮਰਹੱਟਾ ਪ੍ਰਮੁਖ, ਜਸਵੰਤ ਰਾਏ ਹੁਲਕਰ ਅਤੇ ਰੁਹੇਲਿਆਂ ਦਾ ਮੁਖੀ ਅਮੀਰ ਖਾਨ, ਤਾਂ ਉਨ੍ਹਾਂ ਦੀ ਸ਼ਰਨ ਤੇ ਸਹਾਇਤਾ ਲੈਣ ਲਈ 1805 ਵਿਚ ਸਿਧੇ ਅੰਮ੍ਰਿਤਸਰ ਪਹੁੰਚ ਗਏ ਸਨ। ਪੰਜਾਬ ਯੂਨੀਵਰਸਿਟੀ, ਲਾਹੌਰ ਵਿਚ ਸੁਰੱਖਿਅਤ ਇਕ ਪੁਰਾਣੀ ਹੱਥ-ਲਿਖਤ ਵਿਚ ਦਸਿਆ ਹੈ: "ਸੰਮਤ 1862 ਮਘਰੁ ਦੀ ਬਵੀਵੀਂ, ਮੰਗਲਵਾਰ, ਮਰਹੱਟਾ ਜਸਵੰਤ ਰਾ ਅੰਮ੍ਰਿਤਸਰ ਮੋ ਆਇਆ। ਪਾਛੇ ਪਾਛੇ ਫਿਰੰਗੀ ਮਰਹਟੇ ਕੇ ਲਗਾ ਆਇਆ। ਸੋ ਭੀ ਅੰਮ੍ਰਿਤਸਰੁ ਜੀ ਆਨ ਪਹੁਤਾ। ਫੇਰ ਮਰਹਟੇ ਨਾਲ ਪਗੁ ਵਟਾਈ ਰਣਜੀਤ ਸਿੰਘ ਨੇ, ਮਿਤ੍ਰ ਬਣੇ; ਰਲੁ ਕੇ ਰੁਲੇ ਲੀਤੇ"।[207]

ਸੰਨ 1832-34 ਵਿਚ ਜੋਧਪੁਰ ਦੇ ਮਹਾਰਾਜੇ ਨਾਲ ਵੀ ਸ਼ੇਰੇ ਪੰਜਾਬ ਦਾ ਗੁਪਤ ਪੱਤਰ-ਵਿਹਾਰ ਚਲਦਾ ਰਿਹਾ ਹੈ ਜੋ ਨੈਸ਼ਨਲ ਆਰਕਾਈਵਜ਼, ਦਿੱਲੀ ਵਿਚ ਅਜੇ ਤਕ ਸਾਂਭਿਆ ਪਿਆ ਹੈ।[208]

ਸੰਨ 1826 ਵਿਚ ਹੈਦਰਾਬਾਦ ਦੇ ਨਜ਼ਾਮ, ਦਰਵੇਸ਼ ਮੁਹੰਮਦ, ਨੇ ਆਪ ਨੂੰ ਆਪਣੇ ਵਕੀਲ ਰਾਹੀਂ ਚਾਰ ਬਹੁਮੁਲੇ ਘੋੜੇ, ਇਕ ਹੀਰਿਆਂ ਜੜੀ ਤਲਵਾਰ, ਇਕ ਵਧੀਆ ਤੋਪ ਅਤੇ ਇਕ ਅਦੁੱਤੀ ਚਾਂਦਨੀ ਪੇਸ਼ ਕਰ ਕੇ ਪੰਜਾਬ ਰਾਜ ਨਾਲ ਆਪਣੇ ਦੋਸਤਾਨਾ ਤਅੱਲਕ ਕਾਇਮ ਕੀਤੇ ਸਨ। ਉਸ ਦੀ ਭੇਜੀ ਹੋਈ ਬੇਮਿਸਾਲ ਚਾਂਦਨੀ, ਅਤਿ ਸੁੰਦਰ ਤੇ ਪਿਆਰੀ ਹੋਣ ਕਰ ਕੇ ਖੜੇ ਪੈਰ ਦਰਬਾਰ ਸਾਹਿਬ ਵਿਚ ਸੁਸ਼ੋਭਿਤ ਹੋਣ ਲਈ, ਅੰਮ੍ਰਿਤਸਰ ਭੇਜ ਦਿਤੀ ਗਈ ਸੀ; ਅਤੇ ਉਹ ਉਥੇ ਅਜੇ ਤਕ ਉਵੇਂ ਹੀ ਮੌਜੂਦ ਹੈ।

ਅੰਗਰੇਜ਼ਾਂ ਨੇ ਮਰਾਠਿਆਂ ਦੇ ਪੇਸ਼ਵਾ, ਬਾਜੀ ਰਾਓ ਦੂਜੇ, ਨੂੰ, ਸੰਨ 1818 ਵਿਚ ਤਖਤੋਂ ਉਤਾਰ ਦਿਤਾ ਸੀ। ਉਸ ਤੋਂ ਬਾਅਦ, ਉਹ ਭਰਤਪੁਰ ਦੇ ਰਾਜੇ, ਰਣਧੀਰ ਸਿੰਘ, ਨੂੰ ਵੀ ਗਦੀਉਂ ਉਤਾਰ ਦੇਣ ਦੇ ਡਰਾਵੇ ਦੇ ਰਹੇ ਸਨ। ਦੋਹਾਂ ਨੇ, ਅੰਤ ਹਾਰ ਕੇ, ਮਹਾਰਾਜਾ ਰਣਜੀਤ ਸਿੰਘ ਦੀ ਸ਼ਰਨ ਤੇ ਸਹਾਇਤਾ ਲਈ ਬੇਨਤੀ ਕੀਤੀ ਸੀ। ਮਹਾਰਾਜਾ ਸਾਹਿਬ ਨੇ ਇਸ ਨੂੰ ਪਰਵਾਨ ਕਰਨ ਤੋਂ ਪਹਿਲਾਂ, ਮਾਰਵਾੜ ਦੇ ਰਾਜਾ ਮਾਨ ਸਿੰਘ ਦੀ ਸਲਾਹ ਲੈ ਲੈਣੀ ਜ਼ਰੂਰੀ ਸਮਝੀ; ਕਿਉਂਕਿ ਉਹ ਉਸ ਨੂੰ ਰਾਜਪੂਤਾਨੇ ਦਾ ਸਭ ਤੋਂ ਉੱਘਾ ਤੇ ਧਰਮੀ ਹਾਕਮ ਸਮਝਦੇ ਸਨ। ਮਹਾਰਾਜਾ ਸਾਹਿਬ ਨੇ ਉਸ ਨੂੰ ਇਸ ਸੰਬੰਧ, 25 ਦਸੰਬਰ 1822 ਨੂੰ, ਜੋ ਚਿੱਠੀ ਲਿਖ ਭੇਜੀ ਸੀ ਉਸ ਦੇ ਕੁਝ ਅਗ ਨਿਮਨ-ਲਿਖਤ ਹਨ:

"ਸਾਡੇ ਦਰਬਾਰ ਦੀ ਖਬਰ ਇਸ ਪ੍ਰਕਾਰ ਹੈ:

"ਮੁਲਤਾਨ ਤੇ ਕਸ਼ਮੀਰ ਦੇ ਸੂਬੇ, ਭੱਖਰ ਤੇ ਮਨਕੇਰੇ ਦਾ ਇਲਾਕਾ ਇਤਿਆਦਿ, ਪਹਿਲਾਂ ਹੀ 'ਖ਼ਾਲਸਾ ਜੀ' ਦੇ ਅਧੀਨ ਹੋ ਚੁਕੇ ਹਨ।

"ਇਸ ਸਾਲ 'ਖ਼ਾਲਸਾ ਫੌਜ' ਨੇ ਕਾਬਲ ਦੇ ਸੂਬੇ ਨੂੰ ਆਪਣੇ ਰਾਜ ਨਾਲ ਮਿਲਾ ਲੈਣ ਦਾ ਇਰਾਦਾ ਕੀਤਾ ਸੀ, ਅਤੇ ਉਸ ਅਨੁਸਾਰ ਉਹ ਪਿਸ਼ਾਵਰ ਲਾਗੇ ਪਹੁੰਚ ਵੀ ਗਈ

---

207. ਵੇਖੋ: ਯੂਨੀਵਰਸਿਟੀ ਆਫ ਪੰਜਾਬ, ਲਾਹੌਰ ਦੀ ਹੱਥ-ਲਿਖਤ ਨੰ: 408,
Mohan Singh, Dr., A History of Panjabi Literature, Lahore-1932; 3rd. ed., Jullundur-1971, p. 129.

208. ਵੇਖੋ: Index to Proceedings, op. cit., P. C. No. 40-41, 14-14A, 149-50. etc.

ਸੀ । ਪਰ ਸਮੱਦ ਖ਼ਾਨ (ਨਵਾਬ ਆਜ਼ਿਮ ਖ਼ਾਨ ਦਾ ਨਿੱਕਾ ਭਰਾ ਜੋ ਕਿ ਵਜ਼ੀਰ ਫਤਹ ਖ਼ਾਨ ਦਾ ਭਰਾ ਹੈ), ਉਥੇ ਹੀ, 'ਖ਼ਾਲਸਾ ਦਰਬਾਰ' ਵਿਚ ਹਾਜ਼ਰ ਹੋ ਗਿਆ ਅਤੇ ਕਈ ਕੀਮਤੀ ਤੋਹਫੇ ਪੇਸ਼ ਕਰ ਕੇ, ਉਸ ਨੇ ਏਲਾਨੀਆ ਆਖਿਆ :

> ਨਵਾਬ ਆਜ਼ਿਮ ਖ਼ਾਨ (ਕਾਬਲ ਦਾ ਉਦੋਂਕਾ ਹਾਕਮ) ਖ਼ਾਲਸਾ ਦਰਬਾਰ ਦੀ ਸੇਵਾ ਕਰਨ ਲਈ ਤਿਆਰ ਹੈ ਅਤੇ ਸਾਡੇ ਤੀਹ ਹਜ਼ਾਰ ਬਹਾਦਰ ਘੋੜ-ਸਵਾਰਾਂ ਦੀ ਸੇਵਾ ਆਪ ਜਦੋਂ ਚਾਹੋ ਲੈ ਸਕਦੇ ਹੋ । ਸਾਡਾ ਕਾਮਰਾਨ (ਕਾਬਲ ਦੇ ਬਾਦਸ਼ਾਹ, ਮਹਿਮੂਦ ਸ਼ਾਹ ਦਾ ਪੁੱਤਰ) ਨਾਲ, ਫ਼ਤਹ ਖ਼ਾਨ ਦੇ ਕਤਲ ਕਾਰਨ, ਜੱਦੀ ਵੈਰ ਹੈ । ਸ਼ੁਜਾਅ-ਉਲ-ਮੁਲਕ ਅਤੇ ਸ਼ਾਹ ਜ਼ਮਾਨ ਸਾਨੂੰ ਸਜ਼ਾ ਦੁਆਣ ਲਈ ਅੰਗਰੇਜ਼ਾਂ ਪਾਸ ਠਹਿਰੇ ਹੋਏ ਹਨ । ਅਜਿਹੇ ਹਾਲਾਤ ਵਿਚ, ਅਸਾਂ ਆਪਣੇ ਆਪ ਨੂੰ ਖਾਲਸਾ ਜੀ ਦੀ ਰਖਿਆ ਹੇਠ ਛੱਡ ਦਿਤਾ ਹੈ ਅਤੇ ਇਸ ਦੀ ਸੇਵਾ-ਹਿਤ, ਮਰਨ ਲਈ ਵੀ ਤਿਆਰ ਹਾਂ । ਇਸ ਲਈ ਅਸੀਂ ਉਮੀਦ ਕਰਦੇ ਹਾਂ ਕਿ ਉਕਤ ਰਸਾਲੇ ਨੂੰ ਕਾਇਮ ਰਖਣ ਵਾਸਤੇ ਕਾਬਲ, ਕਿਰਪਾਲਤਾ ਸਹਿਤ, ਸਾਡੇ ਪਾਸ ਹੀ ਰਹਿਣ ਦਿਤਾ ਜਾਏ ।"

"ਇਸ ਇਸਨਾ ਵਿਚ, ਪੇਸ਼ਵਾ (ਬਾਜੀ ਰਾਓ ਦੂਜਾ) ਦੇ ਏਲਚੀ ਅਤੇ ਭਰਤਪੁਰ ਦਾ ਰਾਜਾ (ਰਣਧੀਰ ਸਿੰਘ) ਹਾਜ਼ਰ ਹੋਏ ਹਨ । ਉਨ੍ਹਾਂ ਨੇ ਬੇਨਤੀ ਕੀਤੀ ਹੈ ਕਿ ਜੇ ਖਾਲਸਾ ਜੀ ਦੀ ਫੌਜ ਦਿੱਲੀ ਵਲ ਭੇਜ ਦਿਤੀ ਜਾਏ, ਤਾਂ ਉਹ ਉਸ ਦੇ ਖਰਚੇ ਆਦਿ ਲਈ ਇਕ-ਇਕ ਲੱਖ ਰੁਪਿਆ ਹਾਜ਼ਰ ਕਰਨਗੇ ।

ਤੁਸੀਂ ਖੁਦ ਇਹ ਚੰਗੀ ਤਰ੍ਹਾਂ ਜਾਣਦੇ ਹੋ ਕਿ ਹਿੰਦੁਸਤਾਨ ਦੀ ਹਾਲਤ, ਇਸ ਹਾਕਮਾਂ ਦੇ ਆਪਸੀ ਵੈਰ-ਵਿਰੋਧ ਕਾਰਨ, ਹੋਰ ਵਿਗੜ ਚੁਕੀ ਹੈ । ਉਨ੍ਹਾਂ ਵਿਚ ਇਕ ਦੂਜੇ ਲਈ ਨਿੱਘ ਤੇ ਪਿਆਰ-ਭਾਵਨਾ ਕੋਈ ਨਹੀਂ ।

"ਅਸੀਂ ਹਿੰਦੁਸਤਾਨ ਵਿਚ ਤੁਹਾਡੇ ਬਿਨਾਂ ਹੋਰ ਕਿਸੇ ਅਜਿਹੇ ਵਿਅਕਤੀ ਨੂੰ ਨਹੀਂ ਜਾਣਦੇ ਜੋ ਆਪਣੇ ਧਰਮ ਅਤੇ ਬਚਨ ਉਤੇ ਪਹਿਰਾ ਦੇ ਸਕਦਾ ਹੋਵੇ । ਇਸੇ ਲਈ ਇਹ ਚਿੱਠੀ ਇਕ ਖ਼ਾਸ ਹਰਕਾਰੇ ਹੱਥ ਆਪ ਨੂੰ ਭੇਜ ਰਹੇ ਹਾਂ ।

ਸਾਨੂੰ ਆਸ ਹੈ ਕਿ ਤੁਸੀਂ ਹਿੰਦੁਸਤਾਨ ਦੀ ਰਖਿਆ ਲਈ ਸਾਨੂੰ ਬਿਹਤਰੀਨ ਸਲਾਹ ਦਿਓਗੇ, ਜਿਸ ਦੀ ਕਿ ਫਿਰ ਲੜੀਂਦੀ ਪੈਰਵੀ ਕੀਤੀ ਜਾਏਗੀ ।

ਮਿਹਰਬਾਨੀ ਕਰ ਕੇ, ਆਪਣਾ ਕੋਈ ਇਤਬਾਰੀ ਤੇ ਸੂਝਵਾਨ ਬੰਦਾ ਇਥੇ ਭੇਜ ਦਿਓ ਕਿਉਂਕਿ ਕੁਝ ਗੱਲਾਂ ਅਜਿਹੀਆਂ ਵੀ ਹਨ ਜੋ ਕਾਗਜ਼ ਉਤੇ ਲਿਖੀਆਂ ਨਹੀਂ ਜਾਂ ਸਕਦੀਆਂ । ਇਸ ਲਈ ਉਸ ਬੰਦੇ ਨੂੰ ਇਥੇ ਹੀ ਰਹਿ ਪੈਣਾ ਚਾਹੀਦਾ ਹੈ ।

ਕਿਰਪਾਲਤਾ ਸਹਿਤ ਹਰਕਾਰੇ ਦੀਆਂ ਮੂੰਹ-ਜ਼ਬਾਨੀ ਬੇਨਤੀਆਂ ਵੀ ਪਰਵਾਨ ਕਰ ਲੈਣੀਆਂ ।


"ਮਿਤੀ ਬਾਰ੍ਹਵਾਂ ਚਾਨਣਾ ਪੱਖ ਮੱਘਰ ਦਾ,
ਵਿਕਰਮ ਸੰਮਤ 1879 ।"[209]

ਉਕਤ ਚਿੱਠੀ ਦਾ ਹਰ ਇਕ ਅੰਗ ਉਦੋਂਕੇ ਪੰਜਾਬ ਦੀ ਆਨ-ਸ਼ਾਨ, ਰਾਜ ਸ਼ਕਤੀ ਤੇ ਰੁਅਬਦਾਬ, ਅਤੇ ਸ਼ੇਰੇ ਪੰਜਾਬ ਦੀ ਚੜ੍ਹਦੀ ਕਲਾ, ਅਸਰਰਸੂਖ ਅਤੇ ਮਾਣ-ਤਾਣ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਦੇ ਹਰ ਵਾਕ, ਹਰ ਸ਼ਬਦ ਤੋਂ ਉਹ ਹਾਰਦਿਕ ਪਿਆਰ ਵੀ ਡੁਲ੍ਹ-ਡੁਲ੍ਹ ਪੈ ਰਿਹਾ ਹੈ, ਜੋ ਉਨ੍ਹਾਂ ਦੇ ਦਿਲ ਵਿਚ ਪੰਥ ਲਈ, 'ਪੰਜਾਬ ਲਈ ਤੇ ਸਮੁਚੇ ਹਿੰਦੁਸਤਾਨ ਲਈ ਸਦਾ ਲਹਿਰੇ ਲੈ ਰਿਹਾ ਸੀ, ਅਤੇ ਜੋ ਉਨ੍ਹਾਂ ਦੀ ਬੇਜੋੜ ਪ੍ਰਾਪਤੀ ਤੇ ਬੇਮਿਸਾਲ ਦਿੱਤ-ਦੇਣ ਦਾ ਮੂਲ ਸੋਮਾਂ ਤੇ ਪਰੇਰਕ ਸ਼ਕਤੀ ਵੀ ਸੀ।

(ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ ਦੇ ਧੰਨਵਾਦ ਸਹਿਤ)

—o—

209. 12 ਮੱਘਰ 1879 (ਮੁਤਾਬਕ 22 ਦਸਬਰ 1822 ਈ:) ਉਕਤ ਦੀ ਉਕਤ ਚਿੱਠੀ ਦੀ ਮਾਰਵਾੜੀ ਨਕਲ ਰਿਆਸਤ ਜੋਧਪੁਰ ਦੇ ਰੀਕਾਰਡ ਆਫ਼ਿਸ ਵਿਚ ਸੁਰੱਖਿਤ ਹੈ। ਵੇਖੋ Tripathi, Prof. L. K. & Har Dayal Singh (ed.), The Maharaja Ranjit Singh Centenary Volume, Cawnpore-1940, pp. 121-128.



ਰਣਜੀਤ ਸਿੰਘ–ਪੰਜਾਬੀਅਤ ਦਾ ਪ੍ਰਤੀਕ

—ਗਿਆਨੀ ਲਾਲ ਸਿੰਘ

ਮਹਾਰਾਜਾ ਰਣਜੀਤ ਸਿੰਘ ਲਗਪਗ 59 ਸਾਲ ਪੰਜਾਬ ਦੀ ਧਰਤੀ ਉੱਤੇ ਵਿਚਰਿਆ, ਪਜਾਬ ਦੇ ਸਵੈਮਾਨ ਲਈ ਸੁਦ੍ਰਿੜ੍ਹਤਾ ਨਾਲ ਸੁਚੇਤ ਰਿਹਾ, ਅਮਨ ਤੇ ਨਿਆਂ ਦੀ ਸਥਾਪਤੀ ਨਾਲ ਲੋਕ ਪ੍ਰਿਅ ਬਣਿਆ ਅਤੇ ਪੰਜਾਬ ਦੀ ਸ਼ਾਨੋ ਸ਼ੌਕਤ ਨੂੰ ਸੰਸਾਰ ਵਿਆਪੀ ਬਣਾਉਣ ਵਿਚ ਸਫਲ ਹੋਇਆ। ਸਾਡੇ ਇਤਿਹਾਸ ਵਿਚ ਰਾਜਾ ਪੋਰਸ ਤੇ ਹਰਸ਼ ਵਰਧਨ ਜੇਹੇ ਬਲਵਾਨ ਰਾਜੇ ਮਹਾਰਾਜੇ ਹੋਏ ਹਨ ਪਰ ਪੰਜਾਬ ਦੀ ਸਮੂੰਹ ਜਨਤਾ ਜਿਸ ਸਤਿਕਾਰ ਭਾਵ ਨਾਲ ਰਣਜੀਤ ਸਿੰਘ ਦੀ ਯਾਦ ਨੂੰ ਦਿਲਾਂ ਵਿਚ ਸੰਭਾਲੀ ਬੈਠੀ ਹੈ, ਉਜੇਹਾ ਮਾਣ ਕਿਸੇ ਹੋਰ ਰਾਜੇ, ਮਹਾਰਾਜੇ ਜਾਂ ਨਵਾਬ ਨੂੰ ਪ੍ਰਾਪਤ ਨਹੀਂ ਹੋਇਆ। ਜਾਗਰੂਕ ਪੰਜਾਬੀ ਜਨਤਾ ਹਰ ਕਿਸੇ ਨੂੰ ਦਿਲ ਦਾ ਸਿੰਘਾਸਨ ਨਹੀਂ ਦਿੰਦੀ। ਦੇਸ਼ ਦੇ ਸਵੈਮਾਨ ਲਈ ਸਿਰ ਤਲੀ ਉਤੇ ਟਿਕਾ ਕੇ ਤੁਰਨ ਵਾਲਾ ਸੂਰਮਾ, ਦਿਨ ਰਾਤ ਲੋਕ-ਹਿਤਾਂ ਲਈ ਘਾਲਾਂ ਘਾਲਦਿਆਂ ਅਕੇਵੇਂ ਥਕੇਵੇਂ ਤੋਂ ਬੇਨਿਆਜ਼ ਰਹਿ ਕੇ ਚੜ੍ਹਦੀ ਕਲਾ ਵਿਚ ਵਿਚਰਨ ਵਾਲਾ ਸਾਵਧਾਨ ਸੇਵਕ, ਹਰੇਕ ਕਿਸਮ ਦੇ ਭੇਦ-ਭਾਵ ਤੋਂ ਨਿਰਲੇਪ ਰਹਿ ਕੇ ਮਨੁਖ ਮਾਤਰ ਦੇ ਪਿਆਰ ਨਾਲ ਛਲਕਦੇ ਦਿਲ ਵਾਲਾ ਸੁਖੀ ਦਿਲਾਵਰ ਅਤੇ ਜੀਵਨ ਸੰਗਰਾਮ ਵਿਚ ਕਰੜੇ ਤੋਂ ਕਰੜੇ ਸੰਕਟ ਸਮੇਂ ਦਿਲ-ਦਿਮਾਗ ਨੂੰ ਠੰਡਾ ਠਾਰ ਰੱਖ ਸਕਣ ਵਾਲਾ ਆਤਮ-ਵਿਸ਼ਵਾਸੀ ਮਨੁਖ, ਇਸ ਕਰੜੀ ਧਰਤੀ ਦੇ ਕਰੜੇ ਵਾਸੀਆਂ ਦੇ ਮਨਾਂ ਵਿਚ ਥਾਂ ਬਣਾ ਸਕਦਾ ਹੈ। ਰਣਜੀਤ ਸਿੰਘ ਅਜੇਹਾ ਖੁਸ਼-ਨਸੀਬ ਇਨਸਾਨ ਹੋਇਆ ਹੈ। ਇਹ ਪੰਜਾਬੀਅਤ ਦਾ ਪ੍ਰਤੀਕ ਬਣ ਕੇ ਪੰਜਾਬ ਨੂੰ ਵਿਸ਼ਵ ਦੇ ਨਕਸ਼ੇ ਉਤੇ ਚਮਕਾਉਣ ਵਿਚ ਕਾਮਯਾਬ ਹੋਇਆ।

ਪੰਜਾਬੀਅਤ

ਸਵੈਧੀਨਤਾ :

ਪੰਜਾਬੀ ਆਚਾਰ ਦਾ ਮੁੱਖ ਚਿੰਨ੍ਹ ਸੁਤੰਤਰ ਭਾਵਨਾ ਨਾਲ ਜੀਉਣਾ ਹੈ। ਜੇ ਸਵੈ–ਧੀਨਤਾ ਦੀ ਭਾਵਨਾ ਮਰਦੀ ਹੋਵੇ ਤਾਂ ਅਣਖੀਲਾ ਪੰਜਾਬੀ ਮੌਤ ਨੂੰ ਤਰਜੀਹ ਦੇਂਦਾ ਹੈ। ਜ਼ਮੀਰ ਦੀ ਮੌਤ ਨਾਲੋਂ ਸਰੀਰ ਦੀ ਮੌਤ ਪੰਜਾਬੀਆਂ ਨੂੰ ਸਦਾ ਹੀ ਪਸੰਦ ਰਹੀ ਹੈ। ਪੰਜਾਬ ਦੇ ਆਦਿ ਕਵੀ ਬਾਬਾ ਫ਼ਰੀਦ ਜੀ ਤੇ ਆਧੁਨਿਕਤਾ ਦੇ ਮੋਢੀ ਸ਼ਾਇਰ ਭਾਈ ਵੀਰ ਸਿੰਘ ਜੀ ਦੇ ਬੋਲ ਪੰਜਾਬੀ ਆਚਾਰ ਨੂੰ ਇਉਂ ਉਘਾੜਦੇ ਹਨ :—

ਫਰੀਦਾ ਬਾਰਿ ਪਰਾਇਐ ਬੈਸਣਾ ਸਾਈਂ ਮੁਝੈ ਨ ਦੇਹ ॥

ਜੇ ਤੂੰ ਏਵੇਂ ਰਖਸੀ ਜੀਉ ਸਰੀਰਹੁ ਲੇਹਿ ॥ (ਬਾਬਾ ਫਰੀਦ)

— — —

ਮਰਜ਼ੀ ਹੇਠ ਕਿਸੇ ਦੀ ਮਰਜ਼ੀ, ਧਕੇ ਨਾਲ ਨ ਲਗੇ ਕਦੀ ॥ (ਭਾਈ ਵੀਰ ਸਿੰਘ)

ਪੰਜਾਬੀ ਆਚਰਣ ਦਾ ਇਹ ਅਨਿਖੜਵਾਂ ਗੁਣ ਹੈ, ਜਿਥੇ ਗੁਲਾਮੀ ਭਰੀ ਹੀਣਤਾ ਚੋਭ ਦੇਵੇ, ਪੰਜਾਬੀ ਉਥੇ ਅੜ ਖੜੋਂਦੇ ਹਨ। ਤਲਵਾਰਾਂ ਤੀਰਾਂ ਵਾਲ਼ੇ ਸੂਰਮਿਆਂ ਤਾਂ ਅਜੇਹਾ ਕਰਨਾ ਹੀ ਹੋਇਆ, ਜੋਗੀ ਬਣਿਆ ਰਾਂਝਾ ਵੀ ਨਾਥ ਦੇ ਧੂੰਏ ਦੇ ਗੋਹੇ ਢੋਣ ਤੋਂ ਆਕੀ ਹੋ ਖੜੋਤਾ ਸੀ। ਰਣਜੀਤ ਸਿੰਘ ਚੂੰਕਿ ਰਣ ਤੱਤੇ ਵਿਚ ਜੂਝਣ ਵਾਲਿਆਂ ਦਾ ਪੁੱਤ ਪੋਤਾ ਸੀ, ਇਸ ਲਈ ਉਸਦਾ ਸਵੈਧੀਨਤਾ ਦੀ ਭਾਵਨਾ ਨਾਲ ਛਲਕਦੇ ਹੋਣਾ ਸੁਭਾਵਿਕ ਸੀ। ਇਤਿਹਾਸ ਦਸਦਾ ਹੈ ਕਿ ਉਸਦੇ ਪੜਦਾਦਾ ਸਰਦਾਰ ਬੁਧ ਸਿੰਘ ਜੀ ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਪਾਨ ਕੀਤਾ ਸੀ, ਦੇ ਸਰੀਰ ਉਤੇ 30 ਫੱਟ ਤਲਵਾਰ ਤੇ ਨੇਜ਼ਿਆਂ ਦੇ ਅਤੇ 9 ਨਿਸ਼ਾਨ ਗੋਲੀਆਂ ਦੇ ਸਨ। ਰਣਜੀਤ ਸਿੰਘ ਦਾ ਬਾਬਾ ਸਰਦਾਰ ਚੜ੍ਹਤ ਸਿੰਘ ਵੱਡੇ ਘਲੂਘਾਰੇ ਸਮੇਂ ਜਦੋਂ ਲਗਪਗ ਪੰਜਾਹ ਹਜ਼ਾਰ ਸਿੰਘਾਂ ਵਿਚੋਂ ਤੀਹ ਹਜ਼ਾਰ ਸਿੰਘ ਸੂਰਜ ਚੜ੍ਹਨ ਤੇ ਅਸਤ ਹੋਣ ਦੇ ਵਿਚਕਾਰ ਸ਼ਹੀਦੀਆਂ ਪਾ ਗਏ ਸਨ, ਲੋਥਾਂ ਦੇ ਸਸਕਾਰ ਕਰਨ ਸਮੇਂ ਇਹ ਅਰਦਾਸ ਕਰਨ ਵਾਲਾ ਸੀ, "ਕਲਗੀਆਂ ਵਾਲਿਆ ! ਤੇਰਾ ਖਾਲਸਾ ਕੁੰਦਨ ਕੁੰਦਨ ਰਹਿ ਗਿਆ ਹੈ, ਹੁਣ ਬਲ ਬਖਸ਼ੀਂ, ਇਹ ਅਫ਼ਗਾਨ ਜੋ ਪੰਜਾਬ ਦੀ ਅਣਖ ਨੂੰ ਮਧੋਲਣਾ ਚਾਹੁੰਦੇ ਹਨ, ਪੰਜਾਬ ਵਿਚੋਂ ਸੁੱਕੇ ਨਾ ਜਾਣ।" ਇਸੇ ਤਰ੍ਹਾਂ ਰਣਜੀਤ ਸਿੰਘ ਦਾ ਪਿਤਾ ਸਰਦਾਰ ਮਹਾਂ ਸਿੰਘ ਗੁਜਰਾਂਵਾਲੇ ਦੇ ਇਲਾਕੇ ਵਿਚ ਬਬਰ ਸ਼ੇਰ ਵਾਂਗ ਭਬਕਦਾ ਰਿਹਾ। ਰਣਜੀਤ ਸਿੰਘ ਅਜੇ ਤੇਰ੍ਹਾਂ ਕੁ ਸਾਲਾਂ ਦਾ ਸੀ ਜਦੋਂ ਸਰਦਾਰ ਮਹਾਂ ਸਿੰਘ ਭਰ ਜਵਾਨੀ ਵਿਚ ਚੜ੍ਹਾਈ ਕਰ ਗਿਆ ਤਾਂ ਮਾਤਾ ਰਾਜ ਕੌਰ ਤੇ ਦੀਵਾਨ ਲਖਪਤ ਰਾਏ ਉਭਰਦੇ ਰਣਜੀਤ ਸਿੰਘ ਨੂੰ ਬੋਚ ਬੋਚ ਕੇ ਕਦਮ ਰਖਣ ਦੀ ਸਲਾਹ ਦੇਣ ਲਗੇ। ਪਰ ਰਣਜੀਤ ਸਿੰਘ ਨਿਰਭੈ ਹੋ ਕੇ ਚੱਠਿਆਂ ਦੇ ਮਾਰ ਖੋਰੇ ਇਲਾਕੇ ਵਿਚ ਘੁੰਮਣਾ ਚਾਹੁੰਦਾ ਸੀ। ਇਕ ਵੇਰ ਹਸ਼ਮਤ ਖਾਂ ਚੱਠੇ ਨੇ ਮੰਦ ਭਾਵਨਾ ਨਾਲ ਜੰਗਲ ਦੇ ਦਰਖ਼ਤਾਂ ਦੀ ਓਟ ਲੈ ਕੇ ਸ਼ਿਕਾਰ ਖੇਡਦੇ ਰਣਜੀਤ ਸਿੰਘ ਉਤੇ ਅਚਾਨਕ ਹਮਲਾ ਕਰ ਦਿਤਾ। ਨਿਪੁੰਨ ਘੋੜ ਸਵਾਰ, ਮਾਹਿਰ ਨਿਸ਼ਾਨਚੀ ਤੇ ਤਲਵਾਰ ਦੇ ਧਨੀ ਰਣਜੀਤ ਸਿੰਘ ਨੇ ਫੁਰਤੀ ਨਾਲ ਨਾ ਕੇਵਲ ਆਪਣੇ ਆਪ ਨੂੰ ਬਚਾਇਆ ਸਗੋਂ ਸ਼ੇਰ ਵਾਂਗ ਲਪਕ ਕੇ ਹਸ਼ਮਤ ਖਾਂ ਚੱਠੇ ਦੇ ਸਿਰ ਨੂੰ ਧੜ ਨਾਲੋਂ ਅੱਡ ਕਰਕੇ ਤੇ ਨੇਜ਼ੇ ਉਤੇ ਟੰਗ ਕੇ ਲੋਕਾਈ ਦੀ ਜੈ ਜੈ ਕਾਰ ਪ੍ਰਾਪਤ ਕੀਤੀ। ਰਣਜੀਤ ਸਿੰਘ ਨੂੰ ਸਭ ਤੋਂ ਵੱਡੀ ਚਿੜ੍ਹ ਇਹ ਸੀ ਕਿ ਜਦੋਂ ਅਫ਼ਗਾਨ ਕਾਬਲ ਤੋਂ ਲਾਹੌਰ ਵਲ ਆਉਂਦੇ ਸਨ ਤਾਂ ਲਾਹੌਰ ਦੇ ਭੰਗੀ ਸਰਦਾਰ, ਸ਼ਹਿਰ ਨੂੰ ਖਾਲੀ ਕਰ ਜਾਂਦੇ ਸਨ। ਉਹ ਲਲਕਾਰਨਾ ਚਾਹੁੰਦਾ ਸੀ ਅਫ਼ਗਾਨ ਹਮਲਾਵਰਾਂ ਨੂੰ, ਭਾਵੇਂ ਉਹ ਅਬਦਾਲੀ ਦਾ ਪੁੱਤ ਹੋਵੇ ਭਾਵੇਂ ਪੋਤਰਾ। ਸ਼ਾਹ ਜ਼ਮਾਨ ਦੇ ਚੌਥੇ ਹਮਲੇ ਸਮੇਂ, 17 ਸਾਲਾ ਗਭਰੂ ਰਣਜੀਤ ਸਿੰਘ ਨੇ ਪ੍ਰਣ ਕੀਤਾ ਕਿ ਉਹ ਲਾਹੌਰ ਦੇ ਕਿਲ੍ਹੇ ਉਤੇ ਸਾਹ ਜ਼ਮਾਨ ਨੂੰ ਟਿਕਣ ਨਹੀਂ ਦੇਵੇਗਾ। 1797 ਈਸਵੀ ਵਿਚ ਜਦੋਂ ਸਾਹ ਜ਼ਮਾਨ ਬਿਨਾਂ ਰੋਕ ਟੋਕ ਦੇ ਲਾਹੌਰ ਉੱਤੇ ਕਾਬਜ਼ ਹੋ ਗਿਆ ਅਤੇ ਭੰਗੀ ਸਰਦਾਰ ਸ਼ਹਿਰ ਛਡ ਕੇ ਚਲੇ

ਗਏ ਤਾਂ ਰਣਜੀਤ ਸਿੰਘ ਤੇ ਉਸਦੇ ਅਣਖੀਲੇ ਘੋੜ ਸਵਾਰ, ਲਾਹੌਰ ਦੇ ਕਿਲ੍ਹੇ ਦੇ ਚੌਗਿਰਦੇ ਭੁਖੇ ਬਾਜ਼ਾਂ ਵਾਂਗ ਮੰਡਲਾਉਣ ਲਗੇ। ਜਦੋਂ ਸ਼ਾਹ ਜ਼ਮਾਨ ਦੀਆਂ ਫ਼ੌਜਾਂ ਅੰਮ੍ਰਿਤਸਰ ਵਲ ਨੂੰ ਵਧੀਆਂ ਤਾਂ ਰਣਜੀਤ ਸਿੰਘ ਦੇ ਸੂਰਬੀਰਾਂ ਨੇ ਪਠਾਣਾਂ ਦੇ ਛੱਕੇ ਛੁਡਾ ਦਿਤੇ ਅਤੇ ਉਹ ਕਿਲ੍ਹੇ ਵਿਚ ਬੰਦ ਹੋ ਕੇ ਬੈਠਣ ਲਈ ਮਜਬੂਰ ਹੋਏ ਤਾਂ ਰਣਜੀਤ ਸਿੰਘ ਨੇ ਤਿੰਨ ਵਾਰ ਆਪਣੇ ਘੋੜ ਚੜ੍ਹਿਆਂ ਸਮੇਤ ਸੰਮਨ ਬੁਰਜ ਦੇ ਹੇਠਾਂ ਖਲੋ ਕੇ ਬੰਦੂਕਾਂ ਦੇ ਨਿਸ਼ਾਨੇ ਬੰਨ ਕੇ ਫਾਇਰ ਕਰਦਿਆਂ ਸ਼ਾਹ ਜ਼ਮਾਨ ਨੂੰ ਕਿਲ੍ਹੇ ਤੋਂ ਬਾਹਰ ਨਿਕਲਣ ਲਈ ਵੰਗਾਰਿਆ। "ਉਮਦਾਤੁਲ-ਤਵਾਰੀਖ" ਦਾ ਕਰਤਾ ਸੋਹਣ ਲਾਲ, ਰਣਜੀਤ ਸਿੰਘ ਦੀ ਇਸ ਲਲਕਾਰ ਤੇ ਵੰਗਾਰ ਨੂੰ ਇਸ ਪ੍ਰਕਾਰ ਵਰਨਣ ਕਰਦਾ ਹੈ :—"ਓ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ। ਵੇਖ ਚੜ੍ਹਤ ਸਿੰਘ ਦਾ ਪੋਤਰਾ ਆਇਆ ਹੈ। ਬਾਹਰ ਆ ਕੇ ਇਸ ਨਾਲ ਦੋ ਦੋ ਹੱਥ ਕਰ ਲੈ।"

ਸ਼ਾਹ ਜ਼ਮਾਨ ਇਨ੍ਹਾਂ ਹਲਿਆਂ ਤੋਂ ਘਬਰਾ ਕੇ ਲਾਹੌਰ ਦਾ ਕਿਲ੍ਹਾ ਛੱਡ ਕੇ ਸੰਨ 1798 ਵਿਚ ਵਾਪਿਸ ਕਾਬਲ ਨੂੰ ਮੋੜਾ ਪਾ ਗਿਆ। ਇਸ ਇਕੋ ਵਾਕਿਆ ਨੇ ਸਪਸ਼ਟ ਕਰ ਦਿਤਾ ਕਿ ਪੰਜਾਬ ਦੀ ਧਰਤੀ ਤੇ ਹੁਣ ਕੋਈ ਹਮਲਾਵਰ ਪੈਰ ਨਹੀਂ ਜਮਾ ਸਕੇਗਾ ਅਤੇ ਇਹ ਸਵੈਧੀਨ ਮਨੁੱਖਾਂ ਦੀ ਸਵੈਧੀਨ ਧਰਤੀ ਬਣ ਕੇ ਸਰਬੁਲੰਦੀ ਹਾਸਲ ਕਰੇਗੀ। ਰਣਜੀਤ ਸਿੰਘ ਦੇ ਇਸ ਚਮਤਕਾਰੀ ਕਾਰਨਾਮੇ ਨੇ ਨਾ ਕੇਵਲ ਸੁਕਰਚਕੀਆ ਮਿਸਲ ਨੂੰ ਬਾਰਾਂ ਮਿਸਲਾਂ ਵਿਚੋਂ ਸਿਰਕੱਢ ਬਣਾ ਦਿਤਾ ਸਗੋਂ ਸਾਰੇ ਪਹਾੜੀ ਰਾਜੇ ਇਕ ਬੰਨੇ ਤੇ ਸਮੂਹ ਪਠਾਣ ਨਵਾਬ ਦੂਜੇ ਬੰਨੇ ਰਣਜੀਤ ਸਿੰਘ ਦੇ ਨਾਮ ਤੋਂ ਭੈ ਖਾਣ ਲਗ ਪਏ। ਇਸ ਨਾਲ ਲਾਹੌਰ ਨਿਵਾਸੀਆਂ ਨੇ ਪਹਿਲੀ ਵਾਰ ਅਨੁਭਵ ਕੀਤਾ ਕਿ ਲਾਹੌਰ ਵਿਚ ਧਨ, ਮਾਲ, ਇੱਜ਼ਤ ਮਾਨ, ਰੂਪ, ਜਵਾਨੀ ਤਾਂ ਹੀ ਸੁਰੱਖਿਅਤ ਰਹਿ ਸਕਦੇ ਹਨ ਜੇਕਰ ਰਣਜੀਤ ਸਿੰਘ ਜੇਹਾ ਅਣਖੀਲਾ ਸੂਰਮਾ, ਲਾਹੌਰ ਦੀ ਰਾਖੀ ਦੀ ਜ਼ਿਮੇ-ਵਾਰੀ ਸੰਭਾਲ ਲਵੇ।

ਲਾਹੌਰ ਸ਼ਹਿਰ ਦੇ ਇਤਿਹਾਸ ਵਿਚ ਇਹ ਪਹਿਲੀ ਤੇ ਇਕੋ ਇਕ ਵਾਰਤਾ ਹੈ ਜਦੋਂ ਹਿੰਦੂ, ਮੁਸਲਮਾਨ ਤੇ ਸਿੱਖਾਂ ਦੇ ਸਾਂਝੇ ਪ੍ਰਤੀਨਿਧਾਂ ਨੇ ਸਾਂਝਾ ਮੇਜਰਨਾਮਾ ਲਿਖਕੇ ਰਣਜੀਤ ਸਿੰਘ ਨੂੰ ਲਾਹੌਰ ਆਉਣ ਲਈ ਦਰਖ਼ਾਸਤ ਕੀਤੀ। ਇਨ੍ਹਾਂ ਪ੍ਰਤੀਨਿਧ ਚੌਧਰੀਆਂ ਦੇ ਨਾਮ ਹਕੀਮ ਹਾਕਮ ਰਾਏ, ਭਾਈ ਗੁਰਮੁਖ ਸਿੰਘ, ਮੀਆਂ ਆਸ਼ਕ ਮੁਹੰਮਦ, ਮੀਆਂ ਮੁਹਕਮਦੀਨ ਤੇ ਮੁਹੰਮਦ ਮਾਹਿਰ ਸਨ। ਲਾਹੌਰੀਆਂ ਦੀ ਇਹ ਪੰਚਾਇਤ ਅਨੁਭਵ ਕਰਦੀ ਸੀ ਕਿ ਰਣਜੀਤ ਸਿੰਘ ਤੋਂ ਬਿਨਾਂ ਲਾਹੌਰ ਦਾ ਕਲਿਆਣ ਹੋਰ ਕਿਸੇ ਪਾਸੋਂ ਸੰਭਵ ਨਹੀਂ ਹੈ। ਸੂਝਵਾਨ ਰਣਜੀਤ ਸਿੰਘ ਨੇ ਮੇਜਰਨਾਮਾ ਮਿਲਣ ਪਿਛੋਂ ਆਪਣੇ ਇਤਬਾਰੀ ਕਾਜ਼ੀ ਅਬਦੁਲ ਰਹਿਮਾਨ ਨੂੰ ਲਾਹੌਰ ਭੇਜ ਕੇ ਸ਼ਹਿਰ ਦੀ ਆਵਾਜ਼ ਨੂੰ ਸੁਣਨ ਦਾ ਉਪਰਾਲਾ ਕੀਤਾ। ਜਦੋਂ ਕਾਜ਼ੀ ਅਬਦੁਲ ਰਹਿਮਾਨ ਨੇ ਲਿਖਿਆ ਕਿ ਸਮੂਹ ਲਾਹੌਰੀ ਜਨਤਾ ਉਸ ਲਈ ਸ਼ਹਿਰ ਦੇ ਦਰਵਾਜ਼ੇ ਖੋਲ੍ਹਣ ਲਈ ਤਿਆਰ ਹੈ ਤਾਂ ਉਹ ਕਾਮਯਾਬ ਜਰਨੈਲ ਵਾਂਗ ਮੁਕੰਮਲ ਫੌਜੀ ਤਿਆਰੀ ਨਾਲ ਗੁਜਰਾਂਵਾਲੇ ਤੋਂ ਬਟਾਲੇ ਵਲ ਆਪਣੀ ਸੱਸ ਸਦਾ ਕੌਰ ਦੀ ਕੁਮਕ ਹਾਸਿਲ ਕਰਕੇ ਚਾਲ੍ਹੀ ਹਜ਼ਾਰ ਘੋੜ ਸਵਾਰਾਂ ਨਾਲ ਲਾਹੌਰ ਵਲ ਵਧਿਆ। ਜੰਗੀ ਜੁਗਤੀ ਦੇ ਮਾਹਿਰ ਰਣਜੀਤ ਸਿੰਘ ਨੇ ਰਾਣੀ ਸਦਾ ਕੌਰ ਜੀ ਨੂੰ ਦਿੱਲੀ

ਦਰਵਾਜ਼ੇ ਵਲ ਟੋਰਿਆ ਤੇ ਆਪ ਲਾਹੌਰੀ ਦਰਵਾਜ਼ੇ ਰਾਹੀਂ ਸ਼ਹਿਰ ਵਿਚ ਦਾਖ਼ਲ ਹੋਇਆ। ਪਹਿਲੇ ਧਮਾਕੇ ਨਾਲ ਹੀ ਸ਼ਹਿਰ ਦੀ ਫ਼ਸੀਲ ਉਡਾ ਦਿੱਤੀ ਗਈ ਅਤੇ ਦੋ ਭੰਗੀ ਸਰਦਾਰ ਧਮਾਕੇ ਨਾਲ ਹੀ ਲਾਹੌਰ ਖਾਲੀ ਕਰਕੇ ਪੱਤਰਾ ਵਾਚ ਗਏ ਅਤੇ ਸਰਦਾਰ ਚੇਤ ਸਿੰਘ ਕਿਲ੍ਹੇ ਵਿਚ ਛਾਪਲ ਕੇ ਬੈਠ ਗਿਆ। ਸ਼ਹਿਰੀਆਂ ਨੇ ਇਕਰਾਰ ਮੁਜਬ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਰਾਣੀ ਸਦਾ ਕੌਰ ਜਿੱਤ ਦੇ ਜੈਕਾਰਿਆਂ ਨਾਲ ਕਿਲ੍ਹੇ ਵਲ ਵਧੀ। ਬੱਸ ਇਕੋ ਦਿਨ ਵਿਚ ਹੀ ਸਰਦਾਰ ਚੇਤ ਸਿੰਘ ਨੇ ਈਨ ਮੰਨ ਲਈ ਤੇ ਕਿਲ੍ਹਾ ਖਾਲੀ ਕਰਨ ਲਈ ਰਜ਼ਾਮੰਦੀ ਪਰਗਟ ਕਰ ਦਿੱਤੀ ਅਤੇ ਇਉਂ 1799 ਈਸਵੀ ਨੂੰ ਲਾਹੌਰ ਰਣਜੀਤ ਸਿੰਘ ਦੀ ਕਮਾਨ ਹੇਠ ਪੰਜਾਬ ਦੀ ਭਵਿਖ ਦੀ ਰਾਜਧਾਨੀ ਬਣ ਕੇ ਚਮਕ ਉਠਿਆ।

ਸੁਦ੍ਰਿੜਤਾ :

ਸਵੈਧੀਨਤਾ ਦੀ ਭਾਵਨਾ ਬਹੁਤ ਵੇਰ ਅੱਗ ਦੇ ਭਬੂਕੇ ਵਾਂਗ ਭੜਕਦੀ ਹੈ ਤੇ ਪਲ ਛਿਣ ਵਿਚ ਹੀ ਬੁਝ ਜਾਂਦੀ ਹੈ। ਪਰ ਇਸ ਆਚਰਣ ਵਿਚ ਸਿਦਕ ਤੇ ਦ੍ਰਿੜ੍ਹਤਾ ਹੋਵੇ, ਉਹ ਨਾ ਅੱਗ ਦੇ ਭਬੂਕੇ ਵਾਂਗ ਭੜਕਦਾ ਹੈ ਤੇ ਨਾ ਹੀ ਛਿਨ ਭੰਗਰ ਵਿਚ ਰਾਖ ਬਣ ਸਕਦਾ ਹੈ। ਰਣਜੀਤ ਸਿੰਘ ਦ੍ਰਿੜ੍ਹਤਾ ਦਾ ਮੁਜੱਸਮਾ ਸੀ। ਉਸਨੇ ਅਫਗਾਨਾਂ ਦੀ ਹੈਂਕੜ ਨੂੰ ਜਿਵੇਂ ਦੋ ਸਾਲਾਂ ਵਿਚ (1997-99) ਨਿਵਾ ਦਿੱਤਾ ਸੀ, ਉਵੇਂ ਹੀ ਉਹ ਦ੍ਰਿੜ੍ਹ ਭਾਵ ਨਾਲ ਛਲਕ ਰਿਹਾ ਸੀ ਅਤੇ ਇਕ ਲਾਹੌਰ ਨਹੀਂ ਸਗੋਂ ਸਾਰੀ ਪੰਚਭੂਮੀ ਜੋ ਇਕ ਪਾਸੇ ਦਰਿਆ ਜਮਨਾ ਤੋਂ ਕਾਬਲ ਤਕ ਫ਼ੈਲੀ ਹੋਈ ਸੀ ਤੇ ਦੂਜੇ ਪਾਸੇ ਹਿਮਾਲਾ ਦੀਆਂ ਬਰਫਾਨੀ ਚੋਟੀਆਂ ਤੋਂ ਲੈ ਕੇ ਸਿੰਧ ਦੇ ਰੇਤ ਥੱਲਾਂ ਨੂੰ ਛੋਂਹਦੀ ਸੀ, ਨੂੰ ਸੁਰਖਰੂਈ ਦੇਣਾ ਚਾਹੁੰਦਾ ਸੀ।

ਸਰਦਾਰ ਖੁਸ਼ਵੰਤ ਸਿੰਘ ਨੇ ਪੰਜਾਬ ਦੀ 1799 ਈਸਵੀ ਦੀ ਸਥਿਤੀ ਨੂੰ ਬੜੀ ਖੂਬਸੂਰਤੀ ਨਾਲ ਬਿਆਨਿਆ ਹੈ ਕਿ "ਪੰਜਾਬ ਦਾ ਇਹ ਖਿੱਤਾ ਟੋਟਿਆਂ ਵਿਚ ਵੰਡਿਆ ਪਿਆ ਸੀ ਅਤੇ ਪੰਜਾਂ ਪਾਸਿਆਂ ਤੋਂ ਪੰਜ ਤੀਰ ਇਸ ਦੀ ਹਿੱਕ ਨੂੰ ਵਿੰਨ੍ਹ ਰਹੇ ਹਨ। ਲਾਹੌਰ ਦੇ ਗਵਾਂਢੀ ਕਸੂਰੀ ਪਠਾਣ, ਉੱਤਰ ਪੱਛਮ ਦੇ ਅਫ਼ਗਾਨ, ਉੱਤਰ ਦੇ ਪਹਾੜੀ ਰਾਜਪੂਤ, ਉੱਤਰ-ਪੂਰਬ ਦੇ ਗੋਰਖੇ, ਪੂਰਬ ਵਿਚ ਪੈਰ ਜਮਾਈ ਬੈਠੇ ਅੰਗਰੇਜ਼ ਅਤੇ ਦੱਖਣ-ਪੂਰਬ ਦੇ ਮਰਹੱਟੇ ਸਭ ਪੰਜਾਬ ਦੇ ਅਕਾਸ਼ ਉੱਤੇ ਗਿਰਝਾਂ ਵਾਂਗ ਲਲਚਾਈਆਂ ਅੱਖਾਂ ਨਾਲ ਨੀਝ ਲਾ ਕੇ ਤਕ ਰਹੇ ਸਨ। ਅਜੇਹੀ ਹਾਸੋ ਹੀਣੀ ਤੇ ਵਿਕਰਾਲ ਤਸਵੀਰ ਨੂੰ ਖੂਬਸੂਰਤ ਚਿੱਤਰ ਬਣਾਉਣ ਲਈ ਰਣਜੀਤ ਸਿੰਘ ਨੇ ਲਗਪਗ 39 ਸਾਲ ਘਾਲ ਘਾਲੀ। ਉਸਦੇ ਸਿਦਕ ਤੇ ਦ੍ਰਿੜ੍ਹਤਾ ਨੇ ਇਕ ਇਕ ਕਰਕੇ ਪੰਜਾਬ ਦੇ ਦੋਖੀਆਂ ਨੂੰ ਪਛਾੜ ਦਿੱਤਾ ਅਤੇ ਮਜ਼ਬੂਤ ਤੇ ਸ਼ਕਤੀਸ਼ਾਲੀ ਸੰਗਠਤ ਪੰਜਾਬ ਨੂੰ ਜਨਮ ਦਿੱਤਾ। 1799 ਈਸਵੀ ਵਿਚ ਲਾਹੌਰ ਉਤੇ ਕਬਜ਼ਾ ਹੁੰਦੇ ਸਾਰ ਸਮੂਹ ਦੋਖੀ ਇਕੱਠੇ ਹੋ ਗਏ। ਭੰਗੀ ਸਰਦਾਰ, ਪਹਾੜੀ ਰਾਜਪੂਤ ਤੇ ਕਸੂਰੀ ਪਠਾਣ ਕੌਰੀਆਂ ਅੱਖਾਂ ਵਿਖਾਉਣ ਲਈ ਕਸੂਰ ਤੋਂ ਅੰਮ੍ਰਿਤਸਰ ਦੀਆਂ ਬਾਹੀਆਂ ਉਤੇ ਇਕੱਠੇ ਹੋ ਕੇ ਲਾਹੌਰ ਵਲ ਘੂਰਨ ਲਗੇ। ਜਦੋਂ ਰਣਜੀਤ ਸਿੰਘ ਪਿੰਡ ਭਸੀਣ ਵਲ ਆਹਮੋ-ਸਾਹਮਣੇ ਹੋਣ ਲਈ ਅੱਗੇ ਵਧਿਆ ਤਾਂ ਸਭ ਤੋਂ ਉੱਚਾ ਬੋਲ ਬੋਲਣ ਵਾਲਾ ਗੁਲਾਬ ਸਿੰਘ ਸ਼ਰਾਬ ਦੇ ਨਸ਼ੇ ਕਾਰਨ ਰਾਤ ਨੂੰ ਹੀ ਪਾਰ

ਬੋਲ ਗਿਆ ਅਤੇ ਉਸ ਦੇ ਅਖੌਤੀ ਸਾਥੀ ਇਕ ਇਕ ਕਰਕੇ ਖਿਸਕ ਗਏ । ਇਸ ਤਰ੍ਹਾਂ ਰਣਜੀਤ ਸਿੰਘ ਦੀਆਂ ਫੌਜਾਂ ਨੂੰ ਬਿਨਾਂ ਯੁੱਧ ਕੀਤੇ, ਭਸੀਣ ਦੇ ਮੈਦਾਨ ਵਿਚ ਭਾਰੀ ਨਾਮਵਰੀ ਨਸੀਬ ਹੋਈ । ਇਸ ਦ੍ਰਿੜ੍ਹਤਾ ਦਾ ਨਤੀਜਾ ਇਹ ਨਿਕਲਿਆ ਕਿ ਨਾ ਕੇਵਲ ਰਣਜੀਤ ਸਿੰਘ ਦਾ ਲਾਹੌਰ ਉਤੇ ਪੱਕਾ ਅਧਿਕਾਰ ਹੋ ਗਿਆ ਸਗੋਂ ਉਸ ਦੀ ਦ੍ਰਿੜ੍ਹਤਾ ਵਿਚ ਫੌਲਾਦੀ ਪਕਿਆਈ ਵੀ ਆਈ ।

ਰਣਜੀਤ ਸਿੰਘ ਜਾਣਦਾ ਸੀ ਕਿ ਲਾਹੌਰ ਦੀ ਸਰਕਾਰ ਜੇ ਕਿਸੇ ਮਨੁੱਖ ਨਾਲ ਜੋੜੀ ਗਈ ਤਾਂ ਇਹ ਪੰਜਾਬੀ ਜਨ-ਸਮੂਹ ਨੂੰ ਹੁਲਾਰਾ ਨਹੀਂ ਦੇ ਸਕੇਗੀ, ਇਸ ਲਈ ਜਦੋਂ ਲਾਹੌਰ ਦੇ ਹਿੰਦੂ, ਸਿੱਖ ਤੇ ਮੁਸਲਮਾਨਾਂ ਨੇ ਰਲਕੇ ਵੈਸਾਖੀ ਵਾਲੇ ਦਿਨ 1801 ਈਸਵੀ ਨੂੰ ਰਣਜੀਤ ਸਿੰਘ ਨੂੰ ਲਾਹੌਰ ਦਾ ਮਹਾਰਾਜਾ ਬਣਾਉਣ ਦਾ ਸੰਕਲਪ ਕੀਤਾ ਤਾਂ ਰਣਜੀਤ ਸਿੰਘ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਇਸ ਰਾਜ ਦਾ ਨਾਮ ਰਣਜੀਤ ਸਿੰਘ ਦੀ ਸਰਕਾਰ ਨਹੀਂ ਸਗੋਂ "ਸਰਕਾਰੇ ਖਾਲਸਾ" ਹੋਵੇਗਾ । ਉਹ ਸਿਰ ਉੱਤੇ ਕੋਈ ਤਾਜ ਨਹੀਂ ਪਹਿਨੇਗਾ ਤੇ ਕਿਸੇ ਤਖਤ ਉੱਤੇ ਨਹੀਂ ਬੈਠੇਗਾ । ਸਰਕਾਰ ਖਾਲਸਾ ਦੀ ਟਕਸਾਲ ਅਕਾਲ ਦੇ ਨਾਮ ਉਤੇ ਸਿੱਕੇ ਢਾਲੇਗੀ ਅਤੇ ਸਿੱਕੇ ਉਤੇ "ਅਕਾਲ ਸਹਾਇ" ਅੰਕਿਤ ਹੋਵੇਗਾ । ਇਸ ਤਰ੍ਹਾਂ ਰਣਜੀਤ ਸਿੰਘ ਦੁਆਰਾ ਪ੍ਰਾਪਤ ਰਾਜ-ਸ਼ਕਤੀ ਪੰਜਾਬ ਵਿਚ ਸਰਬ-ਉੱਚ ਸੱਤਾ ਦੀ ਸਥਾਪਨਾ ਵੱਲ ਵਧੀ ਅਤੇ ਅਗਲੇ 39 ਸਾਲਾਂ ਵਿਚ ਸਾਰੀਆਂ ਮਿਸਲਾਂ, ਸਮੂਹ ਰਾਜਪੂਤ ਰਾਜੇ ਮਹਾਰਾਜੇ, ਸਾਰੇ ਅਫ਼ਗਾਨ-ਪਠਾਣ, ਨਵਾਬ ਇਕ ਇਕ ਕਰਕੇ ਕਿਰ ਗਏ ਤੇ ਲਾਹੌਰ ਦੀ ਸਰਕਾਰਿ ਖਾਲਸਾ ਸਰਵੁੱਚ ਸਤਾ ਬਣ ਗਈ । ਇਉਂ ਰਣਜੀਤ ਸਿੰਘ ਨੇ ਲੀਰੋ ਲੀਰ ਹੋਏ ਪੰਜਾਬ ਨੂੰ ਸਾਬਤ ਜਾਮਾ ਬਣਾ ਕੇ ਵਿਖਾ ਦਿੱਤਾ ਅਤੇ ਸਰਦਾਰ ਖੁਸ਼ਵੰਤ ਸਿੰਘ ਦੇ ਲਿਖੇ ਪੰਜੇ ਤੀਰ ਜੋ ਪੰਜਾਬ ਦੀ ਹਿੱਕ ਨੂੰ ਵਿੰਨ੍ਹ ਰਹੇ ਸਨ, ਮੱਖਣ ਵਿਚੋਂ ਵਾਲ ਵਾਂਗ ਕੱਢ ਦਿੱਤੇ ।

ਸੁਹਿਰਦਤਾ :

ਵਿਸ਼ਵ ਦੇ ਵਿਜੇਈ ਕਠੋਰ-ਚਿਤ, ਹੈਂਕੜੀ ਤੇ ਜ਼ਾਲਮ, ਜ਼ਾਬਰ ਕਰਕੇ ਮੰਨੇ ਜਾਂਦੇ ਹਨ । ਵਿਸ਼ਵ ਇਤਿਹਾਸ ਵਿਚ ਵਿਜੇਈ ਸਮਰਾਟਾਂ ਉਤੇ ਇਹ ਵਿਸ਼ੇਸ਼ਣ ਆਮ ਕਰਕੇ ਢੁੱਕਦਾ ਹੈ ਪਰ ਰਣਜੀਤ ਸਿੰਘ ਨੂੰ ਇਸ ਸ਼ਰੇਣੀ ਤੋਂ ਅੱਡਰਾ ਹੋਣ ਦਾ ਮਾਨ ਪ੍ਰਾਪਤ ਹੈ । ਪੰਜਾਬ ਦਾ ਇਤਿਹਾਸ ਦਸਦਾ ਹੈ ਕਿ 1799 ਈਸਵੀ ਤੋਂ ਲੈ ਕੇ 1839 ਈਸਵੀ ਤਕ ਰਣਜੀਤ ਸਿੰਘ ਦੀਆਂ ਫਤਹਿ-ਯਾਬੀਆਂ ਦੀ ਪਉੜੀ ਬਣ ਜਾਂਦੀ ਹੈ । ਕਮਾਲ ਇਹ ਹੈ ਕਿ ਉਸ ਨੇ ਸਿੱਖ ਮਿਸਲਦਾਰਾਂ ਰਾਜਪੂਤ ਰਾਜਿਆਂ, ਪਠਾਣ ਹਾਕਮਾਂ ਤੇ ਅਫ਼ਗਾਨ ਬਾਦਸ਼ਾਹਾਂ ਨੂੰ ਇਕ ਇਕ ਕਰਕੇ ਜਿਤਿਆ ਪਰ ਕਿਸੇ ਦੇ ਖੂਨ ਨਾਲ ਹੱਥ ਨਹੀਂ ਰੰਗੇ ਸਗੋਂ ਪੰਜਾਬ ਵਾਸੀਆਂ ਦੇ ਵਿਸ਼ਾਲ ਹਿਰਦੇ ਦੇ ਨਿੱਘ ਨਾਲ ਆਪਣੀ ਸੁਹਿਰਦਤਾ ਦਾ ਪ੍ਰਗਟਾਵਾ ਕੀਤਾ । ਕਾਬਲ ਤੇ ਦਿੱਲੀ ਦੇ ਬਾਦਸ਼ਾਹ, ਜੋ ਤਖਤਾਂ ਤਾਜਾਂ ਦੇ ਮਾਲਕ ਬਣਦੇ ਰਹੇ, ਉਹ ਦੂਜੇ ਨਜ਼ਦੀਕੀ ਰਿਸ਼ਤੇਦਾਰ ਦਾਅਵੇਦਾਰਾਂ ਦੇ ਖੂਨ ਨਾਲ ਖੇਡਦੇ ਰਹੇ, ਸਗੋਂ ਉਨ੍ਹਾਂ ਦੇ ਵਾਰਸਾਂ ਨੂੰ ਗਲੀ ਬਾਜ਼ਾਰਾਂ ਵਿਚ ਭਿਖ ਮੰਗਿਆਂ ਦੀ ਹਾਲਤ ਵਿਚ ਦਰ ਬਦਰ ਰੁਲਦੇ ਛੱਡਦੇ ਰਹੇ, ਪਰ ਲਾਹੌਰ ਦੇ ਇਸ ਆਦਰਸ਼ਕ ਪੰਜਾਬੀ ਸ਼ਾਸਕ ਨੇ ਜਿਨ੍ਹਾਂ ਨੂੰ

ਮੈਦਾਨੇ ਜੰਗ ਵਿਚ ਪਛਾੜਿਆ, ਉਨ੍ਹਾਂ ਨਾਲ ਕਦਾਚਿਤ ਦੁਰਵਿਵਹਾਰ ਨਹੀਂ ਕੀਤਾ ਸਗੋਂ ਉਨ੍ਹਾਂ ਨੂੰ ਤੇ ਉਨ੍ਹਾਂ ਦੀ ਆਲ ਔਲਾਦ ਨੂੰ ਜਾਗੀਰਾਂ ਨਾਲ ਤੇ ਖਿਲਅਤਾਂ ਨਾਲ ਨਿਵਾਜਿਆ। ਇਹ ਸੁਹਿਰਦਤਾ ਪੰਜਾਬੀ ਵਰਿਆਮਤਾ ਦਾ ਅਨਿਖੜਵਾਂ ਅੰਗ ਹੈ ਅਤੇ ਰਣਜੀਤ ਸਿੰਘ ਇਸ ਸੁਹਿਰਦਤਾ ਦੀ ਤਸਵੀਰ ਸੀ।

ਸਿੱਖ ਮਿਸਲਾਂ ਵਿਚੋਂ ਆਹਲੂਵਾਲੀਏ, ਰਾਮਗੜੀਏ, ਭੰਗੀ, ਘੱਨਈਏ ਆਦਿ ਬੜੀ ਪ੍ਰਸਿਧੀ ਵਾਲੀਆਂ ਮਿਸਲਾਂ ਹੋਈਆਂ ਹਨ। ਇਨ੍ਹਾਂ ਦੇ ਸਰਦਾਰਾਂ ਦੇ ਨਾਮ ਇਤਿਹਾਸ ਦਾ ਸ਼ਿੰਗਾਰ ਹਨ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਹਰੀ ਸਿੰਘ ਭੰਗੀ ਆਦਿ ਸਰਦਾਰਾਂ ਦਾ ਨਾਮ ਲੈ ਕੇ ਲੋਕ ਦਿਹਾੜੀ ਦਾ ਕਾਰਜ ਆਰੰਭ ਕਰਨ ਨੂੰ ਸ਼ੁਭ ਸ਼ਗਨ ਮੰਨਦੇ ਸਨ। ਰਣਜੀਤ ਸਿੰਘ ਨੇ ਆਹਲੂ ਵਾਲੀਆ ਮਿਸਲ ਦੇ ਆਪਣੇ ਸਮੇਂ ਦੇ ਸਰਦਾਰ ਫਤਹਿ ਸਿੰਘ ਨਾਲ ਅਜੇਹੀ ਪਿਆਰ ਗਲਵਕੜੀ ਪਾਈ ਕਿ ਦੋਵੇਂ ਪੱਗ-ਵੱਟ ਭਰਾ ਬਣ ਗਏ। ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੇ ਉਤਰਾਧਿਕਾਰੀ ਸਰਦਾਰ ਜੋਧ ਸਿੰਘ ਨਾਲ ਅਜੇਹਾ ਮਿਤਰਤਾਨਾ ਗੰਢਿਆ ਕਿ ਉਹ ਰਣਜੀਤ ਸਿੰਘ ਦੀਆਂ ਜਿੱਤਾਂ ਦਾ ਮੋਹਰੀ ਬਣ ਗਿਆ। ਘੱਨਈਆ ਮਿਸਲ ਤਾਂ ਸਾਕਾਚਾਰੀ ਵਿਚ ਪ੍ਰੋਤੀ ਗਈ ਸੀ ਅਤੇ ਰਾਣੀ ਸਦਾ ਕੌਰ, ਰਣਜੀਤ ਸਿੰਘ ਦੀ ਚੜ੍ਹਤ ਦੀ ਅਦੁੱਤੀ ਕਹਾਣੀ ਦਾ ਸੁਨਿਹਰੀ ਕਾਂਡ ਪੇਸ਼ ਕਰਦੀ ਹੈ।

ਭੰਗੀ ਸਰਦਾਰਾਂ ਨੂੰ ਰਣਜੀਤ ਸਿੰਘ ਨੇ ਸ੍ਰੀ ਅੰਮ੍ਰਿਤਸਰ ਦੀ ਛੋਟੀ ਜਿਹੀ ਲੜਾਈ ਉਪਰੰਤ ਅਪਣਤ ਦੇ ਕਲਾਵੇ ਵਿਚ ਲੈ ਲਿਆ ਸੀ। ਅੰਮ੍ਰਿਤਸਰ ਦੀ ਪਰਾਪਤੀ ਨਾਲ ਉਸ ਨੂੰ ਗੁਰਧਾਮ ਦੇ ਖੁਲ੍ਹੇ ਦਰਸ਼ਨ ਦੀਦਾਰ ਤੇ ਅਣਖੀਲੇ ਸੂਰਮੇ ਅਕਾਲੀ ਫੂਲਾ ਸਿੰਘ ਤੇ ਉਸਦੇ ਤਿੰਨ ਹਜ਼ਾਰ ਨਿਹੰਗਾਂ ਦੇ ਸਾਥ ਦੀ ਖੁਸ਼ਨਸੀਬੀ ਮਿਲੀ। ਇਉਂ ਬਹੁਤੀਆਂ ਮਿਸਲਾਂ ਦੇ ਸਰਦਾਰ ਲਾਹੌਰ ਦਰਬਾਰ ਦੇ ਨਾਮਵਰ ਦਰਬਾਰੀਆਂ ਵਿਚ ਆਦਰ ਤੇ ਸਤਿਕਾਰ ਵਾਲਾ ਸਥਾਨ ਪ੍ਰਾਪਤ ਕਰ ਗਏ ਸਨ। ਇਸੇ ਤਰ੍ਹਾਂ ਜੰਮੂ ਦੇ ਡੋਗਰੇ, ਕਾਂਗੜੇ ਦੇ ਰਾਜਪੂਤ, ਬਸੌਲੀ, ਚੰਬੇ, ਮੰਡੀ ਸੁਕੇਤ, ਕੁੱਲੂ ਆਦਿ ਦੇ ਨਿੱਕੇ ਮੋਟੇ ਸਮੂਹ ਪਹਾੜੀ ਰਾਜੇ, ਰਣਜੀਤ ਸਿੰਘ ਦੀ ਸ਼ਰਨ ਵਿਚ ਆ ਕੇ ਨਾ-ਕੇਵਲ ਸੁਰੱਖਿਅਤ ਮਹਿਸੂਸ ਕਰਨ ਲਗੇ ਸਗੋਂ ਸਰਕਾਰ ਖਾਲਸਾ ਉਤੇ ਮਾਣ ਵੀ ਕਰਨ ਲਗ ਪਏ ਸਨ। ਇਸੇ ਮੁਤਾਬਿਕ 1708 ਈਸਵੀ ਨੂੰ ਜਦੋਂ ਕਸੂਰ ਦੇ ਨਵਾਬ ਕੁਤੁਬਦੀਨ ਨੂੰ ਸਰਿ-ਮੈਦਾਨ ਸ਼ਿਕਸਤਫਾਸ਼ ਹੋਈ ਤਾਂ ਰਣਜੀਤ ਸਿੰਘ ਨੇ ਮਮਦੋਟ ਦੀ ਵਿਸ਼ਾਲ ਜਾਗੀਰ ਦੇ ਕੇ ਕੁਤਬਦੀਨ ਨੂੰ ਬਤੌਰ ਜਾਗੀਰਦਾਰ ਸਥਾਪਤ ਕਰਨ ਦੀ ਖੁਲ੍ਹ ਦਿਲੀ ਵਿਖਾਈ। ਝੰਗ ਦਾ ਨਵਾਬ ਅਹਿਮਦ ਖਾਂ, ਖੁਸ਼ਾਬ ਦਾ ਨਵਾਬ ਜਾਫਰ ਖਾਂ, ਸਾਹੀਵਾਲ ਦਾ ਨਵਾਬ ਫਤਹਿ ਖਾਂ ਮੁਕਾਬਲੇ ਵਿਚ ਚਿੱਤ ਹੋਣ ਪਿਛੋਂ ਰਣਜੀਤ ਸਿੰਘ ਦੇ ਸੱਚੇ ਵਫਾਦਾਰ ਬਣੇ ਤੇ ਸਕੂਨ ਦੀ ਜ਼ਿੰਦਗੀ ਬਸਰ ਕਰਨ ਵਿਚ ਸਫਲ ਹੋਏ। ਹੋਰ ਤਾਂ ਹੋਰ ਮੁਲਤਾਨ ਦੀ ਵਿਸ਼ਾਲ ਸਲਤਨਤ ਦਾ ਮਾਲਿਕ ਨਵਾਬ ਮੁਜ਼ਫਰ ਖਾਂ ਜੋ ਸਿੱਖਾਂ ਦੇ ਖੂਨ ਦੀ ਹੋਲੀ ਖੇਡਣ ਵਿਚ ਪ੍ਰਸਿਧੀ ਪ੍ਰਾਪਤ ਕਰ ਚੁਕਾ ਸੀ, ਜਦੋਂ 1818 ਈਸਵੀ ਵਿਚ ਰਣਜੀਤ ਸਿੰਘ ਦੇ ਜਰਨੈਲਾਂ ਸਾਹਮਣੇ ਲੜਦਾ

ਮਾਰਿਆ ਗਿਆ ਤਾਂ ਉਸ ਦੀ ਬੇਵਾ ਨੂੰ ਖਾਲਸਾ ਦਰਬਾਰ ਨੇ ਭਾਰੀ ਜਾਗੀਰ ਦੇ ਕੇ ਮਿੱਤਰਤਾ ਦੀ ਮਾਲਾ ਦਾ ਮਣਕਾ ਬਣਾ ਲਿਆ, ਜਿਸ ਸਦਕਾ ਬਹਾਵਲਪੁਰ, ਡੇਰਾ ਜਾਤ, ਤੇ ਸਿੰਧ ਦੇ ਅਮੀਰ ਇਕ ਇਕ ਕਰ ਕੇ ਲਾਹੌਰ ਦੀ ਈਨ ਮੰਨਣ ਵਲ ਤੁਰ ਪਏ। ਕਸ਼ਮੀਰ ਤੇ ਪਿਸ਼ਾਵਰ ਦੇ ਅਫ਼ਗਾਨ ਤੇ ਪਠਾਣ ਜੋ ਸਦਾ ਹੀ ਹੈਂਕੜਬਾਜ਼ੀ ਅਧੀਨ ਪੰਜਾਬ ਦੀ ਲੁਟ ਖਸੁੱਟ ਨੂੰ ਪਿਓ-ਦਾਦੇ ਵਲੋਂ ਵਿਰਾਸਿਤ ਵਿਚ ਮਿਲਿਆ ਹੱਕ ਸਮਝਦੇ ਸਨ, ਜਦੋਂ ਖਾਲਸਾ ਫ਼ੌਜਾਂ ਸਾਹਮਣੇ ਹੱਥਲ ਹੋ ਗਏ ਤਾਂ ਲਾਹੌਰ ਦਰਬਾਰ ਨੇ ਇਨ੍ਹਾਂ ਨੂੰ ਗਲ ਨਾਲ ਲਾਇਆ ਅਤੇ ਪੰਜਾਬ ਦੀਆਂ ਹੱਦਾਂ ਪਹਿਲੀ ਵੇਰ ਜਮਰੌਦ ਤੇ ਤਿੱਬਤ ਨੂੰ ਛੋਹਣ ਲੱਗੀਆਂ।

ਇਤਿਹਾਸ ਸ਼ਾਹਦ ਹੈ ਕਿ 1799 ਈਸਵੀ ਵਿਚ ਰਣਜੀਤ ਸਿੰਘ ਜਦੋਂ 18ਵੀਂ ਸਦੀ ਦੇ ਚੌਥੇ ਦਹਾਕੇ ਵਿਚ ਮਹਾਰਾਜਾ ਰਣਜੀਤ ਸਿੰਘ ਬਣਿਆ ਤਾਂ ਸਾਰਾ ਪੰਜਾਬ ਉਸਦੀ ਸੁਹਿਰਦਤਾ ਦਾ ਕਾਇਲ ਹੋ ਚੁਕਾ ਸੀ ਅਤੇ ਹਿੰਦੂ, ਸਿੱਖ, ਮੁਸਲਮਾਨ, ਈਸਾਈ—ਸਭ ਉਸ ਨੂੰ ਸਰਕਾਰ ਦੇ ਨਾਮ ਨਾਲ ਸੰਬੋਧਨ ਕਰਨ ਵਿਚ ਫ਼ਖਰ ਮਹਿਸੂਸ ਕਰਦੇ ਸਨ। ਉਸ ਦੀ ਸੁਹਿਰਦਤਾ ਦੀਆਂ ਕਹਾਣੀਆਂ ਜਨ ਸਮੂਹ ਦੇ ਮੂੰਹ ਉਤੇ ਚੜ੍ਹ ਗਈਆਂ ਸਨ। ਕਿਸੇ ਵਿਧਵਾ ਮਾਂ ਦਾ ਲੋਹੇ ਦਾ ਤਵਾ ਰਣਜੀਤ ਸਿੰਘ ਦੀ ਛੋਹ ਨਾਲ ਸੋਨੇ ਦਾ ਹੋ ਗਿਆ, ਕਿਸੇ ਅਣਜਾਣ ਬੱਚੇ ਦਾ ਬੇਰੀ ਨੂੰ ਮਾਰਿਆ ਢੇਲਾ ਰਣਜੀਤ ਸਿੰਘ ਦੇ ਸਿਰ ਨੂੰ ਛੋਹ ਕੇ ਸੋਨੇ ਦੀ ਮੋਹਰ ਬਣ ਗਿਆ ਅਤੇ ਬਾਗਬਾਨ ਪੁਰੇ ਦੇ ਗਰੀਬ ਬੁੱਢੇ ਮੁਸਲਮਾਨ ਮਰਾਸੀ ਦੀ ਅਨਾਜ ਦੀ ਪੰਡ ਸਿਰ ਉਤੇ ਚੁਕ ਕੇ ਘਰ ਪਹੁੰਚਾਉਣ ਵਾਲਾ ਰਣਜੀਤ ਸਿੰਘ ਪਾਂਡੀ ਬਾਦਸ਼ਾਹ ਦੀ ਹੁੱਬ ਨਾਲ ਪੁਕਾਰਿਆ ਗਿਆ।

ਸਮਾਨਤਾ :

ਪੰਜਾਬੀ ਚਰਿਤਰ ਦਾ ਚੌਥਾ ਅੰਗ ਸਮੂਹ ਮਖ਼ਲੂਕ ਵਿਚ ਸਮਾਨਤਾ ਦਾ ਅਨੁਭਵ ਕਰਨਾ ਹੈ। ਸਤਾਰ੍ਹਵੀਂ ਸਦੀ ਵਿਚ ਗੁਰਬਾਣੀ ਦੀ ਕ੍ਰਾਂਤੀ ਨੇ ਪੰਜਾਬੀਆਂ ਵਿਚ ਰੰਗ, ਨਸਲ, ਧਰਮ, ਇਲਾਕਾ, ਜਾਤ, ਜਿਨਸ ਆਦਿ ਦੇ ਸਭ ਵੱਟ ਬੰਨੇ ਮੇਟ ਦਿਤੇ ਸਨ। ਸ੍ਰੀ ਅਨੰਦਪੁਰ ਦੇ ਕ੍ਰਾਂਤੀ-ਕਾਰੀ ਬੋਲ ਮਾਨਵਤਾ ਨੂੰ ਪੰਗਤਿ-ਸੰਗਤਿ ਵਿਚ ਬਿਠਾਉਂਦੇ ਹਨ :

ਕੋਊ ਭਇਓ ਮੁੰਡੀਆ ਸੰਨਿਆਸੀ ਕੋਈ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਈ ਜਤੀਅਨ ਮਾਨਬੋ ॥
ਹਿੰਦੂ ਔ ਤੁਰਕ ਕੋਊ ਰਾਫਜ਼ੀ ਇਮਾਮ ਸਾਫ਼ੀ,
ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ॥

(ਗੁਰੂ ਗੋਬਿੰਦ ਸਿੰਘ ਜੀ)

ਰਣਜੀਤ ਸਿੰਘ ਪੰਜਾਬ ਦੀ ਇਸ ਮਹਾਨ ਕ੍ਰਾਂਤੀ ਦਾ ਨਿਸ਼ਾਨ ਸੀ। ਜਦੋਂ ਉਸ ਨੂੰ ਪੰਜਾਬ ਦੀ ਰਾਜਧਾਨੀ ਲਾਹੌਰ ਦੀ ਪ੍ਰਾਪਤੀ ਹੋਈ ਤਾਂ ਉਸ ਨੇ ਆਪਣੇ ਆਪ ਨੂੰ ਖਲਕਤ ਦਾ ਖਿਦਮਤਗਾਰ ਦਸਿਆ ਅਤੇ ਰਾਜ-ਭਾਗ ਨੂੰ ਅਕਾਲਪੁਰਖ ਦੀ ਦੇਣ ਕਿਹਾ। ਰਣਜੀਤ ਸਿੰਘ ਦਾ ਸਥਾਪਤ ਕੀਤਾ ਰਾਜ ਇਸ ਦ੍ਰਿਸ਼ਟੀ ਤੋਂ ਲੋਕ ਸੇਵੀ ਸੀ। ਭਾਵੇਂ ਲਾਹੌਰ ਦੇ ਸ਼ਾਸਨ ਨੂੰ ਖਾਲਸਾ ਦਰਬਾਰ ਕਹਿੰਦੇ ਸਨ ਪਰ ਬਾਕੀ ਸਭ ਧਰਮਾਂ ਦੇ ਲੋਕਾਂ ਦੇ ਹਿਤ ਉੱਨੇ ਹੀ ਸਤਿਕਾਰੇ ਜਾਂਦੇ ਸਨ ਜਿੰਨੇ ਸਿੱਖਾਂ

ਦੇ। ਉੱਚ ਪਦਵੀਆਂ ਉਤੇ ਨਿਯੁਕਤੀ ਸਮੇਂ ਰਣਜੀਤ ਸਿੰਘ ਧਰਮ, ਜਾਤ, ਰੰਗ ਨਸਲ ਆਦਿ ਦੇ ਵਿਤਕਰੇ ਤੋਂ ਸਦਾ ਮੁਕਤ ਰਹਿੰਦਾ ਸੀ। ਉਸ ਦੇ ਸਮੂਹ ਅਹੁਦੇਦਾਰ ਯੋਗਤਾ ਦੇ ਆਧਾਰ ਉਤੇ ਮੁਕੱਰਰ ਹੁੰਦੇ ਸਨ। ਰਣਜੀਤ ਸਿੰਘ ਦੀ ਬਾਰੀਕ ਬੀਨ ਨਜ਼ਰ ਮਨੁੱਖ ਦੇ ਅੰਦਰਲੇ ਆਚਾਰ ਨੂੰ ਪੜ੍ਹਨ ਦੇ ਸਮਰੱਥ ਸੀ। ਮਹਾਰਾਜੇ ਦਾ ਬਿਦੇਸ਼ ਮੰਤਰੀ ਫ਼ਕੀਰ ਅਜ਼ੀਜ਼ੁਦੀਨ ਮੁਸਲਮਾਨ ਸੀ। ਖ਼ਾਲਸਾ ਦਰਬਾਰ ਦਾ ਪ੍ਰਧਾਨ ਮੰਤਰੀ ਹਿੰਦੂ ਰਾਜਪੂਤ ਡੋਗਰਾ ਸੀ। ਵਿਤ ਤੇ ਖ਼ਜ਼ਾਨੇ ਦੀਆਂ ਬਾਰੀਕੀਆਂ ਨੂੰ ਸਮਝਣ ਵਾਲਾ ਦੀਵਾਨ ਭਵਾਨੀ ਪ੍ਰਸ਼ਾਦਿ, ਵਿੱਤ ਮੰਤਰੀ ਦੇ ਅਹੁਦੇ ਉਤੇ ਸਸ਼ੋਭਤ ਸੀ। ਜਨਰਲ ਵੈਨਤੂਰਾ, ਐਲਾਰਡ, ਕਰਟ, ਗਾਰਡਰਰ, ਯੂਰਪੀਅਨ ਈਸਾਈ ਸਨ। ਕਿਸੇ ਹਿੰਦੂ, ਸਿਖ, ਮੁਸਲਮਾਨ, ਈਸਾਈ ਅਧਿਕਾਰੀ ਨੇ ਰਣਜੀਤ ਸਿੰਘ ਦੇ ਵਿਸਵਾਸ਼ ਨੂੰ ਕਦਾਚਿਤ ਠੇਸ ਨਹੀਂ ਪਹੁੰਚਾਈ ਸੀ।

ਉਸਦੇ ਰਾਜਕਾਲ ਵਿਚ ਹਿੰਦੂ ਇੱਛਾ ਮੁਤਾਬਿਕ ਮੰਦਰਾਂ ਵਿਚ ਪੂਜਾ ਕਰਦੇ ਤੇ ਆਪਣੀ ਧਾਰਮਿਕ ਰਹੁ ਰੀਤੀ ਨੂੰ ਪਾਲਦੇ ਸਨ। ਮੁਸਲਮਾਨ ਆਪਣੀ ਸ਼ਰ੍ਹਾ ਮੁਤਾਬਿਕ ਮਸੀਤਾਂ ਵਿਚ ਇਬਾਦਤ ਕਰਦੇ ਤੇ ਤਾਜ਼ੀਏ ਕੱਢਦੇ ਸਨ। ਰਣਜੀਤ ਸਿੰਘ ਨਾ ਕੇਵਲ ਆਪਣੇ ਮਹਿਲਾਂ ਦੇ ਨਾਲ ਸਥਿਤ ਸ਼ਾਹੀ ਮਸਜਿਦ ਦਾ ਹੀ ਸਤਿਕਾਰ ਕਰਦਾ ਸੀ ਸਗੋਂ ਸੁਨਹਿਰੀ ਮਸਜਿਦ ਉਤੇ ਜਦੋਂ ਸਿਖਾਂ ਨੇ ਕਬਜ਼ਾ ਕਰ ਲਿਆ ਸੀ ਤਾਂ ਉਸਨੇ ਸੁਲਝੇ ਹੋਏ ਢੰਗ ਨਾਲ ਖ਼ਾਲਸਾ ਜੀ ਨੂੰ ਸਮਝਾ ਕੇ ਮਸਜਿਦ ਦਾ ਪ੍ਰਬੰਧ ਮੁਸਲਮਾਨ ਭਰਾਵਾਂ ਦੇ ਸਪੁੱਰਦ ਕਰਵਾ ਦਿਤਾ ਸੀ। ਈਸਾਈ ਪਾਦਰੀਆਂ ਨੂੰ ਵੀ ਰਣਜੀਤ ਸਿੰਘ ਲੁਧਿਆਣੇ ਤੋਂ ਅੰਗਰੇਜ਼ੀ ਸਿਖਿਆ ਦੇਣ ਲਈ ਬੁਲਾਉਣਾ ਚਾਹੁੰਦਾ ਸੀ ਪਰ ਜਦੋਂ ਪਾਦਰੀਆਂ ਨੇ ਹਰ ਬੱਚੇ ਲਈ ਅੰਜੀਲ ਪੜ੍ਹਾਉਣੀ ਲਾਜ਼ਮੀ ਕਹੀ ਤਾਂ ਰਣਜੀਤ ਸਿੰਘ ਉਸੇ ਵੇਲੇ ਸਿਰ ਫੇਰ ਗਿਆ। ਉਸਦੀ ਕਦਾਚਿਤ ਇਹ ਭਾਵਨਾ ਨਹੀਂ ਸੀ ਕਿ ਕਿਸੇ ਵਿਸ਼ੇਸ਼ ਧਰਮ ਦੇ ਮਿਸ਼ਨਰੀ ਦੂਜੇ ਧਰਮਾਂ ਦੇ ਅਨੁਆਈਆਂ ਨੂੰ ਉਨ੍ਹਾਂ ਦੇ ਆਪਣੇ ਅਦੀਕਿਆਂ ਤੋਂ ਥਿੜਕਾਉਣ ਦਾ ਕਾਰਨ ਬਣਨ।

ਜਿਥੋਂ ਤਕ ਰਣਜੀਤ ਸਿੰਘ ਦੇ ਆਪਣੇ ਧਰਮ ਦਾ ਤਾਅਲੁਕ ਸੀ, ਉਹ ਇਸ ਵਿਚ ਦ੍ਰਿੜ੍ਹ ਵਿਸਵਾਸੀ ਸੀ। ਫ਼ਕੀਰ ਵਹੀਉਦੀਨ ਨੇ ਉਸਦੇ ਰੋਜ਼ਾਨਾ ਕਾਰ ਵਿਹਾਰ ਨੂੰ ਲਿਖਦਿਆਂ ਦਸਿਆ ਹੈ ਕਿ "ਮਹਾਰਾਜਾ ਰਣਜੀਤ ਸਿੰਘ ਨਿਤ ਕਰਮ ਅਨੁਸਾਰ ਸਵੇਰ ਦੀ ਅਰਦਾਸ ਨਾਲ ਕਾਰਜ ਸ਼ੁਰੂ ਕਰਦਾ ਸੀ। ਉਹ ਇਸ਼ਨਾਨ ਕਰਦਾ, ਬਸਤਰ ਪਹਿਨਦਾ, ਸ਼ਸਤਰ ਸਜਾਉਂਦਾ ਅਤੇ ਆਪਣੇ ਪਾਠ ਪੂਜਾ ਵਾਲੇ ਕਮਰੇ ਵਿਚ ਚਲਾ ਜਾਂਦਾ ਸੀ, ਜਿਥੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸਰਵਣ ਕਰਦਾ। ਇਸ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਾਨਦਾਰ ਕਲਗੀ ਨੂੰ ਆਪਣੀਆਂ ਅੱਖਾਂ ਤੇ ਮੱਥੇ ਨਾਲ ਲਾਉਂਦਾ ਫਿਰ ਉਹ ਬਾਕੀ ਸਾਰੇ ਦਿਨ ਦਾ ਕਾਰ ਵਿਹਾਰ ਕਰਦਾ।" ਕਿੰਨੀ ਧਰਮ-ਭਾਵੀ ਤਸਵੀਰ ਹੈ ਜੋ ਫ਼ਕੀਰ ਜੀ ਨੇ ਫ਼ਕੀਰਖ਼ਾਨੇ ਦੇ ਰਿਕਾਰਡ ਵਿਚੋਂ ਉਲੀਕੀ ਹੈ।

ਉਸਦੀ ਇਨਸਾਨਾਂ ਸਬੰਧੀ ਡੂੰਘੀ ਪਛਾਣ ਨੂੰ ਅਨੁਭਵ ਕਰਦਿਆਂ ਵਿਲੀਅਮ ਉਸਬਰਨ ਲਿਖਦਾ ਹੈ ਕਿ "ਭਾਵੇਂ ਰਣਜੀਤ ਸਿੰਘ ਦੀ ਅੱਖ ਇਕ ਸੀ, ਪਰ ਉਸ ਵਿਚੋਂ ਨਿਕਲਦੀਆਂ

ਕਿਰਨਾਂ ਇੰਨੀਆਂ ਚਮਕੀਲੀਆਂ ਤੇ ਤੇਜਸਵੀ ਸਨ ਜਿੰਨੀਆਂ ਉਸਦੇ ਬਾਜ਼ੂ ਤੇ ਬੰਨ੍ਹੇ ਹੋਏ ਕੋਹਿਨੂਰ ਦੀਆਂ ਲਿਸ਼ਕਾਂ। ਉਹ ਪ੍ਰਧਾਨ-ਮੰਤਰੀ ਤੋਂ ਲੈ ਕੇ ਘਰੇਗੀ ਨੌਕਰ ਤਕ ਸਭ ਨਾਲ ਖੁਲ੍ਹਮ ਖੁਲ੍ਹਾ ਤੇ ਨਿਝਕ ਹੋ ਕੇ ਗਲਬਾਤ ਕਰਨ ਵਿਚ ਸੁਆਦ ਮਾਣਦਾ ਸੀ। ਚੇਤਾ ਇੰਨਾ ਤੇਜ਼ ਸੀ ਕਿ ਹਰ ਇਕ ਨੂੰ ਨਾਮ ਲੈ ਕੇ ਬੁਲਾਉਂਦਾ ਸੀ। ਉਸਨੂੰ ਆਪਣੇ ਰਾਜ ਦੇ ਸਾਰੇ ਸ਼ਹਿਰਾਂ ਤੇ ਪਿੰਡਾਂ ਦੇ ਨਾਮ ਯਾਦ ਸਨ। ਇਥੋਂ ਤਕ ਦਸ ਦਿੰਦਾ ਸੀ ਕਿ ਫਲਾਂ ਸ਼ਹਿਰ ਜਾਂ ਨਗਰ ਵਿਚੋਂ ਇਤਨਾ ਕਰ ਵਸੂਲ ਹੁੰਦਾ ਹੈ। ਲੋਕਾਂ ਪ੍ਰਤਿ ਉਸਨੂੰ ਇਤਨੀ ਸ਼ਰਧਾ ਸੀ ਕਿ ਉਸ ਨੇ ਆਪਣੇ ਸਾਸ਼ਤ ਕਾਲ ਵਿਚ ਕਿਸੇ ਨੂੰ ਵੀ ਕਤਲ ਜਾਂ ਫਾਂਸੀ ਦੀ ਸਜ਼ਾ ਨਹੀਂ ਦਿਤੀ ਸੀ। ਮਹਾਰਾਜੇ ਦੇ ਦੋ ਫੁਰਮਾਨ ਜੋ 10 ਪੋਹ 1880 ਤੇ 31 ਭਾਦੋਂ 1882 ਸੰਮਤ ਨੂੰ ਫਕੀਰ ਨੂਰੁਦੀਨ ਪ੍ਰਤਿ ਜਾਰੀ ਹੋਏ ਹਨ, ਜੋ ਮਹਾਰਾਜੇ ਦੇ ਪਰਜਾ ਸੇਵਕ ਹੋਣ ਦੀ ਸਨੱਦ ਹਨ। ਪਹਿਲੇ ਫੁਰਮਾਨ ਵਿਚ ਫਕੀਰ ਨੂਰੁਦੀਨ ਨੂੰ ਇਹ ਕਿਹਾ ਗਿਆ ਕਿ "ਅਕਾਲ ਪੁਰਖ ਤੈਨੂੰ ਸੱਚੀ ਬੁੱਧ ਬਖਸ਼ੇ। ਤੈਨੂੰ ਲਾਹੌਰ ਦੇ ਅਮਨਚੈਨ ਦਾ ਮੁਹਾਫਿਜ਼ ਬਣਾਇਆ ਗਿਆ ਹੈ। ਫਰਜ਼ ਸ਼ਨਾਸੀ ਤੇਰਾ ਮੁੱਖ ਫਰਜ਼ ਹੈ। ਸਤਿਗੁਰੂ ਅਜੇਹਾ ਨਾ ਕਰੇ ਪਰ ਜੇ ਮੇਰਾ ਪਿਆਰਾ ਪੁੱਤਰ ਖੜਕ ਸਿੰਘ, ਕੰਵਰ ਸ਼ੇਰ ਸਿੰਘ, ਰਾਜਾ ਚੇਤ ਸਿੰਘ, ਜਮਾਂਦਾਰ ਜੀ ਜਾਂ ਮੇਰਾ ਕੋਈ ਨਿਕਟਵਰਤੀ ਕੋਈ ਅਜੇਹੀ ਹਰਕਤ ਕਰੇ ਜਿਸ ਨਾਲ ਨਿਆਇ ਦਾ ਘਾਤ ਹੁੰਦਾ ਹੋਵੇ ਤਾਂ ਉਸਦੀ ਖਬਰ ਝੱਟ ਮੈਨੂੰ ਮਿਲਣੀ ਚਾਹੀਦੀ ਹੈ। ਤੈਨੂੰ ਵਿਸ਼ੇਸ਼ ਹਦਾਇਤ ਕੀਤੀ ਜਾਂਦੀ ਹੈ ਕਿ ਕੋਈ ਇਨਸਾਨ ਕਿਸੇ ਦੀ ਜ਼ਮੀਨ ਉਤੇ ਕਦਾਚਿਤ ਨਜਾਇਜ਼ ਕਬਜ਼ਾ ਨਾ ਕਰੇ ਅਤੇ ਕਿਸੇ ਲਕੜਹਾਰੇ, ਘਾਹੀ, ਤੇਲੀ, ਨਾਅਲਬੰਦ ਤੇ ਮਜ਼ਦੂਰ ਉਤੇ ਕਦਾਚਿਤ ਕੋਈ ਵਧੀਕੀ ਨਾ ਹੋਵੇ। ਤੇਰੇ ਕੋਤਵਾਲ ਰੋਜ਼ਾਨਾ ਸ਼ਹਿਰ ਦੇ ਗਲੀ ਕੂਚੇ ਵਿਚ ਫਿਰ ਕੇ ਅਜਿਹੇ ਵਾਕਿਆਤ ਦਾ ਪਤਾ ਕਰਨ ਤਾਂ ਜੋ ਲਾਹੌਰ ਅਮਨ ਨਿਆਇ ਦਾ ਥਾਂ ਬਣੇ।"

ਇਸੇ ਤਰ੍ਹਾਂ ਦੂਜੇ ਫੁਰਮਾਨ ਵਿਚ ਵੀ ਇਸ ਤੋਂ ਵੀ ਵਧੇਰੇ ਸਪਸ਼ਟ ਸ਼ਬਦਾਂ ਵਿਚ ਨਿਰਮਾਣਤਾ ਤੇ ਇਨਸਾਨੀ ਸਮਾਨਤਾ ਦੀ ਤਸਵੀਰ ਉਜਾਗਰ ਹੁੰਦੀ ਹੈ। ਉਹ ਕਹਿੰਦਾ ਹੈ "ਜੇਕਰ ਮੇਰੇ ਵਲੋਂ ਗਲਤ ਹਦਾਇਤ ਕਿਸੇ ਲਾਹੌਰ ਨਿਵਾਸੀ ਵਿਰੁਧ ਜਾਰੀ ਹੋ ਜਾਵੇ ਤਾਂ ਉਹ ਝਟ ਮੇਰੇ ਦ੍ਰਿਸ਼ਟੀਗੋਚਰ ਕੀਤਾ ਜਾਵੇ ਤਾਂ ਜੋ ਉਸਦੀ ਸੋਧ ਤੁਰੰਤ ਹੋ ਸਕੇ। ਉਸਨੇ ਇਹ ਵੀ ਕਿਹਾ ਕਿ ਪੰਚਾਂ, ਮੁਫਤੀਆਂ, ਕਾਜ਼ੀਆਂ, ਜਜਾਂ ਸ਼ਾਸਤਰ ਗਿਆਤਾ ਤੇ ਸਰੀਅਤ ਦੇ ਜਾਣਨ ਵਾਲਿਆਂ ਦੇ ਮਸ਼ਵਰੇ ਉਪਰੰਤ ਸਭ ਹਦਾਇਤਾਂ ਜਾਰੀ ਹੋਣ ਤਾਂ ਜੋ ਹਰ ਇਕ ਦਾ ਈਮਾਨ ਸਥਿਰ ਰਹੇ ਤੇ ਨਿਆਇ ਦਾ ਰਾਜ ਕਾਇਮ ਹੋਵੇ।"

ਰਣਜੀਤ ਸਿੰਘ ਆਪਣੇ ਆਪ ਨੂੰ ਕਦੇ ਵੀ ਗੁਨਾਹਾਂ ਤੋਂ ਉਚਾ ਜਾਂ ਮੁਕਤ ਨਹੀਂ ਸਮਝਦਾ ਸੀ। ਉਹ ਖਾਲਸੇ ਨੂੰ ਸਰਵੁੱਚ ਸਥਾਨ ਦਿੰਦਾ ਸੀ। ਜਦੋਂ ਇਕ ਵਾਰ ਅਕਾਲ ਤਖਤ ਵਲੋਂ ਉਸਨੂੰ ਇਖਲਾਕੀ ਤੌਰ ਤੇ ਮੁਜਰਮ ਕਰਾਰ ਦੇ ਕੇ ਤਖਤ ਸਾਹਿਬ ਦੇ ਸਨਮੁਖ ਤਲਬ ਕੀਤਾ ਗਿਆ ਤਾਂ ਮਹਾਰਾਜਾ ਨੰਗੇ ਪੈਰੀਂ ਆਪਣੇ ਜੁਰਮ ਦਾ ਇਕਬਾਲ ਕਰਨ ਲਈ ਅਕਾਲ ਤਖਤ ਦੇ ਸਾਹਮਣੇ ਹਾਜ਼ਰ ਹੋਇਆ। ਜਥੇਦਾਰ ਨੇ ਫੈਸਲਾ ਦਿਤਾ ਕਿ ਅਪਰਾਧ ਲਈ ਮਹਾਰਾਜੇ

ਨੂੰ ਕੋੜੇ ਮਾਰੇ ਜਾਣ । ਮਹਾਰਾਜੇ ਨੇ ਖਾਣ ਲਈ ਆਪਣੀ ਪਿੱਠ ਨੰਗੀ ਕਰ ਦਿੱਤੀ, ਪਰ ਗੁਰੂ ਰੂਪ ਖਾਲਸੇ ਨੇ ਗੁਨਾਹ ਨੂੰ ਮਨ ਲੈਣ ਕਰਕੇ ਉਸਨੂੰ ਮੁਆਫ਼ੀ ਦੇ ਦਿਤੀ । ਕੀ ਇਹ ਅਨੰਦਪੁਰ ਦੇ ਉਸ ਮਹਾਨ ਕ੍ਰਾਂਤੀ ਦੇ ਨਾਹਰੇ ਦਾ ਸਾਕਾਰ ਰੂਪ ਨਹੀਂ ਹੈ ਜਿਸ ਪ੍ਰਥਾਇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ :—

"ਸੇਵ ਕਰੀ ਇਨਹੀ ਕੀ ਮਨ ਭਾਵਤ ਅਉਰ ਕੀ ਸੇਵ ਸੁਹਾਤ ਨਾ ਜੀ ਕੋ ॥
ਦਾਨ ਦਯੋ ਇਨਹੀ ਕੋ ਭਲੋ, ਅਰ ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫਲੈ ਇਨਹੀ ਕੋ ਦਯੋ, ਜਗ ਮੈ ਜਸ ਅਉਰ ਦਿਯੋ ਸਭ ਫੀਕੋ ॥
ਮੋ ਗ੍ਰਿਹ ਮੈ ਤਨ ਤੇ ਮਨ ਤੇ, ਸਿਰ ਲਓ ਧਨ ਹੈ ਸਭ ਇਨਹੀ ਕੋ ॥"

ਇਨਸਾਨੀ ਸਮਾਨਤਾ ਦੀ ਇਹ ਤਸਵੀਰ ਵਿਸ਼ਵ ਦੇ ਇਤਿਹਾਸ ਵਿਚ ਪੰਜਾਬ ਨੇ 19ਵੀਂ ਸਦੀ ਵਿਚ ਰਣਜੀਤ ਸਿੰਘ ਦੇ ਸਰੂਪ ਵਿਚ ਪੇਸ਼ ਕੀਤੀ ਹੈ ਜਿਸ ਉਤੇ ਪੰਜਾਬ ਦੇ ਵਾਸੀ ਬਜਾ ਤੌਰ ਤੇ ਮਾਣ ਕਰ ਸਕਦੇ ਸਨ ।

ਸਮਰਪਤ :

ਰਣਜੀਤ ਸਿੰਘ ਦੀ ਸਭ ਤੋਂ ਵਿਸ਼ੇਸ਼ ਖੂਬੀ ਜੋ ਪੰਜਾਬੀ ਚਲਣ ਦਾ ਸੋਭਨੀਕ ਅੰਗ ਹੈ, ਉਹ ਮਨ ਨੂੰ ਮੈਦਾਨ ਕਰਕੇ ਆਪਣੇ ਆਦਰਸ਼ ਪ੍ਰਤਿ ਸਭ ਕੁਝ ਸਮਰਪਨ ਕਰਨਾ ਹੈ । ਅਣਖੀਲੇ ਪੰਜਾਬੀ ਆਪਣੇ ਆਦਰਸ਼ ਲਈ ਕੁਰਬਾਨ ਹੋਣ ਵਿਚ ਮੰਜ਼ਲ ਦੀ ਪ੍ਰਾਪਤੀ ਸਮਝਦੇ ਹਨ । ਰਣਜੀਤ ਸਿੰਘ ਨੇ ਆਪਣੇ ਪਰਿਵਾਰ ਦੀਆਂ ਰਵਾਇਤਾਂ ਮੁਤਾਬਿਕ ਆਪਣਾ ਆਪਾ ਸਤਿਗੁਰੂ ਨੂੰ ਸਮਰਪਤ ਕੀਤਾ ਹੋਇਆ ਸੀ । ਉਸ ਸਬੰਧੀ ਇਹ ਗੱਲ ਆਮ ਪ੍ਰਸਿਧ ਹੈ ਕਿ ਜਦੋਂ ਉਸ ਨੂੰ ਦੁਬਿਧਾ ਘੇਰਦੀ ਸੀ ਤਾਂ ਉਹ ਅੱਖਾਂ ਬੰਦ ਕਰਕੇ ਹੱਥ ਜੋੜ ਕੇ ਅੰਤਰ-ਆਤਮਾ ਦੀ ਆਵਾਜ਼ ਸੁਣਨ ਲਈ ਪ੍ਰਾਰਥਨਾ ਦਾ ਰੂਪ ਬਣ ਜਾਂਦਾ ਸੀ । ਕਈ ਇਤਿਹਾਸਕਾਰਾਂ ਨੇ ਉਸ ਦੇ ਇਸ ਅਨਿੰਨ ਵਿਸ਼ਵਾਸ ਵਿਚ ਕਰਾਮਾਤ ਕਲਪੀ ਹੈ । ਦਰਿਆ ਅੱਟਕ ਪਾਰ ਕਰਨ ਦਾ ਸਮਾਂ ਨਿਸਚਿਤ ਸੀ । ਪਰ ਲਾਹੌਰ ਤੋਂ ਕੁਮਕ ਹਾਲੀ ਨਹੀਂ ਆਈ ਸੀ । ਨਿਹੰਗ ਦਲ ਦਾ ਜਥੇਦਾਰ ਅਰਦਾਸਾ ਸੋਧ ਚੁੱਕਾ ਸੀ । ਅੱਟਕ ਦਰਿਆ ਗੜਗੜਾਹਟ ਦੀਆਂ ਭਿਆਨਕ ਆਵਾਜ਼ਾਂ ਦੇਂਦਾ ਫੌਜਾਂ ਨੂੰ ਹਟਕ ਰਿਹਾ ਸੀ । ਰਣਜੀਤ ਸਿੰਘ ਨੇ ਅੱਖਾਂ ਬੰਦ ਕੀਤੀਆਂ, ਹੱਥ ਜੋੜੇ ਤੇ ਘੋੜੇ ਦਰਿਆ ਵਿਚ ਠੇਲ੍ਹ ਦਿਤੇ । ਜਿਹੜਾ ਦਰਿਆ ਅੱਟਕਾਂ ਪਾਉਣ ਲਈ ਮਸ਼ਹੂਰ ਸੀ, ਸਮਰਪਤ ਰਣਜੀਤ ਸਿੰਘ ਤੇ ਉਸ ਦੇ ਘੋੜ ਸਵਾਰਾਂ ਲਈ ਰਾਹ ਦੇਣ ਲਈ ਮਜਬੂਰ ਹੋ ਗਿਆ । ਕਰਨਲ ਗਾਰਡਨਰ ਕਿੰਨਾ ਦਰੁਸਤ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਆਪਣੀਆਂ ਸਾਰੀਆਂ ਕਾਮਯਾਬੀਆਂ ਨੂੰ ਸਤਿਗੁਰੂ ਤੇ ਖਾਲਸੇ ਦੀ ਬਖਸ਼ਿਸ਼ ਮੰਨਦਾ ਸੀ । ਉਹ ਜਦੋਂ ਕਿਸੇ ਜੰਗ ਵਿਚ ਫਤਹਿ ਪਾਉਂਦਾ ਸੀ ਤਾਂ ਕਹਿੰਦਾ ਸੀ ਕਿ ਇਹ ਸਤਿਗੁਰਾਂ ਦੀ ਫਤਹਿ ਹੈ । ਸਰ ਹੈਨਰੀ ਲਾਰੰਸ ਲਿਖਦਾ ਹੈ ਕਿ ਰਣਜੀਤ ਸਿੰਘ ਪਰਜਾ ਪ੍ਰਤੀ ਇਕ ਸਮਰਪਤ ਬਾਦਸ਼ਾਹ ਸੀ । ਉਹ ਚੌਵੀ ਘੰਟੇ ਤਿਆਰ-ਬਰ-ਤਿਆਰ ਘੋੜਾ ਖੜਾ ਰਖਦਾ ਸੀ ਅਤੇ ਚੌਵੀ ਘੰਟੇ ਹੀ ਕਿਸੇ ਨਵਿਸ਼ਤਕਾਰ ਨੂੰ ਨਿਵਿਸ਼ਤ ਲਈ ਤਿਆਰ ਰਹਿਣਾ ਪੈਂਦਾ ਸੀ । ਜਦੋਂ ਕੋਈ ਲੋਕ-ਪੁਕਾਰ

ਆਏ ਤਾਂ ਰਣਜੀਤ ਸਿੰਘ ਤਤ ਫੱਟ ਸਵਾਰ ਹੋ ਕੇ ਉਥੇ ਪੁੱਜਦਾ ਸੀ ਅਤੇ ਜਦੋਂ ਅੰਦਰੋਂ ਕੋਈ ਜ਼ਮੀਰ ਦੀ ਆਵਾਜ਼ ਆਏ ਤਾਂ ਰਣਜੀਤ ਸਿੰਘ ਤਤ ਫੱਟ ਬੋਲ ਦੇਂਦਾ ਸੀ ਜਿਸ ਨੂੰ ਨਵਿਸ਼ਤਕਾਰ ਲਿਖ ਕੇ ਨੂਰੁਦੀਨ ਤੋਂ ਫਾਰਸੀ ਰੂਪ ਵਿਚ ਤਿਆਰ ਕਰਵਾ ਕੇ ਹਾਜ਼ਰ ਕਰਦਾ ਸੀ। ਉਸ ਦੀ ਇਹ ਤਸਵੀਰ ਸਮੇਂ ਦੇ ਸ਼ਾਇਰ ਦੇ ਬੋਲਾਂ ਵਿਚ ਇਉਂ ਝਲਕਦੀ ਹੈ :—

ਸਦ ਹੀ ਕਮਰਕਸੀ ਹਮ ਦੇਖੀ, ਕਬਹੂੰ ਨ ਸੁਸਤੀ ਮੁੱਖ ਪਰ ਦੇਖੀ ॥

ਨਿੱਜੀ ਸਿਦਕ ਦਾ ਕ੍ਰਿਸ਼ਮਾ ਇਹ ਸੀ ਕਿ ਜੇ ਕੋਈ ਅਤਿ ਖ਼ੂਬਸੂਰਤ ਚੀਜ਼ ਰਣਜੀਤ ਸਿੰਘ ਨੂੰ ਨਜ਼ਰ ਆਵੇ, ਉਹ ਆਪਣੀ ਵਰਤੋਂ ਵਿਚ ਨਹੀਂ ਲਿਆਉਂਦਾ ਸੀ। ਨਵਾਬ ਹੈਦਰਾ-ਬਾਦ ਦੀ ਅਤਿ ਸੁੰਦਰ ਚਾਂਦਨੀ ਜਦੋਂ ਲਾਹੌਰ ਦਰਬਾਰ ਨੂੰ ਪ੍ਰਾਪਤ ਹੋਈ ਤਾਂ ਰਣਜੀਤ ਸਿੰਘ ਨੇ ਉਸ ਦੀ ਛਬੀ ਵਖ ਕੇ ਤਤ ਫੱਟ ਕਹਿ ਦਿੱਤਾ ਕਿ ਇਹ ਗੁਰੂ ਰਾਮਦਾਸ ਦੇ ਦਰਬਾਰ ਵਿਚ ਜਾਣ ਯੋਗ ਹੈ। ਪੰਜਾਬ ਦੇ ਸਵਰਨਕਾਰਾਂ ਨੇ ਜਦੋਂ ਉਸ ਦੇ ਪੋਤੇ ਦੀ ਸ਼ਾਦੀ ਪੁਰ ਅਤਿ ਸੁੰਦਰ ਸੇਹਰਾ ਘਾੜਤਾਂ ਨਾਲ ਘੜਿਆ ਤਾਂ ਰਣਜੀਤ ਸਿੰਘ ਦੇ ਮੂੰਹੋਂ ਨਿਕਲਿਆ ਕਿ ਇਹ ਤਾਂ ਸ੍ਰੀ ਦਰਬਾਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੁਆਰ ਉਤੇ ਸੋਭੇਗਾ। ਜਦੋਂ ਰੀਝ ਉਠੀ ਕਿ ਸ੍ਰੀ ਦਰਬਾਰ ਸਾਹਿਬ ਸਵਰਨ ਰੂਪ ਵਿਚ ਨਜ਼ਰ ਆਏ ਤਾਂ ਸੇਵਾ ਦੇ ਚਾਉ ਨਾਲ ਬੇਨਤੀ ਕੀਤੀ ਕਿ ਇਉਂ ਨਾ ਲਿਖਣਾ ਕਿ ਰਣਜੀਤ ਸਿੰਘ ਨੇ ਸੇਵਾ ਕਰਾਈ, ਸਗੋਂ ਇਉਂ ਲਿਖਣਾ ਕਿ "ਸ੍ਰੀ ਸਤਿਗੁਰੂ ਜੀ ਨੇ ਆਪਣੇ ਸੇਵਕ ਉਤੇ ਦਯਾ ਕਰਕੇ ਇਹ ਸੇਵਾ ਲਈ।"

ਇਹ ਸਮਰਪਨ ਭਾਵਨਾ ਕੇਵਲ ਗੁਰਦੁਆਰਿਆਂ ਪ੍ਰਤਿ ਨਹੀਂ, ਮੰਦਰਾਂ, ਮਸਜਿਦਾਂ ਪ੍ਰਤਿ ਵੀ ਇੰਨੀ ਹੀ ਤੀਬਰ ਸੀ। ਮਜ਼ਾਰ ਦਾਤਾ ਗੰਜ-ਬਖਸ਼, ਮਜ਼ਾਰ ਮੀਆਂ ਮੀਰ, ਕਾਂਗੜਾ, ਜੁਆਲਾਮੁਖੀ ਤੇ ਬਨਾਰਸ ਦੇ ਮੰਦਰ ਪ੍ਰਭੂ ਪਰਾਇਣ ਅਸਥਾਨ ਹੋਣ ਕਰਕੇ ਰਣਜੀਤ ਸਿੰਘ ਲਈ ਸਦ-ਭਾਵਨਾ ਦਾ ਕੇਂਦਰ ਬਣੇ ਰਹੇ ਕਿਉਂਕਿ ਗੁਰਬਾਣੀ ਦੇ ਬੋਲ ਸਾਂਝੀ-ਵਾਲਤਾ ਦੇ ਪਰੇਰਕ ਸਨ :—

ਦੇਹੁਰਾ ਮਸੀਤ ਸੋਈ ਪੂਜਾ ਨਿਵਾਜ਼ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜਛ ਗੰਧਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ ਪੁਰਾਣ ਔ ਕੁਰਾਨ ਉਹੀ,
ਏਕ ਹੀ ਸਰੂਪ ਸਬੈ ਏਕੈ ਹੀ ਬਨਾਉ ਹੈ ॥

ਰਣਜੀਤ ਸਿੰਘ ਇਨ੍ਹਾਂ ਕ੍ਰਾਂਤੀਕਾਰੀ ਆਦਰਸ਼ਾਂ ਨੂੰ ਸਾਕਾਰ ਵੇਖਣਾ ਲੋੜਦਾ ਸੀ। ਇਹ ਗੱਲ ਸਦਾ ਉਸ ਦੀ ਸਿਮਰਤੀ ਵਿਚ ਰਹਿੰਦੀ ਸੀ ਕਿ ਅਕਾਲ ਖਲਕਤ ਵਿਚ ਸਮਾਇਆ ਹੋਇਆ ਹੈ ਅਤੇ ਇਸੇ ਸੇਧ ਵਿਚ ਚਲਦਿਆਂ ਜਦੋਂ ਪੰਜਾਬ ਪੂਰੇ ਜੋਬਨ ਉਤੇ ਆਇਆ, ਉਸ

ਸਮੇਂ ਰਣਜੀਤ ਸਿੰਘ ਨੂੰ ਪਤਾ ਲਗਾ ਕਿ ਅਕਾਲ ਦੇ ਪੁੱਤਰ ਨੇ ਨਾਂਦੇੜ ਸਾਹਿਬ ਦੇ ਮੁਕਾਮ ਉਤੇ ਫੁਰਮਾਇਆ ਸੀ ਕਿ "ਮੇਰਾ ਕੋਈ ਨਿਸ਼ਾਨ ਇਸ ਸੰਸਾਰ ਤੇ ਨਾ ਬਣੇ, ਕਿਉਂਕਿ ਮੇਰਾ ਅਕਾਲ ਸਭ ਵਿਚ ਸਮਾਇਆ ਹੋਇਆ ਹੈ।" ਸਮਰਪਤ ਰਣਜੀਤ ਸਿੰਘ ਕਾਹਲਾ ਪੈ ਗਿਆ ਕਿ ਜੇ ਅਕਾਲ ਪੁਰਖ ਦੇ ਪੁੱਤਰ ਦਾ ਨਿਸ਼ਾਨ ਨਹੀਂ ਬਣਨਾ ਤਾਂ ਮੇਰੇ ਜਿਹੇ ਦਾ ਨਿਸ਼ਾਨ ਦੁਨੀਆਂ ਉਤੇ ਕਿਉਂ ਰਹੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅੰਤਮ ਬਾਤ ਚੀਤ ਸੁਣਨ ਵਾਲਿਆਂ ਦਸਿਆ ਕਿ ਉਨ੍ਹਾਂ ਫੁਰਮਾਇਆ ਸੀ ਕਿ ਜੋ ਉਨ੍ਹਾਂ ਦਾ ਨਿਸ਼ਾਨ ਬਣਾਏਗਾ ਉਸ ਦਾ ਆਪਣਾ ਨਾਮੋ ਨਿਸ਼ਾਨ ਮਿੱਟ ਜਾਏਗਾ। ਸਮਰਪਤ ਇਨਸਾਨ ਨੂੰ ਇਸ ਤੋਂ ਚੰਗਾ ਅਵਸਰ ਕਦੋਂ ਮਿਲ ਸਕਦਾ ਸੀ। ਤੁਰੰਤ ਫੈਸਲਾ ਕੀਤਾ ਕਿ ਨਵਾਬ ਹੈਦਰਾਬਾਦ ਤੋਂ ਨਾਂਦੇੜ ਦੇ ਸਥਾਨ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪੱਦ-ਚਿੰਨ੍ਹਾਂ ਦੇ ਨਿਸ਼ਾਨ ਲਭ ਕੇ ਪੰਜਵੇਂ ਤੇ ਅੰਤਲੇ ਤਖਤ ਦੀ ਉਸਾਰੀ ਦੀ ਨਿਸ਼ਾਨ ਦੇਹੀ ਕੀਤੀ ਜਾਵੇ। ਰਣਜੀਤ ਸਿੰਘ ਨੇ ਨਾਂਦੇੜ ਸਾਹਿਬ ਵਿਚ ਕਲਗੀਆਂ ਵਾਲੇ ਦੇ ਸਥਾਨ ਨੂੰ ਉਜਾਗਰ ਕੀਤਾ। ਇਹ ਮਾਣ ਰਣਜੀਤ ਸਿੰਘ ਨੂੰ ਪ੍ਰਾਪਤ ਹੈ ਕਿ ਸ੍ਰੀ ਨਨਕਾਣੇ ਸਾਹਿਬ ਤੋਂ ਨਾਂਦੇੜ ਤਕ ਦੀ ਧਰਤੀ ਜੋ ਉਸ ਦੇ ਇਸ਼ਟਦੇਵ ਨੇ ਵਰੋਸਾਈ ਸੀ, ਅੱਜ ਰਣਜੀਤ ਸਿੰਘ ਦੀ ਸਮਰਪਤ ਤਸਵੀਰ ਦਾ ਵਿਖਾਲਾ ਕਰਦੀ ਹੈ। ਇਹ ਗੱਲ ਤਾਂ ਸਭ ਜਾਣਦੇ ਹਨ ਕਿ ਅੱਜ ਰਣਜੀਤ ਸਿੰਘ ਦਾ ਬਿੰਦੀ ਕੋਈ ਨਿਸ਼ਾਨ ਨਹੀਂ ਹੈ। ਉਹ ਪੰਜਾਬੀਆਂ ਦੇ ਪਿਆਰ ਦਾ ਪ੍ਰਤੀਕ ਬਣ ਕੇ ਚਮਕਦਾ ਹੈ ਅਤੇ ਉਸ ਦੇ ਮਹਾਨ ਅਨੰਦਪੁਰੀ ਪਰੇਰਕ ਵਿਸ਼ਵ ਦਾ ਨੂਰ ਬਣ ਕੇ ਵਿਸ਼ਵ ਨੂੰ ਮਾਨਵੀ ਭਾਈਚਾਰੇ ਦੀ ਸਾਂਝੀਵਾਲਤਾ ਦੀ ਪਰੇਰਨਾ ਵੰਡ ਰਿਹਾ ਹੈ।

(3) ਸਾਰ :

ਪੰਜਾਬੀ ਸਭਿਆਚਾਰ ਦੇ ਪੰਜੇ ਗੁਣ ਸਵੈਧੀਨਤਾ, ਸੁਦ੍ਰਿੜ੍ਹਤਾ, ਸੁਹਿਰਦਤਾ, ਸਮਾਨਤਾ ਸਮਰੂਪਤਾ ਦੇ ਰੂਪ ਵਿਚ ਰਣਜੀਤ ਸਿੰਘ ਦੇ ਜੀਵਨ ਵਿਚੋਂ ਵਿਦਮਾਨ ਹੁੰਦੇ ਹਨ। ਇਸੇ ਲਈ ਪੰਜਾਬ ਦਾ ਮਹਾਨ ਕੌਮੀ ਸ਼ਾਇਰ ਸ਼ਾਹ ਮੁਹੰਮਦ ਰਣਜੀਤ ਸਿੰਘ ਦੇ ਅਲੋਪ ਹੋਣ ਉਤੇ ਦਰਦ-ਭਰੀ ਧੁਨੀ ਵਿਚ ਬੋਲਿਆ ਸੀ :—

ਸ਼ਾਹ ਮੁਹੰਮਦਾ ਲੋਕ ਵੈਰਾਨ ਹੋਏ,
ਤੋੜ ਸੁਟਿਆ ਮੁਲਕ ਉਜਾੜਿਆਂ ਨੇ ॥

ਅਤੇ ਪੰਜਾਬ ਦਾ ਮਹਾਨ ਇਤਿਹਾਸਕਾਰ ਗਿਆਨੀ ਗਿਆਨ ਸਿੰਘ, ਰਣਜੀਤ ਸਿੰਘ ਦੀਆਂ ਅੱਖਾਂ ਮੀਟ ਜਾਣ ਉਤੇ ਰੁਦਨ ਦੇ ਹੰਝੂ ਇਉਂ ਕੇਰਦਾ ਹੈ :

"ਹਿੰਦਣ ਕੀ ਹਿੰਦ ਜਰੀ ਸਿੰਘਣ ਕੀ ਜਿੰਦ ਜਰੀ।
ਗਿਆਨ ਹਰੀ ਕਵੀਅਨ ਕੋ ਜਰਿਓ ਆਫਤਾਬ ਕੋ।
ਭੂਪਨ ਆਬਾਦੀ ਜਰੀ, ਲਵਪੁਰ ਕੀ ਗਾਦੀ ਜਰੀ,
ਜਰ ਗਇਓ ਸੁਹਾਗ ਭਾਗ ਸਗਰੀ ਪੰਜਾਬ ਕੋ।"

ਰਣਜੀਤ ਸਿੰਘ ਦਾ ਪੰਜਾਬ ਮਾਨ ਭਰਿਆ ਪੰਜਾਬ ਸੀ ਜਿਸ ਵਿਚ ਪੰਜਾਬੀ ਸਭਿਅਤਾ,

ਪੰਜਾਬੀ ਆਚਾਰ-ਵਿਹਾਰ, ਰਫਤਾਰ-ਗੁਫਤਾਰ ਹਰ ਕਿਸੇ ਨੂੰ ਮੋਹਦੀ ਸੀ। ਹਿੰਦੂ, ਸਿੱਖ, ਮੁਸਲਮਾਨ, ਈਸਾਈਆਂ ਨੇ ਤਾਂ ਮੋਹੇ ਹੋਣਾ ਸੀ ਪਰ ਯੂਰਪੀ ਦੇਸ਼ਾਂ ਦੇ ਬਾਸ਼ਿੰਦੇ ਫਰਾਂਸੀਸੀ, ਇਟੇ-ਲੀਅਨ, ਅੰਗਰੇਜ਼, ਰੂਸੀ...... ਸਭ ਰਣਜੀਤ ਸਿੰਘ ਨਾਲ ਮਿਲਣ ਪਿਛੋਂ ਇਉਂ ਲਿਖਦੇ ਹਨ ਕਿ ਰਣਜੀਤ ਸਿੰਘ ਮੋਹ ਲੈਣ ਵਾਲੀ ਸ਼ਖਸੀਅਤ ਦਾ ਮਾਲਕ ਹੈ। ਉਸ ਨੇ ਦਰਿਆ ਕਾਬਲ ਤੋਂ ਲੈ ਕੇ ਦਰਿਆ ਸਤਲੁਜ ਤਕ ਅਤੇ ਬਰਫਾਨੀ ਪਹਾੜਾਂ ਦੀਆਂ ਚੋਟੀਆਂ ਤੋਂ ਲੈ ਕੇ ਸਿੰਧ ਦੇ ਰੇਤ ਥਲਾਂ ਤਕ ਫੈਲੇ ਪੰਜਾਬ ਦੀਆਂ ਅੱਡ ਅੱਡ ਹੋਈਆਂ ਉਂਗਲਾਂ ਨੂੰ ਪੰਜੇ ਵਾਂਗ ਸੰਗਠਤ ਕਰ ਦਿਤਾ ਸੀ। ਕੋਈ ਰੰਗ, ਨਸਲ, ਜਾਤ, ਪਾਤ, ਬੋਲੀ, ਇਲਾਕੇ ਦਾ ਵਿਤਕਰਾ ਉਸ ਦੇ ਪ੍ਰਬੰਧ ਕਾਲ ਵਿਚ ਸਾਹ ਤਕ ਨਹੀਂ ਲੈਂਦਾ ਸੀ। ਇਸੇ ਪੰਜਾਬ ਨੂੰ ਯਾਦ ਕਰ ਕੇ ਫਿਰਕੇ-ਦਾਰਾਨਾ ਵੰਡ ਤੋਂ ਪਹਿਲਾਂ ਦਾ ਮੁਸਲਮਾਨ ਕੌਮੀ-ਸ਼ਾਇਰ, ਪੰਜਾਬ ਪ੍ਰਤੀ ਇਉਂ ਬੋਲਿਆ ਸੀ :

ਦੇਸ਼ਾਂ ਵਿਚੋਂ ਦੇਸ਼ ਪੰਜਾਬ ਨੀ ਸਈਓ ॥
ਜਿਵੇਂ ਫੁਲਾਂ ਵਿਚੋਂ ਫੁਲ ਗੁਲਾਬ ਨੀ ਸਈਓ ॥

(ਸ਼ਰਫ)

ਇਸ ਦੇ ਵਿਪਰੀਤ ਅੱਜ ਦਾ ਪੰਜਾਬੀ ਸ਼ਾਇਰ ਪੁਰਾਣੇ ਪੰਜਾਬ ਦੀ ਸ਼ਾਨ ਨੂੰ ਯਾਦ ਕਰ ਕੇ ਹਉਕੇ ਭਰਦਾ ਹੈ :—

ਸਤਲੁਜ ਬਿਆਸ ਤੇ ਜਿਹਲਮ ਚਨਾਬ ਦੀ ਗੱਲ ?
ਰਾਵੀ ਕਰੇ ਹੁਣ ਕਿਹੜੇ ਪੰਜਾਬ ਦੀ ਗੱਲ ?
ਪੱਤੀ ਪੱਤੀ ਵਲੂੰਦਰੀ ਗਈ ਉਸ ਦੀ,
ਸ਼ਰਫ ਕਰਦਾ ਸੀ ਜਿਹੜੇ ਗੁਲਾਬ ਦੀ ਗੱਲ।

(ਮੀਸ਼ਾ)

ਰਣਜੀਤ ਸਿੰਘ ਦੀ ਸਿਮਰਤੀ ਦਾ ਇਹ ਦੂਜੀ ਜਨਮ ਸ਼ਤਾਬਦੀ ਉਸ ਪੰਜਾਬੀਅਤ ਨੂੰ ਬੇਦਾਰ ਕਰੇ, ਜਿਹੜੀ ਵਿਸ਼ਵ ਸਭਿਅਤਾ ਦੇ ਗੁਣਾਤਮਿਕ ਚਿਨ੍ਹਾਂ ਦੀ ਪਰਤੀਕ ਸੀ ਅਤੇ ਜਿਸ ਦੇ ਆਧਾਰ ਉਤੇ ਵਿਸ਼ਵ ਭਾਈਚਾਰਾ ਅਨੰਦਪੁਰੀ ਸਰੂਪ ਵਿਚ ਢਲ ਸਕਣ ਦੀ ਸੰਭਾਵਨਾ ਛੁਪਾਈ ਬੈਠਾ ਹੈ। ਰੱਬ ਕਰੇ, ਪੰਜਾਬ ਜਿਵੇਂ ਮਾਨਵੀ ਸਭਿਅਤਾ ਤੇ ਉਤਪੰਨ ਹੋਣ ਤੇ ਪਦਣ ਦਾ ਪੰਘੂੜਾ ਮੰਨਿਆ ਜਾਂਦਾ ਹੈ, ਇਵੇਂ ਮਾਨਵੀ ਸਭਿਅਤਾ ਦਾ ਕੇਂਦਰ ਬਿੰਦੂ ਬਣੇ ਅਤੇ ਪ੍ਰਾਣੀ ਮਾਤਰ ਨੂੰ ਇਕ ਦੂਜੇ ਦੇ ਗਲ ਮਿਲਣ ਲਈ ਪ੍ਰੇਰਨਾ ਪ੍ਰਦਾਨ ਕਰੇ :—

ਆਵਹੁ ਭੈਣ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹੁ ਕਹਾਣੀਆਂ ਸੰਮ੍ਰਥ ਕੰਤ ਕੀਆਹ ॥

(ਸ੍ਰੀ ਗੁਰੂ ਨਾਨਕ ਦੇਵ)

—o—

(ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਦੇ ਧੰਨਵਾਦ ਸਹਿਤ)

ਸਰਵੈ ਧਰਮੀ, ਧਰਮ ਨਿਰਪੇਖ
ਮਹਾਰਾਜਾ ਰਣਜੀਤ ਸਿੰਘ

—ਡਾ: ਵਿਸ਼ਵਾ ਨਾਥ ਤਿਵਾੜੀ

ਸ਼ੇਰੇ ਪੰਜਾਬ ਰਣਜੀਤ ਸਿੰਘ (1780-1839) ਧਾਰਮਕ ਹੁੰਦੇ ਹੋਏ ਵੀ ਧਰਮ-ਨਿਰਪੇਖ ਮਹਾਰਾਜਾ ਸਨ। ਵਿਅਕਤੀਗਤ ਜੀਵਨ ਵਿਚ ਉਨ੍ਹਾਂ ਦਾ 'ਸ੍ਰੀ ਗੁਰੂ ਗਰੰਥ ਸਾਹਿਬ' ਵਿਚ ਅਤੁੱਟ ਵਿਸ਼ਵਾਸ਼ ਸੀ, ਪਰ ਮਹਾਰਾਜੇ ਦੇ ਰੋਲ ਵਿਚ ਉਹ ਧਰਮ-ਨਿਰਪੇਖ ਨੀਤੀ ਦੇ ਧਾਰਨੀ ਸਨ। ਉਹ ਹਰ ਸਵੇਰ ਪਵਿੱਤਰ ਗ੍ਰੰਥ ਦੀ ਬਾਣੀ ਨੂੰ ਸੁਣਦੇ ਅਤੇ ਹਰ ਸ਼ਾਮ ਧਿਆਨ ਵਿਚ ਬੈਠਦੇ ਅਤੇ ਸਿਮਰਨ ਕਰਦੇ ਸਨ। 1802 ਤੋਂ 1823 ਤਕ ਮਹਾਰਾਜਾ ਰਣਜੀਤ ਸਿੰਘ ਨੇ ਨਾ ਕੇਵਲ ਹਰਿਮੰਦਰ ਸਾਹਿਬ ਨੂੰ ਗੋਲਡਨ ਟੈਂਪਲ ਵਿਚ ਬਦਲ ਦਿੱਤਾ ਸਗੋਂ ਹੀਰਿਆਂ ਮੋਤੀਆਂ ਨਾਲ ਸਸ਼ੋਭਤ ਵੀ ਕੀਤਾ। ਉਨ੍ਹਾਂ ਦਾ ਗੁਰੂ ਘਰ ਵਿਚ ਵਿਸ਼ਵਾਸ ਐਨਾ ਸੀ ਕਿ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸਬੰਧਤ ਸ਼ਹਿਰ ਨਾਂਦੇੜ ਨੂੰ ਖਰੀਦਣ ਦੀ ਵੀ ਕੋਸ਼ਿਸ਼ ਕੀਤੀ। ਇਤਿਹਾਸਕਾਰਾਂ ਦਾ ਮਤ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਕਦੇ ਕੋਈ ਵਿਸ਼ੇਸ਼ ਕੰਮ ਆਰੰਭ ਨਹੀਂ ਸੀ ਕੀਤਾ ਜਦ ਤੀਕ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚੋਂ ਵਾਕ ਨਹੀਂ ਲਿਆ। ਇਨ੍ਹਾਂ ਗੱਲਾਂ ਤੋਂ ਸ਼ੇਰਿ-ਪੰਜਾਬ ਮ: ਰਣਜੀਤ ਸਿੰਘ ਦਾ ਸਿੱਖ ਧਰਮ ਵਿਚ ਅਥਾਹ ਸ਼ਰਧਾ ਤੇ ਵਿਸ਼ਵਾਸ ਪ੍ਰਤਖ ਹੈ। ਉਹ ਧਾਰਮਕ ਵਿਅਕਤੀ ਸਨ। ਧਰਮ ਹੀ ਉਨ੍ਹਾਂ ਲਈ ਸੱਚ ਸੀ, ਈਮਾਨ ਸੀ ਅਤੇ 'ਗੁਰੂ ਗ੍ਰੰਥ ਸਾਹਿਬ' ਹੀ ਉਨ੍ਹਾਂ ਦਾ ਗੁਰੂ ਸੀ ਜਿਸ ਤੋਂ ਅਗਵਾਈ ਲੈ ਕੇ ਉਹ ਨਾ ਕੇਵਲ ਦਿਨ ਆਰੰਭ ਕਰਦੇ ਸਗੋਂ ਹਰ ਕਾਰਜ ਗੁਰੂ ਤੋਂ ਅਗਵਾਈ ਲੈ ਕੇ ਕਰਦੇ ਸਨ।

ਅਜਿਹੇ ਵਿਅਕਤੀ ਦਾ 'ਗੁਰਮਤੇ' ਦੀ ਸੰਸਥਾ ਨੂੰ ਬੰਦ ਕਰਨਾ ਕਈਆਂ ਨੂੰ ਸੋਚ ਵਿਚ ਪਾਉਂਦਾ ਹੈ। ਧਾਰਮਕ ਵਿਅਕਤੀ ਨੇ ਧਾਰਮਕ ਸੰਸਥਾ ਨੂੰ ਰਾਜਸੀ ਮੁਆਮਲਿਆਂ ਲਈ ਕਿਉਂ ਬਦਲਿਆ ? ਭਾਈ ਕਾਨ੍ਹ ਸਿੰਘ ਦੇ ਸ਼ਬਦਾਂ ਵਿਚ 'ਗੁਰਮਤੇ' ਦੀ ਇੰਜ ਵਿਆਖਿਆ ਕੀਤੀ ਗਈ ਹੈ : 'ਗੁਰੁਮਤਾ' ਸੰਗਯਾ-ਗੁਰਮਤ ਅਨੁਸਾਰ ਕੀਤਾ ਹੋਇਆ ਮੰਤ੍ਰ, ਪੁਰਾਣੇ ਸਿੰਘ ਸੰਸਾਰ ਅਤੇ ਧਰਮ ਦੇ ਕੰਮਾਂ ਨੂੰ ਆਰੰਭ ਕਰਨ ਤੋਂ ਪਹਿਲਾਂ ਦੀਵਾਨ ਵਿਚ ਸਲਾਹ ਕਰਦੇ ਸਨ, ਜੋ ਗੁਰੂ ਨਿਯਮਾਂ ਅਨੁਸਾਰ ਸਾਰੇ ਦੀਵਾਨ ਦੀ ਸੰਮਤੀ ਹੁੰਦੀ, ਉਸ ਦਾ ਨਾਉਂ 'ਗੁਰੁਮਤਾ' ਕਿਹਾ ਜਾਂਦਾ, ਜੋ ਗੁਰੁਮਤੇ ਦੇ ਵਿਰੁੱਧ ਕੋਈ ਕਰਮ ਕਰੇ ਉਹ ਤਨਖਾਹੀਆ ਹੁੰਦਾ ਸੀ, ਖਾਲਸੇ ਦੇ ਗੁਰੁਮਤੇ ਅਕਾਲ ਬੁੰਗੇ ਸਾਹਿਬ ਦੇ ਦੀਵਾਨ ਵਿਚ ਖਾਸ ਕਰਕੇ ਅਤੇ ਹੋਲੇ ਮਹੱਲੇ ਦੇ ਸਮੇਂ

ਤਖ਼ਤ ਕੇਸਗੜ੍ਹ ਹੋਇਆ ਕਰਦੇ ਸਨ। ਗੁਰੂਮਤੇ ਲਈ ਜਾਤੀ ਵੈਰ ਵਿਰੋਧ ਦੂਰ ਕਰਕੇ ਸਿੰਘ ਦੀਵਾਨ ਵਿਚ ਬੈਠਿਆ ਕਰਦੇ ਸਨ।"[1]

ਪਹਿਲਾ ਗੁਰਮਤਾ ਸਾਡੇ ਕੋਲ 1733 ਦਾ ਹੈ, ਜਦੋਂ ਮੁਗਲ ਸਰਕਾਰ ਨੇ ਸਿਖ ਕੌਮ ਨੂੰ ਜਾਗੀਰ ਦੀ ਪੇਸ਼ਕਸ਼ ਕੀਤੀ ਤੇ ਸਿੱਖਾਂ ਨੇ ਇਕੱਠੇ ਹੋ ਕੇ ਇਸ ਬਾਰੇ ਵਿਚਾਰ ਕੀਤੀ। ਇਸ ਇਕੱਠ ਨੇ ਜੋ ਫੈਸਲਾ ਕੀਤਾ ਉਸਨੂੰ ਗੁਰਮਤਾ ਆਖਿਆ ਗਿਆ। ਇਸ ਤੋਂ ਬਿਨਾਂ 1747 (ਅੰਮ੍ਰਿਤਸਰ ਵਿਚ ਕਿਲ੍ਹੇ ਦੀ ਸਥਾਪਨਾ), 1748 (ਦਲ ਖਾਲਸਾ ਦੀ ਕਾਇਮੀ); 1753 ਤੋਂ 1758 ('ਰਾਖੀ' ਦੇ ਪ੍ਰਬੰਧ ਦੀ ਸਰਬਤ ਖਾਲਸਾ ਵਲੋਂ ਮਨਜ਼ੂਰੀ); 1765 (ਸਰਬਤ ਖਾਲਸਾ ਦੀ ਸਮੂਹ ਪੰਥ ਵਿਚ ਉੱਚਤਾ ਤੇ ਪਰਵਾਨਗੀ) ਤੇ 1805 (ਲਾਰਡ ਲੇਕ ਅਤੇ ਹੋਲਕਰ ਦੇ ਝਗੜੇ ਸੰਬੰਧੀ ਫੈਸਲਾ) ਮੁੱਖ ਗੁਰਮਤੇ ਹਨ।

1805 ਵਿਚ ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਵਿਚ ਰਾਜ ਸੀ। ਕੀ ਕਾਰਨ ਸਨ ਕਿ ਮਹਾਰਾਜਾ ਰਣਜੀਤ ਸਿੰਘ ਆਪ ਹੀ ਇਸ ਸੰਸਥਾ ਦੇ ਭਾਈਵਾਲ ਬਣੇ ਅਤੇ ਆਪ ਹੀ ਉਨ੍ਹਾਂ ਨੇ ਇਸ ਨੂੰ ਰਾਜਸੀ ਮੁਆਮਲਿਆ ਲਈ ਬੰਦ ਕਰ ਦਿੱਤਾ ? ਕੀ ਉਹ ਧਰਮ ਅਤੇ ਰਾਜ ਵਿਚ ਵੱਖਰਤਾ ਸਮਝਦੇ ਸਨ ? ਕੀ ਧਰਮ ਉਹਨਾਂ ਲਈ ਵਿਅਕਤੀਗਤ ਵਿਸ਼ਵਾਸ ਸੀ ਅਤੇ ਰਾਜ ਇਕ ਸਮਾਜਕ ਜ਼ਿੰਮੇਵਾਰੀ ? ਕੀ ਇਤਿਹਾਸਕ ਕਾਰਨ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਗੁਰਮਤੇ ਦੀ ਸੰਸਥਾ ਬੰਦ ਕਰਨ ਲਈ ਮਜਬੂਰ ਕੀਤਾ ਜਾਂ ਉਹ ਸਚਮੁਚ ਹੀ ਰਾਜ ਦੇ ਮਾਮਲੇ ਵਿਚ ਧਰਮ ਦੀ ਦਖਲ-ਅੰਦਾਜ਼ੀ ਨਹੀਂ ਚਾਹੁੰਦੇ ਸਨ ? ਇਤਿਹਾਸਕਾਰ ਕਨਿੰਘਮ ਦਾ ਕਹਿਣਾ ਹੈ ਕਿ ਸਿੱਖਾਂ ਦੇ ਰਾਜ ਤੋਂ ਬਾਅਦ ਕੁਝ ਮਿਸਲਾਂ ਦੇ ਆਗੂ ਤੇ ਉਨ੍ਹਾਂ ਦੇ ਪੈਰੋਕਾਰ ਅੰਗਰੇਜ਼ਾਂ ਤੇ ਮਰਹਟਿਆਂ ਨਾਲ ਮਿਲਣ ਦੀ ਸੋਚ ਰਹੇ ਸਨ ਅਤੇ ਮਹਾਰਾਜਾ ਰਣਜੀਤ ਸਿੰਘ ਵਲੋਂ ਰਾਜ ਨੂੰ ਮਜ਼ਬੂਤ ਰਾਜ ਬਣਾਉਣ ਲਈ ਹੀ ਇਸ ਸੰਸਥਾ ਨੂੰ ਬੰਦ ਕਰਨਾ ਪਿਆ ਤਾਂ ਜੋ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਖੋਹਾ-ਖਾਹੀ ਤੇ ਲੁੱਟ-ਖਸੁੱਟ ਤੇ ਚਲਾਕੀ ਦੀ ਕੋਈ ਥਾਂ ਨਾ ਰਹੇ ਤੇ ਇਹ ਥਾਂ ਪਵਿੱਤਰ ਹੀ ਰਹੇ।[2] ਪਰ ਇਸ ਦੇ ਉਲਟ ਪ੍ਰੋ: ਤੇਜਾ ਸਿੰਘ ਜੀ ਦਾ ਵਿਚਾਰ ਹੈ ਕਿ ਪੰਜਾਬ ਇਕ ਇਲਾਕੇ ਦਾ ਨਾਮ ਹੈ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿਖਾਂ ਤੋਂ ਬਿਨਾਂ ਮੁਸਲਮਾਨ ਤੇ ਹਿੰਦੂ ਵੀ ਰਹਿੰਦੇ ਸਨ। 'ਇਸ ਲਈ ਜਦੋਂ ਮਹਾਰਾਜਾ ਰਣਜੀਤ ਸਿੰਘ ਤਖ਼ਤ ਉਤੇ ਬੈਠੇ ਤਾਂ ਉਨ੍ਹਾਂ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਯਕੀਨ ਦਿਵਾਉਣ ਦਾ ਯਤਨ ਕੀਤਾ ਕਿ ਉਹ ਵੀ ਇਸ ਧਰਤੀ ਦੇ ਉਨੇ ਹੀ ਮਾਲਕ ਹਨ ਜਿੰਨੇ ਕਿ ਸਿੱਖ।[3] ਉਨ੍ਹਾਂ ਨੂੰ ਉਹ ਆਪਣੇ ਹੀ ਸਹਿ-ਧਰਮੀਆਂ ਵਾਂਗ ਸਮਝਦੇ ਸਨ। ਇਸ ਲਈ ਉਨ੍ਹਾਂ ਨੇ ਗੁਰਮਤੇ ਨੂੰ ਰਾਜਸੀ ਮੁਆਮਲਿਆਂ ਲਈ ਬੰਦ ਕਰ ਦਿਤਾ ਅਤੇ ਇਨ੍ਹਾਂ ਮਸਲਿਆਂ ਵਿਚ ਉਹ ਆਪਣੇ ਰਾਜਸੀ ਮੰਤਰੀਆਂ ਜੋ ਵੱਖ ਵੱਖ ਧਰਮਾਂ ਦੇ ਸਨ ਪਰ ਆਪਣੇ ਆਪਣੇ ਖੇਤਰ ਵਿਚ ਵਿਸ਼ੇਸ਼ ਪ੍ਰਤਿਭਾ ਦੇ ਮਾਲਕ ਸਨ, ਕੋਲੋਂ ਰਾਏ ਲੈ ਪੰਜਾਬ ਨੂੰ ਧਰਮ-ਨਿਰਪੇਖ ਸਿਧਾਂਤ ਰਾਹੀਂ ਰਾਜ ਕਰਨ ਦੇ ਜਤਨ ਵਿਚ ਸਨ। ਜੇ ਮਹਾਰਾਜਾ ਰਣਜੀਤ ਸਿੰਘ ਕੇਵਲ ਗੁਰਮਤੇ ਨੂੰ ਹੀ ਆਪਣੇ ਰਾਜ ਦਾ ਆਧਾਰ ਬਣਾਉਂਦੇ ਤਾਂ ਉਨ੍ਹਾ ਦੀ ਹਿੰਦੂ ਅਤੇ ਮੁਸਲਮਾਨ ਪਰਜਾ ਦੇ

ਮਨਾਂ ਵਿਚ ਉਹ ਸਦਭਾਵਨਾ ਨਹੀਂ ਸੀ ਰਹਿਣੀ ਜੋ ਕਿ ਉਨ੍ਹਾਂ ਦੀ ਇਸ ਨੀਤੀ ਕਰਕੇ ਹੋਈ ਹੈ। ਇਤਿਹਾਸਕਾਰ ਗੋਕਲ ਚੰਦ ਨਾਰੰਗ ਦੇ ਸ਼ਬਦਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਨਾਲ ਪੰਜਾਬ ਵਿਧਵਾ ਹੋਇਆ ਲਗਿਆ ਹੈ ਨਾ ਕਿ ਕੇਵਲ ਸਿੱਖ ਕੌਮ।[4]

ਸੱਯਦ ਮੁਹੰਮਦ ਲਤੀਫ ਦੇ ਸ਼ਬਦਾਂ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਹਿੰਦੂ ਅਤੇ ਮੁਸਲਮਾਨ ਧਰਮਾਂ ਬਾਰੇ ਸਤਿਕਾਰ ਉਸਦੇ ਆਪਣੇ ਧਰਮ ਨਾਲੋਂ ਕਿਧਰੇ ਵੀ ਘੱਟ ਨਹੀਂ ਸੀ। ਜਦੋਂ ਉਹ 1795 ਵਿਚ ਤਖ਼ਤ ਤੇ ਬਿਰਾਜਮਾਨ ਹੋਏ, ਇਹ ਪਤਾ ਲਗਾ ਕਿ ਸੁਨਹਿਰੀ ਮਸਜਿਦ ਜੋ ਨਵਾਬ ਬਿਖਾਰੀ ਖ਼ਾਨ ਨੇ ਕਸ਼ਮੀਰੀ ਬਜ਼ਾਰ ਵਿਚ ਬਣਵਾਈ ਹੈ, ਮਿਸਲਾਂ ਦੇ ਦਿਨਾਂ ਤੋਂ ਸਿੱਖਾਂ ਦੇ ਅਧਿਕਾਰ ਵਿਚ ਹੈ। ਲਾਹੌਰ ਦੇ ਮੁਸਲਮਾਨ ਮਹਾਰਾਜੇ ਕੋਲ ਫਰਿਆਦ ਲੈ ਕੇ ਗਏ ਕਿ ਮਸਜਦ ਉਹਨਾਂ ਨੂੰ ਵਾਪਸ ਦਿੱਤੀ ਜਾਏ। ਇਸ ਔਖੀ ਸਮੱਸਿਆ ਨੂੰ ਮਹਾਰਾਜੇ ਨੇ ਬੜੇ ਹੀ ਵਧੀਆ ਢੰਗ ਨਾਲ ਸਿੱਖਾਂ ਨੂੰ ਸਮਝਾ ਕੇ ਮੁਸਲਮਾਨਾਂ ਨੂੰ ਮਸੀਤ ਵਾਪਸ ਦਿਵਾ ਦਿੱਤੀ ਜਿਸ ਨਾਲ ਮੁਸਲਮਾਨਾਂ ਦੇ ਦਿਲ ਉਸਨੇ ਸਦਾ ਲਈ ਜਿਤ ਲਏ।"[5]

ਜਿੱਥੇ ਮਹਾਰਾਜਾ ਰਣਜੀਤ ਸਿੰਘ ਨੇ ਆਪ ਦੂਸਰੇ ਧਰਮਾਂ ਦਾ ਸਤਿਕਾਰ ਕੀਤਾ ਉਥੇ ਉਨ੍ਹਾਂ ਨੇ ਸਿੱਖਾਂ ਨੂੰ ਦੂਸਰੇ ਧਰਮਾਂ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਦਾ ਸਤਿਕਾਰ ਕਰਨ ਬਾਰੇ ਕਿਹਾ। ਪ੍ਰਸਿੱਧ ਕਹਾਣੀ ਹੈ ਕਿ ਇਕ ਵਾਰੀ ਕੁਝ ਨਿਹੰਗ ਸਿੰਘਾਂ ਦਾ ਜਥਾ ਮਹਾਰਾਜੇ ਕੋਲ ਗਿਆ ਕਿ ਮੁਸਲਮਾਨ ਸਵੇਰੇ ਸਵੇਰੀ 'ਬਾਂਗ' ਦੇ ਕੇ ਸਾਡੀ ਨੀਂਦ ਖਰਾਬ ਕਰਦੇ ਹਨ, ਤਦ ਮਹਾਰਾਜੇ ਨੇ ਮੁਸਲਮਾਨਾਂ ਦੀਆਂ ਧਾਰਮਕ ਕਦਰਾਂ ਕੀਮਤਾਂ ਦਾ ਸਤਿਕਾਰ ਕਾਇਮ ਰਖਦੇ ਹੋਏ ਨਿਹੰਗ ਸਿੰਘਾਂ ਨੂੰ ਆਦੇਸ਼ ਦਿਤਾ ਕਿ ਤੁਸੀਂ ਆਪ ਸਵੇਰੇ ਇਲਾਕੇ ਦੇ ਮੁਸਲਮਾਨਾਂ ਨੂੰ ਜਗਾ ਕੇ ਮਸੀਤ ਭੇਜਿਆ ਕਰੋ।

ਏਸੇ ਤਰ੍ਹਾਂ ਹਿੰਦੂਆਂ ਦੇ ਜਗਨ ਨਾਥ ਮੰਦਰ ਨੂੰ ਉਹਨਾਂ ਕੋਹਿਨੂਰ ਹੀਰਾ ਭੇਟ ਕਰਨ ਦੀ ਤਜਵੀਜ਼ ਵੀ ਰੱਖੀ ਸੀ। ਵਿਸ਼ਵਾ ਨਾਥ ਮੰਦਰ ਬਨਾਰਸ ਨੂੰ 22 ਮਣ ਸੋਨਾ ਭੇਟਾ ਕਰਕੇ ਉਨ੍ਹਾਂ ਨੇ ਹਿੰਦੂ ਜਨਤਾ ਨੂੰ ਵੀ ਸਦਾ ਲਈ ਜਿਤ ਲਿਆ ਸੀ।[6]

ਬਾਬਾ ਪ੍ਰੇਮ ਸਿੰਘ ਹੋਤੀ ਦੇ ਸ਼ਬਦਾਂ ਵਿਚ :—

"ਸੰਨ 1838 ਵਿਚ ਜਦ ਅੰਗਰੇਜ਼ੀ ਤੇ ਖਾਲਸਾ ਫੌਜ ਨੇ ਸਮਿਲਤ ਹੋ ਕੇ ਅਫਗਾਨਿਸਤਾਨ ਪੁਰ ਚੜ੍ਹਾਈ ਕੀਤੀ ਤੇ ਉਸ ਸਮੇਂ ਜਿਹੜੀਆਂ ਸ਼ਰਤਾਂ, ਮਹਾਰਾਜਾ ਸਾਹਿਬ, ਅੰਗਰੇਜ਼ੀ ਹਕੂਮਤ ਤੇ ਸ਼ਾਹਸੁਜਾ ਵਿਚ ਤਹਿ ਹੋਈਆਂ, ਉਹਨਾਂ ਵਿਚ ਸ਼ੇਰਿ-ਪੰਜਾਬ ਨੇ ਆਪਣੇ ਹਿੰਦੂ ਪਰਜਾ ਦੇ ਧਾਰਮਕ ਭਾਵਾਂ ਨੂੰ ਮੁੱਖ ਰੱਖ ਕੇ ਹੋਰ ਸ਼ਰਤਾਂ ਤੋਂ ਛੁਟ ਇਕ ਇਹ ਸ਼ਰਤ ਭੀ ਸ਼ਾਹਸੁਜਾ ਤੋਂ ਮੰਨਵਾਈ ਕਿ ਸੋਮਨਾਥ ਦੇ ਪ੍ਰਸਿਧ ਮੰਦਰ ਦਾ ਚੰਦਨ ਦਾ ਦਰਵਾਜ਼ਾ ਜਿਹੜਾ ਸੰਨ 1024 ਵਿਚ ਮਹਿਮੂਦ ਗਜ਼ਨਵੀ ਹਿੰਦ ਤੋਂ ਲੁਟ ਕੇ ਲੈ ਗਿਆ ਸੀ, ਉਸ ਦਰਵਾਜ਼ੇ ਨੂੰ ਮੁੜ ਇਥੇ ਵਾਪਸ ਪਹੁੰਚਾ ਦਿਤਾ ਜਾਵੇ। ਇਸ ਤੋਂ ਸੌਖਾ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਆਪਣੇ ਗੁਆਂਢੀ ਭਰਾਵਾਂ ਦੇ ਧਾਰਮਕ ਜਜ਼ਬਾਤ ਦਾ ਕਿੰਨਾ ਪਿਆਰ ਆਪਣੇ ਮਨ ਵਿਚ ਰਖਦੇ ਸਨ।"

ਮਸਜਿਦ ਦਿਵਾਉਣੀ, ਸੋਮਨਾਥ ਮੰਦਰ ਦੇ ਦਰਵਾਜ਼ੇ ਤੱਕ ਨੂੰ ਲਿਆਉਣ ਦੀ

ਕੋਸ਼ਿਸ਼, ਉਨ੍ਹਾਂ ਦੇ ਦੂਜੇ ਧਰਮਾਂ ਪ੍ਰਤੀ ਸਤਿਕਾਰ ਅਤੇ ਸ਼ਰਧਾ ਨੂੰ ਹੀ ਸਿੱਧ ਕਰਦੀ ਹੈ। ਦੂਜੇ ਧਰਮਾਂ ਦਾ ਮਾਣ ਉਹਨਾਂ ਨੇ ਆਪਣੇ ਰਹਿਬਰ ਆਗੂ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਤੋਂ ਲਿਆ ਸੀ :—

'ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ਼ ਓਹੀ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਬਲਾਉ ਹੈ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥"[7]

'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦਾ ਵੀ ਇਹੋ ਸੰਦੇਸ਼ ਹੈ ਜਿਸਦੇ ਵਿਚ ਫਰੀਦ ਵੀ ਹੈ, ਅਤੇ ਕਬੀਰ ਵੀ ਹੈ, ਜਿਸ ਦੇ ਵਿਚ ਧਰਮ, ਇਲਾਕੇ, ਜ਼ਾਤ ਅਤੇ ਜ਼ਬਾਨ ਦਾ ਕੋਈ ਫਰਕ ਨਹੀਂ। ਮਹਾਰਾਜਾ ਰਣਜੀਤ ਸਿੰਘ ਏਸੇ ਰਾਹ ਦੇ ਉਤੇ ਟੁਰ ਰਿਹਾ ਸੀ ਜਿਸਦੇ ਵਿਚ ਵਾਹਿਗੁਰੂ ਨੂੰ ਮਿਲਣਾ ਅਧਿਆਤਮਕ ਰਾਹ ਹੈ ਤਾਂ ਸੰਸਾਰ ਵਿਚ ਨਿਯੰਤਰਣ ਕਰਨਾ ਇਕ ਸਮਾਜੀ ਅਤੇ ਰਾਜਸੀ ਜ਼ਿੰਮੇਵਾਰੀ।

ਮਹਾਰਾਜਾ ਕੇਵਲ ਧਾਰਮਕ ਮਸਲਿਆਂ ਵਿਚ ਹੀ ਧਰਮ-ਨਿਰਪੇਖਤਾ ਨੂੰ ਉਤਸਾਹਿਤ ਨਹੀਂ ਸੀ ਕਰਦਾ ਸਗੋਂ ਸਮੁੱਚੇ ਰਾਜਨੀਤਕ ਪ੍ਰਬੰਧ ਵਿਚ ਕਾਰਜਸ਼ੀਲ ਉਸਦਾ ਮੰਤਰੀ ਮੰਡਲ ਵੀ ਜ਼ਾਤ ਪਾਤ, ਨਸਲ ਦੇ ਵਿਤਕਰੇ ਤੋਂ ਬਿਨਾਂ ਸੀ। ਫਕੀਰ ਅਜ਼ੀਜ਼-ਉਦ-ਦੀਨ, ਫਕੀਰ ਨੂਰ-ਉਦ-ਦੀਨ, ਰਾਜਾ ਦੀਨਾ ਨਾਥ, ਦੀਵਾਨ ਮੋਹਕਮ ਚੰਦ, ਦੀਵਾਨ ਸਾਵਨ ਮੱਲ, ਰਾਜਾ ਧਿਆਨ ਸਿੰਘ ਮਹਾਰਾਜੇ ਦੇ ਦਰਬਾਰ ਵਿਚ ਮੰਤਰੀ ਸਨ। ਇਤਿਹਾਸਕਾਰ ਫੌਜਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਬਾਰੇ ਚਾਰ ਧਾਰਨਾਵਾਂ ਦਾ ਜ਼ਿਕਰ ਕੀਤਾ ਹੈ। "ਸਿੱਖ ਧਰਮ ਦਾ ਰਾਜ, ਧਰਮ-ਨਿਰਪੇਖ ਰਾਜ, ਪੰਜਾਬੀ ਕੌਮੀਅਤ ਦਾ ਰਾਜ ਅਤੇ ਮਿਲਟਰੀ ਰਾਜ"।[8]

ਸਾਡਾ ਮਸਲਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਪ੍ਰਬੰਧ ਬਾਰੇ ਬਹਿਸ ਵਿਚ ਪੈਣਾ ਨਹੀਂ ਕੇਵਲ ਉਨ੍ਹਾਂ ਦਾ ਧਰਮ ਵਿਚ ਅਥਾਹ ਵਿਸ਼ਵਾਸ ਹੁੰਦੇ ਹੋਏ ਧਰਮ-ਨਿਰਪੇਖ ਰਹਿਣਾ, ਦੇ ਸਿਧਾਂਤ ਨੂੰ ਉਘਾੜਨਾ ਹੈ।

ਆਮ ਤੌਰ ਤੇ ਸੈਕੂਲਰ ਦਾ ਅਰਥ ਧਰਮ ਦੇ ਵਿਰੋਧ ਵਿਚ ਲਿਆ ਜਾਂਦਾ ਹੈ, ਪਰ ਸਾਡੇ ਵਿਚਾਰ ਵਿਚ ਇਹ ਪੱਛਮ ਦਾ ਸਿਧਾਂਤ ਹੈ। ਪੱਛਮ ਵਿਚ ਧਰਮ-ਨਿਰਪੇਖਤਾ ਦੀ ਲਹਿਰ ਨੂੰ ਰਾਜਨੀਤਕ ਅਤੇ ਦਾਰਸ਼ਨਿਕ ਆਧਾਰ-ਭੂਮੀ ਤੇ ਖੜੀ ਨੀਤੀ-ਸ਼ਾਸਤਰ ਨਾਲ ਸੰਬੰਧਤ ਕਰਦਿਆਂ ਨਾ-ਪੱਖੀ ਧਾਰਮਕ ਲਹਿਰ ਗਰਦਾਨਿਆਂ ਗਿਆ ਹੈ। ਜੀਵਨ ਅਤੇ ਸਦਾਚਾਰ ਨਾਲ ਸੰਬੰਧਤ ਕਰਕੇ ਇਸ ਨੂੰ ਦਾਰਸ਼ਨਿਕ ਪਰਭਾਵ ਅਧੀਨ ਰਾਜਸੀ ਪ੍ਰਸਥਿਤੀਆਂ ਦੀ ਉਪਜ ਕਿਹਾ

ਜਾਂਦਾ ਹੈ। ਨਿਰਸੰਦੇਹ ਇਸਨੂੰ ਵਿਦਰੋਹ ਦੀ ਲਹਿਰ ਸਮਝਿਆ ਹੈ। ਵਿਦਰੋਹ ਜੋ ਸੰਕੀਰਣ ਧਾਰਮਕਤਾ ਅਤੇ ਧਰਮ ਸੰਚਾਲਕ ਅਦਾਰਿਆਂ ਦੇ ਵਿਰੋਧ ਵਿਚੋਂ ਪੈਦਾ ਹੋਈ।

ਰਾਜਸੀ ਤੌਰ ਤੇ ਉਥਲ ਪੁਥਲ ਜਿਸ ਦੇ ਸਿੱਟੇ ਵਜੋਂ 1832 ਦਾ ਸੁਧਾਰ ਬਿਲ ਬਣਿਆ-ਉਹ ਇਸਦਾ ਆਧਾਰ ਬਣੀ ਅਤੇ ਦਾਰਸ਼ਨਿਕ ਰੂਪ ਵਿਚ ਇਸਦੀਆਂ ਜੜ੍ਹਾਂ 'ਐਸੋਸੀ-ਏਟਸ ਸਕੂਲ' ਨਾਲ ਜੋੜੀਆਂ ਗਈਆਂ। ਉਦੋਂ ਤਕ ਦੀਆਂ ਪੱਛਮੀ ਧਾਰਮਕ ਅਤੇ ਦਾਰਸ਼ਨਿਕ ਖੇਤਰ ਦੀਆਂ ਸਰਬ ਪਰਵਾਨਿਤ ਸਚਾਈਆਂ ਅਤੇ ਜੀਵਨ ਦਰਸ਼ਨ ਬਾਰੇ ਚਲੇ ਆਉਂਦੇ ਵਿਚਾਰਾਂ ਦਾ ਵਿਰੋਧ ਕਰਨਾ ਇਸਦਾ ਮੂਲ ਮੰਤਵ ਸਵੀਕਾਰਿਆ ਗਿਆ। ਇਹ ਆਖਿਆ ਗਿਆ ਕਿ ਧਰਮ-ਨਿਰਪੇਖਤਾ ਦਾ ਦ੍ਰਿਸ਼ਟੀਕੋਣ ਪਦਾਰਥਕ ਪੱਧਰ ਤੇ ਮਨੁਖੀ ਜ਼ਿੰਦਗੀ ਦੀ ਬਿਹ-ਤਰੀ ਨਾਲ ਸਰੋਕਾਰ ਰਖਦਾ ਹੈ।

ਧਰਮ-ਨਿਰਪੇਖਤਾ ਦਾ ਜਨਮ ਤੇ ਵਿਕਾਸ ਉਸ ਸਮੇਂ ਹੋਇਆ ਜਦੋਂ ਮਨੁੱਖੀ ਚਿੰਤਨ ਨੇ ਵਿਗਿਆਨ ਤੇ ਧਰਮ ਨੂੰ ਪੂਰੀ ਤਰ੍ਹਾਂ ਇਕ ਦੂਜੇ ਦਾ ਵਿਰੋਧੀ ਕਰਾਰ ਦੇ ਦਿੱਤਾ ਸੀ। ਇਸ ਵਿਚਾਰ ਦੇ ਹਾਮੀਆਂ ਦਾ ਮੱਤ ਸੀ ਕਿ ਧਰਮ ਨਿਰਪੇਖ ਗਿਆਨ ਵਾਸਤਵਿਕ ਜੀਵਨ ਦੇ ਅਨੁਭਵ ਦੇ ਆਧਾਰ ਤੇ ਗਿਣਿਆ ਮਿਣਿਆ ਜਾ ਸਕਦਾ ਹੈ। ਜਿਸ ਤਰ੍ਹਾਂ ਗਣਿਤ, ਫਿਜ਼ਿਕਸ ਅਤੇ ਕਮਿਸਟਰੀ ਧਰਮ-ਨਿਰਪੇਖ ਵਿਗਿਆਨ ਦੇ ਵਿਸ਼ੇ ਹਨ, ਬਿਲਕੁਲ ਉਹਨਾਂ ਆਧਾਰਾਂ ਤੇ ਹੀ ਅਸੀਂ ਸਦਾਚਾਰ ਅਤੇ ਜੀਵਨ ਬਿਹਤਰੀ ਦਾ ਸਿਧਾਂਤ ਉਸਾਰ ਸਕਦੇ ਹਾਂ—ਇਹਨਾਂ ਹੀ ਆਧਾਰਾਂ ਤੇ ਅਸੀਂ ਆਤਮਕ ਗਿਆਨ ਦਾ ਵਿਵੇਕ ਵੀ ਜਾਣ ਸਕਦੇ ਹਾਂ।

ਪੱਛਮ ਵਿਚ ਧਰਮ ਨਿਰਪੇਖਤਾ ਦੇ ਸਿਧਾਂਤ ਅਤੇ ਆਦਰਸ਼ 'ਧਰਮ' ਦੇ ਸਿਧਾਂਤਾਂ ਅਤੇ ਆਦਰਸ਼ਾਂ ਤੋਂ ਬਿਲਕੁਲ ਵਖਰੇ ਸਮਝੇ ਗਏ ਹਨ। ਜਿਸ ਤਰ੍ਹਾਂ ਧਰਮ ਅਦਿਸਦੇ ਸੱਚ ਨੂੰ ਜਾਨਣ ਦੇ ਯਤਨ ਵਿਚ ਹੈ—ਉਸੇ ਤਰ੍ਹਾਂ ਧਰਮ-ਨਿਰਪੇਖ ਸਿਧਾਂਤ ਇਸ ਨਾਲ ਕੋਈ ਸੰਬੰਧ ਨਹੀਂ ਰਖਦਾ। ਇਹ ਦਿਸਦੇ ਸੰਸਾਰ ਦੀ ਜਾਣਕਾਰੀ ਨਾਲ ਸੰਬੰਧਤ ਹੈ—ਅਤੇ ਸਿਧਾ ਮਨੁਖੀ ਅਨੁਭਵ ਨਾਲ ਸਾਂਝ ਰਖਦਾ ਹੈ। ਧਰਮ-ਨਿਰਪੇਖਤਾ ਦੇ ਪੱਛਮ ਵਿਚ ਪਨਪੇ ਇਹਨਾਂ ਵਿਚਾਰਾਂ ਨਾਲ ਭਾਰਤੀ ਧਰਮ-ਨਿਰਪੱਖਤਾ ਦਾ ਸਿਧਾਂਤ ਸਹਿਮਤੀ ਨਹੀਂ ਪ੍ਰਗਟਾਉਂਦਾ।

ਭਾਰਤ ਵਿਚ ਧਰਮ-ਨਿਰਪਖਤਾ ਦਾ ਭਾਵ ਧਰਮ-ਵਿਰੋਧ ਜਾਂ ਨਾਸਤਕ ਨਹੀਂ ਤੇ ਨਾ ਪਦਾਰਥਕ ਲੋੜਾਂ ਦੀ ਪੂਰਤੀ ਹੈ। ਸਗੋਂ ਇਥੇ ਤਾਂ ਇਸਦੇ ਅਰਥ ਆਤਮਕ ਕਦਰਾਂ ਕੀਮਤਾਂ ਦੀ ਵਿਆਪਕਤਾ ਨਾਲ ਸੰਬੰਧਤ ਹਨ, ਜਿਸ ਨੂੰ ਵਖ ਵਖ ਰਾਹਾਂ ਨਾਲ ਪਰਾਪਤ ਕੀਤਾ ਜਾ ਸਕਦਾ ਹੈ। ਰਿਗਵੇਦ ਦਾ ਇਹ ਮੰਤਰ ਭਾਰਤ ਦੀ ਇਸ ਰੁਚੀ ਨੂੰ ਹੀ ਦਰਸਾਉਂਦਾ ਹੈ :

"ਜਨਮ ਬਿਭਾਰਤੀ ਬਹੁਦ੍ਹਾ ਵਿਵਾਚਸਮ
ਨਾਨਾ ਧਰਮਾਨਾਮ ਪ੍ਰਿਥਵੀ ਯਥਉਕਸਾਮ।

ਇਹ ਵਿਰਸਾ ਨਾ-ਕੇਵਲ ਪੁਰਾਤਨ ਭਾਰਤੀ ਸਭਿਅਤਾ ਦਾ ਪ੍ਰਤੀਕ ਹੈ ਸਗੋਂ ਮੱਧਕਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮਿਲਦੀ ਰੋਸ਼ਨੀ ਦਾ ਵੀ ਲਖਾਇਕ ਹੈ ਜਿਸਨੂੰ 19ਵੀਂ ਸਦੀ ਦੇ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਅਪਣਾਇਆ ਤਾਂ ਵੀਹਵੀਂ ਸਦੀ ਵਿਚ ਮਹਾਤਮਾ

ਗਾਂਧੀ ਨੇ ਉਸੇ ਨੂੰ ਦੁਹਰਾਇਆ ਹੈ । "ਮੇਰੀ ਦੂਸਰੇ ਧਰਮਾਂ ਵਿਚ ਆਸਥਾ ਉਨੀ ਹੈ ਜਿੰਨੀ ਆਪਣੇ ਵਿਚ" [9]

ਭਾਰਤੀ ਰਾਜਨੀਤਕ ਪ੍ਰਬੰਧ ਵਿਚ 'ਪਰਜਾਤੰਤਰ ਅਤੇ ਧਰਮ-ਨਿਰਪੇਖਤਾ' ਇਕ ਦੂਸਰੇ ਨਾਲ ਅਰੰਭ ਤੋਂ ਹੀ ਸਾਂਝ ਪਾ ਕੇ ਤੁਰੇ ਹਨ । ਸਗੋਂ ਇਹ ਇਕ ਦੂਜੇ ਨੂੰ ਸ਼ਕਤੀ ਪਰਦਾਨ ਕਰਦੇ ਰਹੇ ਹਨ । ਭਾਰਤ ਵਰਗੀ ਬਹੁ-ਧਰਮਾਂ ਅਤੇ ਬਹੁ-ਸਭਿਆਚਾਰਕ ਸੋਸਾਇਟੀ ਵਿਚ ਪਰਜਾਤੰਤਰ ਕੇਵਲ ਧਰਮ-ਨਿਰਪੇਖ ਆਦਰਸ਼ ਤੇ ਹੀ ਉਸਰ ਸਕਦਾ ਹੈ । ਦੂਸਰੇ ਸ਼ਬਦਾਂ ਵਿਚ ਧਰਮ-ਨਿਰਪੇਖਤਾ ਖੁਦ-ਬ-ਖੁਦ ਪਰਜਾਤੰਤਰੀ ਪਰਬੰਧ ਦੀ ਮੰਗ ਕਰਦੀ ਹੈ । ਭਾਰਤੀ ਧਰਮ ਨਿਰਪੇਖਤਾ ਦੇ ਆਦਰਸ਼ਾਂ ਤੇ ਸਿਧਾਂਤਾਂ ਬਾਰੇ ਸਾਡੇ ਆਪਣੇ ਵਿਚਾਰਵਾਨਾਂ ਦਾ ਇਹੋ ਮੱਤ ਹੈ ।

ਭਾਰਤੀ ਸੰਵਿਧਾਨ ਵਿਚ ਜਿਸ ਧਰਮ-ਨਿਰਪੇਖ ਰਾਜ ਦੀ ਸਥਾਪਨਾ ਨੂੰ ਸਵੀਕਾਰਿਆ ਗਿਆ ਹੈ, ਉਸਦੀ ਜੜ੍ਹ ਵੀ ਪੱਛਮ ਵਿਚ ਨਹੀਂ ਸਗੋਂ ਭਾਰਤੀ ਵਿਚਾਰਧਾਰਾ ਵਿਚ ਹੈ । ਮੰਤਰ, ਸ਼ਬਦ ਜਾਂ ਵਿਚਾਰ ਮਹੱਤਵਪੂਰਨ ਹਨ, ਪਰ ਇਨ੍ਹਾਂ ਦਾ ਅਮਲੀ ਰੂਪ ਜੇ ਕਿਤੇ ਮਿਲਦਾ ਹੈ ਤਾਂ ਉਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ, ਜਿਸਦੀ ਅਸੀਂ ਦੂਸਰੀ ਜਨਮ ਸ਼ਤਾਬਦੀ ਮਨਾ ਰਹੇ ਹਾਂ ।

ਪੰਜਾਬ ਦੇ ਇਸ ਮਹਾਨ ਸਪੂਤ ਨੇ ਜਿਸ ਸੁਘੜਤਾ ਨਾਲ ਪੰਜਾਬ ਨੂੰ ਧਰਮ-ਨਿਰਪੇਖਤਾ ਦੇ ਆਦਰਸ਼ਾਂ ਤੇ ਚਲ ਕੇ ਜਿਸ 'ਪੰਜਾਬੀਅਤ' ਇਖਲਾਕ ਨੂੰ ਪੈਦਾ ਕੀਤਾ ਸੀ, ਅਜ ਵੀ ਪੰਜਾਬੀਆਂ ਲਈ ਚਾਨਣ ਮੁਨਾਰੇ ਦਾ ਕੰਮ ਦੇ ਸਕਦਾ ਹੈ । ਮਹਾਰਾਜੇ ਲਈ ਧਰਮ ਤੇ ਰਾਜ ਪ੍ਰਬੰਧ ਦੋ ਵਖਰੀਆਂ ਸੁਤੰਤਰ ਗੱਲਾਂ ਸਨ । ਪਰ ਉਹ ਸਮੁਚੇ ਜੀਵਨ ਵਿਚ ਧਰਮ ਜਾਂ ਵਖ ਵਖ ਧਰਮਾਂ ਦੇ ਉਸਾਰੂ ਰੋਲ ਤੋਂ ਮੁਨਕਰ ਜਾਂ ਅਨਜਾਣ ਨਹੀਂ ਸੀ । ਅੱਜ ਵੀਹਵੀਂ ਸਦੀ ਦੇ ਅਠਵੇਂ ਦਹਾਕੇ ਦੇ ਮੁਕਣ ਤੇ ਅਸੀਂ ਜੋ ਮਸਲਾ ਪੂਰੀ ਤਰ੍ਹਾਂ ਹਲ ਨਹੀਂ ਕਰ ਸਕੇ— ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਸਾਹਿਬ ਦੇ ਧਰਮ-ਨਿਰਪੇਖਤਾ ਦੇ ਸਿਧਾਂਤਾਂ ਦਾ ਪੈਰੋਕਾਰ ਬਣ ਕੇ ਉਨ੍ਹਵੀਂ ਸਦੀ ਦੇ ਅਰੰਭ ਵਿਚ ਹਲ ਕਰ ਲਿਆ ਸੀ ।

ਅਜ ਪੰਜਾਬੀਆਂ ਨੇ ਰਲਮਿਲ ਉਦਮ ਕਰਕੇ ਬੋਲੀ ਦਾ ਮਸਲਾ ਹਲ ਕਰ ਲਿਆ ਹੈ । ਪੰਜਾਬੀ ਸਭਿਆਚਾਰ ਨੂੰ ਉਸਾਰਨ ਵਿਚ ਵੀ ਉਹ ਜਤਨਸ਼ੀਲ ਹਨ, ਪਰ ਅਜੇ ਪੰਜਾਬੀ ਸਭਿਆਚਾਰਕ ਚੇਤਨਾ ਨੇ ਧਾਰਮਕ ਸੌੜੀਆਂ ਵਲਗਣਾਂ ਨੂੰ ਪਾਰ ਕਰਕੇ ਧਰਮ ਨਿਰਪੇਖਤਾ ਦੀ ਨੀਤੀ ਨੂੰ ਅਪਨਾ ਕੇ ਆਪਣੇ 'ਪੰਜਾਬੀਅਤ' ਦੇ ਸਰੂਪ ਤੇ ਸੁਭਾਅ ਨੂੰ ਗ੍ਰਹਿਣ ਕਰਨਾ ਹੈ । ਮੇਰੇ ਵਿਚਾਰ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੀ 200 ਸਾਲਾ ਜਨਮ ਸ਼ਤਾਬਦੀ ਮਨਾਉਂਦੇ ਹੋਏ, ਅਸੀਂ ਉਹਨਾਂ ਦੇ ਆਸ਼ਿਆਂ ਤੇ ਚਲ ਕੇ ਇਹ ਮੰਜ਼ਿਲ ਵੀ ਜਲਦੀ ਤਹਿ ਕਰ ਸਕਦੇ ਹਾਂ ।

ਪੰਜਾਬ ਵਿਚ ਉਹਨਾਂ ਦੇ ਲਾਏ ਧਰਮ-ਨਿਰਖੇਖਤਾ ਦੇ ਆਦਰਸ਼ਾਂ ਦਾ ਬੂਟਾ ਸਾਰੇ ਭਾਰਤ ਲਈ ਇਕ ਨਮੂਨਾ ਹੈ । ਜੇ ਅਸੀਂ ਭਾਰਤ ਵਿਚ ਸਚਮੁਚ ਧਰਮ-ਨਿਰਪੇਖ ਰਾਜ ਚਾਹੁੰਦੇ ਹਾਂ ਤਾਂ ਸਾਨੂੰ ਮਹਾਰਾਜਾ ਰਣਜੀਤ ਸਿੰਘ ਦੇ ਮਾਡਲ ਨੂੰ ਹੀ ਅਪਨਾਉਣਾ ਪਵੇਗਾ ਜਿਸ

ਵਿਚ ਆਪਣੇ ਧਰਮ ਵਿਚ ਵਿਸ਼ਵਾਸ ਰਖਦੇ ਹੋਏ, ਦੂਜੇ ਧਰਮਾਂ ਦਾ ਸਤਿਕਾਰ ਹੋਵੇ। ਹਰ ਧਰਮ ਸੁਰੱਖਿਆ ਮਹਿਸੂਸ ਕਰੇ ਅਤੇ ਹਰ ਧਰਮ ਨੂੰ ਵਿਕਸਿਤ ਹੋਣ ਦਾ ਪੂਰਾ ਪੂਰਾ ਅਵਸਰ ਮਿਲੇ। ਮਹਾਰਾਜਾ ਰਣਜੀਤ ਸਿੰਘ ਦਾ ਧਰਮ ਨਿਰਪੇਖ ਹੋਣ ਤੋਂ ਭਾਵ ਇਹ ਨਹੀਂ ਕਿ ਉਹਨਾਂ ਦਾ ਧਰਮ ਵਿਚ ਵਿਸ਼ਵਾਸ ਨਹੀਂ ਸੀ। ਆਪਣੇ ਧਰਮ ਵਿਚ ਵਿਸ਼ਵਾਸ ਹੁੰਦੇ ਹੋਏ ਦੂਜੇ ਧਰਮਾਂ ਦਾ ਸਤਿਕਾਰ ਕਰਨਾ ਮਹਾਰਾਜਾ ਰਣਜੀਤ ਸਿੰਘ ਦਾ ਸੁਨੇਹਾ ਹੈ ਜਿਸਨੂੰ ਇਸ ਸ਼ਤਾਬਦੀ ਸਮੇਂ ਸਾਨੂੰ ਪਿੰਡਾਂ, ਸ਼ਹਿਰਾਂ, ਸੂਬਿਆਂ ਦੇਸ਼ ਅਤੇ ਪਰਦੇਸਾਂ ਵਿਚ ਲਿਜਾਣਾ ਚਾਹੀਦਾ ਹੈ।

(ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਦੇ ਧੰਨਵਾਦ ਸਹਿਤ)

---

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼
2. J. D. Cunningham, History of the Sikhs.
3. Teja Singh, The Abolition of the Gurmatta and the Misals
4. Dr. Gokal Chand Narang, A Glorious History of Sikhism.
5. Syed Mohd. Latif, History of Lahore.
6. Shanta Sarabjit Singh, Panjabi Tribune, Dated 19-10-1980,
7. ਅਕਾਲ ਉਸਤਤ, (16.86)
8. ਡਾ: ਫੌਜਾ ਸਿੰਘ

ਮੇਲਿਆਂ ਅਤੇ ਤਿਉਹਾਰਾਂ ਦਾ ਸਰਪ੍ਰਸਤ

—ਡਾ: ਹਰੀ ਰਾਮ ਗੁਪਤਾ

7 ਜੁਲਾਈ, 1799 ਦਾ ਦਿਨ ਪੰਜਾਬ ਦੇ ਇਤਿਹਾਸ ਵਿਚ ਇਕ ਖੁਸ਼ੀਆਂ ਭਰਿਆ ਦਿਨ ਹੈ। ਇਹ ਉਹ ਦਿਨ ਹੈ ਜਿਸ ਦਿਨ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ ਕਬਜ਼ਾ ਕਰ ਕੇ ਆਪਣੇ ਰਾਜ ਦੀ ਬੁਨਿਆਦ ਰਖੀ ਸੀ। ਆਪਣੀ ਵਿਲੱਖਣ ਬੁੱਧੀ, ਦੂਰ-ਅੰਦੇਸ਼ੀ ਅਤੇ ਭਵਿੱਖ ਲਈ ਅੰਤਰ-ਦ੍ਰਿਸ਼ਟੀ ਨਾਲ ਉਹਨਾਂ ਨੇ ਪਜਾਬ ਦੇ ਵੱਖ ਵੱਖ ਜੰਗਜੂ ਲੋਕਾਂ ਨੂੰ ਸੰਗਠਤ ਕਰ ਕੇ ਇਕਮੁੱਠ ਕੀਤਾ।

ਮਹਾਰਾਜਾ ਨੇ ਆਪਣੀਆਂ ਜਿੱਤਾਂ ਨਾਲ ਆਪਣੀ ਸ਼ਕਤੀ ਨੂੰ ਸੰਚਿਤ ਕੀਤਾ। ਉਹ ਜਦੋਂ ਹੀ ਕਿਸੇ ਕਸਬੇ ਜਾਂ ਕਿਲ੍ਹੇ ਤੇ ਜਿੱਤ ਪ੍ਰਾਪਤ ਕਰਦੇ, ਤਾਂ ਉਹ ਉਥੇ ਸ਼ਾਂਤੀ ਕਾਨੂੰਨ ਵਿਵਸਥਾ ਲਾਗੂ ਕਰਨ ਲਈ ਯੋਗ ਪ੍ਰਬੰਧਕਾਂ, ਨੂੰ ਨਿਯੁਕਤ ਕਰਦੇ। ਉਹਨਾਂ ਦੇ 40 ਸਾਲਾਂ ਦੇ ਲੰਬੇ ਰਾਜ-ਕਾਲ ਦੌਰਾਨ ਉਹਨਾਂ ਦੇ ਸਮੁੱਚੇ ਰਾਜ ਵਿਚ ਸ਼ਾਂਤੀ ਰਹੀ। ਉੱਤਰ-ਪੱਛਮੀ ਸਰਹੱਦ ਤੇ ਉਘੜ-ਦੁਗੜ ਲੜਾਈ ਤੋਂ ਇਲਾਵਾ ਸਿੱਖ-ਰਾਜ ਉਤੇ ਕਦੇ ਵੀ ਕਿਸੇ ਬਾਗੀ ਜਾਂ ਬਾਹਰੀ ਦੁਸ਼ਮਣ ਨੇ ਹਮਲਾ ਨਹੀਂ ਕੀਤਾ।

ਪੰਜਾਬ ਵਿਚ ਸ਼ਾਂਤੀ ਸਥਾਪਤ ਹੋਣ ਨਾਲ ਦਿਸ ਦੀ ਵਸੋਂ ਵਿਚ ਵਾਧਾ ਹੋਇਆ। ਨਵੇਂ ਪਿੰਡ ਅਤੇ ਕਸਬੇ ਹੋਂਦ ਵਿਚ ਆਏ। ਵੱਡੇ ਸ਼ਹਿਰਾਂ ਦਾ ਪਸਾਰ ਹੋਇਆ। ਵਪਾਰ ਵਿਚ ਵਾਧਾ ਹੋਇਆ। ਉਦਯੋਗ ਪ੍ਰਫੁਲਤ ਹੋਏ। ਰਾਜਨੀਤਿਕ ਏਕਤਾ ਅਤੇ ਆਰਥਿਕ ਖੁਸ਼ਹਾਲੀ ਸਦਕਾ ਪੰਜਾਬੀ ਰਾਸ਼ਟਰਵਾਦ ਦਾ ਵਿਕਾਸ ਹੋਇਆ।

ਹੇਠ ਲਿਖੇ ਸੰਖੇਪ ਵਰਨਣ ਤੋਂ ਪਤਾ ਲਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬੀ ਮੇਲਿਆਂ ਅਤੇ ਤਿਉਹਾਰਾਂ ਦੀ ਆਪਣੀ ਸਰਪ੍ਰਸਤੀ ਰਾਹੀਂ ਰਾਸ਼ਟਰਵਾਦ ਦੀ ਭਾਵਨਾ ਦਾ ਕਿਵੇਂ ਵਿਕਾਸ ਕੀਤਾ।

ਵਖ ਵੱਖ ਜਾਤੀਆਂ, ਸੰਪ੍ਰਦਾਵਾਂ ਅਤੇ ਧਰਮਾਂ ਦੇ ਲੋਕ ਆਪਣੇ ਮਤਭੇਦਾਂ ਅਤੇ ਵਿਰੋਧਾਂ ਨੂੰ ਲਾਂਭੇ ਰੱਖ ਕੇ ਛੁੱਟੀ ਦੇ ਰਉਂ ਵਿਚ ਇਕੱਠੇ ਹੁੰਦੇ। ਉਹਨਾਂ ਰਾਹੀਂ ਸਹਿਯੋਗ ਅਤੇ ਮਿਲਵਰਤਣ ਦੀ ਭਾਵਨਾ ਦਾ ਵਿਕਾਸ ਹੁੰਦਾ ਅਤੇ ਧਾਰਮਿਕ ਸਹਿਨਸ਼ੀਲਤਾ ਨੂੰ ਉਤਸ਼ਾਹ ਮਿਲਦਾ। ਇਸ ਨਾਲ ਲੋਕਾਂ ਵਿਚ ਇਹ ਸੋਚ ਪੈਦਾ ਹੋਈ ਕਿ ਉਹ ਇਕ ਹੀ ਦੇਸ਼ ਦੇ ਵਾਸੀ ਅਤੇ ਇਕ ਹੀ ਧਰਤੀ ਦੇ ਪੁੱਤਰ ਹਨ।

ਇਨ੍ਹਾਂ ਸਮਾਜਿਕ ਇਕੱਤਰਤਾਵਾਂ ਨਾਲ ਲੋਕਾਂ ਨੂੰ ਉਹਨਾਂ ਦੇ ਘਰੇਲੂ ਅਤੇ ਬਾਹਰੀ ਕੰਮਾਂ ਤੋਂ ਛੁਟਕਾਰਾ ਮਿਲਦਾ।

ਲੋਹੜੀ :

ਰਾਜ ਦੇ ਸਮੇਂ ਲੋਹੜੀ ਬਾਲੀ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਇਹ ਤਿਉਹਾਰ ਬਹੁਤ ਖੁਸ਼ੀਆਂ ਨਾਲ ਮਨਾਉਂਦੇ ਸਨ। ਇਕ ਦਰਬਾਰ ਲਾਇਆ ਜਾਂਦਾ ਸੀ ਜਿਥੇ ਨਜ਼ਾਰਿਆਂ ਅਤੇ ਖਿੱਲਤਾਂ ਦਾ ਵਟਾਂਦਰਾ ਹੁੰਦਾ ਸੀ।

(ਨੈਸ਼ਨਲ ਆਰਕਾਈਵਜ਼ ਆਫ਼ ਇੰਡੀਆ,ਫੌਰਿਨ ਡਿਪਾਰਟ-
ਮੈਂਟ, ਸੀਕਰਟ ਕੰਨਸਲਟੇਸ਼ਨ, 17 ਫਰਵਰੀ, 1840,
ਨੰ: 30,ਉਮਦਤ-ਓ3-ਤਵਾਰੀਖ, ਦਫਤਰ-III, ਭਾਗ 1,
116-17, ਭਾਗ II, 230, ਭਾਗ IV, 449-50

ਮਾਘੀ :

ਇਹ ਲੋਹੜੀ ਤੋਂ ਅਗਲੇ ਦਿਨ ਹੁੰਦਾ ਹੈ। ਮਹਾਰਾਜਾ ਮਾਘੀ ਵਾਲੇ ਦਿਨ ਆਪਣੇ ਦਰਬਾਰੀਆਂ ਅਤੇ ਸ੍ਰੇਸ਼ਟ ਵਿਅਕਤੀਆਂ ਨੂੰ ਖਿੱਲਅਤਾਂ ਦੇਂਦੇ।

(ਸ਼ਾਹਮਤ ਅਲੀ, ਦੀ ਸਿੱਖਸ ਐਂਡ ਅਫ਼ਗਾਨਜ਼, 94)

ਬਸੰਤ :

ਸ਼ਾਲੀਮਾਰ ਬਾਗ ਦੇ ਨਜ਼ਦੀਕ ਮਾਧੋ ਲਾਲ ਹੁਸੈਨ ਦੀ ਯਾਦਗਾਰ ਤੇ ਇਕ ਮੇਲਾ ਲਗਦਾ ਸੀ। ਹਿੰਦੂ, ਮੁਸਲਮਾਨ ਅਤੇ ਸਿੱਖ ਸਾਰੇ ਹੀ ਇਸ ਵਿਚ ਸ਼ਾਮਲ ਹੁੰਦੇ ਸਨ। ਗਿੱਧਾ ਪਾਉਂਦੀਆਂ ਹਜ਼ਾਰਾਂ ਹੀ ਲੜਕੀਆਂ ਸੰਗੀਤ ਅਤੇ ਗਿੱਧੇ ਨਾਲ ਲੋਕਾਂ ਦਾ ਮਨ ਪਰਚਾਵਾ ਕਰਦੀਆਂ ਸਨ।

ਮਹਾਰਾਜਾ ਰਣਜੀਤ ਸਿੰਘ ਇਸ ਦਿਨ ਪੀਲੇ ਵਸਤਰ ਪਹਿਨਦੇ ਅਤੇ ਬਸੰਤ ਦਾ ਤਿਉਹਾਰ ਬੜੀ ਖੁਸ਼ੀ ਨਾਲ ਮਨਾਉਂਦੇ। 1825 ਵਿਚ ਮਹਾਰਾਜਾ ਨੇ ਬਸੰਤ ਦੀ ਖੁਸ਼ੀ ਵਿਚ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਵਿਚ 2000/- ਰੁਪਏ ਕੜਾਹ ਪ੍ਰਸ਼ਾਦ ਲਈ ਭੇਟਾ ਕੀਤੇ।

ਮਹਾਰਾਜਾ, ਮਾਧੋ ਲਾਲ ਹੁਸੈਨ ਦੀ ਯਾਦਗਾਰ ਤੇ ਗਏ। ਉਹਨਾਂ ਨੇ ਪੀਲੀ ਸਾਟਨ ਪਹਿਨੇ ਹੋਏ ਸੈਨਿਕਾਂ ਦਾ ਮੁਆਇਨਾ ਕੀਤਾ। ਪਹਿਲਾਂ ਉਹਨਾਂ ਯਾਦਗਾਰ ਵਿਖੇ 125/- ਰੁਪਏ ਦੀ ਨਜ਼ਰ ਭੇਟ ਕੀਤੀ। ਤਦ ਉਹ ਮੋਤੀਆਂ ਅਤੇ ਕੀਮਤੀ ਪੱਥਰਾਂ ਨਾਲ ਜੜੇ ਚੰਦੋਏ ਹੇਠ ਬੈਠ ਗਏ। ਅਤੇ ਤਕਰੀਬਨ ਦਸ ਮਿੰਟਾਂ ਲਈ ਪਵਿੱਤਰ ਗਰੰਥ ਦੀ ਬਾਣੀ ਸੁਣੀ ਅਤੇ ਭੇਟਾ ਚੜ੍ਹਾਈ, ਫਿਰ ਪਵਿੱਤਰ ਗ੍ਰੰਥ ਨੂੰ ਦਸ ਵੱਖ ਵੱਖ ਰੁਮਾਲਿਆਂ ਨਾਲ ਢੱਕ ਦਿਤਾ ਗਿਆ। ਸਭ ਤੋਂ ਬਾਹਰਲਾ ਰੁਮਾਲਾ ਪੀਲੇ ਰੰਗ ਦੀ ਮਖਮਲ ਦਾ ਸੀ।

(ਅਲੀ-ਉਦ-ਦੀਨ, ਇਬਾਰਤ ਨਾਮਾ, 43, ਬਰਨਜ਼, I,
26-28, ਹਿਊਗਲ, 338-40, ਜਾਮ-ਏ-ਜਹਾਂ ਨੁਮਾ
16 ਫਰਵਰੀ, 1825, ਸਫ਼ਾ 527 ਫਰਵਰੀ. 1828,
ਸਫ਼ਾ 6-7, ਸੋਹਨ ਲਾਲ, ਉਮਦਤ-ਉਤ-ਤਵਾਰੀਖ
ਦਫਤਰ II, 320)

ਹੋਲੀ :

ਹੋਲੀ ਦੇ ਅਵਸਰ ਤੇ ਹੋਲੀ ਬਾਲੀ ਜਾਂਦੀ ਅਤੇ ਨਜ਼ਰਾਨੇ ਭੇਂਟ ਕੀਤੇ ਜਾਂਦੇ। ਸਾਰਾ ਕਾਰੋਬਾਰ ਰੁਕ ਜਾਂਦਾ। ਸਾਰੇ ਹਿੰਦੂ ਅਤੇ ਸਿੱਖ ਖੁਸ਼ੀਆਂ ਵਿਚ ਰੁਝ ਜਾਂਦੇ। ਹੋਲੀ ਖੇਡਣ ਵਾਲੇ ਨੌਜਵਾਨ ਅਤੇ ਬਿਰਧ ਟੋਲੀਆਂ ਦੇ ਰੂਪ ਵਿਚ ਢੋਲ ਵਜਾਉਂਦੇ ਹੋਏ ਗਲੀਆਂ ਅਤੇ ਬਾਜ਼ਾਰਾਂ ਵਿਚੋਂ ਗੁਜ਼ਰਦੇ ਅਤੇ ਹਰੇਕ ਹਿੰਦੂ ਤੇ ਸਿੱਖ ਉਤੇ ਰੰਗਦਾਰ ਪਾਣੀ ਜਾਂ ਗੁਲਾਲ ਸੁਟਦੇ। ਏਥੋਂ ਤਕ ਕਿ ਔਰਤਾਂ ਅਤੇ ਯੂਰਪੀਅਨਾਂ ਨੂੰ ਵੀ ਬਖਸ਼ਿਆ ਨਾ ਜਾਂਦਾ।

ਅਨੰਦਪੁਰ ਸਾਹਿਬ

ਅਨੰਦਪੁਰ ਸਾਹਿਬ ਵਿਖੇ ਇਕ ਵਿਸ਼ਾਲ ਮੇਲਾ ਲਗਦਾ। ਇਹ ਮੇਲਾ ਦੋ ਦਿਨ ਚਲਦਾ। ਦੂਸਰੇ ਦਿਨ ਦੁਪਹਿਰ ਤੋਂ ਬਾਅਦ ਸ਼ਰਧਾਲੂ ਆਪਣੇ ਆਪਣੇ ਝੰਡਿਆਂ ਨਾਲ ਮੱਠਾਂ ਵਿਚੋਂ ਨਿਕਲਦੇ। ਉਹ ਗਾਉਂਦੇ ਅਤੇ ਸਾਜ਼ ਵਜਾਉਂਦੇ ਹੋਏ ਨਾਲ ਲਗਦੇ ਚੋਅ (ਨਦੀ) ਵਿਚ ਜਾਂਦੇ। ਆਪਣੇ ਆਪਣੇ ਝੰਡੇ ਦੁਆਲੇ ਇਕੱਠਾ ਹੋਇਆ ਗੁੰਥੀਆਂ ਅਤੇ ਪੁਜਾਰੀਆਂ ਦਾ ਜਲੂਸ ਹੋਲੀ ਹੋਲੀ ਅੱਗੇ ਵਧਦਾ। ਉਹ ਸ਼ਰਧਾਲੂਆਂ ਪਾਸੋਂ ਭੇਟਾ ਸਵੀਕਾਰਦੇ ਹੋਏ ਉਹਨਾਂ ਨੂੰ ਅਸ਼ੀਰਵਾਦ ਦੇਂਦੇ। ਅਨੰਦਪੁਰ ਸਾਹਿਬ ਗੁਰਦਵਾਰੇ ਦਾ ਨੀਲਾ ਝੰਡਾ ਨਿਹੰਗਾਂ ਵਲੋਂ ਕਢਿਆ ਜਾਂਦਾ। ਉਹਨਾਂ ਨੇ ਗੂੜ੍ਹੇ ਨੀਲੇ ਰੰਗ ਦੀਆਂ ਪੁਸ਼ਾਕਾਂ ਪਹਿਨੀਆਂ ਹੁੰਦੀਆਂ। ਵੱਡੀਆਂ ਵੱਡੀਆਂ ਉਪਰ ਨੂੰ ਤਿੱਖੀਆਂ ਦਸਤਾਰਾਂ ਸਜਾਈਆਂ ਹੁੰਦੀਆਂ ਜਿਨ੍ਹਾਂ ਤੇ ਲੋਹੇ ਦੇ ਤਿੱਖੀ ਧਾਰ ਵਾਲੇ ਚੱਕਰ ਪਹਿਨੇ ਹੁੰਦੇ। ਬਹੁਤ ਸਾਰੇ ਨਿਹੰਗ ਘੋੜਿਆਂ ਤੇ ਸਵਾਰ ਹੋ ਕੇ ਤੇਜ਼ੀ ਨਾਲ ਏਧਰ-ਉਧਰ ਘੁੰਮਦੇ।

ਸੋਢੀ ਆਪਣੇ ਹਾਥੀਆਂ ਅਤੇ ਸੱਜੇ ਹੋਏ ਘੋੜਿਆਂ ਤੇ ਸਵਾਰ ਹੁੰਦੇ। ਸ਼ਾਮ ਵੇਲੇ ਹੋਲੀ ਹੋਲੀ ਝੰਡੇ ਸ਼ਹਿਰ ਵਲ ਆਉਣੇ ਸ਼ੁਰੂ ਹੁੰਦੇ ਅਤੇ ਜਿੱਤ ਦੀ ਨਿਸ਼ਾਨੀ ਦੇ ਰੂਪ ਵਿਚ ਆਪਣੇ ਸਥਾਨ ਤੇ ਵਾਪਸ ਲੈ ਜਾਏ ਜਾਂਦੇ।

ਲਾਹੌਰ

ਮਹਾਰਾਜਾ ਰਣਜੀਤ ਸਿੰਘ ਹੋਲੀ ਬੜੀ ਧੂਮ-ਧਾਮ ਨਾਲ ਮਨਾਉਂਦੇ। ਵੱਡੀ ਮਾਤਰਾ ਵਿਚ ਰੰਗ ਅਤੇ ਸੋਨੇ ਤੇ ਚਾਂਦੀ ਦੀਆਂ ਪਿਚਕਾਰੀਆਂ ਇਕੱਠੀਆਂ ਕੀਤੀਆਂ ਜਾਂਦੀਆਂ।

ਸ਼ਾਲੀਮਾਰ ਬਾਗ ਦਾ ਦਰੋਗਾ ਮਹਾਰਾਜਾ ਨੂੰ ਫੁੱਲਾਂ ਦੀਆਂ ਟਹਿਣੀਆਂ ਭੇਜਦਾ ਜਿਨ੍ਹਾਂ ਨੂੰ ਮਹਾਰਾਜਾ ਮਿਠਾਈ ਦੇ ਥਾਲਾਂ ਸਹਿਤ ਸਰਦਾਰਾਂ ਅਤੇ ਪਤਵੰਤੇ ਵਿਅਕਤੀਆਂ ਵਲ ਭੇਜ ਦੇਂਦਾ। ਮਹਾਰਾਜਾ ਸਾਹਿਬ ਇਸ ਦਿਨ ਸ਼ਾਨਦਾਰ ਦਰਬਾਰ ਲਾਉਂਦੇ। ਇਸ ਵਿਚ ਰਾਜ ਦੇ ਸਾਰੇ ਸ੍ਰੇਸ਼ਟ ਵਿਅਕਤੀ ਹਾਜ਼ਰ ਹੁੰਦੇ। ਸਾਰੇ ਨਜ਼ਰਾਨੇ ਭੇਟ ਕਰ ਕੇ ਖਿਲੱਅਤਾਂ ਹਾਸਲ ਕਰਦੇ। ਮਹਾਰਾਜਾ ਸਾਰੇ ਦਰਸ਼ਕਾਂ ਤੇ ਗੁਲਾਲ ਸੁਟਦੇ ਅਤੇ ਭਗਵੇਂ ਰੰਗ ਦਾ ਪਾਣੀ ਛਿੜਕਦੇ।

22 ਮਾਰਚ, 1837 ਨੂੰ ਬਰਤਾਨਵੀ ਸੈਨਾਪਤੀ ਸਰ ਹੈਨਰੀ ਫੇਨ ਨੇ ਲਾਹੌਰ ਵਿਖੇ ਹੋਲੀ ਵੇਖੀ। ਉਹ ਕਹਿੰਦਾ ਹੈ ਕਿ ਹਰੇਕ ਕੁਰਸੀ ਦੇ ਸਾਹਮਣੇ ਛੋਟੀਆਂ ਟੋਕਰੀਆਂ ਦਾ ਢੇਰ ਚਿਣ ਕੇ ਲਾਇਆ ਹੋਇਆ ਸੀ, ਜਿਨ੍ਹਾਂ ਵਿਚ ਲਾਲ ਪਾਉਡਰ ਦੀਆਂ ਖਸਤਾਂ ਗੋਲੀਆਂ ਭਰੀਆਂ ਹੋਈਆਂ ਸਨ। ਇਨ੍ਹਾਂ ਦੇ ਲਾਲ ਗਾੜ੍ਹੇ ਪੀਲੇ ਕੇਸਰ ਦੇ ਵੱਡੇ ਭਾਂਡੇ ਅਤੇ ਲੰਮੀਆਂ

ਸੁਨਹਿਰੀ ਪਿਚਕਾਰੀਆਂ ਸਨ । ਮਹਾਰਾਜਾ ਸਾਹਿਬ ਨੇ ਮੱਖਣ ਵਰਗਾ ਇਕ ਪਦਾਰਥ ਲਿਆ ਤੇ ਇਸ ਨੂੰ ਕੇਸਰ ਨਾਲ ਭਰ ਕੇ ਸਰ ਹੈਨਰੀ ਦੇ ਗੰਜੇ ਸਿਰ ਤੇ ਉਲਟ ਦਿਤਾ। ਉਸੇ ਸਮੇਂ ਪ੍ਰਧਾਨ ਮੰਤਰੀ ਨੇ ਉਸ ਉਤੇ ਸੁਨਹਿਰੀ ਅਤੇ ਚਾਂਦੀ ਦੇ ਵਰਕਾਂ ਦਾ ਪਾਊਡਰ ਮੱਲ ਦਿਤਾ । ਇਸ ਸਮੇਂ ਵਿਚ ਲੰਮੀ ਦਾੜ੍ਹੀ ਵਾਲੇ ਭਲੇ ਪੁਰਸ਼ ਨੇ ਲਾਲ ਪਾਊਡਰ ਨਾਲ ਭਰੀ ਇਕ ਗੇਂਦ ਸੁਟੀ ਜਿਹੜੀ ਸਰ ਹੈਨਰੀ ਦੀ ਅੱਖ ਤੇ ਲੱਗੀ । ਉਸੇ ਸਮੇਂ ਇਕ ਜਵਾਨ ਵਿਅਕਤੀ ਨੇ ਕੇਸਰ ਦਾ ਪਦਾਰਥ ਸਰ ਹੈਨਰੀ ਦੀ ਦੂਜੀ ਅੱਖ ਵਿਚ ਪਾ ਦਿਤਾ ।

ਇਸ ਦਿਨ ਦਾ ਅਗਲਾ ਸ਼ਿਕਾਰ ਕੰਧਾਰ ਦਾ ਇਕ ਅਫਗਾਨੀ ਰਾਜਦੂਤ ਸੀ । ਲਾਲ ਪਾਊਡਰ ਨਾਲ ਭਰੀ ਗੇਂਦ ਦੂਰ ਤੋਂ ਉਸ ਦੀਆਂ ਅੱਖਾਂ ਵਿਚ ਵੱਜੀ । ਇਸ ਤੋਂ ਤੁਰੰਤ ਬਾਅਦ ਕਿਸੇ ਨੇ ਕੇਸਰ ਅਤੇ ਪੀਲੇ ਰੰਗ ਨਾਲ ਉਸ ਦੀ ਦਾੜ੍ਹੀ ਰੰਗ ਦਿਤੀ । ਇਸੇ ਤਰ੍ਹਾਂ ਹੋਰ ਰੰਗ ਵੀ ਉਸ ਤੇ ਸੁਟੇ ਗਏ । ਹੁਲਾਸ ਭਰੇ ਮਾਹੌਲ ਵਿਚ ਉਹ ਖੜਾ ਹੋ ਗਿਆ ।

ਦੁਪਹਿਰ ਤੋਂ ਬਾਅਦ ਮਹਾਰਾਜੇ ਨੇ ਪਰੇਡ ਗਰਾਉਂਡ ਵਿਚ ਹੋਲੀ ਮਨਾਈ ।

ਸ਼ਾਮ ਵੇਲੇ ਮਹਾਰਾਜ ਲਾਹੌਰ ਦੀਆਂ ਗਲੀਆਂ ਵਿਚੋਂ ਹਾਥੀ ਤੇ ਸਵਾਰ ਹੋ ਕੇ ਗੁਜ਼ਰੇ । ਹਾਥੀਆਂ ਤੇ ਚੜ੍ਹੇ ਮੁਖੀ ਅਤੇ ਇਸਤ੍ਰੀ ਅੰਗ-ਰਖਸ਼ਕ ਉਨ੍ਹਾਂ ਨਾਲ ਸਨ । ਲੋਕਾਂ ਨੇ ਜੰਗਲਿਆਂ ਵਿਚੋਂ ਉਨ੍ਹਾਂ ਤੇ ਰੰਗ ਵਾਲਾ ਪਾਣੀ ਸੁਟਿਆ । ਲੋਕਾਂ ਨੇ ਰਾਜੇ ਨੂੰ ਭੜੂਆ ਕਿਹਾ ਅਤੇ ਇਸ ਗਾਲ੍ਹੀ ਤੇ ਮਹਾਰਾਜਾ ਖਿੜ ਖਿੜਾ ਕੇ ਹੱਸ ਪਿਆ । ਮਹਾਰਾਜਾ ਇਸ ਤਿਉਹਾਰ ਤੇ ਹਰੇਕ ਸਾਲ ਲੱਖਾਂ ਰੁਪਿਆ ਖਰਚ ਕਰਦਾ ਸੀ ।

ਸੂਰਜ ਅਤੇ ਚੰਨ ਗ੍ਰਹਿਣ :

12 ਅਪ੍ਰੈਲ 1828 ਨੂੰ ਸੂਰਜ ਗ੍ਰਹਿਣ ਦੇ ਦਿਨ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਭਾਰ ਤੁਲਵਾਇਆ ਅਤੇ ਲਗਪਗ 12000 ਰੁਪਏ ਗਰੀਬਾਂ ਵਿਚ ਵੰਡੇ ।

(ਜਾਮ-ਏ-ਜਹਾਂ ਨੁਮਾ,
21 ਮਈ 1828, ਸਫਾ 12)

ਵਿਸਾਖੀ :

ਸੰਮਤ 1876 (1819 ਈ:) ਵਿਚ ਮਹਾਰਾਜਾ ਰਣਜੀਤ ਸਿੰਘ ਨੇ ਤਿੰਨ ਮਹੀਨੇ ਮੁਲਤਾਨ ਵਿਚ ਗੁਜ਼ਾਰੇ । ਵਿਸਾਖੀ ਵਾਲੇ ਦਿਨ ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦੇ ਧਾਰਮਕ ਸਥਾਨਾਂ ਤੇ ਭੇਟਾ ਚੜ੍ਹਾਈਆਂ ਅਤੇ ਫਕੀਰਾਂ ਅਤੇ ਗ਼ਰੀਬਾਂ ਵਿਚ ਪੈਸੇ ਵੰਡੇ ।

ਇਹ ਵਿਸਾਖੀ ਦਾ ਹੀ ਦਿਨ ਸੀ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ 1828 ਵਿਚ ਧਿਆਨ ਸਿੰਘ ਨੂੰ ਰਾਜਿਆਂ ਦੇ ਰਾਜਾ ਦੀ ਉਪਾਧੀ ਦਿਤੀ ਸੀ । ਉਹਨਾਂ ਨੇ ਇਕ ਹੁਕਮ ਜਾਰੀ ਕੀਤਾ ਕਿ ਅੱਗੇ ਤੋਂ ਜਿਹੜਾ ਉਸ ਨੂੰ ਮੀਆਂ ਕਰ ਕੇ ਸੱਦੇਗਾ ਉਸ ਨੂੰ ਇਕ ਹਜ਼ਾਰ ਰੁਪਿਆ ਜੁਰਮਾਨਾ ਹੋਵੇਗਾ ਅਜੇ ਜੇ ਉਹ ਇਹ ਰਕਮ ਅਦਾ ਕਰਨ ਦੇ ਯੋਗ ਨਾ ਹੋਇਆ ਤਾਂ ਉਸ ਦੇ ਨੱਕ ਅਤੇ ਕੰਨ ਕੱਟ ਦਿਤੇ ਜਾਣਗੇ ।

ਮਹਾਰਾਜਾ ਆਮ ਕਰ ਕੇ ਵਿਸਾਖੀ ਅੰਮ੍ਰਿਤਸਰ ਵਿਖੇ ਹੀ ਮਨਾਇਆ ਕਰਦੇ ਸਨ ।

ਸੰਨ 1831 ਵਿਸਾਖੀ ਵਾਲੇ ਦਿਨ ਹੀ ਅੰਮ੍ਰਿਤਸਰ ਵਿਖੇ ਮਹਾਰਾਜਾ ਨੇ 25000

ਰੁਪਏ ਦੇ ਪੋਸ਼ਾਕੇ ਅਤੇ ਸੋਨੇ ਅਤੇ ਚਾਂਦੀ ਦੇ ਬਰਤਨ ਵੰਡੇ।

ਹਰ ਸਾਲ ਵਿਸਾਖੀ ਵਾਲੇ ਦਿਨ ਪਵਿੱਤਰ ਗ੍ਰੰਥ ਦੀ ਮੂਲ ਬੀੜ ਕਰਤਾਰਪੁਰ ਤੋਂ ਅੰਮ੍ਰਿਤਸਰ ਜਾਂ ਲਾਹੌਰ ਨੂੰ ਭੇਜੀ ਜਾਂਦੀ ਸੀ।

(ਅਮਰ ਨਾਥ, ਜਫਰਨਾਮਾ-ਏ-ਰਣਜੀਤ ਸਿੰਘ, 190,
ਸਿੱਖ ਅਤੇ ਅਫਗਾਨ, 95-96,
ਸੋਹਨ ਲਾਲ, ਦਫਤਰ III, ਭਾਗ ਪਹਿਲਾ
ਤਜ਼ਕਰਿਤ-ਉਲ-ਮੁਲਤਾਨ, 123)

ਜਨਮ ਅਸ਼ਟਮੀ :

ਮਹਾਰਾਜਾ ਰਣਜੀਤ ਸਿੰਘ ਦੇ ਆਦੇਸ਼ ਅਨੁਸਾਰ ਭਗਵਾਨ ਕ੍ਰਿਸ਼ਨ ਜੀ ਦਾ ਜਨਮ ਦਿਹਾੜਾ ਤੋਪ ਦੀ ਸਲਾਮੀ ਨਾਲ ਮਨਾਇਆ ਜਾਂਦਾ ਸੀ।

1825 ਵਿਚ ਮਹਾਰਾਜ ਨੇ ਲਾਹੌਰ ਵਿਖੇ ਇਕ ਮੰਦਰ ਨੂੰ 150 ਰੁਪਏ, ਦੋ ਮਣ ਘਿਓ ਅਤੇ 2 ਮਣ ਸ਼ਕਰਕੰਦੀ ਦੇ ਨਾਲ ਹੋਰ ਵਸਤਾਂ ਭੇਜੀਆਂ। ਇਸ ਦਿਹਾੜੇ ਲਾਹੌਰ ਦੇ ਵੱਖ ਵੱਖ ਮੰਦਰਾਂ ਦਾ ਚੜ੍ਹਾਵਾ 5000 ਰੁਪਏ ਸੀ।

ਦੁਸਹਿਰਾ :

ਕਦੇ ਕਦਾਈਂ ਮਹਾਰਾਜਾ ਅੰਮ੍ਰਿਤਸਰ ਵਿਖੇ ਦੁਸਹਿਰਾ ਮਨਾਇਆ ਕਰਦਾ ਸੀ। ਨਿਯਮਾਂ ਦੇ ਮੁਤਾਬਕ ਦੁਸਹਿਰੇ ਪਿਛੋਂ ਮਹਾਰਾਜਾ ਫੌਜੀ ਮੁਹਿਮਾਂ ਸ਼ੁਰੂ ਕੀਤਾ ਕਰਦਾ ਸੀ। ਇਹ ਤਿਉਹਾਰ ਦਸ ਦਿਨ ਤਕ ਲਗਾਤਾਰ ਮਨਾਇਆ ਜਾਂਦਾ ਸੀ।

ਹਾਥੀ ਤੇ ਬੈਠ ਕੇ ਪਰੇਡ ਗਰਾਉਂਡ ਜਾਂਦੇ ਸਮੇਂ ਮਹਾਰਾਜਾ ਰਣਜੀਤ ਸਿੰਘ ਦੋਹਾਂ ਹੱਥਾਂ ਨਾਲ ਪੈਸਿਆਂ ਦੀ ਵਰਖਾ ਕਰਦਾ ਜਾਂਦਾ ਸੀ।

ਮਹਾਰਾਜਾ ਸਾਹਿਬ ਨੇ ਦੁਸਿਹਰੇ ਵਾਲੇ ਦਿਨ ਇਕ ਸ਼ਾਨਦਾਰ ਦਰਬਾਰ ਸਜਾਇਆ। ਨੱਚਣ ਵਾਲੀਆਂ ਕੁੜੀਆਂ ਨੇ ਦਰਸ਼ਕਾਂ ਦਾ ਮਨਪ੍ਰਚਾਵਾ ਕੀਤਾ। ਮਹਾਰਾਜ ਤੇ ਉਸ ਦੇ ਦਰਬਾਰੀਆਂ ਨੇ ਪੀਲੀਆਂ ਪੋਸ਼ਾਕਾਂ ਪਹਿਨੀਆਂ ਹੋਈਆਂ ਸਨ। ਸਰਦਾਰਾਂ ਅਤੇ ਮਹਾਨ ਪਤਵੰਤਿਆਂ ਨੂੰ ਨਜ਼ਰਾਨੇ ਦੇ ਤੌਰ ਤੇ ਸੋਨੇ ਦੇ ਸਿੱਕੇ, ਮੋਹਰਾਂ, ਸੋਨੇ ਦੀਆਂ ਬੁਝਕੀਆਂ ਅਤੇ ਘੋੜੇ ਦਿਤੇ ਗਏ। ਉਨ੍ਹਾਂ ਨੂੰ ਸਨਮਾਨ ਵਜੋਂ ਕੀਮਤੀ ਚੋਗੇ ਪਹਿਨਾਏ ਗਏ।

1837 ਨੂੰ ਦੁਸਹਿਰੇ ਵਾਲੇ ਦਿਨ, ਮੋਨੀਸਿਅਰ ਐਲਾਰ ਨੂੰ ਨਜ਼ਰਾਨੇ ਵਜੋਂ ਫਰਾਂਸ ਵਿਚ ਬਣੇ ਕੁਝ ਸੋਨੇ ਦੇ ਸਿੱਕੇ ਭੇਟ ਕੀਤੇ ਗਏ। ਇਨ੍ਹਾਂ ਸਿੱਕਿਆਂ ਦੇ ਇਕ ਪਾਸੇ "ਮਹਾਰਾਜਾ ਰਣਜੀਤ ਸਿੰਘ ਬਹਾਦਰ, ਵਾਲੀਏ ਪੰਜਾਬ" ਅਤੇ ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਫੋਟੋ ਉਕਰੀ ਹੋਈ ਸੀ। ਇਹ ਪੰਜਾਬ ਦੇ ਸੋਨੇ ਦੇ ਸਿੱਕੇ ਦੇ ਸਾਈਜ਼ ਦੇ ਹੁੰਦੇ ਸਨ।

ਦੁਸਹਿਰੇ ਵਾਲੇ ਦਿਨ ਮਹਾਰਾਜਾ ਨੇ ਸਾਰੀ ਫੌਜ ਦਾ ਮੁਆਇਨਾ ਕੀਤਾ, ਜਿਸ ਵਿਚ ਜਾਗੀਰਦਾਰ ਵੀ ਸ਼ਾਮਲ ਸਨ। ਇਹ ਮੁਆਇਨਾ ਲਾਹੌਰ ਦੇ ਉੱਤਰ ਵਿਚ ਸਥਿਤ ਪਰੇਡ ਗਰਾਉਂਡ ਵਿਚ ਕੀਤਾ ਗਿਆ। ਪਰੇਡ ਗਰਾਉਂਡ ਵਿਚ ਮਹਿਮਾਨਾਂ ਅਤੇ ਵੱਡੇ ਵੱਡੇ ਪੱਤਵੰਤਿਆਂ ਲਈ ਤੰਬੂ ਅਤੇ ਸ਼ਾਮੀਆਨੇ ਲਾਏ ਹੋਏ ਸਨ। ਮਹਾਰਾਜਾ ਚਾਂਦੀ ਨਾਲ ਬਣੇ

ਬੰਗਲੇ ਵਿਚ ਬੈਠਿਆ । ਸਾਰੀ ਫੌਜ, ਘੋੜ ਸਵਾਰ, ਪੈਦਲ, ਤੋਪਖਾਨਾ, ਸਾਰੇ ਸਾਜ਼ੋ ਸਮਾਨ ਨਾਲ ਲੈਸ, ਸਜੇ ਹੋਏ ਘੋੜੇ ਅਤੇ ਹਾਥੀ ਉਨ੍ਹਾਂ ਦੇ ਸਾਹਮਣਿਉਂ ਲੰਘੇ । ਹਰ ਇਕ ਰਜਮੈਂਟ ਦੇ ਅੱਗੇ ਵਾਜਾ ਵਜ ਰਿਹਾ ਸੀ । ਬੈਂਡ ਵਾਜੇ ਦੇ ਪਿਛੇ ਇਕ ਗਰੰਥੀ ਗੁਰੂ ਗਰੰਥ ਸਾਹਿਬ ਦੀ ਪਵਿੱਤਰ ਬੀੜ ਆਪਣੇ ਸਿਰ ਤੇ ਲੈ ਜਾ ਰਿਹਾ ਸੀ ।

(ਅਹਿਮਦ ਸ਼ਾਹ ਬਤਾਲ, 488, ਅਖਬਾਰੇ—ਲੁਧਿਆਣਾ
12 ਨਵੰਬਰ, 1836, ਪੰਨਾ 2, ਬੂਟੇ ਸ਼ਾਹ, 11
209, ਜਾਮੇ-ਜਹਾਂ ਨੁਮਾ, 15 ਨਵੰਬਰ, 1826
ਸਫ਼ਾ 6-7, ਨਵੰਬਰ, 1827, ਸਫ਼ਾ 6-5 ਨਵੰਬਰ
1828, ਸਫ਼ਾ 8, ਲਤੀਫ, ਲਾਹੌਰ, 272,
ਮਾਹ-ਏ-ਅਫ਼ੋਜ਼, 6 ਦਸੰਬਰ, 1836 ਪੰਨਾ 6,
ਮੈਸਨ, 1, 437, ਐਨ. ਏ. ਆਈ. ਵਿਦੇਸ਼ੀ ਵਿਭਾਗ
ਪੋਲੀਟੀਕਲ ਕਨਸਲਟੇਸ਼ਨਜ਼ 18 ਜੁਲਾਈ, 1838,
ਨੰ: 32-34, ਸੀਕਰਟ ਕਨਸਲਟੇਸ਼ਨਜ਼
25 ਨਵੰਬਰ, 1831, ਨੰ: 50, 18 ਜੁਲਾਈ, 1838
ਨੰ: 52-54, ਸਿੱਖ ਐਂਡ ਅਫਗਾਨਜ਼, 94,
ਸੋਹਨ ਲਾਲ, ਦਫਤਰ 1,75,81, ਭਾਗ III,
341-42, ਭਾਗ V, 7, ਵਿਕਟਰ ਜੈਕੁਮੋਂਟ 11, 196)

ਦੀਵਾਲੀ :

ਮੁਸਲਿਮ ਅਧਿਕਾਰੀਆਂ ਦੇ ਘਰ ਵੀ ਉਸੇ ਤਰ੍ਹਾਂ ਸ਼ਾਨਦਾਰ ਰੌਸ਼ਨੀ ਕੀਤੀ ਜਾਂਦੀ ਸੀ ਜਿਵੇਂ ਕਿ ਹੋਰ ਦੂਜੇ ਸਿੱਖ ਤੇ ਹਿੰਦੂ ਘਰਾਂ ਵਿਚ । ਮਠਿਆਈਆਂ ਅਤੇ ਫਲਾਂ ਦੇ ਤੋਹਫੇ ਇਕ ਦੂਜੇ ਨੂੰ ਦਿਤੇ ਗਏ । 5 ਰੁਪਏ ਘੋੜ ਸਵਾਰ ਤੇ ਪੈਦਲ ਸੈਨਾ ਦੀ ਹਰ ਰੈਗੂਲਰ ਰਜਮੈਂਟ ਲਈ ਅਤੇ ਢਾਈ ਰੁਪਏ ਤੋਪਖਾਨੇ ਦੇ ਹਰ ਜਵਾਨ ਲਈ ਤੇਲ ਖਰੀਦਣ ਲਈ ਮਨਜ਼ੂਰ ਕੀਤੇ ਗਏ ਤਾਂ ਕਿ ਦੀਵਾਲੀ ਵਾਲੇ ਦਿਨ ਰੌਸ਼ਨੀ ਕੀਤੀ ਜਾ ਸਕੇ ।

ਰਣਜੀਤ ਸਿੰਘ ਜੀ ਨੇ ਇਹ ਤਿਉਹਾਰ ਬੜੇ ਹੀ ਚਹਿਲ ਪਹਿਲ ਤੇ ਖੁਸ਼ੀ ਤੇ ਨਾਚਾਂ ਵਿਚਕਾਰ ਮਨਾਇਆ । ਉਹ ਰੌਸ਼ਨੀ ਤੇ ਆਤਸ਼ਬਾਜ਼ੀ ਦੇਖਣ ਲਈ ਸ਼ਹਿਰ ਗਏ । ਕਾਰਦਾਰਾਂ ਨੂੰ ਹੁਕਮ ਕੀਤੇ ਗਏ ਕਿ ਉਹ ਗਰੀਬਾਂ ਨੂੰ ਭਾਰੀ ਮਿਕਦਾਰ ਵਿਚ ਤੇਲ, ਮਿਟੀ ਦੇ ਦੀਵੇ, ਮੋਮਬਤੀਆਂ ਅਤੇ ਮਿਠੀਆਈਆਂ ਮੁਫਤ ਸਪਲਾਈ ਕਰਨ ।

ਉਹ ਇਸ ਮੌਕੇ ਤੇ ਦੂਜੇ ਸ਼ਹਿਰਾਂ ਵਿਚ ਵੀ ਜਾਂਦੇ । 1815 ਵਿਚ ਮਹਾਰਾਜਾ ਇਨ੍ਹਾਂ ਸਮਾਰੋਹਾਂ ਨੂੰ ਵੇਖਣ ਲਈ ਸਿਆਲਕੋਟ ਗਏ ਅਤੇ ਉਨ੍ਹਾਂ ਨੇ ਸ਼ਹਿਰ ਤੇ ਛਾਉਣੀ ਵਿਚ ਇਹ ਸਮਾਰੋਹ ਦੇਖੇ।

ਸੰਨ 1825 ਵਿਚ ਉਹ ਬਟਾਲੇ ਗਏ ਅਤੇ ਉਨ੍ਹਾਂ ਨੇ ਬ੍ਰਾਹਮਣਾਂ ਨੂੰ 5 ਰੁਪਏ ਪ੍ਰਤੀ ਘਰ ਵੰਡੇ ਅਤੇ ਉਨ੍ਹਾਂ ਨੇ 4,000 ਰੁਪਏ ਖੁਦ ਗਰੀਬਾਂ ਵਿਚ ਵੰਡੇ ।

7 ਅਕਤੂਬਰ, 1838 ਨੂੰ ਮਹਾਰਾਜਾ ਨੇ ਲਾਹੌਰ ਵਿਖੇ ਦੀਵਾਲੀ ਮਨਾਈ । ਇਸ ਮੌਕੇ ਤੇ ਉਨ੍ਹਾਂ ਨੇ ਦਾਨ ਵਜੋਂ ਇਕ ਹਾਥੀ, ਇਕ ਘੋੜਾ, ਵਸਤਰ, ਸੋਨੇ ਦੀਆਂ ਗਾਗਰਾਂ ਜਿਨ੍ਹਾਂ ਵਿਚ ਹਰ ਇਕ ਵਿਚ ਪੰਜ ਪੰਜ ਹਜ਼ਾਰ ਰੁਪਏ ਸਨ, ਵੰਡੇ ।

(ਜਾਮੇ-ਏ-ਜਹਾਂ ਨੁਮਾ, 10 ਦਸੰਬਰ, 1828, ਪੰਨਾ 9;
ਐਨ.ਏ. ਆਈ. ਵਿਦੇਸ਼ ਵਿਭਾਗ, ਸੀਕਰਟ ਕਨਸਲਟੇਸ਼ਨਜ਼,
23 ਨਵੰਬਰ, 1840, ਨੰ: 63-81, ਪੰਜਾਬ ਗਵਰਨਮੈਂਟ
ਰੀਕਾਰਡ ਆਫਿਸ, ਲਾਹੌਰ, ਮੋਨੋਗਰਾਫ XVII 2,222,
ਪੰਜਾਬ ਇਨਟੈਲੀਜੈਂਸ, 24 ਤੋਂ 29 ਅਕਤੂਬਰ 1840,
ਸੋਹਨ ਲਾਲ, ਦਫਤਰ, III, ਭਾਗ 1,104, ਭਾਗ II,
221-22, ਪਾਰਟ III, 344)

ਚੁਬਾਰਾ ਛੱਜੂ ਭਗਤ :

ਸੰਨ 1827 ਵਿਚ ਮਹਾਰਾਜ ਨੇ ਛੱਜੂ ਭਗਤ ਦੇ ਚੁਬਾਰੇ ਦੀ ਯਾਤਰਾ ਕੀਤੀ । ਉਥੇ ਰੂਹਾਨੀ ਗੀਤ ਸੁਣੇ ਅਤੇ ਸੰਗਤ ਵਿਚ ਕੜਾਹ-ਪ੍ਰਸ਼ਾਦ ਵੰਡਿਆ ।

ਗੁਰੂ ਨਾਨਕ ਜਨਮ ਦਿਨ :

ਇਹ ਪਵਿੱਤਰ ਦਿਹਾੜਾ ਪੰਜਾਬ ਦੀਆਂ ਕਈ ਥਾਵਾਂ ਤੇ ਮਨਾਇਆ ਗਿਆ । 1826 ਵਿਚ ਪੰਡੋਰੀ ਵਿਖੇ ਇਕ ਮੇਲੇ ਦਾ ਆਯੋਜਨ ਕੀਤਾ ਗਿਆ । ਇਸ ਮੌਕੇ ਤੇ ਕੁਝ ਕੁ ਸਿੱਖ ਘੋੜ ਸਵਾਰਾਂ ਤੇ ਵਪਾਰੀਆਂ ਵਿਚਕਾਰ ਝਗੜਾ ਹੋ ਗਿਆ । ਇਸ ਝਗੜੇ ਵਿਚ ਪੰਜ ਵਪਾਰੀ ਅਤੇ ਦੋ ਸਿੱਖ ਘੋੜ ਸਵਾਰ ਜ਼ਖਮੀ ਹੋਏ ਅਤੇ ਦੋ ਦੁਕਾਨਾਂ ਲੁਟੀਆਂ ਗਈਆਂ । ਮਹਾਰਾਜੇ ਨੇ ਦੋਸ਼ੀਆਂ ਨੂੰ ਸਜ਼ਾ ਦਿਤੀ ਅਤੇ ਲੁਟੀ ਹੋਈ ਜਾਇਦਾਦ ਉਨ੍ਹਾਂ ਦੇ ਵਾਰਸਾਂ ਨੂੰ ਵਾਪਸ ਦਿਤੀ ਗਈ ।

(ਇਬਰਤ ਨਾਮਾ, 430)

ਈਦ ਅਤੇ ਸ਼ਬ-ਏ-ਬਾਰਾਤ

ਫਤਹਿ ਸ਼ਾਹ-ਸਰਿਸ਼ਤ ਦੇ ਮਕਬਰੇ ਤੇ ਇਕ ਵੱਡੇ ਮੇਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਮਹਾਰਾਜਾ ਸਾਹਿਬ ਨੇ ਭਾਗ ਲਿਆ ।

ਬਕਰੀਦ (ਈਦੁਲਜ਼ੁਹਾ)

ਜਨਵਰੀ, 1811, ਕਾਜ਼ੀ ਫਕੀਰਉਲਾ ਨੇ ਲਾਹੌਰ ਵਿਚ ਡੌਂਡੀ ਪਿਟਵਾ ਕੇ ਐਲਾਨ ਕੀਤਾ ਕਿ ਸਾਰੇ ਮੁਸਲਮਾਨ ਬਾਦਸ਼ਾਹੀ ਮਸੀਤ ਵਿਚ ਨਿਮਾਜ਼ ਅਦਾ ਕਰਨ ਲਈ ਇਕੱਠੇ ਹੋਣ । ਮਹਾਰਾਜਾ ਰਣਜੀਤ ਸਿੰਘ ਨੇ ਉਥੇ ਅਮਨ ਕਾਨੂੰਨ ਬਰਕਰਾਰ ਰਖਣ ਦੀ ਜ਼ਿੰਮੇਵਾਰੀ ਲਈ ਅਤੇ ਸਾਰਾ ਕੰਮ ਉਸੇ ਦਿਨ ਬੜੇ ਅਮਨ-ਅਮਾਨ ਨਾਲ ਸ਼ਾਂਤੀ ਪੂਰਵਕ ਖਤਮ ਹੋ ਗਿਆ ।

ਮੁਹੱਰਮ :

ਸਿੱਖ ਰਾਜ ਵਿਚ ਸ਼ੀਆ ਮੁਸਲਮਾਨਾਂ ਵਲੋਂ ਮੁਹੱਰਮ ਦਾ ਤਿਉਹਾਰ ਮਨਾਇਆ ਗਿਆ । ਇਸ ਅਵਸਰ ਤੇ ਜਲੂਸ ਵਿਚ ਤਾਜ਼ੀਏ, ਕਢੇ ਗਏ ।

1825 ਵਿਚ ਰਣਜੀਤ ਸਿੰਘ ਨੇ ਲਾਹੌਰ ਦੇ ਅਫਗਾਨ ਕੋਤਵਾਲ ਅਫਲਾਤੂਨ ਨੂੰ ਹੁਕਮ ਦਿਤਾ ਕਿ ਅਜਿਹੇ ਅਸਰਦਾਰ ਕਦਮ ਚੁਕੇ ਜਾਣ ਜਿਨ੍ਹਾਂ ਨਾਲ ਹਿੰਦੂ ਅਤੇ ਮੁਸਲਮਾਨਾਂ ਵਿਚਕਾਰ ਅਤੇ ਦੂਜੇ ਪਾਸੇ ਸੁਨੀਆਂ ਅਤੇ ਸ਼ੀਆ ਵਿਚਕਾਰ ਸ਼ਾਂਤੀ ਕਾਇਮ ਰਹੇ।

ਕਦਮੋਂ ਕਾ ਮੇਲਾ :

ਸੰਨ 1826 ਵਿਚ ਮੁਲਤਾਨ ਵਿਖੇ 5000 ਤੋਂ 6000 ਆਦਮੀ ਇਸ ਮੇਲੇ ਨੂੰ ਦੇਖਣ ਵਾਸਤੇ ਇਕੱਠੇ ਹੋਏ। ਇਕ ਖਾਸ ਬਲੋਚੀ ਕਬੀਲੇ ਨੇ ਸ਼ਹਿਰ ਵਿਚ ਲੁਟ ਖਸੁਟ ਕਰਨੀ ਸ਼ੁਰੂ ਕਰ ਦਿਤੀ। ਦੀਵਾਨ ਸਾਵਨ ਮੱਲ ਇਕ ਦੱਮ ਬੜਾ ਭਾਰੀ ਫੌਜੀ ਦਸਤਾ ਲੈ ਕੇ ਬਾਹਰ ਆਇਆ। ਲੁਟ-ਮਾਰ ਕਰਨ ਵਾਲੇ ਤਿੰਨ ਬੰਦੇ ਜਿਉਂਦੇ ਫੜੇ ਗਏ, ਛੇ ਬੰਦਿਆਂ ਨੂੰ ਗੋਲੀ ਮਾਰ ਦਿਤੀ ਗਈ ਅਤੇ ਬਾਕੀ ਭੱਜ ਗਏ। ਬੁਧ ਸਿੰਘ ਰਸਾਲਦਾਰ ਨੂੰ ਆਪਣੀ ਡਿਊਟੀ ਵਿਚ ਅਣਗਹਿਲੀ ਵਰਤਣ ਕਾਰਨ ਗ੍ਰਿਫਤਾਰ ਕਰ ਲਿਆ ਗਿਆ।

ਨੌਰੋਜ਼ :

ਇਹ ਦਿਨ ਇਰਾਨੀ ਕਿਜ਼ਲਬਾਸ਼ੀਆਂ ਦੇ ਸਾਲ ਦਾ ਨਵਾਂ ਦਿਹਾੜਾ ਸੀ। ਉਨ੍ਹਾਂ ਵਿਚੋਂ ਕੁਝ ਪਿਸ਼ਾਵਰ ਵਿਖੇ ਰਹਿੰਦੇ ਸਨ। ਇਹ ਦਿਹਾੜਾ 20 ਜਾਂ 21 ਮਾਰਚ ਨੂੰ ਮਨਾਇਆ ਗਿਆ। ਪਿਸ਼ਾਵਰ ਦੇ ਮੁਸਲਮਾਨਾਂ ਨੇ ਇਹ ਦਿਹਾੜਾ ਬਾਗਾਂ ਵਿਚ ਗੁਜ਼ਾਰਿਆ। ਲੋਕੀਂ ਗੁਲਦਸਤਿਆਂ ਅਤੇ ਆੜੂ ਦੇ ਫੁਲਾਂ ਵਾਲੀਆਂ ਟਹਿਣੀਆਂ ਲੈ ਕੇ ਗਲੀਆਂ ਅਤੇ ਬਾਜ਼ਾਰਾਂ 'ਚੋਂ ਗੁਜ਼ਰੇ।

ਆਮ ਵਿਸ਼ਵਾਸ ਇਹ ਸੀ ਕਿ ਜੇ ਪਹਿਲਾ ਦਿਨ ਖੁਸ਼ੀ ਖੁਸ਼ੀ ਗੁਜ਼ਾਰਿਆ ਜਾਵੇ ਤਾਂ ਸਾਰਾ ਸਾਲ ਖੁਸ਼ੀ ਨਾਲ ਲੰਘਦਾ ਹੈ।

ਰਣਜੀਤ ਸਿੰਘ ਅਤੇ ਉਸ ਦੇ ਉਤਰਾਧਿਕਾਰੀਆਂ ਨੇ ਇਹ ਮੇਲਾ ਵਿਸ਼ੇਸ਼ ਕਰ ਕੇ ਰਾਵੀ ਦਰਿਆ ਦੇ ਕੰਢੇ ਤੇ ਸ਼ਾਲ ਵਾਲੇ ਮਨਮੋਹਕ ਟੈਂਟਾਂ ਵਿਚ ਈਰਾਨੀ ਗਲੀਚੇ ਵਿਛਾ ਕੇ ਬੜੀਆਂ ਖੁਸ਼ੀਆਂ ਨਾਲ ਮਨਾਇਆ।

ਬਰਨਜ਼ 1,90, IV, 461, ਲਤੀਫ, ਲਾਹੌਰ,
269, ਐਨ. ਏ. ਆਈ. ਵਿਦੇਸ਼ੀ ਵਿਭਾਗ, ਗੁਪਤ
ਮਸ਼ਵਰਾ, 28 ਅਪ੍ਰੈਲ, 1848, ਨੰ: 84
ਰਣਜੀਤ ਸਿੰਘ ਦਰਬਾਰ ਦੀਆਂ ਖਬਰਾਂ 1825:
ਸਫਾ 380, ਪੰਜਾਬ ਸਰਕਾਰ ਦਾ ਰਿਕਾਰਡ
ਦਫਤਰ ਲਾਹੌਰ, ਨਿਬੰਧ 17, ਸਫਾ 20, ਰਿਸਾਲਾ-
ਏ-ਸਾਹਿਬ ਨੁਮਾ, 355

ਕ੍ਰਿਸਮਸ ਦੀ ਸ਼ਾਮ :

ਪੰਜਾਬ ਵਿਚ ਈਸਾਈਆਂ ਦੇ ਮੇਲੇ ਅਤੇ ਤਿਉਹਾਰ ਗਿਣਤੀ ਵਿਚ ਘੱਟ ਹੀ ਸਨ। ਕ੍ਰਿਸਮਿਸ ਨੂੰ ਉਹ ਵੱਡੇ ਦਿਨ ਦੇ ਨਾਂ ਨਾਲ ਪੁਕਾਰਦੇ ਸਨ ਤੇ ਇਹ ਉਹਨਾਂ ਦਾ ਮੁੱਖ ਤਿਉਹਾਰ ਸੀ। ਇਸ ਦਿਹਾੜੇ ਤੇ ਬੜੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ ਸਨ ਤੇ ਆਪਣੇ

ਸਬੰਧੀਆਂ ਅਤੇ ਦੋਸਤਾਂ ਨਾਲ ਤੋਹਫ਼ੇ ਵਟਾਏ ਜਾਂਦੇ। ਲਾਹੌਰ ਦਰਬਾਰ, ਸਿੱਖ ਸਾਮਰਾਜ ਵਿਚ ਰਹਿ ਰਹੇ ਯੂਰਪੀਨਾਂ ਨੂੰ ਫਲਾਂ ਅਤੇ ਮਿਠਿਆਈਆਂ ਦੀਆਂ ਡਾਲੀਆਂ ਭੇਜਿਆ ਕਰਦਾ ਸੀ।

ਸੰਗੀਤ ਵਿਚ ਦਿਲਚਸਪੀ :

— ਅਤਰ ਖਾਂ ਮਹਾਰਾਜਾ ਦਾ ਮਸ਼ਹੂਰ ਬੰਸਰੀ ਵਾਦਕ ਸੀ।

— 1836 ਵਿਚ ਮਹਾਰਾਜ ਨੇ ਬੇਗਮ ਸਮਰੂ ਦੀ ਸੇਵਾ ਲਈ ਸੰਗੀਤਕਾਰਾਂ ਨੂੰ ਲਾਹੌਰ ਸਦਿਆ।

— ਪ੍ਰਸਿੱਧ ਪੰਜਾਬੀ ਕਵੀ ਹਾਸ਼ਮ ਰਣਜੀਤ ਸਿੰਘ ਦਾ ਦਰਬਾਰੀ ਕਵੀ ਸੀ।

(ਹਿਊਗਲ, 309, 745-46 ਜ਼ਿਲ੍ਹਾ ਲਾਹੌਰ ਗਜ਼ਟੀਅਰ, 1883-84, ਪੰਨੇ 54-55, ਐਨ. ਏ. ਆਈ, ਵਿਦੇਸ਼ ਵਿਭਾਗ, ਰਾਜਸੀ ਮਸ਼ਵਰਾ, ਪਹਿਲੀ ਜੁਲਾਈ, 1831, ਨੰਬਰ 44-45, ਗੁਪਤ ਮਸ਼ਵਰੇ 31 ਦਸੰਬਰ, 1847, ਨੰਬਰ 189-94, ਓਸਬੋਰਨ, 85-86, 95-98, ਸੁਲਤਾਨ-ਉਲ ਅਖਬਾਰ, 17 ਅਪ੍ਰੈਲ, 1836, ਸਫਾ ਵਿਕਟਰ ਜੈਕਮੌਂਟ, 11, 23 ਵੀਨ, 11, 144-45, ਵੌਨ ਓਰਲਿਕ, 1, 226-27)

—o—

(ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਦੇ ਧੰਨਵਾਦ ਸਹਿਤ)

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪ੍ਰਬੰਧ

—ਡਾ: ਐਨ. ਡੀ. ਅਹੂਜਾ



ਮਹਾਰਾਜਾ ਰਣਜੀਤ ਸਿੰਘ ਜੀ ਦਾ ਜਨਮ ਨਵੰਬਰ 1780 ਦੀ 2 ਜਾਂ 13 ਤਾਰੀਖ ਨੂੰ ਹੋਇਆ। 200 ਵਰ੍ਹੇ ਮਗਰੋਂ ਅਸੀਂ ਉਸ ਵੀਰ ਸਰਦਾਰ ਦੀ ਯਾਦ ਠਾਠ ਨਾਲ ਮਨਾ ਰਹੇ ਹਾਂ। ਪਰ ਇਹੋ ਜਿਹੇ ਸੂਰਬੀਰਾਂ ਦੇ ਨਾਂ ਨੂੰ ਸਿਰਫ ਰਸਮੀ ਤੌਰ ਤੇ ਯਾਦ ਕਰ ਲੈਣਾ ਹੀ ਕਾਫੀ ਨਹੀਂ ਹੁੰਦਾ ਬਲਕਿ ਉਹਨਾਂ ਦੀਆਂ ਕੁਝ ਵਿਸ਼ੇਸ਼ ਖੂਬੀਆਂ ਤੇ ਕਲਾਵਾਂ ਨੂੰ ਸਮਝਣਾ ਵਧੇਰੇ ਜ਼ਰੂਰੀ ਹੁੰਦਾ ਹੈ ਕਿਉਂਕਿ ਉਹਨਾਂ ਦੇ ਪਾਏ ਹੋਏ ਪੂਰਨੇ ਤੇ ਮੁਨਾਰੇ ਪਕੀਆਂ ਬੁਨਿਆਦਾਂ ਦਾ ਕੰਮ ਦੇ ਸਕਦੇ ਹਨ ਅਤੇ ਆਉਣ ਵਾਲੀਆਂ ਨਸਲਾਂ ਨੂੰ ਰਾਹ ਵਿਖਾ ਸਕਦੇ ਹਨ।

ਮਹਾਰਾਜਾ ਰਣਜੀਤ ਸਿੰਘ ਦੀ ਜੀਵਨ ਕਥਾ ਦੇ ਕਈ ਪਹਿਲੂ ਹਨ। ਇਹਨਾਂ ਇਕ ਇਕ ਪਹਿਲੂਆਂ ਤੇ ਪੂਰੀ ਪੂਰੀ ਕਿਤਾਬਾਂ ਲਿਖਣ ਦੀ ਲੋੜ ਨਹੀਂ। ਮੈਂ ਇਹਨਾਂ ਪਹਿਲੂਆਂ ਵਿਚੋਂ ਸਿਰਫ ਇਕੋ ਅਹਿਮ ਤੇ ਕੁਝ ਵਿਚਾਰਨ ਦੀ ਲੋੜ ਸਮਝੀ ਹੈ ਤਾਂ ਜੋ ਉਸ ਦੀ ਰੂਪ ਰੇਖਾ ਤੋਂ ਅਸੀਂ ਕੁਝ ਬੁਨਿਆਦੀ ਮਿਸਾਲਾਂ

ਹਾਸਲ ਕਰ ਸਕੀਏ ।



ਸਿੱਖ ਗੁਰੂ ਸਾਹਿਬਾਂ ਦਾ ਆਪਣਾ ਹੀ ਅਨੋਖਾ ਰਾਜ ਪ੍ਰਬੰਧ ਸੀ ਪਰ ਰਾਜਨੀਤਕ ਇਤਿਹਾਸ ਵਿਚ ਇਹਨਾਂ ਦੇ ਇਲਾਕੇ ਨੂੰ ਕੋਈ ਸੁਤੰਤਰ ਜਾਂ ਰਿਆਸਤ ਨਹੀਂ ਕਿਹਾ ਜਾਂਦਾ। ਬੰਦਾ ਬਹਾਦਰ ਦੇ ਰਾਜ ਨੂੰ ਵੀ ਵਕਤ ਦੀ ਸਾਮਰਾਜੀ ਹਕੂਮਤ ਨੇ ਅਜ਼ਾਦ ਰਿਆਸਤ ਨਹੀਂ ਸੀ ਮੰਨਿਆਂ ਹੋਇਆ। ਮਿਸਲਾਂ ਦੇ ਰਾਜ ਨੂੰ ਅਜ ਵੀ ਕਈ ਲੋਕ ਮਖੌਲ ਨਾਲ ਬੁਰਛਾ ਗਰਦੀ ਦਾ ਨਾਂ ਦੇ ਦਿੰਦੇ ਹਨ। ਮਿਸਲਾਂ ਦੇ ਰਾਜ ਨੂੰ ਜਿਸ ਦੀ ਲੱਠ ਉਸ ਦੀ ਮੱਝ ਕਿਹਾ ਜਾ ਸਕਦਾ ਹੈ ਪਰ ਇਹ ਗੌਰਵ ਸਿੱਖਾਂ ਵਿਚ ਪਹਿਲੀ ਵਾਰ ਮਹਾਰਾਜਾ ਰਣਜੀਤ ਸਿੰਘ ਜੀ ਦੇ ਹੀ ਹਿੱਸੇ ਵਿਚ ਆਇਆ ਕਿ ਉਹਨਾਂ ਦੇ ਰਾਜ ਨੂੰ ਉਸ ਵਕਤ ਦੀਆਂ ਦੇਸੀ ਤੇ ਵਿਦੇਸ਼ੀ ਸਭ ਹਕੂਮਤਾਂ ਨੇ ਆਪਣੀ ਰਜ਼ਾਮੰਦੀ ਨਾਲ ਇਕ ਬਰਾਬਰ ਦਾ ਆਜ਼ਾਦ ਰਾਜ ਮੰਨਿਆ ਹੋਇਆ ਸੀ ਅਤੇ ਅਜ ਤਕ ਇਤਿਹਾਸਕਾਰ ਰਣਜੀਤ ਸਿੰਘ ਨੂੰ ਇਕ ਮੰਨਿਆ ਦੰਨਿਆ ਸੁਤੰਤਰ ਮਹਾਰਾਜਾ ਕਹਿਣ ਵਿਚ ਫਖਰ ਮਹਿਸੂਸ ਕਰਦੇ ਹਨ। ਕਿਸੇ ਵੀ ਦੇਸੀ ਜਾਂ ਵਿਦੇਸ਼ੀ ਹਿੰਦੂ ਜਾਂ ਸਿੱਖ, ਮੁਸਲਮਾਨ ਜਾਂ ਅੰਗਰੇਜ਼ ਕੌਮ ਜਾਂ ਤਾਕਤ ਨੇ ਕਦੀ ਵੀ ਇਸ ਗਲ ਤੋਂ ਇਨਕਾਰ ਨਹੀਂ ਕੀਤਾ ਕਿ ਮਹਾਰਾਜਾ ਰਣਜੀਤ ਸਿੰਘ ਇਕ ਮਹਾਨ ਤੇ ਸੁਤੰਤਰ ਰਾਜਾ ਨਹੀਂ ਸੀ। ਕਿਸੇ ਨੇ ਉਸ ਦੇ ਉਤੇ ਬੁਰਛਾ ਗਰਦੀ ਦਾ ਇਲਜ਼ਾਮ ਨਹੀਂ ਲਗਾਇਆ। ਕਿਸੇ ਨੇ ਉਸ ਨੂੰ ਲੁਟੇਰਾ ਤੇ ਝਪੱਟੂ ਕਹਿਣ ਦੀ ਹਿੰਮਤ ਨਹੀਂ ਕੀਤੀ। ਕਿਸੇ ਵੀ ਸਿੱਖ ਨੇ ਰਣਜੀਤ ਸਿੰਘ ਨੂੰ ਇਸ ਬਿਨਾ ਤੇ ਕੋਸਣ ਦਾ ਖਿਆਲ ਤਕ ਵੀ ਨਹੀਂ ਕੀਤਾਂ ਕਿ ਉਹਨੇ ਬਾਕੀ ਗਿਆਰਾਂ ਸਿੱਖ ਸਰਦਾਰਾਂ ਦੀਆਂ ਸਰਦਾਰੀਆਂ ਤੇ ਮਿਸਲਾਂ ਕਿਉਂ ਖੋਹ ਲੀਤੀਆਂ। ਆਮ ਲੋਕ ਹਮੇਸ਼ਾਂ ਇਕ ਅੱਛੇ ਰਾਜ ਪ੍ਰਬੰਧ ਦੇ ਉਤਸੁਕ ਹੁੰਦੇ ਹਨ। ਜਿਹੜਾ ਵੀ ਯੋਧਾ ਜਾਂ ਰਾਜਾ ਪਰਜਾ ਦੀ ਭਲਾਈ ਲਈ ਤਬਾਇਫ-ਉਲ ਮਲੂਕੀ ਅਤੇ ਬੁਰਛਾਗਰਦੀ ਨੂੰ ਖਤਮ ਕਰਕੇ ਇਕ ਚੰਗੇਸਮੁੱਚੇ ਤੇ ਸੁਲਝੇ ਹੋਏ ਰਾਜ ਨੂੰ ਕਾਇਮ ਕਰਦਾ ਹੈ ਉਸਦੀ ਪਰਜਾ ਵੀ ਆਭਾਰੀ ਹੁੰਦੀ ਹੈ ਅਤੇ ਇਤਿਹਾਸ ਵੀ ਉਸ ਦੇ ਲਈ ਉਚੀ ਥਾਂ ਅਤੇ ਵਿਸ਼ੇਸ਼ ਪੰਨੇ ਰਖ ਲੈਂਦਾ ਹੈ ਤੇ ਆਣ ਵਾਲੀਆਂ ਨਸਲਾਂ ਵੀ ਉਸ ਤੋਂ ਇਕ ਚਾਨਣ ਮੁਨਾਰੇ ਦਾ ਕੰਮ ਲੈ ਲੈਂਦੀਆਂ ਹਨ। ਰਣਜੀਤ ਸਿੰਘ ਦੇ ਨਾਂ ਉਤੇ ਭਾਵੇਂ ਕੋਈ ਜਿਤਨਾ ਵੀ ਚਿਕੜ ਉਛਾਲਣ ਦਾ ਯਤਨ ਕਰ ਲਵੇ ਪਰ ਉਸਦੇ ਰਾਜ ਪ੍ਰਬੰਧ ਦੀ ਸਲਾਹੁਣਾ ਕੀਤੇ ਬਿਨਾਂ ਨਹੀਂ ਰਹਿ ਸਕਦਾ। ਖਾਸ ਕਰ ਜਦੋਂ ਉਸ



ਯੁਗ ਦੇ ਵਿਚ ਹਿੰਦੁਸਤਾਨ ਦੀਆਂ ਦੂਜੀਆਂ ਰਿਆਸਤਾਂ ਅਤੇ ਹਿੰਦੁ-ਸਤਾਨ ਦੇ ਬਾਹਰ ਦੂਜੀਆਂ ਕੌਮਾਂ ਵਲ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਰਣਜੀਤ ਸਿੰਘ ਇਕ ਮਾਡਰਨ ਰਾਜ ਕਾਇਮ ਕਰਨ ਦੇ ਯਤਨਾਂ ਦਾ ਮਾਣ ਪ੍ਰਾਪਤ ਕਰਨ ਦਾ ਪੂਰਾ ਪੂਰਾ ਹੱਕਦਾਰ ਹੈ ।

ਇਸ ਤੋਂ ਪਹਿਲਾਂ ਕਿ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਵਲ ਇਕ ਮਾੜੀ ਜਿਹੀ ਝਾਤ ਮਾਰੀਏ, ਇਹ ਚੰਗੇਰਾ ਹੋਵੇਗਾ ਕਿ ਅਸੀਂ ਇਸ ਤਰ੍ਹਾਂ ਦੀ ਪਹਿਲੀ ਅਜ਼ਾਦ ਸਿੱਖ ਰਿਆਸਤ ਦੇ ਕਾਇਮ ਹੋਣ ਤੋਂ ਪਹਿਲਾਂ ਵਾਲੀ ਸਥਿਤੀ ਦਾ ਇਕ ਹਲਕਾ ਜਿਹਾ ਨਮੂਨਾ ਵੀ ਆਪਣੀਆਂ ਅੱਖਾਂ ਅੱਗੇ ਰਖੀਏ ਤਾਂ ਜੋ ਫਰਕ ਆਪਣੇ ਆਪ ਹੀ ਸਾਡੀ ਸਮਝ ਵਿਚ ਆਂਦਾ ਜਾਵੇ ।

ਰਣਜੀਤ ਸਿੰਘ ਦਾ ਦਾਦਾ ਸ: ਚੜ੍ਹਤ ਸਿੰਘ ਇਕ ਮਾਮੂਲੀ ਜਿਹਾ ਲੜਾਕੂ ਸਰਦਾਰ ਸੀ । ਹਾਲਾਤ ਦਾ ਫਾਇਦਾ ਉਠਾ ਕੇ ਉਹ ਗੁਜਰਾਂਵਾਲਾ ਦੀ ਸ਼ੁਕਰਚਕੀਆ ਮਿਸਲ ਦਾ ਬਾਨੀ-ਮੁਬਾਨੀ ਬਣ ਗਿਆ । ਉਸ ਦੇ ਪੁੱਤਰ ਮਹਾਂ ਸਿੰਘ ਨੇ ਵੀ ਹੱਥ ਪੈਰ ਮਾਰੇ ਅਤੇ ਇਸ ਮਿਸ਼ਨ ਨੂੰ ਕੁਝ ਅਗੇਰੇ ਵਧਾਇਆ ਪਰ ਇਸ ਤਰ੍ਹਾਂ ਦੀ ਰਾਜਨੀਤੀ ਵਿਚ ਉਸ ਨੇ ਕਈ ਸਿੱਖ ਮਿਸਲਦਾਰ ਤੇ ਦੂਜੇ ਲੋਕਾਂ ਨੂੰ ਨਾਰਾਜ਼ ਵੀ ਕਰ ਲਿਆ । ਆਪਣਾ ਹੀਲਾ ਪੱਕਾ ਕਰਨ ਲਈ ਉਸਨੇ ਜੀਂਦ ਦੇ ਜ਼ਿਮੀਂਦਾਰ ਸਰਦਾਰ ਰਾਜਾ ਰਾਜਪਤ ਸਿੰਘ ਦੀ ਕੁੜੀ ਰਾਜ





ਕੌਰ ਨਾਲ ਵਿਆਹ ਕਰ ਲਿਆ।

ਰਣਜੀਤ ਸਿੰਘ, ਮਹਾਂ ਸਿੰਘ ਤੇ ਰਾਜ ਕੌਰ ਦੀ ਇਸ ਜਵਾਨ ਜੋੜੀ ਦਾ ਇਕੋ ਇਕ ਪੁੱਤਰ ਸੀ। ਜਦੋਂ 27 ਸਾਲ ਦਾ ਗਭਰੂ ਮਹਾਂ ਸਿੰਘ ਸੰਨ 1792 ਵਿਚ ਇਸ ਦੁਨੀਆਂ ਵਿਚੋਂ ਉਠ ਕੇ ਅਕਾਲਪੁਰਖ ਕੋਲ ਜਾ ਪੁਜਿਆ ਤਾਂ ਰਣਜੀਤ ਸਿੰਘ ਦੀ ਉਮਰ ਉਸ ਵੇਲੇ ਲਗਪਗ 11½ ਵਰ੍ਹੇ ਦੀ ਹੀ ਸੀ। ਕਹਿੰਦੇ ਹਨ ਕਿ ਜਦੋਂ ਰਣਜੀਤ ਸਿੰਘ ਸਿਰਫ 6 ਵਰ੍ਹਿਆਂ ਦਾ ਸੀ ਤਾਂ ਕਨ੍ਹਈਆ ਮਿਸਲ ਦੇ ਸਰਦਾਰ ਜੈ ਸਿੰਘ ਦੀ ਪੋਤੀ ਮਹਿਤਾਬ ਕੌਰ ਨਾਲ ਇਸ ਦੀ ਮੰਗਣੀ ਕਰ ਦਿੱਤੀ ਗਈ। ਬਚਪਨ ਵਿਚ ਹੀ ਚੇਚਕ ਦੇ ਕਾਰਨ ਰਣਜੀਤ ਸਿੰਘ ਦੀ ਇਕ ਅੱਖ ਵੀ ਮਾਰੀ ਗਈ। ਮਹਾਂ ਸਿੰਘ ਦੇ ਮਾਰੋ ਮਾਰੀ ਰੁਝੇਵਿਆਂ ਕਾਰਨ ਰਣਜੀਤ ਸਿੰਘ ਦੀ ਪੜ੍ਹਾਈ ਲਿਖਾਈ ਵਲ ਬਹੁਤਾ ਧਿਆਨ ਵੀ ਨਹੀਂ ਸੀ ਦੇ ਦਿਤਾ ਗਿਆ। ਤੇ ਉਹ ਇਕ ਜ਼ਿਮੀਂਦਾਰ ਦਾ ਲਾਡਲਾ ਜਿਹਾ ਇਕੋ ਇਕ ਪੁੱਤਰ ਸਮਝਿਆ ਜਾਣ ਲਗ ਪਿਆ। ਇਸ ਨੂੰ ਠੀਕ ਸਿਖਲਾਈ ਦੇਣ ਲਈ ਉਹਨੂੰ ਲੜਾਈਆਂ ਵਿਚ ਵੀ ਆਪਣੇ ਨਾਲ ਹੀ ਰਖਣਾ ਸ਼ੁਰੂ ਕਰ ਦਿੱਤਾ। 10 ਸਾਲ ਦੀ ਉਮਰ ਤੋਂ ਰਣਜੀਤ ਸਿੰਘ ਨੂੰ ਇਲਾਕਾਈ ਯੁੱਧਾਂ ਵਿਚ ਭਾਗ ਲੈਣ ਦਾ ਜਦੋਂ ਮੌਕਾ ਮਿਲਿਆ ਤਾਂ ਉਸ ਨੇ ਆਪਣੇ ਆਉਣ ਵਾਲੇ ਦਿਨਾਂ ਲਈ ਬਹੁਤ ਕੁਝ ਸਿਖ ਲਿਆ। ਕੁਦਰਤ ਜੇ ਇਕ ਚੀਜ਼ ਖੋਂਹਦੀ ਹੈ ਤਾਂ ਦੂਜੀ ਬਖਸ਼ਦੀ ਵੀ ਹੈ। ਰਣਜੀਤ ਸਿੰਘ ਦੀ ਇਕ ਅੱਖ ਤਾਂ ਜ਼ਰੂਰ ਮਾਰੀ ਗਈ ਸੀ ਪਰ ਇਕ ਹੋਰ ਅੰਦਰ ਦੀ ਅੱਖ ਉਸਦੀ ਜਾਗ ਉਠੀ। ਉਸ ਦਾ ਸਾਰਾ ਰਾਜ ਪ੍ਰਬੰਧ ਤੇ ਉਚੇ ਵਿਚਾਰ ਉਸਦੀ ਇਸੇ ਅੰਦਰਲੀ ਅੱਖ ਦੀ ਦੇਣ ਕਹੀਏ ਤਾਂ ਉਚਿਤ ਹੀ ਹੋਵੇਗਾ ਕਿਉਂਕਿ ਰਣਜੀਤ ਸਿੰਘ ਨੂੰ ਕੋਈ ਹੋਰ ਖਾਸ ਸਾਧਨ ਵਡੇਪਣ ਨੂੰ ਹਾਸਲ ਕਰਨ ਦਾ ਨਹੀਂ ਸੀ ਮਿਲ ਸਕਿਆ। ਸਾਲ 1797 ਤੋਂ ਮਗਰੋਂ ਦੇ ਰਾਜ ਨੂੰ ਹੀ ਵਾਸਤਵ ਵਿਚ ਰਣਜੀਤ ਸਿੰਘ ਦਾ ਆਪਣਾ ਰਾਜ ਕਿਹਾ ਜਾ ਸਕਦਾ ਹੈ ਅਤੇ ਉਸਦੀ ਸਾਰੀ ਕਮਾਈ ਤੇ ਅਛਾਈ ਉਸ ਦੀ ਆਪਣੀ ਮਿਹਨਤ ਅਤੇ ਗੁਰੂ ਮਹਾਰਾਜ ਦੀ ਬਖਸ਼ਿਸ਼ ਕਹੀ ਜਾ ਸਕਦੀ ਹੈ। ਇਹ ਗੱਲ ਇਥੇ ਖਾਸ ਧਿਆਨ ਦੇਣ ਯੋਗ ਹੈ ਕਿ ਸ਼ਿਵਾ ਜੀ ਦੀ ਮਾਂ ਨੇ ਆਪਣੇ ਪੁੱਤਰ ਨੂੰ ਮਹਾਨ ਬਣਾਉਣ ਵਿਚ ਇਕ ਵੱਡਾ ਕੰਮ ਕੀਤਾ। ਸ਼ਿਵਾ ਜੀ ਨੂੰ ਦਾਦਾ ਜੀ ਕੋਂਡਾ ਦੇਵ ਜਿਹਾ ਮਹਾਨ ਆਗੂ ਤੇ ਨੇਤਾ ਵੀ ਮਿਲ ਗਿਆ। ਨਾਲੇ ਸਿਰ ਧੜ ਦੀ ਬਾਜ਼ੀ ਲਾਉਣ ਵਾਲੇ ਭੁਖੇ ਨੰਗੇ ਪਰ ਕਿਰਦਾਰ ਦੇ ਚੰਗੇ ਮਰਹੱਟੇ ਸਜੀਲੇ ਜਵਾਨਾਂ ਦੀਆਂ ਕਈ ਟੁਕੜੀਆਂ ਵੀ ਉਸ

ਨੂੰ ਮਿਲ ਗਈਆਂ । ਦੋਵੇਂ ਸਰਦਾਰ ਯਾਨੀ, ਰਣਜੀਤ ਸਿੰਘ ਅਤੇ ਸ਼ਿਵਾ ਜੀ, ਮਾਮੂਲੀ ਜ਼ਿੰਮੀਂਦਾਰ ਸਰਦਾਰਾਂ ਦੇ ਪੁਤਰ ਸਨ ਪਰ ਦੋਵੇਂ ਅਜ਼ਾਦ ਰਾਜ ਕਾਇਮ ਕਰਕੇ ਚੰਗੇਰੇ ਸ਼ਾਸਨ ਦੇ ਸੰਚਾਲਕ ਬਣੇ । ਅਕਬਰ ਵੀ ਤਕਰੀਬਨ 11-12 ਵਰ੍ਹਿਆਂ ਦੀ ਉਮਰ ਵਿਚ ਬਾਦਸ਼ਾਹ ਬਣਿਆ ਸੀ ਪਰ ਉਸ ਨੂੰ ਵੀ ਬੈਰਮ ਖਾਨ ਵਰਗਾ ਸਿਆਣਾ ਰਾਹਨੁਮਾ ਤੇ ਗਾਰਡੀਅਨ ਮਿਲ ਗਿਆ ਸੀ । ਬਾਬਰ ਵੀ ਇਸੇ ਉਮਰ ਵਿਚ ਹੀ ਫਰਗਾਨਾ ਦੀ ਗੱਦੀ ਉਪਰ ਬੈਠਿਆ ਪਰ ਉਸ ਨੂੰ ਵੀ ਆਪਣੀ ਸਿਆਣੀ ਸੱਸ ਤੇ ਸੁਲਝੀ ਹੋਈ ਵੱਡੀ ਭੈਣ ਖਾਹਿਰਜ਼ਾਦਾ ਬੇਗਮ ਦੀ ਰਾਹਨੁਮਾਈ ਮਿਲਦੀ ਰਹੀ । ਵਿਚਾਰੇ ਰਣਜੀਤ ਸਿੰਘ ਨੇ ਤਾਂ ਜੋ ਕੁਝ ਵੀ ਕੀਤਾ ਉਹ ਉਸਦੀ ਆਪਣੀ ਹੀ ਸਿਹਨਤ ਦਾ ਸਦਕਾ ਤੇ ਗੁਰੂ ਮਹਾਰਾਜ ਦਾ ਸਹਾਰਾ ਹੀ ਸੀ ਕਿਉਂਕਿ ਉਸ ਨੂੰ ਤਾਂ ਰਾਹ ਵਿਖਾਉਣ ਵਾਲਾ ਕੋਈ ਮਿਲਿਆ ਹੀ ਨਹੀਂ ਸੀ ਅਤੇ ਸਿੱਖ ਸਰਦਾਰ ਵੀ ਇਕੱਠੇ ਹੋਣ ਦੀ ਬਿਜਾਏ ਮੱਲੋ-ਮੱਲੀ ਵਿਚ ਹੀ ਖਏ ਸਨ ।

ਜਦੋਂ ਰਣਜੀਤ ਸਿੰਘ ਨੇ ਸੰਨ 1797 ਵਿਚ ਆਪਣੀ ਛੋਟੀ ਜਿਹੀ ਮਿਸਲ ਦੀ ਵਾਗ ਡੋਰ ਆਪਣੇ ਹੱਥ ਵਿਚ ਸਾਂਭੀ ਤਾਂ ਉਸਨੇ ਇਧਰ ਉਧਰ ਝਾਤ ਮਾਰ ਕੇ ਵੇਖਿਆ ਕਿ ਪੰਜਾਬ ਦੀ ਹਾਲਤ ਬੜੀ ਹੀ ਖਸਤਾ ਹੈ ਤੇ ਇਕ ਹਿੰਮਤੀ ਬੰਦੇ ਲਈ ਅੱਗੇ ਵਧਣਾ ਸ਼ਾਇਦ ਬਹੁਤਾ ਮੁਸ਼ਕਲ ਕੰਮ ਨਾ ਹੋਵੇ । ਸੰਭਲ ਸੰਭਲ ਕੇ ਮੌਕੇ ਦਾ ਫਾਇਦਾ ਉਠਾਇਆ ਜਾਵੇ ਤਾਂ ਨਾਲੋਂ ਨਾਲ ਚੰਗੇ ਪ੍ਰਬੰਧ ਕਰਕੇ ਆਮ ਲੋਕਾਂ ਦੀ ਹਮਦਰਦੀ ਵੀ ਹਾਸਲ ਕਰ ਲਈ ਜਾਵੇ । ਉਸਦਾ ਆਪਣਾ ਇਲਾਕਾ ਤਾਂ ਉਸ ਵੇਲੇ ਰਚਨਾ ਤੇ ਚੱਜ-ਦੁਆਬੇ ਦਾ ਵਿਚਕਾਰਲਾ ਕੁਝ ਹਿੱਸਾ ਹੀ ਸੀ । ਗੁਜਰਾਂਵਾਲਾ ਵਜ਼ੀਰਾਬਾਦ, ਸਿਆਲਕੋਟ, ਰੋਹਤਾਸ ਤੇ ਪਿੰਡ ਦਾਦਰ ਖਾਨ ਦੇ ਸਿਰਫ ਕੁਝ ਇਲਾਕੇ ਹੀ ਉਸਦੀ ਮਿਸਲ ਵਿਚ ਸਨ । ਬਾਕੀ ਸਾਰਾ ਪੰਜਾਬ ਤਕਰੀਬਨ ਦੂਜੇ ਮਿਸਲਦਾਰਾਂ, ਵਖੋ ਵਖ ਖੁਦ ਮੁਖਤਿਆਰ ਜ਼ਿੰਮੀਦਾਰਾਂ ਤੇ ਮੁਸਲਮਾਨ ਨਵਾਬਾਂ ਦੇ ਹੀ ਹੱਥ ਵਿਚ ਸੀ । ਹਿੰਦੁਸਤਾਨ ਦੀਆਂ ਖਾਸ ਤਾਕਤਾਂ ਵਿਚੋਂ ਅੰਗਰੇਜ਼ ਤੇ ਮਰਹੱਟੇ, ਅਫਗਾਨ ਤੇ ਮੁੱਗਲ ਦਰਬਾਰੀ ਜਾਂ ਸੂਬੇਦਾਰ, ਪਹਾੜੀ ਰਾਜੇ ਅਤੇ ਨਿਪਾਲੀ ਗੋਰਖੇ ਸਭ ਆਪੋ-ਆਪਣੀ ਕਿਸਮਤਾਂ ਚਮਕਾਉਣ ਤੇ ਛੀਨਾ-ਝਪਟੀ ਵਿਚ ਲਗੇ ਹੋਏ ਸਨ । ਇਸ ਪਿਛੋਕੜ ਵਿਚ ਰਣਜੀਤ ਸਿੰਘ ਦਾ ਗੁਰੂ ਮਹਾਰਾਜਾ ਦੇ ਨਾਂ ਤੇ ਪੰਜਾਬ ਵਿਚ ਇਕ ਵੱਡਾ ਰਾਜ ਕਾਇਮ ਕਰ ਲੈਣ ਤੇ ਸ਼ੇਰੇ-ਪੰਜਾਬ ਕਹਿਲਾਉਣ ਦਾ ਫਖਰ ਹਾਸਲ ਕਰ ਲੈਣਾ ਸਲਾਹੁਣਾ ਯੋਗ ਹੀ ਨਹੀਂ ਖਾਸ ਸਮਝਣ ਯੋਗ ਵੀ ਹੈ ।

ਰਣਜੀਤ ਸਿੰਘ ਨੇ ਆਪਣੇ ਤਕਰੀਬਨ 40 ਸਾਲਾ ਰਾਜ ਵਿਚ ਪੰਜਾਬ ਦੇ ਇਕ ਵਧੇਰੇ ਹਿੱਸੇ ਨੂੰ ਇਕ ਤਾਕਤਵਰ ਅਤੇ ਮੁਠਬੰਧ ਰਿਆਸਤ ਵਿਚ ਬਦਲ ਕੇ ਰਖ ਦਿਤਾ । ਇਸ ਸੂਬੇ ਨੂੰ ਇਕ ਮਿਕ ਕਰਨ ਲਈ ਉਸ ਨੇ ਤਲਵਾਰ ਦਾ ਸਹਾਰਾ ਵੀ ਲਿਆ ਅਤੇ ਯੁਧਨੀਤੀ ਤੇ ਸਿਆਸਤ ਦਾ ਵੀ । ਸੰਨ 1839 ਵਿਚ ਯਾਨੀ ਉਸਦੇ ਮਰਨ ਤੋਂ ਕੁਝ ਪਹਿਲਾਂ ਉਸ ਦਾ ਰਾਜ ਜਾਂ ਅਸਰ ਤਕਰੀਬਨ ਲੱਦਾਖ ਤੋਂ ਸੁਲੇਮਾਨ ਤਕ ਅਤੇ ਸਤਲੁਜ ਤੋਂ ਸਿੰਧ ਤਕ ਫੈਲਿਆ ਹੋਇਆ ਸੀ । 1,40,000 ਮੁਰੱਬਾ ਮੀਲ ਦਾ ਇਹ ਲੰਬਾ ਚੌੜਾ ਰਕਬਾ ਯੂਰਪ ਅਤੇ ਏਸ਼ੀਆ

ਦੀ ਕਈ ਮਹੱਤਵਪੂਰਨ ਆਜ਼ਾਦ ਰਿਆਸਤਾਂ ਤੋਂ ਵੀ ਵਧ ਕੇ ਸੀ। ਉਸ ਵੇਲੇ ਦਾ ਜਪਾਨ ਜਿਹੜਾ ਟੋਕੂਗਾਵਾ ਸ਼ੋਗਨ ਦੇ ਰਾਜ ਪ੍ਰਬੰਧ ਦੇ ਅਧੀਨ ਸੀ ਅਤੇ ਕਈ ਤਰ੍ਹਾਂ ਦੇ ਮਿਸਲਦਾਰਾਂ ਵਰਗੇ ਇਲਾਕਾਈ ਸਰਦਾਰਾਂ ਦੀ ਸਰਦਾਰੀ ਹੇਠ ਸੀ, ਉਸਦਾ ਰਕਬਾ ਵੀ ਉਸ ਵੇਲੇ ਲਗਪਗ 1,00,000 ਮੁਰੱਬਾ ਮੀਲ ਤੋਂ ਵਧ ਨਹੀਂ ਸੀ। ਇਕ ਆਜ਼ਾਦ ਤੇ ਤਾਕਤਵਰ ਰਿਆਸਤ ਦੇ ਨਾਤੇ ਇਹਦੇ ਰਾਜ ਪ੍ਰਬੰਧ ਦੀ ਰੂਪ ਰੇਖਾ ਦਾ ਮਹੱਤਵ ਵਧ ਜਾਂਦਾ ਹੈ ਅਤੇ ਖਾਹ ਮਖਾਹ ਦੀ ਟੀਕਾ ਟਿਪਣੀ ਕਰਨ ਵਾਲਿਆਂ ਦਾ ਮੂੰਹ ਬੰਦ ਹੋ ਸਕਦਾ ਹੈ। ਇਹ ਗਲ ਉਸ ਵੇਲੇ ਦਾ ਪੰਜਾਬੀ ਸ਼ਾਇਦ ਅਜ ਦੇ ਪੰਜਾਬੀ ਕੋਲੋਂ ਜ਼ਿਆਦਾ ਸਮਝਦਾ ਸੀ। ਜਦੋਂ ਪੰਜਾਬ ਦੇ ਅੰਗਰੇਜ਼ੀ ਇਕਤਦਾਰ (ਅਸਰ) ਹੇਠ ਆਣ ਮਗਰੋਂ ਸੰਤ ਨਿਹਾਲ ਸਿੰਘ ਜੀ ਅਲ-ਮਰੂਫ ਸ਼ਹੀਦ ਭਾਈ ਮਹਾਰਾਜ ਸਿੰਘ ਜੀ (ਜਿਨ੍ਹਾਂ ਨੂੰ ਪੰਜਾਬ ਦਾ ਗੈਰੀਬਾਲਡੀ ਕਿਹਾ ਜਾ ਸਕਦਾ ਹੈ) ਨੇ ਪੰਜਾਬ ਨੂੰ ਆਜ਼ਾਦ ਕਰਨ ਲਈ ਹਥਿਆਰ ਚੁਕੇ ਤੇ ਆਮ ਪੰਜਾਬੀਆਂ ਨੂੰ ਵੰਗਾਰਿਆ, ਤਾਂ ਉਨ੍ਹਾਂ ਨੇ ਆਜ਼ਾਦੀ ਦਾ ਗਗਨ ਦਮਾਮਾ ਵਜਾ ਕੇ ਇਹ ਐਲਾਨ ਕੀਤਾ ਸੀ ਕਿ ਇਕ ਹੋਰ ਆਜ਼ਾਦੀ ਦਾ ਯੁਧ ਹੋ ਕੇ ਰਹੇਗਾ ਤੇ ਪੰਜਾਬ ਵਿਚ ਖਾਲਸਾ ਪੰਥ ਦਾ ਰਾਜ ਫਿਰ ਤੋਂ ਕਾਇਮ ਕੀਤਾ ਜਾਵੇਗਾ। ਦੀਵਾਨ ਮੂਲਰਾਜ ਨੇ ਵੀ ਮੁਲਤਾਨ ਤੋਂ ਕੇਸਰੀ ਝੰਡਾ ਖੜਾ ਕਰਕੇ ਇਹੋ ਹੀ ਕਿਹਾ ਸੀ ਕਿ ਮਾਸੂਮ ਤੇ ਨੰਨ੍ਹੇ ਮਹਾਰਾਜਾ ਦਲੀਪ ਸਿੰਘ ਕੋਲੋਂ ਚਲਾਕੀ ਨਾਲ ਖੋਹੀ ਹੋਈ ਪੰਜਾਬ ਦੀ ਆਜ਼ਾਦ ਰਿਆਸਤ ਨੂੰ ਅੰਗਰੇਜ਼ ਦੀ ਗੁਲਾਮੀ ਕੋਲੋਂ ਛੁਡਾ ਕੇ ਫਿਰ ਤੋਂ ਆਜ਼ਾਦ ਕਰਾ ਕੇ ਇਹਨੂੰ ਮਹਾਰਾਜਾ ਦਲੀਪ ਸਿੰਘ ਜੀ ਦੇ ਹੀ ਹਵਾਲੇ ਕਰਨਾ ਉਹਨਾਂ ਦਾ ਪਹਿਲਾ ਧਰਮ ਹੋਵੇਗਾ।

ਅੰਗਰੇਜ਼ਾਂ ਨੇ ਪੰਜਾਬ ਦੀ ਆਜ਼ਾਦ ਹਕੂਮਤ ਨੂੰ ਗੁਲਾਮ ਬਣਾ ਕੇ ਚੰਗਾ ਕੀਤਾ ਜਾਂ ਮੰਦਾ, ਇਹ ਇਸ ਲੇਖ ਦਾ ਮਨੋਰਥ ਨਹੀਂ ਪਰ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਨੂੰ ਸਮਝਣ ਲਈ ਇਹ ਮੰਨਕੇ ਹੀ ਅਗੇ ਤੁਰਨਾ ਪਏਗਾ ਕਿ ਮਹਾਰਾਜਾ ਰਣਜੀਤ ਸਿੰਘ ਇਕ ਖੁਦ-ਮੁਖਤਿਆਰ ਅਤੇ ਨਿਰਕੁੰਸ਼ ਸ਼ਾਸ਼ਕ ਸੀ ਜਿਸਦੀ ਰਿਆਸਤ ਨਾ ਸਿਰਫ ਹਿੰਦੁਸਤਾਨ ਦੀਆਂ ਉਸ ਵੇਲੇ ਦੀਆਂ ਵਖ ਵਖ ਅਜ਼ਾਦ ਰਿਆਸਤਾਂ ਤੋਂ ਹੀ ਵਡੀ ਸੀ ਬਲਕਿ ਯੂਰਪ, ਮਧ ਏਸ਼ੀਆ, ਪੂਰਬੀ ਏਸ਼ੀਆ ਤੇ ਅਮਰੀਕਾ ਦੀਆਂ ਕਈ ਆਜ਼ਾਦ ਰਿਆਸਤਾਂ ਤੋਂ ਰਕਬੇ ਵਿਚ ਵੀ ਵਡੀ ਸੀ ਤੇ ਸ਼ਾਇਦ ਰਾਜ ਪ੍ਰਬੰਧ ਵਿਚ ਵੀ ਚੰਗੀ ਸੀ।

ਉਸ ਸਮੇਂ ਦੀ ਅਕਸਰ ਨਿਜ਼ਾਮੀ ਸੂਰਤ ਵਾਂਗ ਮਹਾਰਾਜਾ ਰਣਜੀਤ ਸਿੰਘ 'ਸ਼ੇਰੇ ਪੰਜਾਬ' ਵੀ ਇਕ ਬਿਲਕੁਲ ਖੁਦ ਮੁਖਤਿਆਰ ਡਿਕਟੇਟਰ ਕਿਹਾ ਜਾ ਸਕਦਾ ਹੈ। ਸਾਰਾ ਨਿਜ਼ਾਮ ਉਸਦੇ ਹੀ ਇਸ਼ਾਰੇ ਤੇ ਚਲਦਾ ਸੀ। ਉਹ ਸਾਰੇ ਰਾਜ ਦਾ ਇਕ ਮੰਬਾ ਸੀ। ਫੁਹਾਰੇ ਦੀਆਂ ਧਾਰਾਵਾਂ ਵਾਂਗ ਹਰ ਹੁਕਮ ਉਸ ਦਾ ਆਪਣਾ ਹੀ ਹੁੰਦਾ ਸੀ। ਰਾਜਨੀਤਕ ਅਤੇ ਸ਼ਾਸਨ ਪ੍ਰਬੰਧਕ ਕਾਰਵਾਈਆਂ ਸਾਰੀਆਂ ਉਸਦੀ ਮਰਜ਼ੀ ਅਨੁਕੂਲ ਹੁੰਦੀਆਂ ਸਨ। ਕਹਿਣ ਨੂੰ ਤਾਂ ਭਾਵੇਂ ਇਹ ਗਲ ਠੀਕ ਹੋਵੇ ਪਰ ਅਮਲੀ ਤੌਰ ਤੇ ਰਣਜੀਤ ਸਿੰਘ ਨੇ ਆਪਣੀ ਰਿਆਸਤ ਦੇ ਨਿਜ਼ਾਮ ਨੂੰ ਇਕ ਖਾਸ ਧਾਰਾ ਵਿਚ ਢਾਲਿਆ ਹੋਇਆ ਸੀ। ਉਸ ਦਾ ਰਾਜ ਕਈ ਹਿਸਿਆਂ ਵਿਚ ਵੰਡਿਆ ਹੋਇਆ ਸੀ ਜਿਥੇ ਉਸਦੇ ਆਪਣੇ ਗਵਰਨਰ, ਸੂਬੇਦਾਰ, ਨਾਜ਼ਮ ਜਾਂ ਦੀਵਾਨ

ਸਾਰਾ ਪ੍ਰਬੰਧ ਚਲਾਉਂਦੇ ਸਨ । ਕੇਂਦਰ ਨੂੰ ਲਾਹੌਰ ਦਰਬਾਰ ਕਿਹਾ ਜਾਂਦਾ ਸੀ ।

ਲਾਹੌਰ ਦਰਬਾਰ ਵਿਚ ਸ਼ਾਸਨ ਪ੍ਰਬੰਧ ਲਈ ਕਈ ਮੰਤਰੀ ਮੁਕੱਰਰ ਸਨ ਅਤੇ ਵਖੋ ਵਖ ਭਾਗ, ਵਖੋ ਵਖ ਵਜ਼ੀਰਾਂ ਤੇ ਅਫ਼ਸਰਾਂ ਦੇ ਹਵਾਲੇ ਸਨ । ਇਹ ਸਾਰੇ ਵਜ਼ੀਰ ਤੇ ਅਫ਼ਸਰ ਮਹਾਰਾਜੇ ਅਗੇ ਜਵਾਬ-ਦੇਹ ਸਨ ਪਰ ਤਕਰੀਬਨ ਸਾਰੇ ਹੀ ਸਿਆਣੇ ਅਤੇ ਮੰਨੇ ਪ੍ਰਮੰਨੇ ਸਨ । ਇਹ ਗਲ ਖਾਸ ਧਿਆਨ ਦੇਣ ਯੋਗ ਹੈ ਕਿ ਇਹ ਪੰਜਾਬੀ ਰਾਜ ਤਾਂ ਕਿਹਾ ਜਾ ਸਕਦਾ ਹੈ ਪਰ ਫਿਰਕੂ ਸਿਖ ਰਾਜ ਨਹੀਂ । ਇਸ ਦੇ ਬੁਨਿਆਦੀ ਅਸੂਲ ਚਾਹੇ ਸਿੱਖ ਕਾਮਨ ਵੈਲਥ ਦੇ ਨੇਕ ਪੁਰਨਿਆਂ ਤੇ ਰਖਣ ਦਾ ਖਿਆਲ ਤਾਂ ਜ਼ਰੂਰ ਸੀ ਪਰ ਇਸ ਰਾਜ ਨੂੰ ਸਿਰਫ ਸਿਖ ਹੀ ਚਲਾਉਣਗੇ, ਇਹ ਮਹਾਰਾਜਾ ਰਣਜੀਤ ਸਿੰਘ ਨੇ ਕਦੀ ਵੀ ਨਹੀਂ ਸੀ ਸੋਚਿਆ । ਰਣਜੀਤ ਸਿੰਘ ਦੇ ਮੰਤਰੀ ਮੰਡਲ ਵਿਚ ਸਿੱਖ ਸਰਦਾਰਾਂ ਦੇ ਇਲਾਵਾ ਹਿੰਦੂ ਦੀਵਾਨ, ਪਹਾੜੀ ਡੋਗਰੇ, ਮੁਸਲਮਾਨ ਵਜ਼ੀਰ ਤੇ ਯੂਰਪੀਅਕ ਈਸਾਈ ਸਲਾਹਕਾਰ ਅਤੇ ਕਮਾਂਡਰ ਵੀ ਸਨ । ਸੈਕੂਲਰ-ਇਜ਼ਮ ਦਾ ਇਹ ਇਕ ਕਾਮਯਾਬ ਨਮੂਨਾ ਸੀ ਅਤੇ ਸ਼ਾਇਦ ਇਹ ਇਕੋ ਵੱਡਾ ਗੁਣ ਹੀ ਰਣਜੀਤ ਸਿੰਘ ਨੂੰ ਬਤੌਰ ਸ਼ਾਸ਼ਕ ਅਮਰ ਬਨਾਉਣ ਦੇ ਲਾਇਕ ਹੈ ।

ਮਹਾਰਾਜਾ ਰਣਜੀਤ ਸਿੰਘ ਦੀ ਇਹ ਖੂਬੀ ਸੀ ਕਿ ਉਹ ਗੁਣਾਂ ਦੇ ਮੁਤਾਬਿਕ ਚੁਣ ਚੁਣ ਕੇ ਬੰਦੇ ਚੋਣਵੀਆਂ ਥਾਵਾਂ ਤੇ ਲਾਉਂਦਾ ਜਾਂ ਭੇਜਦਾ ਸੀ ! ਇਹੋ ਖੂਬੀ ਸ਼ਾਇਦ ਉਸਦੀ ਸੁਨਹਿਰੀ ਕਾਮਯਾਬੀ ਤੇ ਸਫਲਤਾ ਦਾ ਸਭ ਤੋਂ ਵੱਡਾ ਕਾਰਨ ਵੀ ਸੀ । ਕਈ ਵਾਰ ਉਹ ਆਪਣੇ ਮੰਤਰੀਆਂ ਤੇ ਸਲਾਹਕਾਰਾਂ ਦੀ ਰਾਏ ਅੱਗੇ ਝੁਕ ਕੇ ਉਹਨਾਂ ਦੀ ਸਲਾਹੁਣਾ ਕਰਦਿਆਂ ਹੋਇਆਂ ਆਪਣੇ ਜ਼ਾਤੀ ਖਿਆਲਾਂ, ਵਿਚਾਰਾਂ ਜਾਂ ਸਕੀਮਾਂ ਤੋਂ ਪਿਛੇ ਵੀ ਹਟ ਜਾਂਦਾ ਸੀ । ਇਸ ਵਿਚ ਉਹ ਆਪਣੀ ਕੋਈ ਹੇਠੀ ਜਾਂ ਹੱਤਕ ਨਹੀਂ ਸੀ ਸਮਝਦਾ । ਇਸ ਤਰ੍ਹਾਂ ਉਸਦੇ ਸਲਾਹਕਾਰ ਇਮਾਨਦਾਰੀ ਨਾਲ ਆਪਣੀ ਸਮਝ ਅਨੁਸਾਰ ਆਪਣਾ ਮਤਦਾਨ ਦੇਣ ਵਿਚ ਹਿਚਕਚਾਉਂਦੇ ਨਹੀਂ ਸਨ । ਮਹਾਰਾਜਾ ਇਨਸਾਫ ਤੇ ਬਰਾਬਰੀ ਦੇ ਸੁਆਲ ਉਤੇ ਆਪਣੇ ਆਪ ਨੂੰ ਇਕ ਆਮ ਸਿਖ ਤੋਂ ਉੱਚਾ ਨਹੀਂ ਸੀ ਸਮਝਦਾ । ਸੰਗਤ ਦਾ ਫੈਸਲਾ, ਪੰਗਤ ਦੀ ਰਾਇ ਅਤੇ ਪੰਜ ਪਿਆਰਿਆਂ ਦਾ ਫਰਮਾਨ ਉਸ ਦੇ ਲਈ ਮੱਥਾ ਟੇਕਣ ਯੋਗ ਹੁੰਦਾ ਸੀ । ਇਹੋ ਜਿਹੀਆਂ ਕਈ ਮਿਸਾਲਾਂ ਅਤੇ ਦਿਲਚਸਪ ਕਿੱਸੇ ਮਹਾਰਾਜਾ ਰਣਜੀਤ ਸਿੰਘ ਦੇ ਬਾਰੇ ਮਸ਼ਹੂਰ ਹਨ । ਖੁਦ ਭੇਸ ਬਦਲ ਕੇ ਚਾਰੇ ਤਰਫ ਚੱਕਰ ਕਟ ਕਟਾ ਕੇ ਆਪਣੀ ਅਖੀਂ ਵੇਖੇ ਹਾਲ ਅਨੁਸਾਰ ਲੋਕਾਂ ਦੇ ਹਿਤ ਲਈ ਜੋ ਕੁਝ ਉਸ ਦੇ ਕੋਲੋਂ ਹੋ ਸਕਦਾ ਸੀ ਉਹ ਕਰਦਾ ਸੀ, ਤਦੇ ਤਾਂ ਉਹਨੇ ਆਪਣੇ ਰਾਜ ਦਾ ਨਾਂ ਵੀ ਸਿਖ ਪੰਥ ਦਾ ਰਾਜ ਰਖਿਆ ਹੋਇਆ ਸੀ ਤੇ ਆਪਣੇ ਆਪ ਨੂੰ ਵੀ ਖਾਲਸਾ ਜੀ ਦਾ ਸੇਵਕ ਕਹਿਣ ਵਿਚ ਫਖਰ ਮਹਿਸੂਸ ਕਰਦਾ ਸੀ । ਸਾਰੀ ਕੋਮ ਨੂੰ ਉਹ "ਖਾਲਸਾ ਜੀਉ" ਕਹਿ ਕੇ ਸੱਦਣ ਵਿਚ ਖੁਸ਼ੀ ਮਹਿਸੂਸ ਕਰਦਾ ਸੀ । ਉਸਦੇ ਰਾਜ ਦਾ ਨਾਂ ਵੀ "ਸਰਕਾਰ ਖਾਲਸਾ ਜੀ" ਪੈ ਗਿਆ । ਉਹਨੂੰ ਆਮ ਲੋਕ ਅਤੇ ਅਧਿਕਾਰੀ ਵੀ ਸਿੰਘ ਸਾਹਿਬ ਜੀ ਕਹਿਣ ਲਗ ਪਏ । ਉਹਨੇ ਆਪਣੀ ਸਰਕਾਰੀ ਮੁਹਰ ਤੇ ਰਣਜੀਤ ਸਹਾਇ ਦੀ ਬਜਾਏ "ਅਕਾਲ ਸਹਾਇ" ਖੁਦਵਾਇਆ ਹੋਇਆ ਸੀ । ਉਹਨੇ ਆਪਣੇ ਸਰਕਾਰੀ ਸਿੱਕਿਆਂ

ਤੇ ਕਦੀ ਵੀ ਆਪਣਾ ਨਾਂ ਜਾਂ ਤਸਵੀਰ ਖੁਦਾਉਣ ਦਾ ਯਤਨ ਨਹੀਂ ਕੀਤਾ ਬਲਕਿ ਉਸਦੇ ਵਖੋ ਵਖ ਸਿੱਕਿਆਂ ਤੇ ਗੁਰੂ ਨਾਨਕ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਖੁਦਵਾਏ ਗਏ। ਉਸ ਦੇ ਸਿੱਕੇ "ਨਾਨਕ ਸਹਾਇ" ਅਤੇ "ਗੋਬਿੰਦ ਸਹਾਇ" ਕਹਿਲਾਉਂਦੇ ਸਨ। ਅੰਮ੍ਰਿਤਸਰ ਵਿਚ ਜਿਹੜੇ ਸੁੰਦਰ ਬਾਗ ਨੂੰ ਉਸ ਨੇ ਆਪ ਸਜਾਇਆ ਤੇ ਸਵਾਰਿਆ ਉਸ ਦਾ ਨਾਂ ਵੀ ਗੁਰੂ ਰਾਮ ਦਾਸ ਜੀ ਦੇ ਨਾਂ ਉਤੇ ਰਾਮ ਬਾਗ ਰਖਿਆ। ਇਸੇ ਤਰ੍ਹਾਂ ਅੰਮ੍ਰਿਤਸਰ ਵਿਚ ਸਥਾਪਤ ਕੀਤੇ ਕਿਲ੍ਹੇ ਦਾ ਨਾਂ ਗੋਬਿੰਦਗੜ੍ਹ ਰਖਿਆ। ਉਸ ਨੇ ਗੁਰੂ ਸਾਹਿਬਾਂ ਦੇ ਨਾਵਾਂ ਨੂੰ ਅਮਰ ਰਖਣ ਲਈ ਅਤੇ ਆਪਣੀ ਸ਼ਰਧਾਂਜਲੀ ਗੁਰੂ ਸਾਹਿਬਾਂ ਦੇ ਹੀ ਚਰਨਾਂ ਵਿਚ ਭੇਂਟ ਕਰਨ ਦੇ ਖਿਆਲ ਨਾਲ ਆਪਣੇ ਨਾਂ ਨੂੰ ਇਹੋ ਜਿਹੀਆਂ ਚੀਜ਼ਾਂ ਨਾਲ ਜੋੜਨ ਦੀ ਨਾ ਜ਼ਰੂਰਤ ਸਮਝੀ ਨਾ ਕੋਸ਼ਿਸ਼ ਕੀਤੀ।

ਨੈਪੋਲੀਅਨ, ਜ਼ਾਰ, ਹਿਟਲਰ ਜਾਂ ਮੈਸੋਲੀਨੀ ਦੀ ਤਰ੍ਹਾਂ ਰਣਜੀਤ ਸਿੰਘ ਵੀ ਚਾਹੁੰਦਾ ਤਾਂ ਹਕੀਕਤਨ ਇਕ ਕਾਮਲ ਡਿਕਟੇਟਰ ਦੀ ਤਰ੍ਹਾਂ ਜਾਂ ਬਿਨਾਂ ਅੰਕੁਸ਼ ਦੇ ਇਕ ਮਸਤ ਹਾਥੀ ਦੀ ਤਰ੍ਹਾਂ ਆਪਣੀ ਰਿਆਸਤ ਵਿਚ ਚਿੰਘਾੜਦਾ ਫਿਰਦਾ ਅਤੇ ਮਨਮਾਨੀਆਂ ਕਰ ਸਕਦਾ ਸੀ, ਪਰ ਗੁਰੂ ਮਹਾਰਾਜ ਦੇ ਡਰ ਨੇ ਨੀਵਾਂ ਰਖੀ ਰਖਿਆ। ਆਮ ਜਨਤਾ ਦੇ ਜਜ਼ਬਾਤ ਅਤੇ ਵਜ਼ੀਰਾਂ ਦੀ ਰਾਇ ਦੀ ਉਹ ਕੇਡੀ ਕਦਰ ਕਰਦਾ ਸੀ, ਇਹ ਕਈ ਮਿਸਾਲਾਂ ਤੋਂ ਸਿੱਧ ਹੋ ਜਾਂਦਾ ਹੈ। ਇਸ ਨੁਕਤੇ ਨੂੰ ਜ਼ਰਾ ਸਾਫ ਕਰਨ ਲਈ ਇਥੇ ਦੋ ਮਿਸਾਲਾਂ ਦਾ ਵਰਨਣ ਕਰਨਾਂ ਉਚਿਤ ਜਾਪਦਾ ਹੈ। ਕਹਿੰਦੇ ਹਨ ਕਿ ਇਕ ਵਾਰੀ ਆਪਣੀ ਮਹਿਬੂਬਾ ਮੋਰਾਂ ਦੇ ਨਾਲ ਮਹਾਰਾਜਾ ਰਣਜੀਤ ਸਿੰਘ ਖੁਲ੍ਹੇਆਮ ਲਾਹੌਰ ਦੀਆਂ ਗਲੀਆਂ ਅਤੇ ਬਜ਼ਾਰਾਂ ਵਿਚ ਦੌਰਾ ਕਰ ਰਿਹਾ ਸੀ। ਬਾਅਦ ਵਿਚ ਇਕ ਖੁਲ੍ਹੀ ਸਭਾ ਵਿਚ ਚੰਦ ਅਕਾਲੀਆਂ ਤੇ ਉਨ੍ਹਾਂ ਦੇ ਜਥੇਦਾਰ ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਦੀ ਇਕ ਰਖੇਲ ਦੇ ਨਾਲ ਇਸ ਤਰ੍ਹਾਂ ਖੁਲ੍ਹੇਆਮ ਫਿਰਨ ਦੀ ਨਿਖੇਧੀ ਕੀਤੀ ਅਤੇ ਸਖਤ ਅਲੋਚਨਾ ਕੀਤੀ। ਮਹਾਰਾਜਾ ਨੂੰ ਦੋਸ਼ੀ ਕਿਹਾ ਗਿਆ ਅਤੇ ਅੰਮ੍ਰਿਤਸਰ ਅਕਾਲ ਤਖਤ ਤੇ ਹਾਜ਼ਰ ਹੋ ਕੇ ਹੁਕਮਨਾਮਾ ਵਸੂਲ ਕਰਨ ਦਾ ਅਦੇਸ਼ ਦਿਤਾ ਗਿਆ। ਹੁਕਮਨਾਮੇ ਵਿਚ ਮਹਾਰਾਜਾ ਨੂੰ ਚਾਬਕਾਂ ਦੀ ਸਜ਼ਾ ਦੇਣ ਦਾ ਫੈਸਲਾ ਸੀ। ਇਕ ਸੱਚੇ ਸਿੱਖ ਵਾਂਗ ਉਹ ਪੰਜ ਪਿਆਰਿਆਂ ਦੇ ਹੁਕਮ ਨੂੰ ਟਾਲ ਨਾ ਸਕਿਆ। ਖੁਦ ਅੰਮ੍ਰਿਤਸਰ ਵਿਚ ਇਕ ਅਪਰਾਧੀ ਦੇ ਤੌਰ ਤੇ ਪੇਸ਼ ਹੋ ਕੇ ਬਿਨ੍ਹਾਂ ਚੂੰ-ਚਿਰਾਂ ਕੀਤੇ ਸਜ਼ਾ ਪ੍ਰਵਾਨ ਕੀਤੀ। ਸੰਨ 1809 ਵਿਚ ਮਹਾਰਾਜਾ ਅੰਗਰੇਜ਼ਾਂ ਨਾਲ ਅੰਮ੍ਰਿਤਸਰ ਦੀ ਸੰਧੀ ਕਰਨ ਦੇ ਹੱਕ ਵਿਚ ਬਹੁਤਾ ਨਹੀਂ ਸੀ ਤੇ ਅਜੇ ਕੁਝ ਡਾਵਾਂਡੋਲ ਸੀ ਪਰ ਜਦੋਂ ਉਸਦੇ ਮੁਸਲਮਾਨ ਵਿਦੇਸ਼ ਮੰਤਰੀ ਫਕੀਰ ਅਜ਼ੀਜ਼ੁਦੀਨ ਨੇ ਇਮਾਨ-ਦਾਰੀ ਨਾਲ ਆਪਣਾ ਵਿਚਾਰ ਇਸ ਤਰ੍ਹਾਂ ਦੀ ਸੰਧੀ ਦੇ ਹੱਕ ਵਿਚ ਪੇਸ਼ ਕੀਤਾ ਤਾਂ ਮਹਾਰਾਜਾ ਨੇ ਹਕੂਮਤ ਦੇ ਅਸੂਲਾਂ ਮੁਤਾਬਕ ਆਪਣੇ ਵਜ਼ੀਰ ਦੀ ਰਾਇ ਨੂੰ ਆਪਣੀ ਜ਼ਾਤੀ ਖਾਹਿਸ਼ ਤੋਂ ਉਤਾਂਹ ਥਾਂ ਦਿਤੀ।

ਇਹ ਸਹੀ ਹੈ ਕਿ ਮਹਾਰਾਜਾ ਖੁਦ ਕੇਂਦਰੀ ਸਰਕਾਰ ਹੋਣ ਦੇ ਨਾਤੇ ਇਹ ਪੂਰਾ ਹੱਕ ਰਖਦਾ ਸੀ ਕਿ ਉਹ ਕਿਸਦੇ ਨਾਲ ਸਲਾਹ ਮਸ਼ਵਰਾ ਕਰੇ ਤੇ ਕਿਸ ਦੇ ਨਾਲ ਨਾ ਕਰੇ ਪਰ ਚੰਗੇਰੀ ਹਕੂਮਤ ਚਲਾਉਣ ਲਈ ਅਖਤਿਆਰਾਂ ਦੀ ਵੰਡ ਜ਼ਰੂਰੀ ਹੋ ਜਾਂਦੀ ਹੈ। ਇਕ

ਦਿਮਾਗ ਦੀ ਥਾਂ ਤੇ ਕੁਝ ਚੰਗੇ ਦਿਮਾਗ ਮਿਲ ਕੇ ਜਿਹੜਾ ਕੰਮ ਕਰਦੇ ਹਨ ਉਹ ਲਾਭਦਾਇਕ ਹੋਇਆ ਕਰਦਾ ਹੈ । ਮਹਾਰਾਜਾ ਰਣਜੀਤ ਸਿੰਘ ਨੇ ਇਸ ਅਸੂਲ ਨੂੰ ਅਪਣਾਉਂਦੇ ਹੋਏ ਆਪਣੇ ਸਰਕਾਰੀ ਕਾਰੋਬਾਰ ਨੂੰ ਆਪਣੇ ਅਜ਼ਮਾਏ ਹੋਏ ਤੇ ਵਫ਼ਾਦਾਰ ਸਰਦਾਰਾਂ ਅਤੇ ਸਲਾਹਕਾਰਾਂ ਵਿਚ ਤਕਸੀਮ ਕਰ ਦਿਤਾ । ਉਹਦੇ ਚੰਦ ਇਕ ਖਾਸ ਮੰਤਰੀਆਂ ਦੇ ਨਾਂ ਇਹ ਸਨ : ਡੋਗਰਾ ਰਾਜਾ ਧਿਆਨ ਸਿੰਘ ਬਤੌਰ ਪ੍ਰਧਾਨ ਮੰਤਰੀ ਕੰਮ ਕਰਦਾ ਰਿਹਾ। ਉਸ ਦੀ ਮਦਦ ਉਹਦੇ ਭਰਾ ਗੁਲਾਬ ਸਿੰਘ ਤੇ ਸੁਚੇਤ ਸਿੰਘ ਕਰਦੇ ਰਹੇ ਜਿਹੜੇ ਆਪ ਵੀ ਤਕੜੇ ਤਕੜੇ ਦਰਬਾਰੀ ਸਨ। ਧਿਆਨ ਸਿੰਘ ਦੇ ਮਗਰੋਂ ਮੁਸਲਮਾਨ ਵਜ਼ੀਰ ਫਕੀਰ ਅਜ਼ੀਜ਼ੁਦੀਨ ਸ਼ਾਇਦ ਸਭ ਤੋਂ ਜ਼ਿਆਦਾ ਅਹਿਮ ਸਲਾਹਕਾਰ ਸੀ । ਮਹਾਰਾਜਾ ਵਿਦੇਸ਼ ਨੀਤੀ ਵਿਚ ਉਸ ਦੇ ਬਿਨਾਂ ਕਦਮ ਨਹੀਂ ਸੀ ਧਰਦਾ । ਅਜ਼ੀਜ਼ੁਦੀਨ ਦਾ ਭਰਾ ਫਕੀਰੁਦੀਨ ਵੀ ਵਡੇ ਅਹਿਲਕਾਰਾਂ ਵਿਚ ਸ਼ਾਮਲ ਸੀ। ਦੀਵਾਨ ਭਵਾਨੀ ਦਾਸ ਤੇ ਦੀਨਾ ਨਾਥ ਮਹਾਰਾਜਾ ਦੇ ਵਫ਼ਾਦਾਰ ਵਿੱਤ ਮੰਤਰੀ ਰਹੇ ਅਤੇ ਸਾਰਿਆਂ ਖਜ਼ਾਨਿਆਂ ਦੀਆਂ ਕੁੰਜੀਆਂ ਮਹਾਰਾਜੇ ਨੇ ਉਹਨਾਂ ਨੂੰ ਸੌਂਪ ਰਖੀਆਂ ਸਨ । ਦੀਵਾਨ ਮੁਹਕਮ ਚੰਦ, ਮਿਸਰ ਦੀਵਾਨ ਚੰਦ ਅਤੇ ਹਰੀ ਸਿਘ ਨਲੂਆ ਵਗੈਰਾ ਮਹਾਰਾਜਾ ਦੇ ਖਾਸ ਫੌਜੀ ਸਲਾਹਕਾਰਾਂ ਦਾ ਕੰਮ ਕਰਦੇ ਰਹੇ । ਮਹਾਰਾਜਾ ਦੀਆਂ ਫੌਜਾਂ ਨੂੰ ਯੂਰਪੀ ਤਰੀਕਿਆਂ ਤੇ ਤਿਆਰ ਕਰਨ ਦਾ ਕੰਮ ਯਹੂਦੀ ਫਰਾਂਸੀਸੀ ਜਰਨੈਲ ਰਿਬੱਨ ਵੈਨਤੀਉਰਾ, ਫ਼ਰਾਂਸੀਸੀ ਕਮਾਂਡਰ ਐਲਾਰ ਅਤੇ ਯੂਰਪੀ ਜਰਨੈਲ ਅਬੂਤਬੀਲ ਵਗੈਰਾ ਦੇ ਜ਼ਿੰਮੇ ਸੀ । ਪਰ ਇਹਨਾਂ ਵਿਦੇਸ਼ੀਆਂ ਤੇ ਪੂਰੀ ਨਿਗਰਾਨੀ ਵੀ ਰਖੀ ਜਾਂਦੀ ਸੀ । ਇਹਨਾਂ ਖਾਸ ਖਾਸ ਵਜ਼ੀਰਾਂ ਦੇ ਸਲਾਹਕਾਰਾਂ ਦੇ ਇਲਾਵਾ ਧਿਆਨ ਸਿੰਘ ਦੇ ਪੁਤਰ ਹੀਰਾ ਸਿੰਘ, ਦੇਸਾ ਸਿੰਘ ਮਜੀਠਾ ਤੇ ਉਸ ਦੇ ਪੁਤਰ ਲਹਿਣਾ ਸਿੰਘ, ਚਤਰ ਸਿਘ ਅਤੇ ਸ਼ਾਮ ਸਿੰਘ ਅਟਾਰੀ ਵਾਲੇ, ਦੀਵਾਨ ਸਾਵਨ ਮਲ ਅਤੇ ਜਮਾਂਦਾਰ ਖੁਸ਼ਹਾਲ ਸਿੰਘ ਤੇ ਉਸ ਦੇ ਭਤੀਜੇ ਤੇਜ ਸਿੰਘ, ਇਲਾਹੀ ਬਖਸ਼, ਦੀਵਾਨ ਮੋਤੀ ਰਾਮ ਦੀਵਾਨ ਗੰਗਾ ਰਾਮ, ਮਿਸਰ ਬੇਲੀ ਰਾਮ, ਭਾਈ ਵਸਤੀ ਰਾਮ ਤੇ ਉਹਨਾਂ ਦੇ ਸਪੁਤਰ ਭਾਈ ਗੋਬਿੰਦ ਰਾਮ ਤੇ ਭਾਈ ਰਾਮ ਸਿੰਘ ਵਗੈਰਾ ਵਗੈਰਾ ਦੇ ਨਾਂ ਗਿਣੇ-ਮਿਣੇ ਅਹਿਲਕਾਰਾਂ ਵਿਚ ਲਏ ਜਾ ਸਕਦੇ ਹਨ । ਇਹਨਾਂ ਸਭ ਦੇ ਜ਼ਿੰਮੇ ਖਾਸ ਡਿਊਟੀਆਂ ਸਨ। ਰਣਜੀਤ ਸਿੰਘ ਆਪ ਕੋਈ ਅਣਜਾਣ ਨਹੀਂ ਸੀ ਨਾ ਹੀ ਉਹ ਸਿਰਫ ਆਯਾਸ਼ ਲਠ-ਮਾਰ ਸੀ। ਹਰ ਕੰਮ ਵਿਚ ਉਹ ਆਪ ਦਿਲਚਸਪੀ ਲੈਂਦਾ ਸੀ । ਹਰ ਹਾਲ ਦੀ ਤਫਸੀਲ ਜਾਣਦਾ ਸੀ। ਉਹ ਨੂੰ ਧੋਖਾ ਦੇਣਾ ਅਸਾਨ ਨਹੀਂ ਸੀ । ਉਹਦਾ ਦਬਦਬਾ ਮੰਨਿਆ ਹੋਇਆ ਸੀ। ਇਸ ਲਈ ਹਰ ਫੈਸਲੇ ਵਿਚ ਉਹਦੀ ਆਪਣੀ ਜ਼ਾਤੀ ਸ਼ਖਸ਼ੀਅਤ ਦਾ ਚੋਖਾ ਅੰਸ਼ ਹੋਇਆ ਕਰਦਾ ਸੀ।

ਸੰਨ 1809 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਹੁਕਮ ਅਨੁਸਾਰ ਦੀਵਾਨ ਭਵਾਨੀ ਦਾਸ ਨੇ ਕੇਂਦਰੀ ਪ੍ਰਬੰਧ ਨੂੰ ਵਖੋਂ ਵਖ ਭਾਗਾਂ ਵਿਚ ਵੰਡ ਦਿਤਾ। ਕੇਂਦਰੀ ਸਰਕਾਰ ਦੇ ਕੁਝ ਅਹਿਮ ਮਹਿਕਮੇ ਜਾਂ ਵਿਭਾਗ ਇਸ ਪ੍ਰਕਾਰ ਵੰਡੇ ਹੋਏ ਸਨ, ਦਫਤਰ ਅਬਵਾਬ, ਮਾਲ ਦਫਤਰ ਤੌਜ਼ੀਰਾਤ ਦਫਤਰ ਮਵਾਜਿਬ; ਦਫਤਰ ਰੋਜ਼ਨਾਮਚਾ ਖਰਚ ।

ਦਫਤਰ ਅਬਵਾਬ ਮਾਲ ਵਿਚ ਸਾਰੇ ਰਾਜ ਦੀ ਆਮਦਨ ਤੇ ਆਮਦਨ ਦੇ ਵਖੋ ਵਖ ਜ਼ੁਮਰਿਆਂ ਦਾ ਲੇਖਾ ਰਖਿਆ ਜਾਂਦਾ ਸੀ। ਦਫਤਰ ਤੋਜ਼ੀਰਾਤ ਵਿਚ ਸ਼ਾਹੀ ਮਹਲਾਂ ਤੇ ਦਰਬਾਰ ਵਗੈਰਾ ਦੇ ਖਰਚੇ ਦਾ ਸਾਰਾ ਹਿਸਾਬ-ਕਿਤਾਬ ਰਖਿਆ ਜਾਂਦਾ ਸੀ। ਸ਼ਾਹੀ ਤੋਸ਼ਾਖਾਨਾ ਅਤੇ ਜ਼ਨਾਨਾ ਮਹੱਲ ਵਗੈਰਾ ਦੀ ਸਾਰੀ ਖਰੀਦੋ ਫਰੋਖਤ ਅਤੇ ਖਰਚਿਆਂ ਦਾ ਵਹੀ ਖਾਤਾ ਇਹੋ ਮਹਿਕਮਾ ਰਖਦਾ ਸੀ। ਮਹਿਕਮਾ ਮਵਾਜਿਬ ਕੋਲ ਫੋਜ, ਸਰਕਾਰੀ ਮੁਲਾਜ਼ਮਾਂ ਤੇ ਦਫਤਰਾਂ ਵਗੈਰਾ ਦੇ ਖਰਚਿਆਂ ਦਾ ਲੇਖਾ ਰਹਿੰਦਾ ਸੀ। ਰੋਜ਼ਾਨਾ ਦੇ ਖਰਚ ਦਾ ਹਿਸਾਬ-ਕਿਤਾਬ ਮਹਿਕਮਾ ਰੋਜ਼ਨਾਮਚਾ ਖਰਚ ਮੁਲਾਜ਼ਮਾਂ ਦੇ ਕੋਲ ਰਹਿੰਦਾ ਸੀ ਤੇ ਬਾਕਾਇਦਾ ਰਜਿਸਟਰ ਵਿਚ ਦਰਜ ਕੀਤਾ ਜਾਂਦਾ ਸੀ। ਇਸ ਤਰ੍ਹਾਂ ਅਮਲੀ ਤੌਰ ਤੇ ਮਹਾਰਾਜੇ ਦੇ ਰਾਜ ਪ੍ਰਬੰਧ ਦੇ ਖਰਚੇ ਦੇ ਉਪਰ ਪੂਰਾ ਕੰਟਰੋਲ ਕਰਨ ਦਾ ਸਾਧਨ ਕਾਇਮ ਸੀ।

· ਨਿਜ਼ਾਮੀ ਸਹੂਲਤਾਂ ਵਾਸਤੇ ਰਣਜੀਤ ਸਿੰਘ ਨੇ ਆਪਣੀ ਰਿਆਸਤ ਨੂੰ ਚਾਰ ਸੂਬਿਆਂ ਵਿਚ ਵੰਡਿਆ ਹੋਇਆ ਸੀ। ਸੂਬਾ ਲਾਹੌਰ, ਸੂਬਾ ਕਸ਼ਮੀਰ ਜਨਤ-ਨਜ਼ੀਰ, ਸੂਬਾ ਮੁਲਤਾਨ ਚਾਰ ਉਲ-ਅਮਨ, ਤੇ ਸੂਬਾ ਪਿਸ਼ਾਵਰ। ਮਹਾਰਾਜਾ ਦੇ ਖਾਸ ਭਰੋਸੇ ਵਾਲੇ ਆਦਮੀ ਹੀ ਇਹਨਾਂ ਸੂਬਿਆਂ ਦੇ ਇੰਤਜ਼ਾਮ ਲਈ ਨਾਜ਼ਿਮ ਬਣਾ ਕੇ ਭੇਜੇ ਜਾਂਦੇ ਸਨ। ਜਦੋਂ ਮੁਲਤਾਨ ਨੂੰ ਚੋਖੀ ਮਿਹਨਤ ਮਗਰੋਂ ਫਤਹਿ ਕਰ ਲਿਤਾ ਗਿਆ ਤਾਂ ਉਥੋਂ ਦੇ ਲੋਕਾਂ ਵਿਚ ਭਰੋਸਾ ਕਾਇਮ ਕਰਨ ਲਈ ਰਣਜੀਤ ਸਿੰਘ ਨੇ ਆਪਣੇ ਸਭ ਤੋਂ ਕਾਬਲ ਅਹਿਲਕਾਰ ਸੁੱਖਦਿਆਲ ਖਤਰੀ ਨੂੰ ਉਥੇ ਭੇਜਿਆ ਤੇ ਉਸ ਦੇ ਮਗਰੋ ਦੀਵਾਨ ਸਾਵਣ ਮੱਲ ਨੂੰ। ਸਾਵਣ ਮੱਲ ਦੇ ਚੰਗੇ ਇੰਤਜ਼ਾਮ ਕਾਰਨ ਏਥੇ ਐਡਾ ਅਮਨ ਕਾਇਮ ਹੋਇਆ ਕਿ ਲੋਕ ਮੁਲਤਾਨ ਨੂੰ ਦਾਰ-ਉਲ-ਅਮਨ ਯਾਨਿ ਅਮਨ ਦਾ ਘਰ ਕਹਿਣ ਲਗ ਪਏ। ਖੁਦ ਅੰਗਰੇਜ਼ਾਂ ਨੇ ਵੀ ਦੀਵਾਨ ਸਾਵਣ ਮੱਲ ਦੇ ਮਿਸਾਲੀ ਇੰਤਜ਼ਾਮ ਦੀ ਬੜੀ ਤਾਰੀਫ ਕੀਤੀ ਹੈ। 'ਚਹਾਰ ਬਾਗ਼ ਪੰਜਾਬ' ਵਿਚ ਗਣੇਸ਼ ਦਾਸ ਵਡਹੇਰਾ ਨੇ ਤਾਂ ਦੀਵਾਨ ਸਾਵਣ ਮੱਲ ਦੇ ਕਸੀਦੇ ਗਾਉਣ ਵਿਚ ਕੋਈ ਕਸਰ ਹੀ ਨਹੀਂ ਛੱਡੀ। ਕਸ਼ਮੀਰ ਨੂੰ ਰਾਜ ਵਿਚ ਮਿਲਾ ਲੈਣ ਮਗਰੋਂ ਦੀਵਾਨ ਮੋਹਕਮ ਚੰਦ ਦੇ ਪੁਤਰ ਮੋਤੀ ਰਾਮ ਨੂੰ ਉਥੇ ਦਾ ਨਾਜ਼ਿਮ ਬਣਾ ਦਿਤਾ ਗਿਆ। ਪਿਸ਼ਾਵਰ ਦੀ ਫਤਿਹ ਮਗਰੋਂ ਹਰੀ ਸਿੰਘ ਨਲੂਆ ਨੂੰ ਇਥੋਂ ਦਾ ਸ਼ਾਸਕ ਬਣਾ ਦਿਤਾ ਗਿਆ। ਮਹਾਰਾਜਾ ਇਹਨਾਂ ਸਾਰੇ ਸੂਬਿਆਂ ਦੇ ਪ੍ਰਬੰਧ ਉਤੇ ਆਪ ਵੀ ਨਜ਼ਰ ਰਖਦਾ ਸੀ। ਮਹਾਰਾਜੇ ਨੂੰ ਲਾਹੌਰ ਅਤੇ ਮੁਲਤਾਨ ਦੇ ਨਾਜ਼ਿਮਾਂ ਬਾਰੇ ਤਾਂ ਚੰਗੀਆਂ ਖਬਰਾਂ ਮਿਲਦੀਆਂ ਰਹੀਆਂ ਪਰ ਜਦੋਂ ਕਸ਼ਮੀਰ ਤੇ ਪਿਸ਼ਾਵਰ ਬਾਰੇ ਉਹਨੂੰ ਕੁਝ ਸ਼ਕਾਇਤਾਂ ਪੁਜੀਆਂ ਤਾਂ ਉਸ ਨੇ ਉਸ ਦੇ ਉਥੋਂ ਦੇ ਹਾਕਮਾਂ ਦੇ ਕੰਨ ਚੰਗੀ ਤਰ੍ਹਾਂ ਖਿਚੇ।

ਲਾਹੌਰ ਦਰਬਾਰ ਜਾਂ ਰਣਜੀਤ ਸਿੰਘ ਦੀ ਆਜ਼ਾਦ ਰਿਆਸਤ ਦੀ ਰਾਜਧਾਨੀ ਲਾਹੌਰ ਸ਼ਹਿਰ ਹੋਣ ਕਾਰਨ ਇਥੋਂ ਦੇ ਰਾਜ ਪ੍ਰਬੰਧ ਵਲ ਚੋਖਾ ਧਿਆਨ ਦਿਤਾ ਜਾਂਦਾ ਰਿਹਾ। ਇਸ ਸ਼ਹਿਰ ਨੂੰ ਕਈ ਮਹਲਿਆਂ ਵਿਚ ਵੰਡਿਆ ਹੋਇਆ ਸੀ। ਉਹੋ ਹੀ ਆਪਣੇ ਮੁਹੱਲੇ ਵਿਚ ਅਮਨ ਅਮਾਨ ਕਾਇਮ ਰਖਣ ਦਾ ਜ਼ਿੰਮੇਵਾਰ ਹੁੰਦਾ ਸੀ। ਉਸ ਦੀ ਮਦਦ ਲਈ ਕੋਤਵਾਲ ਪੁਲਿਸ ਹਰ ਵੇਲੇ ਤਿਆਰ ਰਹਿੰਦਾ ਸੀ। ਰਣਜੀਤ ਸਿੰਘ ਵੇਲੇ ਲਾਹੌਰ ਦਾ ਪੁਲਿਸ ਦਾ

ਪੁਲਿਸ ਕੋਤਵਾਲ ਹਮੇਸ਼ਾਂ ਮੁਸਲਮਾਨ ਹੀ ਹੁੰਦਾ ਰਿਹਾ। ਇਸ ਤੋਂ ਵੀ ਇਹ ਸਿੱਧ ਹੁੰਦਾ ਹੈ ਕਿ ਰਣਜੀਤ ਸਿੰਘ ਸਿੱਖੀ ਦੇ ਅਸੂਲ ਤੇ ਕਾਇਮ ਰਹਿੰਦਿਆਂ ਹੋਇਆਂ ਮਜ਼੍ਹਬ ਦੇ ਨਾਂ ਤੇ ਕਿਸੇ ਨਾਲ ਵੀ ਧੱਕਾ ਸ਼ਾਹੀ ਨਹੀਂ ਸੀ ਕਰਦਾ। ਰਣਜੀਤ ਸਿੰਘ ਵੇਲੇ ਲਾਹੌਰ ਦਾ ਇਕ ਕੋਤਵਾਲ ਇਮਾਮ ਬਖਸ਼ ਤਾਂ ਖਾਸ ਹੀ ਮਸ਼ਹੂਰ ਹੋਇਆ। ਉਹਨੂੰ ਲੋਕ ਮਖੌਲ ਤੇ ਪਿਆਰ ਨਾਲ "ਖਰ ਸਵਾਰ" ਕਹਿੰਦੇ ਸਨ । ਕਿਉਂਕਿ ਉਸ ਦੀ ਛੋਟੀ ਜਿਹੀ ਘੋੜੀ ਜਿਸ ਦੇ ਉਤੇ ਬਹਿ ਕੇ ਉਹ ਸ਼ਹਿਰ ਦੀ ਗਸ਼ਤ ਤੇ ਨਿਕਲਦਾ ਸੀ ਬਿਲਕੁਲ ਗਧੇ ਵਰਗੀ ਲਗਦੀ ਸੀ। ਲਾਹੌਰ ਵਿਚ ਕਿਉਂਕਿ ਮੁਸਲਮਾਨ ਕਾਫੀ ਵਸਦੇ ਸਨ ਇਸ ਲਈ ਮਹਾਰਾਜਾ ਰਣਜੀਤ ਸਿੰਘ ਉਹਨਾਂ ਲਈ ਮੁਸਲਿਮ ਕਾਨੂੰਨ ਦੇ ਮੁਤਾਬਿਕ ਫੈਸਲਿਆਂ ਲਈ ਮੁਸਲਮਾਨ ਕਾਜ਼ੀ ਵੀ ਮੁਕਰੱਰ ਕੀਤਾ ਹੋਇਆ ਸੀ।


ਇਹ ਠੀਕ ਹੈ ਕਿ ਹਾਲ ਅਤੇ ਜ਼ਮਾਨੇ ਦੇ ਮੁਤਾਬਕ ਉਸ ਵੇਲੇ ਨਾ ਤੇ ਬਹੁਤੀ ਦਸਤ-ਕਾਰੀ ਹੀ ਆਮਦਨ ਦਾ ਕੋਈ ਖਾਸ ਜ਼ਰੀਆ ਸੀ ਅਤੇ ਨਾ ਹੀ ਕੋਈ ਹੋਰ ਸਾਧਨ ਪੈਸਾ ਇਕੱਠਾ ਕਰਨ ਲਈ ਮੌਜੂਦ ਸਨ। ਰਾਜ ਪ੍ਰਬੰਧ ਤੇ ਲੜਾਈਆਂ ਲਈ ਫੌਜ ਤਿਆਰ ਰਖਣ ਵਾਸਤੇ ਪੈਸੇ ਦੀ ਖਾਸ ਲੋੜ ਸੀ। ਰਣਜੀਤ ਸਿੰਘ ਵੇਲੇ ਜ਼ਮੀਨ ਦਾ ਮਾਲੀਆ ਹੀ ਸਭ ਤੋਂ ਵੱਡਾ ਆਮਦਨ ਦਾ ਜ਼ਰੀਆ ਸੀ। ਕੁਝ ਅੰਕੜਿਆਂ ਅਨੁਸਾਰ ਰਣਜੀਤ ਸਿੰਘ ਦੀ ਆਮਦਨ ਲਗਪਗ 2,50,00,000 ਰੁਪਇਆ ਸਾਲਾਨਾ ਹੁੰਦੀ ਸੀ। ਇਸ ਦੇ ਵਿਚੋਂ 1,75,00,000 ਰੁਪਇਆ ਤਾਂ ਜ਼ਮੀਨ ਦੇ ਮਾਲਿਆਣੇ ਤੋਂ ਹੀ ਆ ਜਾਂਦਾ ਸੀ।

ਇਨਸਾਫ ਦੇ ਤਰੀਕੇ ਨੂੰ ਰਣਜੀਤ ਸਿੰਘ ਨੇ ਤਕਰੀਬਨ ਪਹਿਲੇ ਵਾਂਗ ਹੀ ਕਾਇਮ ਰਖੀ ਰਖਿਆ। ਜੁਰਮਾਨੇ ਤੇ ਨਜ਼ਰਾਨੇ ਲਏ ਜਾਂਦੇ ਰਹੇ। ਸਰਕਾਰੀ ਕਚਹਿਰੀਆਂ ਇਸ ਤਰ੍ਹਾਂ ਸਰਕਾਰੀ ਆਮਦਨ ਵਿਚ ਵਾਧੇ ਦਾ ਵੀ ਸਬੱਬ ਬਣ ਗਈਆਂ। ਪਰ ਇਹ ਗਲ ਸਲਾਹੁਣਯੋਗ ਹੈ ਕਿ ਰਣਜੀਤ ਸਿੰਘ ਇਨਸਾਫ ਦੇ ਮਾਮਲੇ ਵਿਚ ਕੋਈ ਰੌ-ਰਿਆਇਤ ਨਹੀਂ ਸੀ ਕਰਦਾ। ਲੋਕ ਮਖੌਲ ਨਾਲ ਅੱਜ ਵੀ ਇਹੋ ਕਹਿੰਦੇ ਹਨ ਕਿ ਰਣਜੀਤ ਸਿੰਘ ਹਰ ਇਕ ਨੂੰ ਸੱਚ ਮੁੱਚ ਇਕ ਅੱਖ ਨਾਲ ਹੀ ਵੇਖਦਾ ਸੀ। ਕਚਹਿਰੀਆਂ ਕਈ ਨਮੂਨਿਆਂ ਦੀਆਂ ਸਨ। ਪੰਚਾਇਤਾਂ ਦੇ ਇਲਾਵਾ ਨਾਜ਼ਿਮ ਤੇ ਕਾਰਦਾਰ ਵੀ ਮੁਕੱਦਮਿਆਂ ਤੇ ਅਪੀਲਾਂ ਦੇ ਫੈਸਲੇ ਕਰਨ ਦੇ ਜ਼ਿੰਮੇਵਾਰ ਸਨ। ਸਾਰਿਆਂ ਦੇ ਉਪਰ ਲਾਹੌਰ ਵਿਚ ਅਦਾਲਤ-ਏ-ਆਲਾ ਸੀ ਜਿਹੜੀ ਅਪੀਲਾਂ ਵੀ ਸੁਣਦੀ ਸੀ ਤੇ ਕਈ ਵਾਰ ਆਪੋ ਆਪ ਵੀ ਮੁਕੱਦਮਿਆਂ ਦਾ ਫੈਸਲਾ ਕਰਦੀ ਸੀ। ਲਾਹੌਰ ਦੀ ਅਦਾਲਤ-ਏ-ਆਲਾ ਦੇ ਇਲਾਵਾ ਅੰਮ੍ਰਿਤਸਰ, ਪਿਸ਼ਾਵਰ ਤੇ ਮੁਲਤਾਨ ਵਗੈਰਾ ਵਿਚ ਸੂਬਾਈ ਅਦਾਲਤਾਂ ਵੀ ਸਨ। ਜਾਗੀਰਦਾਰੀ ਇਲਾਕਿਆਂ ਵਿਚ ਇਹ ਕੰਮ ਜਾਗੀਰਦਾਰਾਂ ਦੇ ਆਪਣੇ ਜ਼ਿੰਮੇ ਹੀ ਸੀ। ਇਲਾਕੇ ਦੇ ਰਸਮ ਰਿਵਾਜ ਦਾ ਇਨਸਾਫ ਕਰਨ ਵੇਲੇ ਖਾਸ ਧਿਆਨ ਰਖਿਆ ਜਾਂਦਾ ਸੀ। ਫੌਜਦਾਰੀ ਅਦਾਲਤਾਂ ਵਿਚ ਦਿਤੀ ਸਜ਼ਾ ਨੂੰ ਕਈ ਵਾਰੀ ਜੁਰਮਾਨੇ ਦੇ ਕੇ ਮੁਆਫ ਕਰਾਇਆ ਜਾ ਸਕਦਾ ਸੀ। ਉਸ ਜ਼ਮਾਨੇ ਦੀ ਹਾਲਾਤ ਨੂੰ ਏਖਦਿਆ ਹੋਇਆਂ ਸ਼ਾਇਦ ਇਹੋ ਤਰੀਕਾ ਚੰਗਾ ਸੀ, ਚਾਹੇ ਅਜ ਕਲ੍ਹ ਦੇ ਖਿਆਲਾਂ ਮੁਤਾਬਕ ਰਣਜੀਤ ਸਿੰਘ ਦਾ ਕਾਨੂੰਨ ਪ੍ਰਬੰਧ ਚੋਖਾ ਚੰਗਾ ਨਾ ਵੀ ਜਾਪਦਾ ਹੋਵੇ। □

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਅਗਨ ਸ਼ਸਤਰ

—ਡਾ: ਫੌਜਾ ਸਿੰਘ

ਅਗਨ-ਸ਼ਸਤਰ ਅਤੇ ਗੋਲਾ-ਬਾਰੂਦ ਬਨਾਉਣ ਦੀ ਕਲਾ ਸਭ ਤੋਂ ਪਹਿਲਾਂ ਮੁਗਲ-ਵੰਸ਼ ਦੇ ਬਾਨੀ ਬਾਬਰ ਰਾਹੀਂ ਭਾਰਤ ਵਿਚ ਪ੍ਰਫੁਲਤ ਹੋਈ। ਉਹ ਮੱਧ ਏਸ਼ੀਆ ਵਿਚੋਂ ਆਪਣੇ ਨਾਲ ਤੋਪਾਂ ਬਨਾਉਣ ਵਾਲੇ ਅਤੇ ਉਹਨਾਂ ਦਾ ਪ੍ਰਬੰਧ ਤੇ ਮੁਰੰਮਤ ਕਰਨ ਵਾਲੇ ਬਹੁਤ ਸਾਰੇ ਤਕਨੀਕੀ ਵਿਅਕਤੀ ਲੈ ਕੇ ਆਇਆ ਜੋ ਭਾਰਤੀ ਲੜਾਈਆਂ ਵਿਚ ਉਸ ਦੇ ਕੰਮ ਆਉਣੇ ਸਨ। ਉਸਤਾਦ ਕੁਲੀ ਖ਼ਾਨ ਦੇ ਯੋਗ ਨਿਰਦੇਸ਼ਨ ਵਿਚ ਆਗਰਾ ਵਿਖੇ ਤੋਪ ਨਿਰਮਾਣ ਦੀ ਸਥਾਪਨਾ ਕਰ ਕੇ ਬਾਬਰ ਨੇ ਭਾਰਤ ਵਿਚ ਤੋਪ ਨਿਰਮਾਣ ਦੀ ਨੀਂਹ ਰੱਖੀ। ਮਾੜੀ ਕਿਸਮਤ ਨਾਲ ਬਾਅਦ ਦੇ ਮੁਗਲ ਸ਼ਾਸਕ ਇਸ ਕਲਾ ਨੂੰ ਅੱਗੇ ਨਾ ਵਧਾ ਸਕੇ। ਸਿੱਟੇ ਵਜੋਂ ਮੁਗਲਾਂ ਦੀਆਂ ਤੋਪਾਂ ਵਿਅਰਥ ਹੋਣ ਲੱਗੀਆਂ। ਇਸ ਤੋਂ ਇਲਾਵਾ ਮੁਗਲ ਸ਼ਾਸਕ ਵਿਦੇਸ਼ੀ ਪ੍ਰਬੰਧ ਅਤੇ ਮਾਹਿਰਾਂ ਤੇ ਨਿਰਭਰ ਸਨ। ਅਠਾਰਵੀਂ ਸਦੀ ਦੇ ਅੱਧ ਵਿਚ ਉਹਨਾਂ ਦੇ ਯੂਰਪੀ ਵਿਰੋਧੀਆਂ ਦੇ ਵਧੀਆ ਸ਼ਸਤਰਾਂ ਦੇ ਸਾਹਮਣੇ ਉਹਨਾਂ ਨੂੰ ਆਪਣੇ ਸ਼ਸਤਰਾਂ ਦੀਆਂ ਕਮਜ਼ੋਰੀਆਂ ਦਾ ਪਤਾ ਨਾ ਲਗਿਆ ਅਤੇ ਨਾ ਹੀ ਭਾਰਤੀ ਰਾਜਿਆਂ ਨੂੰ ਆਪਣੀਆਂ ਤੋਪਾਂ ਦਾ ਵਿਕਾਸ ਅਤੇ ਉਹਨਾਂ ਦੀ ਮੁਰੰਮਤ ਕਰਨ ਲਈ ਤੁਰੰਤ ਸਹਾਇਤਾ ਹੀ ਮਿਲੀ। ਟੀਪੂ ਅਤੇ ਮਹਾਰਾਜਾ ਸਿੰਧੀਆ ਵਰਗੇ ਰਾਜਿਆਂ ਨੇ ਕੁਝ ਤਜਰਬੇ ਕਰਨ ਦੀ ਕੋਸ਼ਿਸ਼ ਕੀਤੀ ਤਾਂ ਜੋ ਆਪਣੀਆਂ



ਕੁਝ ਰੈਜਮੈਂਟਾਂ ਦੇ ਤੋਪਖਾਨੇ ਅਤੇ ਸ਼ਸਤਰ ਸੈਨਾ ਨੂੰ ਯੂਰਪੀ ਫੌਜਾਂ ਦੀ ਯੁਧ ਨੀਤੀ ਦੇ ਢੰਗਾਂ ਅਨੁਸਾਰ ਸਿਖਿਆ ਦਿਤੀ ਅਤੇ ਅਨੁਸ਼ਾਸ਼ਨ-ਬੱਧ ਕੀਤਾ ਜਾ ਸਕੇ। ਪਰ ਕੁਝ ਹਦ ਤਕ ਸਫਲ ਹੋਣ ਤੋਂ ਬਾਅਦ ਅੰਤ ਵਿਚ ਇਹ ਤਜਰਬੇ ਅਸਫਲ ਰਹੇ ਕਿਉਂਕਿ ਆਪਣੇ ਸ਼ਸਤਰਾਂ ਦੇ ਵਿਕਾਸ ਅਤੇ ਨਿਰਮਾਣ ਦੀ ਤਕਨੀਕ ਵਲ ਪੂਰਾ ਧਿਆਨ ਨਾ ਦੇਣ ਕਰ ਕੇ ਹੋਈ ਅਸਫ਼ਲਤਾ ਦੇ ਕਾਰਨ ਉਹ ਆਤਮ-ਨਿਰਭਰ ਅਤੇ ਆਤਮ-ਵਿਸ਼ਵਾਸ ਪ੍ਰਾਪਤ ਨਾ ਕਰ ਸਕੇ।



ਲਗਪਗ ਅੱਧੀ ਸਦੀ ਦੇ ਬਾਅਦ ਇਹਨਾਂ ਤਜਰਬਿਆਂ ਦੀ ਅਸਫਲਤਾ ਦੇ ਕਾਰਨਾਂ ਨੂੰ ਰਣਜੀਤ ਸਿੰਘ ਨੇ ਵੇਖਿਆ। ਉਸ ਨੇ ਅਨੁਭਵ ਕੀਤਾ ਕਿ ਜਦੋਂ ਤਕ ਭਾਰਤੀਆਂ ਕੋਲ ਲੋੜੀਂਦੀ ਸ਼ਸਤਰ ਨਿਰਮਾਣ ਅਤੇ ਵਿਕਸਤ ਸ਼ਸਤਰ ਨਹੀਂ ਹੋਣਗੇ, ਉਦੋਂ ਤਕ ਬਰਤਾਨੀਆਂ ਵਰਗੀ ਸੰਗਠਤ ਲੜਾਕੂ ਮਸ਼ੀਨਰੀ ਦੀ ਵੰਗਾਰ ਦਾ ਸਾਹਮਣਾ ਨਹੀਂ ਕੀਤਾ ਜਾ ਸਕਦਾ। ਉਸ ਸਮੇਂ ਤੋਂ ਉਨ੍ਹਾਂ ਨੇ ਵਿਕਸਤ ਢੰਗ ਦੀ ਵਰਕਸ਼ਾਪ ਦੀ ਸਥਾਪਨਾ ਅਤੇ ਮਹਾਨ ਸ਼ਸਤਰਾਂ ਦੀ ਆਤਮ-ਨਿਰਭਰਤਾ ਦੇ ਸਵਾਲ ਨੂੰ ਪਹਿਲ ਦਿਤੀ। ਉਨ੍ਹਾਂ ਨੇ ਨਾ-ਕੇਵਲ ਦੇਸ਼ ਵਿਚ ਉਪਲਬਧ ਹਰ ਪ੍ਰਕਾਰ ਦੀ ਤਕਨੀਕੀ ਨਿਪੁੰਨਤਾ ਦੀ ਵਰਤੋਂ ਕੀਤੀ ਸਗੋਂ ਬਾਹਰੋਂ ਆਏ ਨਿਪੁੰਨ ਅਤੇ ਯੋਗ ਬਰਤਾਨਵੀ ਕਾਰੀਗਰਾਂ ਰਾਹੀਂ ਵੀ ਸੈਨਾ ਦੇ ਵਖ ਵਖ ਵਿਭਾਗਾਂ ਜਿਵੇਂ ਕਿ ਪ੍ਰਬੰਧਕੀ ਅਤੇ



ਸੰਗਠਨਾਤਮਕ ਮਾਮਲਿਆਂ ਵਿਚ ਤਕਨੀਕ ਨੂੰ ਵਿਕਸਤ ਕਰਨ ਦੀ ਕੋਸ਼ਿਸ਼ ਵੀ ਕੀਤੀ ਅਤੇ ਆਪਣੇ ਆਦਮੀਆਂ ਨੂੰ ਵਜ਼ੀਫੇ ਦੇ ਕੇ ਲੁਧਿਆਣਾ ਵਿਚ ਬਰਤਾਨਵੀ ਢੰਗ ਦੀ ਸਿਖਿਆ ਲਈ ਭੇਜਿਆ। ਏਸੇ ਲਈ ਉਸ ਨੇ ਗਾਰਡਨਰ, ਅਬੂਤਬੀਲ ਅਤੇ ਹੋਨਿੰਗਬਰਗਰ ਵਰਗੇ ਵਿਦੇਸ਼ੀ ਮਾਹਿਰਾਂ ਨੂੰ ਆਪਣੇ ਰਾਜ ਵਿਚ ਭਰਤੀ ਕੀਤਾ। ਇਹ ਵਰਨਣਯੋਗ ਹੈ ਕਿ ਲਗਭਗ ਹਰ ਪ੍ਰਕਾਰ ਦੇ ਸ਼ਸਤਰ ਅਤੇ ਗੋਲਾ-ਬਾਰੂਦ ਜੋ ਰਣਜੀਤ ਸਿੰਘ ਦੀ ਸੈਨਾ ਲਈ ਜ਼ਰੂਰੀ ਸੀ, ਉਹਨਾਂ ਦੀ ਮੁਰੰਮਤ ਅਤੇ ਨਿਰਮਾਣ ਆਪਣੀ ਹੀ ਰਾਜਧਾਨੀ ਦੀਆਂ ਵਰਕਸ਼ਾਪਾਂ, ਕੰਮ ਦੇ ਕੇਂਦਰਾਂ ਅਤੇ ਅਸਲਾ ਫੈਕਟਰੀਆਂ ਵਿਚ ਕੀਤਾ ਜਾਂਦਾ ਸੀ। ਇਸ ਸਬੰਧ ਵਿਚ ਰਣਜੀਤ ਸਿੰਘ ਦੇ ਯਤਨਾਂ ਦੀ ਸਫਲਤਾ ਇਸ ਸਚਾਈ ਤੋਂ ਜਾਣੀ ਜਾ ਸਕਦੀ ਹੈ ਕਿ ਐਂਗਲੋ-ਸਿੱਖ ਲੜਾਈਆਂ ਸਮੇਂ ਬਰਤਾਨਵੀ ਸੈਨਾਪਤੀ ਲਾਰਡ ਗਫ ਦਵਾਰਾ ਸਿੱਖਾਂ ਦੀਆਂ ਤੋਪਾਂ ਨੂੰ ਬਰਤਾਨਵੀ ਸ਼ਸਤਰਾਂ ਦੇ ਬਰਾਬਰ ਸ਼ਾਹੀ ਸਨਮਾਨ ਦਿਤਾ ਗਿਆ। ਸਿਖਾਂ ਵਲੋਂ ਦੂਰ ਤਕ ਮਾਰ ਕਰਨ ਵਾਲੀਆਂ ਤੋਪਾਂ ਦਾ ਨਿਰਮਾਣ ਸੰਭਵ ਨਹੀਂ ਸੀ ਪਰ ਅਜਿਹਾ ਉੱਚ ਪੱਧਰੀ ਵਿਕਸਤ ਤਕਨੀਕ ਨਾਲ ਸੰਭਵ ਹੋ ਗਿਆ।

ਹੇਠ ਲਿਖੇ ਕੁਝ ਤੱਥਾਂ ਤੋਂ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿਚ ਅਗਨ-ਸ਼ਸਤਰਾਂ ਅਤੇ ਗੋਲਾ-ਬਾਰੂਦ ਦੀ ਨਿਰਮਾਣ ਕਲਾ ਦਾ ਪਤਾ ਲਗਦਾ ਹੈ:—

ਸ਼ੋਰਾ

ਅਸੀਂ ਸ਼ੋਰੇ ਦੇ ਉਤਪਾਦਨ ਤੋਂ ਸ਼ੁਰੂ ਕਰ ਸਕਦੇ ਹਾਂ। ਇਹ ਤੋਪ ਦਾ ਗੋਲਾ ਬਨਾ-ਉਣ ਦੇ ਪਾਊਡਰ ਦਾ ਵਿਸ਼ੇਸ਼ ਭਾਗ ਹੁੰਦਾ ਸੀ ਜੋ ਪੰਜਾਬ ਦੇ ਇਕ ਵਡੇ ਹਿੱਸੇ ਵਿਚ ਤਿਆਰ ਕੀਤਾ ਜਾਂਦਾ ਸੀ। ਇਹ ਕੱਲਰੀ ਜ਼ਮੀਨ ਵਿਚੋਂ ਕਢਿਆ ਜਾਂਦਾ ਸੀ। ਇਸ ਨੂੰ ਤਿਆਰ ਕਰਨ ਦੇ ਦੋ ਮੁਖ ਤਰੀਕੇ ਸਨ। ਪਹਿਲਾ ਤਰੀਕਾ ਏਨਾ ਪ੍ਰਚਲਤ ਨਹੀਂ ਸੀ। ਇਸ ਤਰੀਕੇ ਦੀ ਵਰਤੋਂ ਸਿਸ-ਜਿਹਲਮ ਇਲਾਕੇ ਵਿਚ ਹੁੰਦੀ ਸੀ। ਏਥੇ ਇਕ ਤੰਗ ਲੰਬੀ ਖਾਈ ਬਣਾਈ ਗਈ ਸੀ ਇਸ ਨੂੰ ਘਾਹ ਨਾਲ ਢੱਕ ਦਿਤਾ ਜਾਂਦਾ ਸੀ। ਇਸ ਉਤੇ ਕੱਲਰੀ ਜ਼ਮੀਨ ਤੋਂ ਲਿਆਂਦੇ ਢੇਲੇ ਆਦਿ ਵਿਛਾ ਦਿਤੇ ਜਾਂਦੇ ਸਨ। ਉਸ ਉਤੇ ਪਾਣੀ ਛਿੜਕ ਦਿਤਾ ਜਾਂਦਾ ਸੀ ਜੋ ਘਾਹ ਆਦਿ ਵਿਚੋਂ ਹੋ ਕੇ ਤੰਗ ਖਾਈ ਵਿਚ ਵਹਿ ਜਾਂਦਾ ਸੀ। ਉਸ ਘੋਲ ਵਿਚ ਲੂਣ ਆਦਿ ਮਿਲੇ ਹੁੰਦੇ ਸਨ। ਗੂਹੜੇ ਭੂਰੇ ਰੰਗ ਦਾ ਘੋਲ ਖਾਈ ਵਿਚ ਇਕੱਠਾ ਹੋ ਜਾਂਦਾ ਸੀ ਜਿਸ ਨੂੰ ਖਾਈ ਵਿਚੋਂ ਲੋਹੇ ਦੇ ਇਕ ਵਡੇ ਬਰਤਨ ਵਿਚ ਇਕੱਠਾ ਕਰ ਕੇ ਉਸ ਨੂੰ ਉਬਾਲ ਕੇ ਠੰਢਾ ਕਰ ਲਿਆ ਜਾਂਦਾ ਸੀ ਤਾਂ ਇਸ ਦੇ ਕਰਿਸਟਲ ਬਣ ਜਾਂਦੇ ਸਨ। ਇਹਨਾਂ ਕਰਿਸਟਲਾਂ ਨੂੰ ਸ਼ੋਰਾ ਕਿਹਾ ਜਾਂਦਾ ਸੀ। ਦੂਸਰਾ ਢੰਗ ਆਸਾਨ ਹੀ ਸੀ। ਕੱਲਰੀ ਮਿੱਟੀ ਨੂੰ ਮਿੱਟੀ ਦੇ ਬਰਤਨਾਂ ਵਿਚ ਪਾ ਦਿਤਾ ਜਾਂਦਾ ਸੀ ਜਿਸ ਵਿਚ ਪਾਣੀ ਵੀ ਪਾਇਆ ਜਾਂਦਾ ਸੀ। ਉਹ ਇਕ ਪੇਸਟ ਦਾ ਰੂਪ ਧਾਰਨ ਕਰ ਲੈਂਦਾ ਸੀ। ਬਰਤਨ ਦੇ ਹੇਠਾਂ ਇਕ ਛੋਟਾ ਜਿਹਾ ਛੇਕ ਕਰ ਦਿਤਾ ਜਾਂਦਾ ਸੀ ਜੋ ਇਕ ਹੋਰ ਬਰਤਨ ਉਤੇ ਰੱਖ ਦਿਤਾ ਜਾਂਦਾ ਸੀ। ਇਹ ਦੂਸਰਾ ਬਰਤਨ ਜ਼ਮੀਨ ਵਿਚ ਗੱਡ ਦਿਤਾ ਜਾਂਦਾ ਸੀ। ਉਪਰਲੇ ਬਰਤਨ ਵਿਚੋਂ ਕਰਿਸਟਲ ਛਣ ਕੇ ਹੇਠਲੇ ਬਰਤਨ

ਵਿਚ ਆਉਂਦੇ ਸਨ। ਛਣੇ ਹੋਏ ਪਦਾਰਥ ਨੂੰ ਅੱਗ ਤੇ ਰੱਖ ਦਿਤਾ ਜਾਂਦਾ ਸੀ। ਸ਼ੋਰਾ ਹਲਕਾ ਹੋਣ ਕਰ ਕੇ ਘੋਲ ਦੀ ਉਪਰਲੀ ਤਹਿ ਉਤੇ ਕਰਿਸਟਲ ਦੇ ਰੂਪ ਵਿਚ ਆ ਜਾਂਦਾ ਸੀ। ਇਸ ਨੂੰ ਬਾਕੀ ਦੇ ਪਦਾਰਥ ਨਾਲੋਂ ਵਖਰਾ ਕਰ ਲਿਆ ਜਾਂਦਾ ਸੀ।

ਗੱਨ-ਪਾਊਡਰ

ਗੱਨ-ਪਾਊਡਰ ਦਾ ਨਿਰਮਾਣ ਲਗਪਗ ਸਾਰੇ ਪੰਜਾਬ ਵਿਚ ਹੁੰਦਾ ਸੀ ਅਤੇ ਸਰਕਾਰ ਦੁਆਰਾ ਨਾਜ਼ਿਮਾਂ ਅਤੇ ਕਾਰਦਾਰਾਂ ਆਦਿ ਨੂੰ ਇਸ ਦੀ ਮੰਗ ਦਾ ਆਦੇਸ਼ ਦੇ ਕੇ ਤਨਖਾਹ ਦੇ ਰੂਪ ਵਿਚ ਇਸ ਦਾ ਉਤਪਾਦਨ ਕਰਵਾਇਆ ਜਾਂਦਾ ਸੀ। ਇਸ ਨੂੰ ਸਾਲਟਪੀਟਰ, ਸਲਫਰ ਅਤੇ ਤਾਰਕੋਲ ਨੂੰ ਵਿਸ਼ੇਸ਼ ਪ੍ਰਕਾਰ ਦੇ ਚੂਰਨ ਵਿਚ ਲੋੜੀਂਦੀ ਮਾਤਰਾ ਵਿਚ ਮਿਲਾ ਕੇ ਤਿਆਰ ਕੀਤਾ ਜਾਂਦਾ ਸੀ। ਉਪਯੋਗੀ ਮਿਸ਼ਰਣ 5 ਸੇਰ ਸਲਫਰ ਅਤੇ 10 ਸੇਰ ਤਾਰਕੋਲ ਨੂੰ ਮਿਲਾ ਕੇ ਬਣਾਇਆ ਜਾਂਦਾ ਸੀ। ਮਿਸ਼ਰਣ ਦੇ ਇਹਨਾਂ ਪਦਾਰਥਾਂ ਨੂੰ ਸੰਯੁਕਤ ਰੂਪ ਵਿਚ ਲਕੜੀ ਮੋਟਰ (ਚੱਠ) ਵਿਚ ਪਾ ਕੇ ਮਿਲਾ ਲਿਆ ਜਾਂਦਾ ਸੀ ਅਤੇ ਇਸ ਮਿਸ਼ਰਤ ਪਦਾਰਥ ਨੂੰ ਧੁੱਪ ਵਿਚ ਸੁਕਾ ਲਿਆ ਜਾਂਦਾ ਸੀ। ਇਸ ਤੋਂ ਬਾਅਦ ਇਸ ਨੂੰ ਚੱਕੀ ਵਿਚ ਪੀਸ ਕੇ ਛੱਜ ਵਿਚ ਪਾ ਕੇ ਹਿਲਾਇਆ ਜਾਂਦਾ ਸੀ। ਜਦੋਂ ਤਕ ਇਹ ਦਾਣੇਦਾਰ ਰੂਪ ਧਾਰਨ ਕਰ ਲਵੇ। ਪਰ ਇਸ ਤਰ੍ਹਾਂ ਤਿਆਰ ਕੀਤਾ ਗੱਨ-ਪਾਊਡਰ ਏਨਾ ਵਧੀਆ ਨਹੀਂ ਹੁੰਦਾ ਹੀ ਕਿਉਂਕਿ ਉਹ ਵਖ ਵਖ ਲੋਕਾਂ ਵਲੋਂ ਤਿਆਰ ਕੀਤਾ ਹੁੰਦਾ ਸੀ। ਇਸ ਪ੍ਰਕਾਰ ਦੇ ਗੱਨ-ਪਾਊਡਰ ਦੀ ਤਾਕਤ ਜ਼ਿਆਦਾ ਨਹੀਂ ਹੁੰਦੀ ਸੀ। ਜਦੋਂ ਤੋਂ ਰਣਜੀਤ ਸਿੰਘ ਲਾਹੌਰ ਵਿਚ ਸਥਾਪਤ ਹੋਇਆ ਤਾਂ ਡਾ: ਹੌਨਿੰਗਬਰਗਰ ਦੀ ਸਹਾਇਤਾ ਨਾਲ ਉਸ ਨੇ ਯੂਰਪੀ ਢੰਗ ਦੀ ਇਕ ਗੱਨ-ਪਾਊਡਰ ਬਨਾਉਣ ਵਾਲੀ ਪਾਵਰ-ਮਿਲ ਤਿਆਰ ਕੀਤੀ। ਦੇਸੀ ਗੱਨ-ਪਾਊਡਰ ਦਾ ਮੁੱਲ ਉਸ ਸਮੇਂ ਔਸਤਨ 8 ਰੁਪਏ ਮਣ ਹੁੰਦਾ ਸੀ। ਪੁਰਾਣੇ ਗੱਨ ਪਾਊਡਰ ਨੂੰ ਸੁਧਾਰਨ ਦਾ ਮੁੱਲ 3 ਰੁਪਏ ਮਣ ਪੈਂਦਾ ਸੀ।

ਤੋਪ ਦੇ ਗੋਲੇ

ਤੋਪ ਦੇ ਗੋਲੇ ਬਨਾਉਣ ਦੇ ਦੋ ਢੰਗ ਪ੍ਰਚਲਿਤ ਸਨ : (1) ਬੀਟਿੰਗ (2) ਕਾਸਟਿੰਗ। ਬੀਟਿੰਗ ਢੰਗ ਲਈ ਸਸਤੀ ਮਜ਼ਦੂਰੀ ਦੀ ਲੋੜ ਹੁੰਦੀ ਸੀ। ਇਸ ਢੰਗ ਦੇ ਉਤਪਾਦਨ ਲਈ ਰਾਊਂਡ ਸ਼ਾਟ ਇਕ ਚੰਗੀ ਮਿਸਾਲ ਹੈ ਜਦੋਂ ਸ਼ੈੱਲ (ਗੋਲਾ ਸੈੱਲ) ਇਕ ਚੰਗਾ ਨਮੂਨਾ ਸੀ। ਸਭ ਤੋਂ ਪਹਿਲਾਂ ਸਿੱਖਾਂ ਨੇ ਜ਼ਿੰਕ ਅਤੇ ਲੋਹੇ ਦੇ ਸ਼ੈੱਲ ਤਿਆਰ ਕੀਤੇ, ਪਰ ਬਾਅਦ ਵਿਚ ਉਨ੍ਹਾਂ ਨੇ ਕਾਸਟਿੰਗ ਤਕਨੀਕ ਦਾ ਵਿਕਾਸ ਕੀਤਾ। ਬੇਡਨ ਪੌਵੇਲ ਨੇ ਸਿੱਖਾਂ ਵਲੋਂ ਬਣਾਏ ਗਏ ਹੋਵਿਟਜ਼ਰ (ਇਕ ਕਿਸਮ ਦੀ ਤੋਪ) ਦੇ ਸੈੱਲ ਕਾਸਟ ਕਰਨ ਦੇ ਦੋ ਢੰਗਾਂ ਦਾ ਵਰਣਨ ਕੀਤਾ ਹੈ। ਪਹਿਲਾ ਇਹ ਕਿ ਸੱਚੇ ਵਿਚ ਕਾਸਟਿੰਗ ਕਰਨ ਨਾਲ ਇਸ ਦਾ ਕੇਂਦਰ ਠੋਸ ਬਣ ਜਾਂਦਾ ਸੀ। ਇਸ ਉਤੇ ਲਾਖ ਦੀ ਪਰਤ ਚੜ੍ਹਾ ਦਿਤੀ ਜਾਂਦੀ ਸੀ ਜੋ ਮਿੱਟੀ ਦੀ ਪਰਤ ਨਾਲ ਮਿਲੀ ਹੁੰਦੀ ਸੀ। ਲਾਖ ਪਿਘਲ ਜਾਂਦੀ ਸੀ ਤਾਂ ਇਸ ਦੇ ਘੋਲ ਨੂੰ ਪਿਘਲੀ ਧਾਤ ਦੇ ਘੋਲ ਨਾਲ ਭਰ ਦਿਤਾ ਜਾਂਦਾ ਸੀ। ਦੂਸਰੇ ਤਰੀਕੇ ਵਿਚ ਇਕ ਲੋਹੇ ਦਾ ਸੱਚਾ ਜੋ ਦੋ ਭਾਗਾਂ ਵਿਚ ਖੁਲਦਾ ਸੀ, ਦੀ ਵਰਤੋਂ ਕੀਤੀ ਜਾਂਦੀ ਸੀ ਜਿਸ ਦੇ ਦੋਹਾਂ ਭਾਗਾਂ ਵਿਚ ਤੇਲ ਅਤੇ ਰੇਤ ਨਾਲ

ਅੱਧਾ ਅੱਧਾ ਭਰ ਦਿਤਾ ਜਾਂਦਾ ਸੀ। ਜ਼ਰੂਰਤ ਦੇ ਆਕਾਰ ਦਾ ਲਕੜੀ ਦਾ ਇਕ ਗੋਲਾ ਉਸ ਵਿਚ ਰੱਖਿਆ ਜਾਂਦਾ ਸੀ ਤਾਂ ਜੋ ਦੋਹਾਂ ਪਾਸਿਆਂ ਤੋਂ ਦਬਾਉਣ ਤੋਂ ਬਾਅਦ ਉਸ ਵਿਚ ਲਕੜੀ ਦੇ ਗੋਲੇ ਜਿੰਨਾ ਖੋਲ ਬਣ ਜਾਏ। ਬਾਕੀ ਦੇ ਖੋਲ ਨੂੰ ਧਾਤ ਨਾਲ ਭਰ ਦਿਤਾ ਜਾਂਦਾ ਸੀ। ਇਸ ਸ਼ੈੱਲ ਦੇ ਮੂੰਹ ਨੂੰ ਇਕ ਬੱਤੀ ਲਾ ਕੇ ਲਕੜੀ ਦੇ ਇਕ ਬਕਸੇ ਨਾਲ ਜੋੜ ਦਿਤਾ ਜਾਂਦਾ ਸੀ ਜਿਸ ਕਰ ਕੇ ਉਸ ਦੇ ਨਾਲ ਪਾਊਡਰ ਦਾ ਪੇਸਟ ਅਤੇ ਸਪਿਰਟ ਲੱਗ ਜਾਂਦੀ ਸੀ ਜੋ ਖੋਲ ਵਿਚ ਜਾਂਦੀ ਸੀ।

ਮੋਟਰ ਸ਼ੈੱਲ ਬਨਾਉਣ ਲਈ ਵਖ ਵਖ ਪ੍ਰਕਾਰ ਦੇ ਢੰਗ ਵਰਤੋਂ ਵਿਚ ਲਿਆਏ ਜਾਂਦੇ ਸਨ। ਮਿੱਟੀ ਦੀ ਇਕ ਛੋਟੀ ਗੋਲੀ ਉਤੇ ਧਿਆਨ ਨਾਲ ਤਾਰ ਲਪੇਟ ਕੇ ਲੋਹੇ ਦੀਆਂ ਸੀਖਾਂ ਜਿਨ੍ਹਾਂ ਨੂੰ ਕੰਨਚ ਕਹਿੰਦੇ ਸਨ ਤਿਆਰ ਕੀਤੀਆਂ ਜਾਂਦੀਆਂ ਸਨ। ਇਸ ਫਰੇਮ ਵਰਕ ਉਤੇ ਲਾਖ ਦੀ ਪਰਤ ਚੜ੍ਹਾਈ ਜਾਂਦੀ ਸੀ ਜਿਸ ਨੂੰ ਮਿੱਟੀ ਦੀ ਪਰਤ ਨਾਲ ਢੱਕ ਦਿਤਾ ਜਾਂਦਾ ਸੀ। ਇਸ ਤੋਂ ਬਾਅਦ ਲਾਖ ਨੂੰ ਪਿਘਲਾ ਕੇ ਪਿਘਲੀ ਹੋਈ ਪਾ ਦਿਤੀ ਜਾਂਦੀ ਸੀ। ਜਦੋਂ ਇਸ ਤਰ੍ਹਾਂ ਦਾ ਸ਼ੈੱਲ ਕੇਸ ਤਿਆਰ ਹੋ ਜਾਂਦਾ ਸੀ ਤਾਂ ਵਿਚਲੀ ਮਿੱਟੀ ਦੀ ਗੋਲੀ ਨੂੰ ਤੋੜ ਦਿਤਾ ਜਾਂਦਾ ਸੀ ਤਾਂ ਉਸ ਦੇ ਟੁਕੜੇ ਖੋਲ ਵਿਚੋਂ ਕੱਢ ਦਿਤੇ ਜਾਂਦੇ ਸਨ। ਇਹ ਇਕ ਖਤਰਨਾਕ ਪ੍ਰਕਾਰ ਦਾ ਸ਼ੈੱਲ ਬਣ ਜਾਂਦਾ ਸੀ।

ਅਗਨ ਸ਼ਸਤਰ ਤੋਪਾਂ

ਤਾਂਬੇ ਅਤੇ ਲੋਹੇ ਦੀਆਂ ਤੋਪਾਂ ਬਨਾਉਣ ਦਾ ਪ੍ਰਚਲਨ ਸੀ। ਇਸ ਵਿਸ਼ੇ ਤੇ ਅਧਿਐਨ ਕਰਨ ਵਾਲੇ ਲੇਖਕ ਨੂੰ ਤੋਪਾਂ ਬਨਾਉਣ ਦੇ ਦੋ ਢੰਗਾਂ ਦਾ ਪਤਾ ਲੱਗਿਆ। ਪਹਿਲਾਂ ਮੇਜਰ ਪੀ. ਲਾਰੇਂਸ ਨੇ ਪਿਸ਼ੌਰ ਵਿਚ ਵੇਖਿਆ ਜਿਸ ਨੂੰ ਸਾਧਾਰਨ ਪਰ ਪ੍ਰਭਾਵਹੀਣ ਦਸਿਆ ਗਿਆ। ਸਭ ਤੋਂ ਪਹਿਲਾਂ ਇਕ ਗੋਲ ਲਾਠੀ ਅਤੇ ਖੰਭੇ ਉਤੇ ਗਾਰੇ ਨਾਲ ਤੋਪ ਦਾ ਮਾਡਲ ਬਣਾ ਲਿਆ ਜਾਂਦਾ ਸੀ। ਇਸ ਮਾਡਲ ਨੂੰ ਸੁੰਦਰ ਢੰਗ ਨਾਲ ਲੋੜ ਅਨੁਸਾਰ ਗੋਲ ਤਰਾਸ਼ ਲਿਆ ਜਾਂਦਾ ਇਸ ਗਾਰੇ ਦੇ ਮਿਸ਼ਰਣ ਨੂੰ ਲਗਪਗ ਅੱਧਾ ਫੁਟ ਮੋਟਾ ਬਣਾ ਲਿਆ ਜਾਂਦਾ ਸੀ। ਅਤੇ ਇਸ ਨੂੰ ਸੁਕਾ ਲਿਆ ਜਾਂਦਾ ਸੀ। ਇਸ ਵਿਚਲੀ ਲਾਠੀ ਅਤੇ ਖੰਭੇ ਨੂੰ ਕੱਢ ਲਿਆ ਜਾਂਦਾ ਸੀ ਤਾਂ ਜੋ ਸੱਚੇ ਦੇ ਅੰਦਰੋਂ ਮਿੱਟੀ ਦੇ ਟੁਕੜਿਆਂ ਨੂੰ ਕੱਢਿਆ ਜਾ ਸਕੇ। ਇਸ ਤੋਂ ਬਾਅਦ ਇਸ ਸੱਚੇ ਨੂੰ ਅੱਗ ਉਤੇ ਪਕਾ ਲਿਆ ਜਾਂਦਾ ਸੀ ਅਤੇ ਇਸ ਦੇ ਅੰਦਰ ਧਾਤ ਭਰ ਦਿਤੀ ਜਾਂਦੀ ਸੀ ਅਤੇ ਇਸ ਧਾਤ ਦੇ ਕੇਂਦਰ ਵਿਚ ਬੋਰ ਬਨਾਉਣ ਲਈ ਲੋਹੇ ਦਾ ਇਕ ਸਰੀਆ ਲਾਇਆ ਜਾਂਦਾ ਸੀ। ਇਸ ਤਰ੍ਹਾਂ ਤੋਪ ਵਰਤੋਂ ਲਈ ਤਿਆਰ ਹੁੰਦੀ ਸੀ। ਦੂਸਰਾ ਤਰੀਕਾ ਜਿਸ ਨੂੰ ਲਾਖ ਢੰਗ ਵੀ ਕਿਹਾ ਜਾਂਦਾ ਸੀ, ਵੀ ਪ੍ਰਚਲਿਤ ਸੀ। ਇਹ ਤਰੀਕਾ ਲਾਹੌਰ ਅਤੇ ਅੰਮ੍ਰਿਤਸਰ ਵਿਚ ਲੋਕ-ਪ੍ਰਿਯ ਸੀ। ਸਭ ਤੋਂ ਪਹਿਲਾਂ ਅਜਿਹੀ ਕਾਲੀ ਮਿੱਟੀ ਦਾ ਮਾਡਲ ਬਣਾ ਲਿਆ ਜਾਂਦਾ ਸੀ ਜਿਸ ਵਿਚ ਪਹਿਲਾਂ ਤੋਂ ਹੀ ਪਾਣੀ, ਗੰਨੇ ਦਾ ਛਿਲਕਾ, ਬਤਖ ਦੇ ਆਂਡੇ, ਥੋੜ੍ਹੀ ਜਿਹੀ ਸ਼ੱਕਰ ਅਤੇ ਹੱਡੀਆਂ ਦੀ ਰਾਖ ਆਦਿ ਮਿਲਾ ਕੇ ਮਿਸ਼ਰਣ ਪਦਾਰਥ ਬਣਾ ਲਿਆ ਜਾਦਾ ਸੀ। ਇਸ ਦੇ ਬਾਅਦ ਲੋਹੇ ਦੀ ਛੜ, ਜੋ ਬੋਰ ਦੀ ਲੰਬਾਈ-ਮੋਟਾਈ ਆਦਿ ਦੇ ਬਰਾਬਰ ਹੁੰਦੀ ਸੀ,

ਨੂੰ ਲੈ ਕੇ ਉਪਰੋਕਤ ਪਦਾਰਥ ਕੇਂਦਰ ਵਿਚ ਲਗਾ ਦਿਤੀ ਜਾਂਦੀ ਸੀ ਜਿਸ ਦੇ ਦੋਵੇਂ ਸਿਰੇ ਖੁਲ੍ਹੇ ਰਹਿੰਦੇ ਸਨ ਤਾਂ ਜੋ ਇਸ ਨੂੰ ਖਰਾਦ ਉਤੇ ਨਿਸਚਿਤ ਥਾਂ ਉਤੇ ਰਖਿਆ ਜਾ ਸਕੇ। ਇਸ ਮਿੱਟੀ ਦੀ ਪਰਤ ਦੀ ਮੋਟਾਈ ਤੋਪ ਦੇ ਬੋਰ ਦੀ ਮੋਟਾਈ ਉਤੇ ਅਧਾਰਤ ਹੁੰਦੀ ਸੀ। ਇਸ ਤੋਂ ਬਾਅਦ ਸੁਕਾਉਣ ਲਈ ਇਸ ਨੂੰ ਲਕੜੀ ਦੇ ਸਟੈਂਡ ਤੇ ਰਖ ਲਿਆ ਜਾਂਦਾ ਸੀ। ਹੁਣ ਇਸ ਉੱਤੇ ਚਾਕ ਮਿੱਟੀ ਦੀ ਪਰਤ ਚੜ੍ਹਾ ਦਿਤੀ ਜਾਂਦੀ ਸੀ ਅਤੇ ਇਸ ਨੂੰ ਖਰਾਦ ਉਤੇ ਤੁਰਾਸ਼ ਕੇ ਸੋਧ ਲਿਆ ਜਾਂਦਾ ਸੀ। ਇਸ ਤੋਂ ਬਾਅਦ ਇਸ ਉਤੇ ਮੋਮ ਦਾ ਏਨਾ ਲੇਪ ਕੀਤਾ ਜਾਂਦਾ ਸੀ ਜਿੰਨਾ ਤੋਪ ਦਾ ਬੋਰ ਬਨਾਉਣ ਲਈ ਜ਼ਰੂਰੀ ਹੁੰਦਾ ਸੀ। ਫਿਰ ਤੋਪ ਦੇ ਉਪਰ ਸੁਦਰ ਨੱਕਾਸ਼ੀ ਕੀਤੀ ਜਾਂਦੀ ਸੀ। ਇਸ ਤੋਂ ਬਾਅਦ ਲੋਹੇ ਦੇ ਡੰਡੇ ਨੂੰ ਇਕ ਪਾਸੇ ਤੋਂ ਕੱਟ ਦਿਤਾ ਜਾਂਦਾ ਸੀ। ਇਸ ਹਾਲਤ ਵਿਚ ਉਸ ਨੂੰ ਖਰਾਦ ਤੋਂ ਉਤਾਰ ਲਿਆ ਜਾਂਦਾ ਸੀ ਅਤੇ ਲਾਖ ਨਾਲ ਤੋਪ ਦੇ ਪਿਛਲੇ ਹਿੱਸੇ ਦਾ ਸਾਂਚਾ ਬਣਾਇਆ ਜਾਂਦਾ ਸੀ ਤੇ ਉਸ ਨੂੰ ਮਿੱਟੀ ਦੇ ਮਿਸ਼ਰਣ ਅਤੇ ਘਾਹ ਫੂਸ ਨਾਲ ਢਕ ਦਿਤਾ ਜਾਂਦਾ ਸੀ ਅਤੇ ਬਾਅਦ ਵਿਚ ਕੱਟ ਦਿਪਾ ਜਾਂਦਾ ਸੀ ਜਿਸਨੂੰ ਲੋਹਾ ਮਿੱਟੀ ਕਿਹਾ ਜਾਂਦਾ ਸੀ। ਜਦੋਂ ਇਸ ਨੂੰ ਸੁਕਾ ਲਿਆ ਜਾਂਦਾ ਤਾਂ ਇਸ ਤੇ ਮਿੱਟੀ ਤੇ ਚੋਲਾਂ ਦੇ ਛਿਲਕੇ ਆਦਿ ਦੇ ਮਿਸ਼ਰਣ ਦੀ ਪਰਤ ਚੜ੍ਹਾ ਦਿਤੀ ਜਾਂਦੀ ਸੀ। ਬਾਅਦ ਵਿਚ ਮਿੱਟੀ ਦੀਆਂ ਦੋਵੇਂ ਪਰਤਾਂ ਮੋਟੀਆਂ ਕਰ ਦਿਤੀਆਂ ਜਾਂਦੀਆਂ ਸਨ ਕਿਉਂਕਿ ਇਸ ਉਤੇ ਪਿਘਲੀ ਹੋਈ ਧਾਤ ਭਰਨੀ ਹੁੰਦੀ ਸੀ। ਜਦ ਇਹ ਸਭ ਕੁਝ ਸੁਕਾ ਲਿਆ ਜਾਂਦਾ ਸੀ ਤਾਂ ਲਾਖ ਨੂੰ ਇਕ ਤਰਫੋਂ ਗਰਮ ਕੀਤਾ ਜਾਂਦਾ ਸੀ ਅਤੇ ਉਸ ਨੂੰ ਕੱਢ ਲਿਆ ਜਾਂਦਾ ਸੀ। ਫੇਰ ਸਾਂਚੇ ਨੂੰ ਖੜਾ ਕਰ ਕੇ ਰੱਖਿਆ ਜਾਂਦਾ ਸੀ ਅਤੇ ਸਾਵਧਾਨੀ ਨਾਲ ਉਸ ਵਿਚ ਪਿਘਲੀ ਹੋਈ ਧਾਤ ਪਾਈ ਜਾਂਦੀ ਸੀ। ਹੁਣ ਸਾਂਚੇ ਨੂੰ ਠੰਢਾ ਹੋਣ ਦਿਤਾ ਜਾਂਦਾ ਸੀ। ਬਾਹਰ ਦੀ ਮਿੱਟੀ ਦੀ ਪਰਤ ਹਟਾ ਕੇ ਉਸਨੂੰ ਤਰਾਸ਼ ਲਿਆ ਜਾਂਦਾ ਸੀ ਅਤੇ ਅੰਦਰ ਦੀ ਮੋਰੀ ਤੋਂ ਸਾਫ ਕਰ ਲਿਆ ਜਾਂਦਾ ਸੀ। ਇਸ ਤੋਂ ਪਿਛੋਂ ਤੋਪ ਦੀ ਸਫਾਈ ਅਤੇ ਇਸਨੂੰ ਚਮਕਦਾਰ ਬਨਾਉਣ ਲਈ ਭੇਜ ਦਿਤਾ ਜਾਂਦਾ ਸੀ ਅਤੇ ਕਾਰੀਗਰਾਂ ਕੋਲ ਰੰਗ ਆਦਿ ਕਰਨ ਵਾਸਤੇ ਅਤੇ ਉਪਯੋਗ ਲਈ ਤਿਆਰ ਕਰਨ ਵਾਸਤੇ ਭੇਜ ਦਿਤਾ ਜਾਂਦਾ ਸੀ। ਹੁਣ ਇਸ ਉਤੇ ਪਹੀਏ ਲਗਾਏ ਜਾਂਦੇ ਸਨ ਅਤੇ ਇਸ ਨੂੰ (ਤਖਤ-ਏ-ਤੋਪ) ਦਾ ਨਾਂ ਦਿਤਾ ਜਾਂਦਾ ਸੀ। ਇਸ ਕੰਮ ਲਈ ਸਿੱਖ ਟਾਹਲੀ ਦੀ ਲਕੜੀ ਦੀ ਵਰਤੋਂ ਕਰਦੇ ਸਨ ਜੋ ਲਾਹੌਰ ਦੇ ਟਾਹਲੀ ਦੇ ਜੰਗਲਾਂ ਤੋਂ ਕਾਫ਼ੀ ਮਾਤਰਾ ਵਿਚ ਉਪਲਬਧ ਸੀ। ਪਰੰਤੂ ਪਹੀਆਂ ਵਾਸਤੇ ਉਹ ਕਿੱਕਰ ਦੀ ਲੱਕੜੀ ਨੂੰ ਤਰਜੀਹ ਦਿੰਦੇ ਸਨ, ਕਿਉਂਕਿ ਕਿੱਕਰ ਦੀ ਲੱਕੜੀ ਸਖਤ ਹੁੰਦੀ ਹੈ। ਸੁੰਦਰਤਾ ਵਧਾਣ ਲਈ ਤੋਪ ਗੱਡੀਆਂ ਨੂੰ ਭਿੰਨ ਭਿੰਨ ਰੰਗ ਕੀਤੇ ਜਾਂਦੇ ਸਨ।

ਜਦੋਂ ਤੋਪ ਤਿਆਰ ਹੋ ਜਾਂਦੀ ਤਾਂ ਉਸ ਦੇ ਉਦਘਾਟਨ ਲਈ ਸਮਾਰੋਹ ਕੀਤਾ ਜਾਂਦਾ ਸੀ, ਜਿਸ ਨੂੰ ਨਿਆਜ਼ ਕਹਿੰਦੇ ਸਨ। ਜਿਸ ਵਿਚ ਪੀਰਾਂ ਤੇ ਦੇਵਤਿਆਂ ਨੂੰ ਦਾਨ ਦਿਤਾ ਜਾਂਦਾ ਸੀ। ਇਸ ਖੁਸ਼ੀ ਦੇ ਮੌਕੇ ਤੇ ਮਠਿਆਈਆਂ ਵੰਡੀਆਂ ਜਾਂਦੀਆਂ ਸਨ ਅਤੇ ਤੋਪ ਦਾ ਉਚਿਤ ਰੂਪ ਨਾਲ ਨਾਂ ਰੱਖਿਆ ਜਾਂਦਾ ਸੀ। ਧਾਤ ਦੇ ਭਾਰ ਅਤੇ ਉਸ ਤੇ ਲੱਗੀ ਖਰਚ ਮਜ਼ਦੂਰੀ

ਆਦਿ ਦੇ ਆਧਾਰ ਤੇ ਤੋਪ ਦਾ ਮੁਲ-ਅੰਕਣ ਕੀਤਾ ਜਾਂਦਾ ਸੀ।

ਬੰਦੂਕ

ਬੰਦੂਕਾਂ ਲਈ ਟਾਹਲੀ ਦੀ ਲਕੜੀ ਦਾ ਪ੍ਰਯੋਗ ਹੁੰਦਾ ਸੀ ਜੋ ਆਮ ਕਰ ਕੇ ਵਿਚਕਾਰ ਤੋਂ ਤੰਗ ਹੁੰਦੀ ਸੀ। ਬੈਰਲ ਅਤੇ ਲਾਕ ਆਮ ਕਰ ਕੇ ਲੋਹੇ ਦੇ ਬਣੇ ਹੁੰਦੇ ਸਨ। ਇਸ ਵਾਸਤੇ ਪ੍ਰਯੋਗ ਹੋਣ ਵਾਲਾ ਲੋਹਾ ਮੰਡੀ ਅਤੇ ਬਜੋਰ ਤੋਂ ਲਿਆਇਆ ਜਾਂਦਾ ਸੀ। ਭਾਵੇਂ ਕਈ ਵਾਰੀ ਲੋਹਾ ਕਸ਼ਮੀਰ ਅਤੇ ਹੋਰ ਸਥਾਨਾਂ ਤੋਂ ਵੀ ਮੰਗਵਾਇਆ ਜਾਂਦਾ ਸੀ। ਬਾਦੇਨ ਪਾਵੇਲ ਦੇ ਅਨੁਸਾਰ ਬੈਰਲ ਬਨਾਉਣ ਦੇ ਤਿੰਨ ਮੁਖ ਢੰਗ ਹੁੰਦੇ ਸਨ : (1) ਲੋਹੇ ਦੀ ਚਾਦਰ ਨੂੰ ਮੋੜ ਕੇ ਗੋਲ ਲਾਠੀ ਵਾਂਗ ਬਣਾ ਲਿਆ ਜਾਂਦਾ ਸੀ ਅਤੇ ਉਸ ਦੇ ਕੋਲੋਂ ਕਿਨਾਰੇ ਆਪਸ ਵਿਚ ਮਿਲਾ ਲਏ ਜਾਂਦੇ ਸਨ। ਇਸ ਢੰਗ ਨਾਲ ਕੀਤੀ ਬੰਦੂਕ ਨੂੰ ਪਟਾ-ਬੰਦੂਕ ਕਿਹਾ ਜਾਂਦਾ ਸੀ। ਇਹ ਢੰਗ ਸਭ ਤੋਂ ਸਾਧਾਰਣ ਸੀ। ਇਸ ਢੰਗ ਨਾਲ ਤਿਆਰ ਕੀਤੀ ਬੰਦੂਕ ਚੰਗੀ ਚਲਦੀ ਸੀ ਪਰ ਮਾਰ ਘਟ ਕਰਦੀ ਸੀ। (2) ਲੋਹੇ ਦੀ ਨਾਲੀ ਨੂੰ ਕੱਟ ਕੇ ਬਣਾਈ ਜਾਂਦੀ ਸੀ। ਇਸ ਢੰਗ ਨਾਲ ਬਣਾਈ ਗਈ ਬੰਦੂਕ ਨੂੰ 'ਚੂੜੀਦਾਰ' ਬੰਦੂਕ ਕਿਹਾ ਜਾਂਦਾ ਸੀ। (3) ਵੈਲਡਿੰਗ ਦੁਆਰਾ ਸਮਾਈਲਰਜ਼ ਨੂੰ ਸਾਫਟ ਨਾਲ ਲੰਬੇ ਰੁੱਖ ਵਿਚ ਵੇਲਡਿੰਗ ਕਰ ਕੇ ਅਤੇ ਕੁੱਟ ਕੇ ਬਣਾਈ ਜਾਂਦੀ ਸੀ ਜਿਸ ਨੂੰ ਪਹਿਲਾਂ ਚਿਕਨੀ ਮਿੱਟੀ ਲਾ ਕੇ ਗਰਮ ਕੀਤਾ ਹੁੰਦਾ ਸੀ। ਇਸ ਨੂੰ ਜੋਹਰ ਜਾਂ ਵੇਲ ਬੂਟੇਦਾਰ ਕਿਹਾ ਜਾਂਦਾ ਸੀ। ਕੈਪਟਨ ਐਬੋਟ ਨੇ ਦੋ ਤਰ੍ਹਾਂ ਦੇ ਜੋਹਰ ਦਾ ਵਰਨਣ ਕੀਤਾ ਹੈ। ਇਕ ਸਿੱਧੇ 'ਜੋਹਰ' ਦੂਜੇ 'ਵਲਦਾਰ ਜੋਹਰ'। ਵਲਦਾਰ ਜੋਹਰ ਦਾ ਅਰਥ ਸੀ ਬੈਰਲ ਦੇ ਅੰਦਰ ਦੀ ਲੋਹੇ ਦੀ ਚੱਕਰਦਾਰ ਪਰਤ ਲਗਾਉਣਾ ਜਿਸ ਨਾਲ ਬੈਰਲ ਵਿਚੋਂ ਨਿਕਲਣ ਵਾਲੀ ਗੋਲੀ ਦੀ ਗਤੀ ਤੇਜ਼ ਹੁੰਦੀ ਸੀ। ਦੂਜੀ ਤਰਫ ਬੈਰਲ ਦੇ ਅੰਦਰਲੇ ਪਾਸੇ ਸੋਲ੍ਹਾਂ ਜਾਂ ਅਠਾਰਾਂ ਚੱਕਰਾਂ ਨੂੰ ਵੈਲਡਿੰਗ ਕਰ ਕੇ ਜੋੜਿਆ ਜਾਂਦਾ ਸੀ। ਮਰਕਰੋਫਟ ਕਸ਼ਮੀਰ ਵਿਚ 1820 ਵਿਚ ਬਣੇ ਮੈਚ ਲਾਕ ਦੇ ਬਾਰੇ ਲਿਖਦੇ ਹੋਏ ਚੈਨ-ਜੋਹਰ ਅਤੇ ਪਾਰਸ਼ੀਅਨ ਜੋਹਰ ਵਿਚ ਹੇਠ ਲਿਖੇ ਅੰਤਰ ਦਸਦਾ ਹੈ :—ਜੋਹਰ ਅਤੇ ਪਾਰਸ਼ੀਅਨ ਜੋਹਰ ਵਿਚ ਮੁਖ ਅੰਤਰ ਇਹ ਹੈ ਕਿ ਜ਼ੰਜੀਰ ਵਾਲੀ ਜੋਹਰ ਵਿਚ ਸਪੱਸ਼ਟ ਦਿਖਾਈ ਦੇਣ ਵਾਲੀਆਂ ਧਾਰੀਆਂ ਹੁੰਦੀਆਂ ਸਨ, ਜੋ ਸਿੱਧੀਆਂ ਰੇਖਾਵਾਂ ਵਾਲੇ ਜੋਹਰ ਨਾਲ ਮਿਲਦੀਆਂ ਜੁਲਦੀਆਂ ਸਨ। ਅੰਤ ਵਿਚ ਬੈਰਲ ਦੇ ਖੋਲ ਦੇ ਦੋਨੋਂ ਤਰਫ ਅੰਕਿਤ ਹੁੰਦੀਆਂ ਸਨ। ਅਤੇ ਤ੍ਰਿਛੀ ਢੰਗ ਦੀਆਂ ਬਣੀਆਂ ਹੁੰਦੀਆਂ ਸਨ। ਪਰੰਤੂ ਪਾਰਸ਼ਿਅਨ ਡਾਮਾਸਿਕ ਦੇ ਦੋਨੋਂ ਤਰਫ ਤੇ ਅੰਕਿਤ ਹੁੰਦੀਆਂ ਸਨ। ਬੰਦੂਕ ਦੇ ਘੋੜੇ ਦੇ ਉਪਰ ਵਾਲੇ ਭਾਗ ਅਤੇ ਪੱਤੀਆਂ ਦੀ ਕਟਾਈ ਅਤੇ ਨਾਲੀ ਦੇ ਅੰਦਰ ਦੀ ਘੁਮਾਓ ਦੀ ਕਟਾਈ ਦੋਨੋਂ ਤਰ੍ਹਾਂ ਦੀਆਂ ਬੰਦੂਕਾਂ ਵਿਚ ਇਕੋ ਤਰ੍ਹਾਂ ਦੀ ਹੁੰਦੀ ਸੀ। ਹਾਲਾਂਕਿ ਇਹਨਾਂ ਦੋਹਾਂ ਬੰਦੂਕਾਂ ਨੂੰ ਚਲਾਉਣ ਵਿਚ ਕਾਫੀ ਅੰਤਰ ਸੀ। ਸਾਰੀਆਂ ਕਿਸਮਾਂ ਦੀਆਂ ਬੰਦੂਕਾਂ ਵਿਚ ਚੈਨ ਡਾਮਾਸਿਕ ਪ੍ਰਚੱਲਤ ਸੀ। ਜੋਹਰ ਦੇ ਨਿਰਮਾਣ ਲਈ ਹੇਠ ਲਿਖ ਢੰਗ ਅਪਣਾਏ ਗਏ ਸਨ :—(1) ਬੈਰਲ ਨੂੰ ਚਿਕਣੀ ਮਿੱਟੀ ਜਾਂ ਗਿੱਲੀ ਮਿੱਟੀ ਨਾਲ ਪੋਚ ਦਿਤਾ ਜਾਂਦਾ ਸੀ ਅਤੇ ਉਸ ਤੋਂ ਬਾਅਦ ਅੱਗ ਤੇ ਤਪਾ ਕੇ ਕੁਟਿਆ ਜਾਂਦਾ ਸੀ (2) ਪਾਣੀ ਤੇ ਲੋਹੇ ਦੇ ਸਲਫੇਟ ਦਾ

ਮਿਸ਼ਰਣ ਤਿਆਰ ਕੀਤਾ ਜਾਂਦਾ ਸੀ ਅਤੇ ਬੈਰਲ ਨੂੰ ਸੁੱਕੀ ਰਾਖ ਅਤੇ ਸਾਫ ਕਪੜੇ ਨਾਲ ਰਗੜਿਆ ਜਾਂਦਾ ਸੀ ਤਾਂ ਇਸ ਉਤੇ ਇਹ ਮਿਸ਼ਰਣ ਪੋਚਿਆ ਜਾਂਦਾ ਸੀ। ਇਸ ਸਮੇਂ ਇਹ ਧਿਆਨ ਰਖਿਆ ਜਾਂਦਾ ਸੀ ਕਿ ਬੈਰਲ ਦੇ ਅੰਦਰ ਦਾ ਭਾਗ ਇਸ ਤੋਂ ਪ੍ਰਭਾਵਤ ਨਾ ਹੋਵੇ। 24 ਘੰਟੇ ਬਾਅਦ ਇਸ ਮਿਸ਼ਰਣ ਨੂੰ ਸੁੱਕੀ ਰਾਖ ਨਾਲ ਰਗੜ ਰਗੜ ਕੇ ਉਤਾਰ ਲਿਆ ਜਾਂਦਾ ਸੀ। ਏਹੀ ਕ੍ਰਿਆ 20 ਜਾਂ 30 ਦਿਨ ਤਕ ਦੁਹਰਾਈ ਜਾਂਦੀ ਸੀ (3) ਦੂਸਰਾ ਤਰੀਕਾ ਸੀ ਧਾਤ ਤੇ ਲਾਖ ਦਾ ਲੇਪ ਕਰ ਕੇ ਜੌਹਰ ਤਿਆਰ ਕਰਨ ਦਾ। (4) ਬੋਰ ਨੂੰ ਧਿਆਨ ਨਾਲ ਸਾਫ ਕਰਕੇ ਬੈਰਲ ਨੂੰ ਗੰਧਕ ਦੇ ਤਿਜ਼ਾਬ ਦੇ ਪਾਣੀ ਭਰੇ ਪਿੱਤਲ ਦੇ ਸੈਲੰਡਰ ਤੇ ਖੜਾ ਕਰ ਦਿਤਾ ਜਾਂਦਾ ਸੀ। ਸੈਲੰਡਰ ਨੂੰ ਹਲਕੀ ਅੱਗ ਤੇ ਰੱਖ ਕੇ ਗਰਮ ਕੀਤਾ ਜਾਂਦਾ ਸੀ ਅਤੇ ਦੋ ਦਿਨ ਬਾਅਦ ਜੌਹਰ ਦੀਆਂ ਲਕੀਰਾਂ ਉਭਰ ਆਉਂਦੀਆਂ ਸਨ।

ਬੈਰਲ ਦੇ ਬੋਰ ਬਨਾਉਣਾ

ਜਦੋਂ ਬੈਰਲ ਤਿਆਰ ਹੋ ਜਾਂਦਾ ਤਾਂ ਇਕ ਵਿਸ਼ੇਸ਼ 'ਸਿਲਾਈ' ਸਾਫ ਨਿਜਾਕ ਨਾਲ ਵਾਰੀ ਵਾਰੀ ਇਸ ਦੇ ਬੋਰ ਨੂੰ ਘਸਾਇਆ ਜਾਂਦਾ ਸੀ ਜਦ ਤਕ ਉਸ ਨੂੰ ਘਸਾ ਕੇ ਪਾਲਿਸ਼ ਨਹੀਂ ਕੀਤੀ ਜਾਂਦੀ ਸੀ ਤਦ ਤਕ ਉਹ ਕੰਮ ਅਧੂਰਾ ਰਹਿੰਦਾ ਸੀ। ਕੈਪਟਨ ਐਬੋਟ ਇਸ ਢੰਗ ਨੂੰ ਅਧੂਰਾ ਦਸਦੇ ਹੋਏ ਲਿਖਦਾ ਹੈ :—ਬੰਦੂਕਾਂ ਦੇ ਨਿਰਮਾਣ ਵਿਚ ਇਹ ਇਕ ਬਹੁਤ ਵਡੀ ਘਾਟ ਸੀ ਕਿ ਉਸ ਦੇ ਅੰਦਰਲੇ ਪਾਸੇ ਦਾ ਪੂਰਾ ਧਿਆਨ ਨਹੀਂ ਸੀ ਦਿਤਾ ਜਾਂਦਾ। ਬੰਦੂਕਾਂ ਬਨਾਉਣ ਵਾਲੇ ਅਯੋਗ ਕਾਰੀਗਰ ਇਸ ਗਲ ਦਾ ਧਿਆਨ ਨਹੀਂ ਸਨ ਰਖਦੇ ਕਿ ਬੈਰਲ ਦੀ ਪਿਛਲੀ ਛੋਰ ਵਿਚ ਛੱਡੀ ਗਈ ਘਾਟ ਬੰਦੂਕ ਲੋਡ ਕਰਦੇ ਸਮੇਂ ਲੋਡ ਕਰਨ ਵਾਲੇ ਦਾ ਜੀਵਨ ਵੀ ਲੈ ਸਕਦੀ ਹੈ। ਬੋਰ ਦਾ ਅਨੁਚਿਤ ਸੈਲੰਡਰ ਅਤੇ ਕਦੇ ਕਦੇ ਕਪੜੇ ਜਾਂ ਚਮੜੇ ਵਿਚ ਲਪੇਟ ਕੇ ਰੱਖਿਆਂ ਗੋਲਿਆਂ ਸਰਲਤਾ ਨਾਲ ਅਤੇ ਸਹੀ ਨਿਸ਼ਾਨੇ ਤੇ ਲਗਣਗੀਆਂ, ਇਹ ਨਿਸ਼ਚਤ ਨਹੀਂ ਸੀ।

ਬੈਰਲ ਨੂੰ ਚਿਕਨਾ ਕਰਨ ਦੀ ਕ੍ਰਿਆ ਬੋਰਿੰਗ ਕਰਕੇ ਕੀਤੀ ਜਾਂਦੀ ਸੀ। ਪਰੰਤੂ ਇਹ ਢੰਗ ਹਰੇਕ ਬੰਦੂਕ ਤੇ ਲਾਗੂ ਨਹੀਂ ਹੁੰਦਾ ਸੀ। ਚਿਕਣੀ ਬੈਰਲ ਵਾਲੀ ਬੰਦੂਕ ਨੂੰ ਸਾਦਾ ਕਿਹਾ ਜਾਂਦਾ ਸੀ ਅਤੇ ਰੈਫ਼ਲ ਬੋਰ ਨੂੰ ਰਖ-ਦਾਰ ਕਿਹਾ ਜਾਂਦਾ ਸੀ। ਕੈਪਟਨ ਐਬੋਟ ਦੇ ਅਨੁਸਾਰ ਰਾਈਫ਼ਲਿੰਗ ਢੰਗ ਆਦਿਕ ਵਿਕਸਤ ਨਹੀਂ ਸੀ ਕਿਉਂਕਿ ਸਿੱਖ ਖਰਾਦ ਤੇ ਰਾਇਫ਼ਲਿੰਗ ਦੇ ਅੰਗਰੇਜ਼ੀ ਢੰਗ ਤੋਂ ਵਾਕਫ ਨਹੀਂ ਸਨ। ਰਾਇਫ਼ਲਿੰਗ ਦੇ ਦੋ ਢੰਗ ਪ੍ਰਚਲਤ ਸਨ। ਪਹਿਲੇ ਵਿਚ ਸੁਕਵਾਇਰ-ਵੀਟਸ ਦੁਆਰਾ ਰਾਇਫ਼ਲਿੰਗ ਕੀਤੀ ਜਾਂਦੀ ਸੀ, ਜਿਸ ਵਿਚ ਪਿਛਲੇ ਪਾਸੇ ਮੋਰੀ ਕਰਕੇ ਲੱਕੜੀ ਦਾ ਲੀਵਰ ਲਗਾਇਆ ਜਾਂਦਾ ਸੀ। ਬੈਰਲ ਨੂੰ ਉਪਰ ਰਖ ਕੇ ਉਸ ਨੂੰ ਲੋਡ ਕਰਨ ਵਾਲਾ ਵਿਅਕਤੀ ਆਪਣਾ ਪੂਰਾ ਭਾਰ ਪਾਉਂਦਾ ਅਤੇ ਇਕ ਝਟਕੇ ਨਾਲ ਉਸ ਨੂੰ ਲੋਡ ਕਰਨਾ ਪੈਂਦਾ ਸੀ। ਦੂਸਰਾ ਢੰਗ ਚੰਗਾ ਸੀ ਜਿਸ ਦਾ ਵਰਨਣ ਬਦੇਲ-ਪਵੇਲ ਨੇ ਕੀਤਾ ਹੈ। ਇਸ ਵਿਚ ਬੈਰਲ ਦੀ "ਰਖਬੁਰ" ਨਾਮਕ ਇਕ ਵਿਸ਼ੇਸ਼ ਔਜ਼ਾਰ ਨਾਲ ਖਰਾਦ ਕੇ ਅਤੇ ਬਰਿਕਪਲੈਂਥ ਤੇ ਸਾਵਧਾਨੀ ਨਾਲ ਲਗਾ ਕੇ ਉਸ ਨੂੰ ਘੁਮਾਇਆ ਜਾਂਦਾ ਸੀ। ਬੈਰਲ ਵਿਚ

ਆਮ ਤੌਰ ਤੇ ਚਾਰ ਜਾਂ ਇਸ ਤੋਂ ਜ਼ਿਆਦਾ ਬੋਰ ਕੀਤੇ ਜਾਂਦੇ ਸਨ, ਇਕ ਸਮੇਂ ਤੇ ਕੇਵਲ ਦੋ ਬੋਰ ਕੀਤੇ ਜਾਂਦੇ ਸਨ। ਦੋ ਹੋਰ ਬੋਰ ਕਰਨ ਲਈ ਬੈਰਲ ਦੀ ਦਿਸ਼ਾ ਬਦਲ ਦਿਤੀ ਜਾਂਦੀ ਸੀ।

ਮੈਚ ਲਾਕ ਲਗਪਗ ਵਿਆਪਕ ਰੂਪ ਨਾਲ ਓਵੋਫਾਰਮ ਚੈਂਬਰ ਦੁਆਰਾ ਬਣਾਏ ਜਾਂਦੇ ਸਨ, ਜੋ ਬਜ਼ਾਰ ਦੇ ਕਮਜ਼ੋਰ ਗੱਨ-ਪਾਊਡਰ ਦੇ ਪ੍ਰਯੋਗ ਕਰਨ ਤੋਂ ਹਾਨੀ ਰਹਿਤ ਹੁੰਦੇ ਸਨ। ਪਰੰਤੂ ਜਦ ਅੰਗਰੇਜ਼ੀ ਗੱਨ-ਪਾਊਡਰ ਦਾ ਪ੍ਰਯੋਗ ਕੀਤਾ ਜਾਂਦਾ ਤਾਂ ਖਤਰਨਾਕ ਹੁੰਦੇ ਸਨ। ਪਰੰਤੂ ਇਹ ਸਸਤਾ ਪੈਂਦਾ ਸੀ। ਚੈਂਬਰ ਦੀ ਬਨਾਵਟ ਦੇ ਅਨੁਸਾਰ ਬੈਰਲ ਨੂੰ ਵਿਚੋਂ ਵੱਡਾ ਬਣਾਇਆ ਜਾਂਦਾ ਸੀ।

ਲੰਬੇ ਬੈਰਲ ਦੇ ਆਮ ਤੌਰ 'ਤੇ ਦੋ ਭਾਗ ਬਣਾਏ ਜਾਂਦੇ ਸਨ ਜਿਹਨੂੰ ਆਪਸ ਵਿਚ ਵੈਲਡਿੰਗ ਦੁਆਰਾ ਜੋੜ ਦਿਤਾ ਜਾਂਦਾ ਸੀ। ਇਹ ਵੈਲਡਿੰਗ ਦਿਖਾਈ ਨਹੀਂ ਸੀ ਦਿੰਦੀ।

ਇਕ ਚੰਗੀ ਕੋਟਲੀ ਬੈਰਲ (ਬਿਨਾ ਸਜਾਵਟ) ਲਗਪਗ 15 ਰੁਪਏ ਦੀ ਹੁੰਦੀ ਸੀ। ਪਰੰਤੂ ਪ੍ਰਿੰਸੀਪਲ ਸੀਤਾ ਰਾਮ ਕੋਹਲੀ ਦੇ ਖਾਲਸਾ ਦਰਬਾਰ ਦੇ ਅਸਲੀ ਹਿਕਾਡ ਦੇ ਅਧਾਰ ਤੇ ਲਏ ਗਏ ਅੰਕੜਿਆਂ ਦੇ ਅਨੁਸਾਰ ਭਿੰਨ ਭਿੰਨ ਤਰ੍ਹਾਂ ਦੀਆਂ ਬੰਦੂਕਾਂ ਹੁੰਦੀਆਂ ਸਨ। ਜਿਹਨਾਂ ਦੀ ਕੀਮਤ 11 ਰੁਪਏ ਤੋਂ 20 ਰੁਪਏ ਤਕ ਹੁੰਦੀ ਸੀ। ਬੈਨਟ ਜੜੀ ਰਾਇਫਲ ਦਾ ਮੁਲ 16 ਰੁਪਏ ਹੁੰਦਾ ਸੀ।

ਸਿੱਟਾ

ਪੰਜਾਬ ਵਿਚ ਸਿੱਖ ਸ਼ਾਸਨ ਕਾਲ ਦੇ ਦੌਰਾਨ ਅਗਨੀ ਸ਼ਸਤਰ ਬਣਾਉਣ ਦੀ ਕਲਾ ਦਾ ਅਧਿਅਨ ਮਾਹਰਾਂ ਦੁਆਰਾ ਹਾਲੇ ਤਕ ਪੂਰੀ ਤਰ੍ਹਾਂ ਵਰਨਣ ਨਹੀਂ ਹੈ ਪਰੰਤੂ ਇਸ ਦੇ ਅਧੂਰੇ ਅਕਾਰ ਵਿਚ ਇਸ ਕਲਾ ਦੇ ਚਰਿੱਤਰ ਅਤੇ ਸੰਭਵਤਾ ਦੀ ਝਾਕੀ ਮਿਲਦੀ ਹੈ, ਜੋ ਦੇਸ਼ ਵਿਚ ਵਿਸਥਾਰ ਰੂਪ ਵਿਚ ਵਿਆਪਕ ਸੀ ਅਤੇ ਜਿਸ ਦਾ ਸੰਬੰਧ ਹੋਰ ਵਿਕਸਤ ਕਲਾਵਾਂ ਦੇ ਨਾਲ ਵੀ ਸੀ ਅਤੇ ਜੋ ਤਤਕਾਲੀਨ ਆਰਥਿਕਤਾ ਤੇ ਅਧਾਰਿਤ ਸੀ। ਮਹਾਰਾਜਾ ਨੇ ਇਸ ਕਲਾ ਨੂੰ ਵਿਕ-ਸਤ ਕਰਨ ਦੇ ਸਾਰੇ ਯਤਨ ਕੀਤੇ ਪਰੰਤੂ ਤਤਕਾਲੀਨ ਉਪਲਭਦ ਤਕਨੀਕੀ ਸਿਖਿਆ ਨੇ ਇਸ ਸੰਬੰਧ ਵਿਚ ਰੁਕਾਵਟਾਂ ਪਾਈਆਂ ਜਿਸ ਦੇ ਅੱਗੇ ਉਹ ਅਸਮਰਥ ਰਿਹਾ ਜਿਸ ਦੇ ਕਾਰਨ ਇਸ ਸ਼ਸਤਰ ਬਣਾਉਣ ਦੀ ਕਲਾ ਵਿਚ ਕਮੀਆਂ ਰਹਿ ਗਈਆਂ।

ਮਹਾਰਾਜਾ ਰਣਜੀਤ ਸਿੰਘ ਦੀ ਸਿੱਖ ਕਲਾ ਨੂੰ ਦੇਣ

—ਪ੍ਰਿੰ: ਪ੍ਰਕਾਸ਼ ਸਿੰਘ

ਭਾਰਤ ਵਿਚ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਸਾਡੇ ਦੇਸ਼ ਉਪਰ ਜਿਤਨੇ ਹਮਲੇ ਹੋਏ, ਉਹ ਪੱਛਮ ਵਲੋਂ ਹੀ ਹੋਏ। ਇਨ੍ਹਾਂ ਹਮਲਿਆਂ ਦਾ ਸਭ ਤੋਂ ਵਧ ਅਸਰ ਪੰਜਾਬ ਉਪਰ ਹੀ ਪੈਂਦਾ ਰਿਹਾ। ਸਰਹਦ ਦੇ ਨੇੜੇ ਹੋਣ ਕਰ ਕੇ ਇਨ੍ਹਾਂ ਹਮਲਿਆਂ ਦੀਆਂ ਸਭ ਤੋਂ ਜ਼ਿਆਦਾ ਸੱਟਾਂ ਪੰਜਾਬੀਆਂ ਨੂੰ ਹੀ ਸਹਿਣੀਆਂ ਪਈਆਂ। ਪੰਜਾਬ ਵਿਚ ਚੋਖਾ ਸਮਾਂ ਲਗਾਤਾਰ ਸੁਖ-ਸ਼ਾਂਤੀ ਹੋ ਹੀ ਨਾ ਸਕੀ। ਇਸ ਲਈ ਢੇਰ ਚਿਰ ਇਥੇ ਸੂਖਮ ਹੁਨਰ ਇਤਨੇ ਪ੍ਰਫੁਲਤ ਨਾ ਹੋ ਸਕੇ ਜਿਤਨੇ ਕਿ ਦੇਸ਼ ਦੇ ਹੋਰ ਹਿੱਸਿਆਂ ਵਿਚ ਹੋਏ, ਕਿਉਂਕਿ ਕਲਾ ਦਾ ਨਿਕਾਸ ਤੇ ਵਿਕਾਸ ਅਮਨ ਤੇ ਸ਼ਾਂਤੀ ਦੇ ਮਾਹੌਲ ਵਿਚ ਹੀ ਹੁੰਦਾ ਹੈ। ਉਂਜ ਤਾਂ ਹਰ ਹੁਨਰ, ਹਰ ਕੰਮ ਤੇ ਹਰ ਕਿੱਤੇ ਦੀ ਤਰੱਕੀ ਤੇ ਉੱਨਤੀ ਉਦੋਂ ਹੀ ਹੋ ਸਕਦੀ ਹੈ ਜਦ ਦੇਸ਼ ਵਿਚ ਅਮਨ ਚੈਨ ਹੋਵੇ, ਪਰ ਕੋਮਲ ਕਲਾ ਤੇ ਸੂਖਮ ਹੁਨਰ ਪ੍ਰਫੁਲਤ ਹੋਣ ਲਈ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਲੋਕੀਂ ਸੁਖ-ਚੈਨ ਵਿਚ ਵਿਚਰਦੇ ਹੋਏ ਖੁਸ਼ਹਾਲ ਹੋਣ।


ਪੰਜਾਬ ਵਿਚ ਜਦ ਸਿੱਖਾਂ ਨੇ ਤਾਕਤ ਫੜ ਲਈ ਤਾਂ ਪੱਛਮ ਵਲੋਂ ਹਮਲੇ ਬੰਦ ਹੋ ਗਏ। ਪੰਜਾਬੀਆਂ ਨੂੰ ਉਦੋਂ ਅਮਨ ਤੇ ਸੁਖ-ਚੈਨ ਦਾ ਸਾਹ ਆਉਣ ਲਗਾ ਜਦੋਂ ਇਥੇ 'ਭੂਰਿਆਂ ਵਾਲੇ ਰਾਜੇ' ਹੋਣ ਲਗੇ। ਖਿੰਡੀ ਪੁੰਡੀ ਤਾਕਤ ਇਕ ਮੁੱਠ ਹੋਣ ਲਗੀ ਅਤੇ ਵਖ ਵਖ ਮਿਸਲਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਸਰਦਾਰੀ ਸਵੀਕਾਰ ਕਰਨੀ ਸ਼ੁਰੂ ਕਰ ਦਿਤੀ।

ਮਹਾਰਾਜਾ ਰਣਜੀਤ ਸਿਘ ਨੇ ਪੰਜਾਬ ਵਿਚ ਇਕ ਸਾਂਝਾ ਰਾਜ ਸਥਾਪਤ ਕੀਤਾ। ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਵਿਚ ਮੇਲ-ਮਿਲਾਪ ਵਧਣ ਲੱਗਾ। ਇਕ ਦੂਜੇ ਦਾ ਭੈਅ ਘਟ ਕੇ ਆਪੋ ਵਿਚ ਵਿਸ਼ਵਾਸ ਵਧਣ ਲਗਾ। ਲੋਕੀਂ ਖੁਸ਼ਹਾਲ ਹੋਣ ਲਗ ਪਏ।

ਪੰਜਾਬ ਵਿਚ ਵਖ ਵਖ ਹੁਨਰਾਂ ਦੀ ਪ੍ਰਫੁਲਤਾ

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੁਗਲ ਰਾਜ ਸਮੇਂ ਮੁਸੱਵਰੀ ਭਾਵ ਚਿੱਤਰ ਕਲਾ ਤੇ ਇਮਾਰਤ ਸਾਜ਼ੀ ਭਾਵ ਮੰਦਰ ਕਲਾ ਨੇ ਬੜੀ ਤਰੱਕੀ ਕੀਤੀ। ਉਸ ਦਾ ਕੁਝ ਅਸਰ ਪੰਜਾਬ ਤੇ ਭੀ ਪਿਆ। ਪਰ ਮੁਗਲ ਰਾਜ ਦੇ ਅਤ ਵਿਚ ਇਹ ਹੁਨਰ ਘਟਣ ਲਗ ਪਏ। ਔਰੰਗਜ਼ੇਬ ਵੇਲੇ ਤਾਂ ਕੋਮਲ ਹੁਨਰ ਕਾਫੀ ਘਟ ਗਏ ਸਨ।

ਅਠਾਰ੍ਹਵੀਂ ਸਦੀ ਦੇ ਅਤ ਤੇ ਉਨ੍ਹੀਵੀਂ ਸਦੀ ਦੇ ਸ਼ੁਰੂ ਤਕ ਮੁਗਲ, ਕਾਂਗੜਾ ਤੇ ਰਾਜਪੂਤਾਨਾ ਕਲਾ ਦੀਆਂ ਪਰੰਪਰਾਵਾਂ ਦਾ ਵਿਕਾਸ ਲਗਪਗ ਬੰਦ ਹੀ ਹੋ ਗਿਆ। ਪਰ ਪੰਜਾਬ



ਵਿਚ ਇਸ ਸਮੇਂ ਆਰਟ ਦੀ ਇਕ ਨਵੀਂ ਪਰੰਪਰਾ ਚਲ ਪਈ। ਕਲਾ ਦੀ ਇਕ ਨਵੀਂ ਰੂਪ-ਰੇਖਾ ਉਘੜਨ ਲਗ ਪਈ, ਜਿਸ ਨੂੰ ਸਿੱਖ ਕਲਾ ਕਿਹਾ ਜਾਂਦਾ ਹੈ। ਇਸ ਕਲਾ ਦਾ ਕੇਂਦਰ ਅੰਮ੍ਰਿਤਸਰ ਬਣਿਆ। ਇਥੋਂ ਦੇ ਦਰਬਾਰ ਸਾਹਿਬ ਦੀ ਛਤਰ-ਛਾਇਆ ਹੇਠ ਇਹ ਨਵੀਂ ਕਲਾ ਪ੍ਰਫੁਲਤ ਹੋਣ ਲਗੀ।


ਡਬਲੀਊ. ਜੀ. ਆਰਚਰ ਦੇ ਅਨੁਸਾਰ ਸਿਖ ਸਕੂਲ ਦੀ ਚਿੱਤਰ ਕਲਾ ਦੀਆਂ ਤਿੰਨ ਪ੍ਰਮੁਖ ਸ਼ਾਖਾਂ ਹਨ : ਗੁਲੇਰ ਚਿੱਤਰ, ਕਾਂਗੜਾ ਚਿੱਤਰ ਤੇ ਲਾਹੌਰ ਚਿਤਰ। ਗੁਲੇਰ ਦੇ ਕਲਾਕਾਰ ਜੋ ਪਹਿਲਾਂ ਰਾਜਪੂਤ ਵਿਸ਼ਿਆਂ ਤੇ ਕੰਮ ਕਰਦੇ ਸਨ, ਬਾਅਦ ਵਿਚ ਸਿਖ ਵਿਸ਼ਿਆਂ ਤੇ ਤਜਰਬੇ ਕਰਨ ਲਗ ਪਏ। 1813 ਵਿਚ ਗੁਲੇਰ ਦਾ ਇਲਾਕਾ ਮਹਾਰਾਜਾ ਰਣਜੀਤ ਸਿੰਘ ਦੀ ਸਲਤਨਤ ਦਾ ਹਿੱਸਾ ਬਣ ਗਿਆ, ਇਸ ਲਈ ਉਥੋਂ ਦੀ ਕਲਾ ਤੇ ਸਿੱਖ ਵਿਸ਼ਿਆਂ ਦੀ ਸਾਂਝ ਹੋਣ ਲਗ ਪਈ। ਉਥੋਂ ਦੇ ਕੁਝ ਚਿੱਤਰਕਾਰਾਂ ਨੇ ਸਿੱਖਾਂ ਦੇ ਗੁਰੂ ਸਾਹਿਬਾਂ ਦੇ ਜਾਂ ਸਿੱਖ ਸਰਦਾਰਾਂ ਦੇ ਕੁਝ ਚਿਤਰ ਬਣਾਏ। ਇੰਜ ਹੀ ਮਹਾਰਾਜਾ ਰਣਜੀਤ ਸਿੰਘ ਦੇ ਲੜਕੇ ਰਾਜਾ ਸ਼ੇਰ ਸਿੰਘ ਨੇ ਜਦੋਂ ਕਾਂਗੜੇ ਦੀ ਦੇਖ-ਭਾਲ ਆਪਣੇ ਹੱਥ ਵਿਚ ਲਈ ਤਾਂ ਉਥੋਂ ਦੇ ਚਿਤਰਕਾਰਾਂ ਨੇ ਸਿੱਖ ਰਾਜਿਆਂ ਤੇ ਸਰਦਾਰਾਂ ਦੇ ਚਿੱਤਰ ਬਣਾਏ। ਉਨ੍ਹਾਂ ਕੁਝ ਸਿੱਖ ਰਾਜਿਆਂ ਦੇ ਰੁਮਾਂਸ ਨੂੰ ਵੀ ਚਿਤਰਿਆ। ਲਾਹੌਰ ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਸੀ। ਇਥੋਂ ਦੇ ਚਿਤਰਕਾਰਾਂ ਨੇ ਮਹਾਰਾਜੇ ਦੇ ਅਤੇ ਉਨ੍ਹਾਂ ਦੇ ਦਰਬਾਰੀਆਂ ਦੇ ਚਿਤਰ ਬਣਾਏ।


ਇਨ੍ਹਾਂ ਤਿੰਨਾਂ ਸ਼ਾਖਾਂ ਦੇ ਨਿਰੂਪਣ ਦੇ ਢੰਗ ਵਖ ਵਖ ਹਨ ਭਾਵੇਂ ਵਿਸ਼ਿਆਂ ਦੀ ਕਈ ਥਾਈਂ ਸਾਂਝ ਦਿਸਦੀ ਹੈ।

ਸਿੱਖ ਪਰੰਪਰਾ ਦੀ ਚਿਤ੍ਰਕਾਰੀ ਦੇ ਕਈ ਚਿੱਤਰ ਮਿਲਦੇ ਹਨ। ਇਨ੍ਹਾਂ ਵਿਚੋਂ ਉਪਰ ਕਥਿਤ ਰਾਜਿਆਂ ਅਤੇ ਸਰਦਾਰਾਂ ਦੀਆਂ ਤਸਵੀਰਾਂ ਤੋਂ ਇਲਾਵਾ ਕਈ ਹੋਰ ਚਿੱਤਰ ਵੀ ਹਨ। ਵਖ ਵਖ ਥਾਵਾਂ ਤੇ ਸੈਂਕੜੇ ਹੀ ਸਚਿਤ੍ ਖਰੜੇ ਮਿਲਦੇ ਹਨ ਜਿਨ੍ਹਾਂ ਵਿਚ ਅਨੇਕਾਂ ਹੀ ਐਸੇ ਚਿੱਤਰ ਹਨ ਜੋ ਕਿ ਸਿਖ ਕਲਾ ਦੇ ਸੁੰਦਰ ਨਮੂਨੇ ਪੇਸ਼ ਕਰਦੇ ਹਨ। ਕਈ ਐਸੀਆਂ ਜਨਮ-ਸਾਖੀਆਂ ਦੇ ਖਰੜੇ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆ ਚਿਤਰੀਆਂ ਹੋਈਆਂ ਕਥਾਵਾਂ ਮਿਲਦੀਆਂ ਹਨ। ਧਾਰਮਕ ਤੇ ਇਤਿਹਾਸਕ ਹੋਰ ਵੀ ਕਈ ਖਰੜੇ ਹਨ ਜਿਨ੍ਹਾਂ ਵਿਚ ਗੁਰੂ ਸਾਹਿਬਾਂ ਦੇ ਚਿੱਤਰ ਹਨ। ਕਈ ਬਹੁਤ ਹੀ ਨਿੱਕੇ ਨਿੱਕੇ ਚਿਤਰ ਵੀ ਹਨ ਜੋ ਕਿ ਵਖ ਜਾਂ ਹਥ ਲਿਖਤਾਂ ਦੇ ਵਿਚ ਸੁਰੱਖਿਅਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਐਸੀਆਂ ਹਥ-ਲਿਖਤ ਬੀੜਾਂ ਹਨ ਜਿਨ੍ਹਾਂ ਦੇ ਹਾਸ਼ੀਏ ਸੁੰਦਰ ਵੇਲ-ਬੂਟਿਆਂ ਨਾਲ ਸੰਵਾਰੇ ਹੋਏ ਦੇਖੇ ਜਾ ਸਕਦੇ ਹਨ। ਇੰਜ ਹੀ ਕਈ ਹੋਰ ਹਥ ਲਿਖਤ ਖਰੜੇ ਹਨ ਜਿਨ੍ਹਾਂ ਦੇ ਹਾਸ਼ੀਏ ਕਈ ਤਰ੍ਹਾਂ ਦੀਆਂ ਵੇਲਾਂ ਤੇ ਨਮੂਨਿਆਂ ਨਾਲ ਸਜਾਏ ਹੋਏ ਦਿਸਦੇ ਹਨ।

ਮਹਾਰਾਜਾ ਰਣਜੀਤ ਸਿੰਘ ਵਲੋਂ ਉਤਸ਼ਾਹ

ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਪੰਜਾਬ ਵਿਚ ਰਾਜ ਸਥਾਪਤ ਹੋ ਗਿਆ ਤਾਂ





ਇਥੇ ਕਈ ਪੱਖੋਂ ਤਰੱਕੀ ਹੋਣ ਲਗੀ। ਕਲਾ ਦੇ ਖੇਤਰ ਵਿਚ ਵੀ ਚੰਗੀ ਉੱਨਤੀ ਹੋਈ। ਤ੍ਰੀਹ ਬੱਤੀ ਸਾਲ ਦੀ ਲਗਾਤਾਰ ਜਦੋ ਜਹਿਦ ਦੇ ਬਾਅਦ ਜਦ ਸਿੱਖ ਰਾਜ ਦੀਆਂ ਧੁਮਾਂ ਚੁਫੇਰੇ ਪੈਣ ਲਗੀਆਂ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਦੂਰ ਤੋਂ ਕਈ ਕਲਾਕਾਰ ਆਉਣ ਲਗ ਪਏ। ਨਾ ਕੇਵਲ ਪੰਜਾਬ ਜਾਂ ਭਾਰਤ ਦੇ ਵਖ ਵਖ ਹਿੱਸਿਆਂ ਵਿਚੋਂ ਸਗੋਂ ਪੱਛਮ ਦੇ ਕਈ ਦੇਸ਼ਾਂ ਵਿਚੋਂ ਵੀ ਕਈ ਤਰ੍ਹਾਂ ਦੇ ਕਲਾਕਾਰ ਜੋ ਵੱਖ ਵੱਖ ਹੁਨਰਾਂ ਤੇ ਕੰਮਾਂ ਵਿਚ ਪ੍ਰਸਿਧਤਾ ਚਾਹੁੰਦੇ ਸਨ, ਆਪਣੀ ਕਿਸਮਤ ਅਜ਼ਮਾਉਣ ਲਈ ਲਾਹੌਰ ਅਪੜੇ।

ਡਾ: ਕੰਵਰਜੀਤ ਸਿੰਘ ਕਾਂਗ ਨੇ ਟ੍ਰਿਬਿਊਨ (ਅੰਗਰੇਜ਼ੀ) ਦੇ 25 ਮਈ, 1980 ਦੇ ਪਰਚੇ ਵਿਚ ਬਦੇਸ਼ਾਂ ਤੋਂ ਆਏ ਕੁਝ ਕਲਾਕਾਰਾਂ ਦੇ ਨਾਮ ਵੀ ਦਿਤੇ ਹਨ ਜੋ ਕਿ ਮਹਾਰਾਜੇ ਦੇ ਦਰਬਾਰ ਵਿਚ ਪਹੁੰਚੇ। ਜਿਵੇਂ ਕਿ ਜਰਮਨੀ ਤੋਂ ਹਿਊਗਲ, ਹੰਗਰੀ ਤੋਂ ਹੋਨਿੰਗ ਬਰਗਰ ਜੋ ਕਿ ਮਹਾਰਾਜੇ ਦਾ ਦਰਬਾਰੀ ਡਾਕਟਰ ਸੀ। ਸ਼ੋਐਫ਼ਟ ਨਾਮ ਦਾ ਇਕ ਚਿਤ੍ਰਕਾਰ ਆਸਟਰੀਆ ਤੋਂ ਆਇਆ ਸੀ। ਇਹ ਹੰਗਰੀ ਤੋਂ ਆਏ ਡਾਕਟਰ ਦਾ ਮਹਿਮਾਨ ਸੀ ਜਿਸ ਦੇ ਰਾਹੀਂ ਉਸਦੀ ਸ਼ਾਹੀ ਦਰਬਾਰ ਨਾਲ ਤੇ ਮਹਾਰਾਜਾ ਰਣਜੀਤ ਸਿੰਘ ਨਾਲ ਜਾਣ-ਪਛਾਣ ਹੋਈ। ਇਸ ਲਈ ਕੁਝ ਕੁ ਲੇਖਕਾਂ ਨੇ ਇਸ ਚਿਤਰਕਾਰ ਨੂੰ ਵੀ ਹੰਗਰੀ ਤੋਂ ਆਇਆ ਲਿਖਿਆ ਹੈ।

ਇੰਜ ਹੀ ਫ਼ਰਾਂਸ ਤੋਂ ਜੈਕੋਮੈਂਟ, ਇਟਲੀ ਤੋਂ ਐਵੀਟੇਬਲ, ਰੂਸ ਤੋਂ ਪ੍ਰਿੰਸ ਸੋਲਟੀਕਾਫ ਵੀ ਆਏ। ਇਥੋਂ ਤਕ ਕਿ ਅਮਰੀਕਾ ਤੋਂ ਵੀ ਹਾਰਲਨ ਨਾਮ ਦਾ ਇਕ ਬਦੇਸ਼ੀ ਲਾਹੌਰ ਪਹੁੰਚਿਆ।

ਇਨ੍ਹਾਂ ਤੋਂ ਇਲਾਵਾ ਹੋਰ ਭੀ ਕਈ ਬਦੇਸ਼ੀ ਸਿੱਖ ਰਾਜ ਵਿਚ ਪਹੁੰਚੇ ਜੋ ਕਿ ਫ਼ੌਜੀ ਕਰਤਬਾਂ ਵਿਚ ਮਾਹਿਰ ਸਨ। ਜਿਨ੍ਹਾਂ ਵਿਚੋਂ ਜਨਰਲ ਵੈਨਤੂਰਾ ਦਾ ਨਾਮ ਬਹੁਤ ਪ੍ਰਸਿੱਧ ਹੈ ਜੋ ਕਿ ਫਰਾਂਸ ਤੋਂ ਆਇਆ।

ਦੂਰ ਦਰਾਜ਼ ਦੇ ਦੇਸ਼ਾਂ ਤੋਂ ਜੇ ਇਤਨੇ ਬਦੇਸ਼ੀ ਲਾਹੌਰ ਖਿਚੇ ਆਏ ਤਾਂ ਪੰਜਾਬ ਦੇ ਵੱਖ ਵੱਖ ਹਿੱਸਿਆਂ ਅਤੇ ਭਾਰਤ ਦੇ ਹੋਰ ਇਲਾਕਿਆਂ ਵਿਚੋਂ ਕਿਤਨੇ ਕਲਾਕਾਰ ਸਿੱਖ ਰਾਜ ਵਿਚ ਆਏ ਹੋਣਗੇ ?

ਅੰਮ੍ਰਿਤਸਰ ਕਲਾ ਦਾ ਕੇਂਦਰ ਬਣਿਆ

ਬੰਬਈ ਤੋਂ ਛਪਦੇ ਅੰਗਰੇਜ਼ੀ ਦੇ ਮੈਗਜ਼ੀਨ ਮਾਰਗ ਦੇ ਜੂਨ 1977 ਦੇ ਪਰਚੇ ਵਿਚ ਡਾ. ਮੁਲਕ ਰਾਜ ਅਨੰਦ ਨੇ ਠੀਕ ਹੀ ਲਿਖਿਆ ਹੈ ਕਿ "1803 ਵਿਚ ਜਦ ਅੰਮ੍ਰਿਤਸਰ ਮਹਾਰਾਜਾ ਰਣਜੀਤ ਸਿੰਘ ਦੀ ਸਲਤਨਤ ਦਾ ਹਿੱਸਾ ਬਣ ਗਿਆ ਤਾਂ ਪੰਜਾਬ ਵਿਚ ਨਵੇਂ ਵਾਤਾਵਰਣ ਨਾਲ ਜੋ ਤਬਦੀਲਿਆਂ ਆਈਆਂ ਉਨ੍ਹਾਂ ਕਾਰਣ ਜੋ ਉਥਲ ਪੁਥਲ ਹੋ ਰਿਹਾ ਸੀ ਉਸ ਵਿਚਕਾਰ ਲਾਹੌਰ ਤੇ ਉਸ ਦੇ ਨੇੜੇ ਦੇ ਇਲਾਕਿਆਂ ਵਿਚ ਸ਼ਾਂਤੀ ਤੇ ਅਮਨ ਦਾ ਮਾਹੌਲ ਸੀ। ਇਸ ਸੁਖ-ਚੈਨ ਦੇ ਵਾਯੂਮੰਡਲ ਵਿਚ ਪਹਿਲੇ ਸਿੱਖ ਮਹਾਰਾਜੇ ਨੇ ਅੰਮ੍ਰਿਤਸਰ ਨੂੰ ਆਪਣੀ ਆਤਮਕ ਜਾਂ ਧਾਰ-ਮਕ ਰਾਜਧਾਨੀ ਬਣਾਇਆ ਜਦ ਕਿ ਲਾਹੌਰ ਉਸ ਦੀ ਨਵੀਂ ਬਣੀ ਸਲਤਨਤ ਦੀ ਰਾਜਨੀਤਕ ਰਾਜਧਾਨੀ ਸੀ।"

ਮਹਾਰਾਜਾ ਰਣਜੀਤ ਸਿੰਘ ਨੇ ਇਹ ਭੀ ਯਤਨ ਕੀਤਾ ਕਿ ਅੰਮ੍ਰਿਤਸਰ ਨੂੰ ਆਪਣੇ ਰਾਜ ਦਾ ਵਪਾਰਕ ਤੇ ਸਭਿਆਚਾਰਕ ਕੇਂਦਰ ਬਣਾਇਆ ਜਾਏ।

ਅੰਮ੍ਰਿਤਸਰ ਦੇ ਬਹੁ-ਪਖੀ ਵਿਕਾਸ ਲਈ ਮਹਾਰਾਜਾ ਰਣਜੀਤ ਸਿੰਘ ਦੇ ਉਤਸ਼ਾਹ ਦੇਣ ਤੇ ਲਾਹੌਰ ਦੇ ਕਈ ਵੱਡੇ ਵੱਡੇ ਵਪਾਰੀ ਇਥੇ ਆ ਗਏ। ਉਨ੍ਹਾਂ ਦੀ ਕਈ ਤਰ੍ਹਾਂ ਨਾਲ ਮਦਦ ਕੀਤੀ ਗਈ। ਨਵੀਆਂ ਇਮਾਰਤਾਂ ਦੀ ਉਸਾਰੀ ਲਈ ਮਾਇਕ ਸਹਾਇਤਾ ਵੀ ਦਿੱਤੀ ਗਈ।

ਇੰਜ ਅੰਮ੍ਰਿਤਸਰ ਦੀ ਕਈ ਤਰ੍ਹਾਂ ਨਾਲ ਉਨਤੀ ਹੋਣ ਲਗੀ। ਇਥੇ ਕਈ ਸ਼ਿਵਾਲੇ, ਠਾਕਰ ਦੁਆਰੇ ਤੇ ਮਸਜਿਦਾਂ ਬਣਨ ਲਗ ਪਈਆਂ। ਸ੍ਰੀ ਦਰਬਾਰ ਸਾਹਿਬ ਤਾਂ ਪਹਿਲੇ ਹੀ ਇਥੇ ਸੀ। ਸ਼ਹਿਰ ਦੀ ਵਸੋਂ ਸਹਿਜੇ ਸਹਿਜੇ ਵਧਦੀ ਗਈ। ਇਥੋਂ ਤਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਅੰਮ੍ਰਿਤਸਰ ਦੀ ਵਸੋਂ ਲਾਹੌਰ ਤੋਂ ਜ਼ਿਆਦਾ ਹੋ ਗਈ। ਇਥੇ ਵਪਾਰ ਵਿਚ ਵੀ ਵਾਧਾ ਹੋਇਆ। ਇਥੋਂ ਦੀਆਂ ਸ਼ਾਲਾਂ, ਰੇਸ਼ਮੀ ਕਪੜੇ ਤੇ ਦੰਦ ਦੇ ਕੰਮ ਦੀ ਤਿਜਾਰਤ ਰੂਸ ਤਕ ਹੋਣ ਲਗ ਪਈ।

ਸ੍ਰੀ ਦਰਬਾਰ ਸਾਹਿਬ ਦੀ ਸਜਾਵਟ

ਮਹਾਰਾਜਾ ਰਣਜੀਤ ਸਿੰਘ ਨੇ ਦਰਬਾਰ ਸਾਹਿਬ ਦੀ ਸਜਾਵਟ ਵਲ ਉਚੇਰਾ ਧਿਆਨ ਦਿਤਾ। ਹਰਿਮੰਦਰ ਸਾਹਿਬ ਦੀ ਜਿਉਂ ਜਿਉਂ ਨਵ-ਉਸਾਰੀ ਤੇ ਸਜਾਵਟ ਹੁੰਦੀ ਗਈ ਤਾਂ

ਇਸ ਧਰਮ-ਕੇਂਦਰ ਦੀ ਸ਼ੁਹਰਤ ਹੋਰ ਵੀ ਫੈਲਦੀ ਗਈ। ਲਾਹੌਰ ਆਏ ਅਨੇਕਾਂ ਬਦੇਸ਼ੀਆਂ ਵਿਚੋਂ ਕੁਝ ਕੁ ਨੇ ਅੰਮ੍ਰਿਤਸਰ ਆ ਕੇ ਇਸ ਅਸਥਾਨ ਦੀ ਸ਼ੋਭਾ ਤਕੀ।

ਹਰਿੰਦਰ ਸਿੰਘ ਰੂਪ ਦੀ ਲਿਖਤ ਅਨੁਸਾਰ ਮਹਾਰਾਜੇ ਨੇ ਭਾਈ ਸੰਤ ਸਿੰਘ ਗਿਆਨੀ ਨੂੰ ਇਥੇ ਵਖ ਵਖ ਤਰ੍ਹਾਂ ਦੇ ਕੰਮ ਕਰਨ ਦਾ ਹੁਕਮ ਦਿਤਾ। ਇਹ ਆਗਿਆ ਸ਼ੇਰਿ-ਪੰਜਾਬ ਨੇ ਅੰਮ੍ਰਿਤਸਰ ਸ਼ਹਿਰ ਉਪਰ ਕਬਜ਼ਾ ਕਰਨ ਮਗਰੋਂ ਛੇਤੀ ਹੀ ਦਿੱਤੀ। 1803 ਈ. ਵਿਚ ਉਨ੍ਹਾਂ ਪੰਜ ਲਖ ਰੁਪਏ ਸ੍ਰੀ ਦਰਬਾਰ ਸਾਹਿਬ ਦੀ ਪੁਨਰ ਉਸਾਰੀ ਤੇ ਇਸ ਨੂੰ ਵੱਖ ਵੱਖ ਕੋਮਲ ਹੁਨਰਾਂ ਨਾਲ ਸਜਾਉਣ ਲਈ ਦਿਤੇ। ਸ੍ਰੀ ਦਰਬਾਰ ਸਾਹਿਬ ਤੋਂ ਇਲਾਵਾ ਇਸ ਨਾਲ ਲਗਦੇ ਹੋਰ ਇਤਿਹਾਸਕ ਅਸਥਾਨ ਜਿਵੇਂ ਕਿ ਸ੍ਰੀ ਅਕਾਲ ਤਖਤ ਤੇ ਬਾਬਾ ਅਟਲ ਰਾਏ ਸਾਹਿਬ ਦੇ ਗੁਰ-ਦੁਆਰੇ ਵੀ ਨਵੇਂ ਸਿਰਿਓਂ ਬਣਵਾਏ ਗਏ ਅਤੇ ਉਨ੍ਹਾਂ ਨੂੰ ਅੰਦਰੋਂ ਚਿਤਰਕਾਰੀ, ਗੱਚ ਟੁਕੜੀ ਤੇ ਜੜਤਕਾਰੀ ਦੇ ਕੰਮਾਂ ਨਾਲ ਸੰਵਾਰਿਆ ਗਿਆ।

ਚਨਿਓਟ ਤੋਂ ਬੁਲਾਏ ਗਏ ਮੁਸਲਮਾਨ ਕਾਰੀਗਰ

ਮਹਾਰਾਜਾ ਰਣਜੀਤ ਸਿੰਘ ਨੇ ਇਮਾਰਤ ਸਾਜ਼ੀ ਵਿਚ ਨਿਪੁੰਨ ਰਾਜ ਤੇ ਲਕੜੀ ਦੇ ਕੰਮ ਕਰਨ ਵਾਲੇ ਸਿਆਣੇ ਤੇ ਤਜਰਬਾਕਾਰ ਮਿਸਤਰੀ ਚਨਿਓਟ ਤੋਂ ਬੁਲਾਏ। ਇਹ ਕਸਬਾ ਹੁਣ ਪਾਕਿਸਤਾਨ ਵਿਚਲੇ ਜ਼ਿਲ੍ਹਾ ਗੁਜਰਾਤ ਦਾ ਹਿੱਸਾ ਹੈ। ਇਥੋਂ ਜੋ ਮਿਸਤਰੀ ਅੰਮ੍ਰਿਤਸਰ ਆਏ ਉਹ ਮੁਸਲਮਾਨ ਸਨ। ਕੇ. ਸੀ. ਆਰੀਅਨ ਅਨੁਸਾਰ ਇਨ੍ਹਾਂ ਵਿਚ ਇਕ ਯਾਰ ਮੁਹੰਮਦ ਖ਼ਾਨ ਮਿਸਤਰੀ ਵੀ ਸੀ ਜੋ ਕਿ ਸੋਨੇ ਦਾ ਪਾਣੀ ਤੇ ਵਰਕ ਜੜਨ ਦੇ ਕੰਮ ਵਿਚ ਬਹੁਤ ਹੀ ਮਾਹਿਰ ਸੀ।

ਚਨਿਓਟ ਤੋਂ ਆਏ ਕਾਰੀਗਰ ਮਿਸਤਰੀ ਤੇ ਉਨ੍ਹਾਂ ਦੀ ਮਦਦ ਕਰਨ ਵਾਲੇ ਉਨ੍ਹਾਂ ਦੇ ਛੋਟੇ ਮਿਸਤਰੀ ਤੇ ਸ਼ਾਗਿਰਦ ਆਦਿ ਅੰਮ੍ਰਿਤਸਰ ਵਿਚ ਇਕ ਬੜੀ ਵਡੀ ਹਵੇਲੀ ਵਿਚ ਰਹਿਣ ਲਗ ਪਏ। ਲਾਹੌਰੀ ਗੇਟ ਦੇ ਅੰਦਰ ਇਹ ਇਕ ਬੜੀ ਖੁਲ੍ਹੀ ਹਵੇਲੀ ਸੀ। ਇਸ ਦਾ ਨਾਂ 'ਹਵੇਲੀ ਚਨਿਓਟੀਆਂ' ਕਰਕੇ ਪ੍ਰਸਿੱਧ ਹੋ ਗਿਆ। ਇਹ ਕੂਚਾ ਤਰਖਾਣਾ ਗਲੀ ਕਬਰ ਵਾਲੀ ਵਿਚ ਸੀ। ਕੂਚੇ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਉਥੇ ਕਈ ਤਰਖਾਣ ਤੇ ਲਕੜੀ ਦੇ ਵੱਖ ਵੱਖ ਕੰਮਾਂ ਵਿਚ ਮਾਹਿਰ ਮਿਸਤਰੀ ਰਹਿੰਦੇ ਸਨ। 1947 ਈ: ਵਿਚ ਦੇਸ਼ ਦੀ ਵੰਡ ਵੇਲੇ ਜਦ ਫਸਾਦ ਹੋਏ ਤਾਂ ਇਹ ਹਵੇਲੀ ਅੱਗ ਦਾ ਸ਼ਿਕਾਰ ਹੋ ਗਈ। ਇਸ ਦਾ ਕਾਫ਼ੀ ਹਿੱਸਾ ਸੜ ਗਿਆ। ਇਸ ਦੇ ਕੁਝ ਚਿੰਨ੍ਹ ਅਜੇ ਵੀ ਬਾਕੀ ਹਨ ਅਤੇ ਥਾਂ 'ਹਵੇਲੀ ਚਨਿਓਟੀਆਂ' ਦੇ ਨਾਮ ਨਾਲ ਹੀ ਜਾਣੀ ਜਾਂਦੀ ਹੈ।

ਹਰਿੰਦਰ ਸਿੰਘ ਰੂਪ ਅਨੁਸਾਰ ਇਨ੍ਹਾਂ ਬਾਹਰੋਂ ਬੁਲਾਏ ਗਏ ਕਾਰੀਗਰਾਂ ਪਾਸੋਂ ਜਦ ਹਰਿਮੰਦਰ ਸਾਹਿਬ ਦੇ ਅੰਦਰ ਦੀ ਸਜਾਵਟ ਲਈ ਕੰਧਾਂ ਉਪਰ ਨੱਕਾਸ਼ੀ ਦਾ ਕੰਮ ਕਰਵਾਇਆ ਗਿਆ ਤਾਂ ਭਾਈ ਸੰਤ ਸਿੰਘ ਗਿਆਨੀ ਪੂਰੇ ਤੌਰ ਕੇ ਸੰਤੁਸ਼ਟ ਨਾ ਹੋਏ। ਉਨ੍ਹਾਂ ਤਕਿਆ ਕਿ ਬਾਹਰੋਂ ਆਏ ਕਾਰੀਗਰ ਪੁਰਾਣੇ ਤਰੀਕਿਆਂ ਦੇ ਤਾਂ ਚੰਗੇ ਜਾਣੂ ਹਨ ਪਰ ਨਵੇਂ ਰੰਗਾਂ ਤੇ ਨਵੇਂ ਢੰਗਾਂ ਦੇ ਉਹ ਪੂਰੇ ਮਾਹਿਰ ਨਹੀਂ ਹਨ। ਕਹਿੰਦੇ ਹਨ ਕਿ ਸ੍ਰੀ ਦਰਬਾਰ ਸਾਹਿਬ ਦੀ ਛਤ ਦੀ

ਸਜਾਵਟ ਦਾ ਕੰਮ ਇਨ੍ਹਾਂ ਕਾਰੀਗਰਾਂ ਨੇ ਹੀ ਕੀਤਾ। ਜਦ ਮਹਾਰਾਜਾ ਰਣਜੀਤ ਸਿੰਘ ਨੇ ਦੇਖਿਆ ਤਾਂ ਉਨ੍ਹਾਂ ਨੂੰ ਉਹ ਪਸੰਦ ਨਾ ਆਇਆ। ਉਹ ਚਾਹੁੰਦੇ ਸਨ ਕਿ ਦਰਬਾਰ ਸਾਹਿਬ ਵਿਚ ਜੋ ਕੰਮ ਹੋਵੇ ਉਹ ਮੁਗਲ ਤੇ ਰਾਜਪੂਤ ਕਲਾ ਤੋਂ ਨਾ ਕੇਵਲ ਵਖਰਾ ਹੀ ਹੋਵੇ ਸਗੋਂ ਉਨ੍ਹਾਂ ਨੂੰ ਮਾਤ ਵੀ ਪਾਵੇ। ਉਨ੍ਹਾਂ ਦੀ ਇੱਛਾ ਸੀ ਕਿ ਇਥੋਂ ਦੇ ਕਲਾਂ ਦੇ ਕੰਮ ਵਿਚ ਸੁਹਜ ਸੁਆਦ ਤੇ ਸੁੰਦਰਤਾ ਦੇ ਨਾਲ ਨਾਲ ਇਥੋਂ ਦੇ ਆਤਮਕ ਰਸ ਦੀ ਵੀ ਝਲਕ ਹੋਵੇ ਅਤੇ ਉਹ ਇਥੋਂ ਦੇ ਸ਼ਾਂਤ ਤੇ ਸੰਗੀਤ-ਮਈ ਵਾਯੂ-ਮੰਡਲ ਨਾਲ ਇਕ-ਸੁਰਤਾ ਵੀ ਰਖਦੀ ਹੋਵੇ।

ਉਘੇ ਕਲਾਕਾਰਾਂ ਦੀ ਇਕੱਤ੍ਰਤਾ

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸਮੇਂ ਦੇ ਸਭ ਉਘੇ ਉਘੇ ਕਲਾਕਾਰਾਂ ਦੀ ਇਕ ਇਕਤ੍ਰਤਾ ਬੁਲਾਈ। ਉਨ੍ਹਾਂ ਦੇ ਵਖ ਵਖ ਕੰਮਾਂ ਦੀ ਇਕ ਪਰਦਰਸ਼ਨੀ ਵੀ ਹੋਈ। ਮਹਾਰਾਜੇ ਨੇ ਉਨ੍ਹਾਂ ਦੇ ਕੰਮ ਦੇਖੇ। ਨਾਲ ਭਾਈ ਸੰਤ ਸਿੰਘ ਗਿਆਨੀ ਵੀ ਸਨ। ਸ: ਠਾਕਰ ਸਿੰਘ ਆਰ-ਟਿਸਟ ਦਸਿਆ ਕਰਦੇ ਸਨ ਕਿ ਮਹਾਰਾਜੇ ਨੂੰ ਚਾਰ ਸਿੱਖ ਕਲਾਕਾਰਾਂ ਦੇ ਕੰਮ ਬਹੁਤ ਹੀ ਪਸੰਦ ਆਏ। ਇਹ ਚਾਰੋਂ ਹੀ ਰਾਮਗੜ੍ਹੀਆ ਮਿਸਲ ਵਿਚੋਂ ਸਨ। ਇਨ੍ਹਾਂ ਪਹਿਲਾਂ ਭੀ ਕੁਝ ਮਹੱਲ ਤੇ ਕਿਲ੍ਹੇ ਆਦਿ ਬਣਾ ਕੇ ਨਾਮਣਾ ਖਟਿਆ ਹੋਇਆ ਸੀ। ਇੰਜ ਇਨ੍ਹਾਂ ਚਾਰਾਂ ਦੀ ਚੋਣ ਕੀਤੀ ਗਈ। ਇਨ੍ਹਾਂ ਨੂੰ ਭਾਈ ਸੰਤ ਸਿੰਘ ਨਾਲ ਲਾਇਆ ਗਿਆ ਜਿਨ੍ਹਾਂ ਨਾਲ ਪਹਿਲਾਂ ਭੀ ਕੁਝ ਸਿੱਖ ਤੇ ਕੁਝ ਗੈਰ ਸਿੱਖ ਖਾਸ ਕਰਕੇ ਚਨਿਓਟ ਤੋਂ ਆਏ ਮੁਸਲਮਾਨ ਕਾਰੀਗਰ ਨਾਲ ਸਨ। ਇਹ ਸਭ ਭਾਈ ਸੰਤ ਸਿੰਘ ਦੀ ਨਿਗਰਾਨੀ ਹੇਠ ਕੰਮ ਕਰਦੇ ਰਹੇ। ਭਾਈ ਸਾਹਿਬ ਆਪ ਵੀ ਕੰਮ ਕਰਦੇ ਤੇ ਨਾਲ ਹੀ ਪੁਰਾਣੇ ਤਰੀਕਿਆਂ ਵਿਚ ਨਵੇਂ ਰੰਗ ਲਾਉਣ ਦੀ ਜਾਚ ਵੀ ਦਸਦੇ। ਵਖ ਵਖ ਕੰਮਾਂ, ਜਿਵੇਂ ਕਿ ਜੜਤਕਾਰੀ, ਟੁਕੜੀ ਤੇ ਨੱਕਾਸ਼ੀ ਆਦਿ, ਲਈ ਜੋ ਖ਼ਾਕੇ ਬੰਣਾਏ ਹੁੰਦੇ, ਉਹ ਭੀ ਉਲੀਕ ਕੇ ਸੰਬੰਧਤ ਕਾਰੀਗਰਾਂ ਨੂੰ ਸਮਝਾਂਦੇ।

ਭਾਈ ਸੰਤ ਸਿੰਘ ਤੋਂ ਲੈ ਕੇ ਹੁਣ ਤਕ ਜਿਨ੍ਹਾਂ ਕਾਰੀਗਰਾਂ ਨੇ ਸ੍ਰੀ ਦਰਬਾਰ ਸਾਹਿਬ ਵਿਚ ਆਪਣੀ ਕਲਾ ਦੇ ਕਿਸੇ ਨਾ ਕਿਸੇ ਰੂਪ ਵਿਚ ਚਮਤਕਾਰ ਦਿਖਾਏ ਹਨ ਉਨ੍ਹਾਂ ਵਿਚੋਂ ਕੁਝ ਕੁ ਦੇ ਨਾਮ ਇਹ ਸਨ : ਬਾਬਾ ਕੇਹਰ ਸਿੰਘ, ਮਹੰਤ ਈਸ਼ਰ ਸਿੰਘ, ਭਾਈ ਬਿਸ਼ਨ ਸਿੰਘ, ਭਾਈ ਨਿਹਾਲ ਸਿੰਘ, ਭਾਈ ਜੰਵਾਹਰ ਸਿੰਘ, ਭਾਈ ਗਿਆਨ ਸਿੰਘ, ਭਾਈ ਹਰਨਾਮ ਸਿੰਘ ਤੇ ਭਾਈ ਆਤਮਾ ਸਿੰਘ।

ਸ੍ਰੀ ਕੇ. ਸੀ. ਆਰੀਅਨ ਦਾ ਕਹਿਣਾ ਹੈ ਕਿ ਸਾਰੀ ਜੜਤਕਾਰੀ (ਪੱਥਰਾਂ ਵਿਚ ਨਿੱਕੇ-ਨਿੱਕੇ ਰੰਗ ਬਰੰਗੇ ਪੱਥਰ ਜੜ ਕੇ ਫੁਲ ਬੂਟੇ ਆਦਿ ਬਨਾਣ ਦਾ ਕੰਮ) ਅਤੇ ਸਾਰੀ ਨੱਕਾਸ਼ੀ (ਕੰਧਾਂ ਉਪਰ ਚਿਤਰਕਾਰੀ ਦਾ ਕੰਮ) ਉਨ੍ਹਾਂ ਮੁਸਲਮਾਨ ਕਲਾਕਾਰਾਂ ਨੇ ਕੀਤੀ ਜੋ ਕਿ ਚਨਿਓਟ ਤੋਂ ਆਏ ਸਨ। ਇਸ ਕੰਮ ਲਈ ਬਦਰੂ ਮਹੀਯੁਦੀਨ ਨੂੰ ਨਿਗਰਾਨ ਥਾਪਿਆ ਗਿਆ।

ਹੋ ਸਕਦਾ ਹੈ ਕਿ ਚਨਿਓਟੀਆਂ ਦਾ ਮੁਖੀ ਤਾਂ ਬਦਰੂ ਮਹੀਯੁਦੀਨ ਹੋਵੇ ਪਰ ਸਾਰੇ ਕਲਾਕਾਰਾਂ ਦੇ ਪਰਮੁਖ ਭਾਈ ਸੰਤ ਸਿੰਘ ਹੋਣ। ਮਹਾਰਾਜੇ ਨੇ ਕਿਸੇ ਨੂੰ ਵੀ ਮੁਖੀ ਜਾਂ ਪਰਮੁਖ ਥਾਪਿਆ ਹੋਵੇ ਇਹ ਗਲ ਤਾਂ ਸਪੱਸ਼ਟ ਹੈ ਕਿ ਅਜ ਜਿਤਨੇ ਪਰਕਾਰ ਦੇ ਕੰਮ ਸ੍ਰੀ ਦਰਬਾਰ ਸਾਹਿਬ ਵਿਚ ਦਿਸਦੇ ਹਨ ਉਹ ਮਹਾਰਾਜਾ ਰਣਜੀਤ ਸਿੰਘ ਦੀ ਦੇਣ ਹਨ।

ਹਰਿਮੰਦਰ ਸਾਹਿਬ ਵਿਚ ਕਲਾ ਦੇ ਬਹੁ-ਪੱਖੀ ਕੰਮ

ਹਰਿਮੰਦਰ ਸਾਹਿਬ ਦਾ ਹੇਠਲਾ ਅੱਧਾ ਹਿੱਸਾ ਚਿੱਟੇ ਪੱਥਰ—ਸੰਗਮਰਮਰ ਦਾ ਬਣਿਆ ਹੋਇਆ ਹੈ ਜਿਸ ਵਿਚ ਰੰਗ ਬਰੰਗੇ ਕੀਮਤੀ ਪੱਥਰ ਜੜੇ ਹੋਏ ਹਨ। ਉਪਰਲਾ ਅੱਧਾ ਹਿੱਸਾ ਸੋਨੇ ਦੇ ਪੱਤਰਿਆਂ ਨਾਲ ਲਿਸ਼ਕਦੀਆਂ ਕੰਧਾਂ ਗੁੰਬਦ ਨਾਲ ਸ਼ਸ਼ੋਭਿਤ ਹੈ। ਹਰਿਮੰਦਿਰ ਸਾਹਿਬ ਦੇ ਅੰਦਰ ਗੱਚ ਤੇ ਟੁਕੜੀ ਦੇ ਕੰਮ ਨਾਲ ਜਿਸ ਨੂੰ ਕਈ ਰੰਗਾਂ ਨਾਲ ਸ਼ਿੰਗਾਰਿਆ ਹੋਇਆ ਹੈ। ਕੁਝ ਥਾਈਂ ਛੱਤਾਂ ਅਤੇ ਕੰਧਾਂ ਗੱਚ ਤੇ ਸ਼ੀਸ਼ੇ ਦੇ ਟੁਕੜਿਆਂ ਨਾਲ ਸਜਾਇਆ ਹੋਇਆ ਹੈ। ਵਖ ਵਖ ਰੰਗ ਦੇ ਕੀਮਤੀ ਪੱਥਰ ਵੀ ਗੱਚ ਵਿਚ ਜੜੇ ਹੋਏ ਦਿਸਦੇ ਹਨ। ਗੱਚ ਉਪਰ ਪੀਲੇ, ਨੀਲੇ, ਸਬਜ਼ ਤੇ ਲਾਲ ਰੰਗ ਲਾ ਕੇ ਵਖ ਵਖ ਨਮੂਨੇ ਬਣਾਏ ਗਏ ਹਨ।

ਦਰਬਾਰ ਸਾਹਿਬ ਦੀ ਚਮਕ ਹੈ ਪਰ ਦਮਕ ਨਹੀਂ। ਇਥੇ ਸੁਖਾਵੀਂ ਜਮਕ ਹੈ। ਇਹ ਅੱਖਾਂ ਨੂੰ ਚੁੰਧਿਆਣ ਵਾਲੀ ਨਹੀਂ। ਬਾਹਰ ਤੇ ਅੰਦਰ ਸਜਾਵਟ ਹੈ। ਜਿਤਨੇ ਵੀ ਫੁਲ-ਬੂਟਿਆਂ ਆਦਿ ਦੇ ਨਮੂਨੇ ਹਨ ਉਹ ਸਭ ਕੁਦਰਤ ਵਿਚੋਂ ਲਏ ਗਏ ਹਨ। ਇਥੇ ਕਲਾ ਤੇ ਕੁਦਰਤ ਦਾ ਮੇਲ ਹੈ। ਮਾਨੋਂ 'ਬਲਿਹਾਰੀ ਕੁਦਰਤ ਵਸਿਆ' ਦੀ ਤੁਕ ਰੂਪਮਾਨ ਹੋ ਰਹੀ ਹੈ।

ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਅੰਦਰ ਵੜਦਿਆਂ ਪਹਿਲਾਂ ਵਿਸ਼ਾਲਤਾ ਦਾ ਪ੍ਰਭਾਵ ਪੈਂਦਾ ਹੈ। ਬਿਲਕੁਲ ਇੰਜ ਜਿਵੇਂ ਕੁਦਰਤ ਦੀ ਬ੍ਰਹਿਮੰਡੀ ਵਿਸ਼ਾਲਤਾ ਦਾ ਪ੍ਰਭਾਵ ਪੈਂਦਾ ਹੈ। ਸਾਹਮਣੇ ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਸਾਹਿਬ ਦਿਸਦਾ ਹੈ। ਪਰਕਰਮਾ ਵਿਚ ਪੈਰ ਰੱਖਦਿਆਂ ਹੀ 'ਹਰਿਮੰਦਰ' ਤੇ ਐਸੀ ਨਜ਼ਰ ਟਿਕਦੀ ਹੈ ਕਿ ਸਰੋਵਰ ਦੇ ਚਾਰ ਚੁਫੇਰੇ ਚੱਕਰ ਕੱਟਦਿਆਂ ਨਜ਼ਰ ਬਾਰ ਬਾਰ ਇਧਰ ਹੀ ਜਾਂਦੀ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਇਸ ਦੀ ਬਾਹਰੋਂ ਤੇ ਅੰਦਰੋਂ ਦਿਲ ਖਿਚਵੀਂ ਸਜਾਵਟ ਕੀਤੀ। ਬਾਹਰਲੀ ਖੂਬਸੂਰਤੀ ਨੂੰ ਤਕ ਕੇ ਚਿਤ ਕਰਦਾ ਹੈ ਕਿ ਅੰਦਰ ਜਾ ਕੇ ਦੇਖੀਏ ਕਿ 'ਹਰੀ ਦਾ ਮੰਦਰ' ਅੰਦਰੋਂ ਕਿੰਨਾ ਆਕਰਸ਼ਿਕ ਹੈ। ਅੰਦਰ ਦੀ ਮਨਮੋਹਣੀ ਸੁੰਦਰ ਸਜਾਵਟ ਵੇਖ ਕੇ ਚਿਤ ਕਰਦਾ ਹੈ ਕਿ ਉਸ 'ਸਤਿ ਸੁਹਾਣ' ਦੇ ਦਰਸ਼ਨ ਹੋਣ। ਕਾਸ਼ ਉਸ 'ਹੁਸਨਲ ਜਮਾਲ' ਦੇ ਕਿਧਰੇ ਝਲਕਾਰੇ ਪੈਣ।

ਸ੍ਰੀ ਹਰਿਮੰਦਰ ਸਾਹਿਬ ਵਿਚ ਜਿਉਂ ਹੀ ਦਾਖਲ ਹੋਣ ਲਗੀਏ ਤਾਂ ਦਰਵਾਜ਼ੇ ਉਪਰ ਲਗੀ ਵੱਡੇ ਸੁਨੇਹਿਰੀ ਪੱਤਰੇ ਉਪਰ ਹੇਠ ਲਿਖੀ ਇਬਾਰਤ ਉਕਰੀ ਹੋਈ ਹੈ ਜਿਸ ਤੋਂ ਮਹਾਰਾਜੇ ਦੀ ਸੇਵਾ ਦੇ ਨਾਲ ਨਾਲ ਉਸ ਦੀ ਨਿਰਮਾਣਤਾ ਦਾ ਸਬੂਤ ਵੀ ਮਿਲਦਾ ਹੈ। ਇਹ ਇਤਿਹਾਸਕ ਲਿਖਤ ਇੰਜ ਹੈ :

"੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥

ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣੇ ਪਰਮ ਸੇਵਕ ਸਿਖ ਜਾਣ ਕਰ ਸ੍ਰੀ ਦਰਬਾਰ ਸਾਹਿਬ ਜੀ ਕੀ ਸੇਵਾ ਸ੍ਰੀ ਮਹਾਰਾਜਾ ਸਿੰਘ ਸਾਹਿਬ ਰਣਜੀਤ ਸਿੰਘ ਜੀ ਪਰ ਦਯਾ ਕਰਕੇ ਕਰਾਈ ਸੰਮਤ ੧੮੮੭"

ਸਿੰਘ ਸਾਹਿਬ ਅਤੇ ਬਰਤਾਨਵੀ ਹਿੰਦੁਸਤਾਨ

—ਪ੍ਰੋ: ਦੇਵਿੰਦਰ ਸਿੰਘ

ਮਹਾਰਾਜਾ ਰਣਜੀਤ ਸਿੰਘ ਸਾਰੇ ਹਿੰਦੁਸਤਾਨ ਵਿਚ ਸ਼ਾਨਦਾਰ ਰਾਜ ਕਾਇਮ ਕਰ ਲੈਂਦਾ ਜੇਕਰ ਅੰਗਰੇਜ਼ਾਂ ਨੇ ਬਾਕੀ ਹਿੰਦੁਸਤਾਨ ਨੂੰ ਅਧੀਨ ਨਾ ਕਰ ਲਿਆ ਹੁੰਦਾ" -ਡਾਕਟਰ ਹਰੀ ਰਾਮ ਗੁਪਤਾ।

ਆਸਟਰੇਲੀਅਨ ਹਿਊਗਲ ਕਹਿੰਦਾ ਹੈ, "...ਮੈਨੂੰ ਇਹ ਕਹਿਣ ਵਿਚ ਰੱਤੀ ਭਰ ਵੀ ਸੰਕੋਚ ਨਹੀਂ ਕਿ ਇਹ ਸੈਨਾ ਕਿਸੇ ਵੀ ਸਮੇਂ ਦੀ ਸੁਰੱਖਿਅਤ ਸੈਨਾ ਨਾਲੋਂ ਹਜ਼ਾਰਾਂ ਗੁਣਾਂ ਵੱਧ ਵਿਸ਼ੇਸ਼ਤਾ ਰਖਦੀ ਹੈ। ਖਾਲਸਾ ਫੌਜ ਕੂਚ ਕਰਨ ਸਮੇਂ ਯੂਰਪੀ ਢੰਗ ਨਾਲ ਪੈਰ ਉਠਾ-ਉਂਦੀ ਹੈ, ਲੰਮੇ ਕੂਚ ਸਮੇਂ ਸਾਡੀਆਂ ਸੈਨਾਵਾਂ ਨੂੰ ਮਾਤ ਕਰਦੀ ਹੈ ਅਤੇ ਪਿਛੇ ਛੱਡ ਜਾਂਦੀ ਹੈ।......ਜਿੰਨੇਂ ਸਮੇਂ ਅਤੇ ਖਰਚ ਵਿਚ 30,000 ਖਾਲਸਾ-ਫੌਜ ਬੜੀ ਹੀ ਆਸਾਨੀ ਨਾਲ ਜਾਂ ਸੁਭਾਵਕ ਤੌਰ ਤ ਕੂਝ ਕਰ ਸਕਦੀ ਹੈ ਉਤਨੇ ਸਮੇਂ ਅਤੇ ਖਰਚ ਵਿਚ ਹੀ ਸਾਡੀ ਮੁਸ਼ਕਲ ਨਾਲ 3000 ਫੌਜ ਹੀ ਜਾ ਸਕਦੀ ਹੈ।"


"ਜੇਕਰ ਮਹਾਰਾਜਾ ਸਤਲੁਜ ਪਾਰ ਦੀਆਂ ਰਿਆਸਤਾਂ ਨੂੰ 1805 ਈ: ਤੋਂ ਪਹਿਲਾਂ 'ਪਰੋਟੈਕਟੋਰੇਟ' ਬਣਾ ਲੈਂਦਾ ਤਾਂ ਸਰਕਾਰੇ-ਖਾਲਸਾ ਦੀ ਅਰਬ-ਸਾਗਰ ਉਤੇ ਪਹੁੰਚੀ ਸੀਮਾਂ ਇਸ ਨੂੰ ਬਰਤਾਨੀਆਂ ਦੀ ਗੁਲਾਮ ਨਾ ਬਣਨ ਦਿੰਦੀ ਅਤੇ ਨਾ ਅੱਜ ਪਾਕਿਸਤਾਨ ਹੀ ਬਣਦਾ।" (ਇਕ ਅਨੁਮਾਨ)

ਸੰਭਾਵਨਾਵਾਂ ਦਾ ਆਧਾਰ :—

ਉਪਰੋਕਤ ਸੰਭਾਵਨਾਵਾਂ ਦਾ ਆਧਾਰ ਫੌਜੀ-ਤਾਕਤ ਅਤੇ ਵਿਨਾਸ਼ੀ-ਸ਼ਕਤੀ ਹੈ ਜਿਹੜੀ ਖਾਲਸਾ ਫੌਜਾਂ ਨੂੰ ਪ੍ਰਾਪਤ ਸੀ। ਜਿਹੜੀਆਂ ਨੇਪਾਲੀ ਫੌਜਾਂ ਖਾਲਸਾ-ਫੌਜ ਨੂੰ ਵੇਖਦਿਆਂ ਹੀ ਕਾਂਗੜਾ ਛੱਡ ਦੌੜੀਆਂ, ਜਿਹੜੇ ਅਫਗਾਨਾਂ ਨੇ ਹਮੇਸ਼ਾਂ ਖਾਲਸਾ ਫੌਜਾਂ ਦੇ ਕਰਾਰੇ ਫਟ ਖਾ ਖਾ ਕੇ 'ਹਰੀਆ ਰਾਘਲੇ' (ਪਠਾਣੀਆਂ ਬੱਚਿਆਂ ਨੂੰ ਸਰਦਾਰ ਹਰੀ ਸਿੰਘ ਨਲੂਆ ਦੀ ਆਮਦ ਦਾ ਡਰ ਦੇ ਕੇ ਚੁੱਪ ਕਰਾਉਂਦੀਆਂ ਹਨ) ਦੇ ਪ੍ਰਮਾਣ ਸਰੂਪ ਹਮੇਸ਼ਾਂ ਹੀ ਭਾਰੀ ਸ਼ਿਕਸ਼ਤ ਦਾ ਸਾਹਮਣਾ ਕੀਤਾ, ਉਹਨਾਂ ਨੈਪਾਲੀ ਅਤੇ ਅਫਗਾਨ ਫੌਜਾਂ ਦੇ ਹੱਥੋਂ ਅੰਗਰੇਜ਼ਾਂ ਨੇ ਦੰਦ-ਖੱਟੇ ਕਰਵਾਏ।

ਸੰਭਾਵਨਾਵਾਂ ਅਮਲ-ਰੂਪ ਵਿਚ ਕਿਉਂ ਨਾ ਆਈਆਂ ?

ਇਹ ਬੜਾ ਹੀ ਅਹਿਮ ਸੁਆਲ ਹੈ। ਇਸਦੇ ਜਵਾਬ ਲਈ ਵੱਡਾ ਖੇਤਰ ਘੇਰਨਾ ਜ਼ਰੂਰੀ ਹੈ। ਮਹਾਰਾਜਾ ਸਾਹਿਬ, ਕੰਪਨੀ ਹਿੰਦੁਸਤਾਨ ਦੇ ਰਾਜੇ, ਬਰਤਾਨਵੀ-ਦੁਕਾਨਦਾਰ ਅਤੇ



ਖਾਲਸਾ ਜੀ ਇਸ ਵਿਸ਼ੇ ਦੇ ਖੇਤਰ ਵਜੋਂ ਅਧਿਅਨ ਅਧੀਨ ਲਿਆਉਣੇ ਜ਼ਰੂਰੀ ਹਨ। ਕਿਉਂਕਿ ਇਸ ਸਭ ਦਾ ਪਿੱਛੋਕੜ ਪੱਛਮੀ ਬੁਰਜੂਆ ਮਸ਼ੀਨੋ-ਵਿਉਪਾਰ ਦਾ ਬਿਉਹਾਰ ਅਤੇ ਪੰਜਾਬ (ਸਿੰਧ ਤੋਂ ਜਮਨਾ ਤੀਕਰ ਦਾ ਇਲਾਕਾ) ਦਾ 'ਕਿਰਤੀ-ਅੰਦੋਲਨ' ਅਤੇ ਉਸ ਦੀਆਂ ਸੰਭਾਵਨਾਵਾਂ ਹਨ।

ਮਹਾਰਾਜਾ ਰਣਜੀਤ ਸਿੰਘ : 'ਸਿੰਘ ਸਾਹਿਬ' ਅਖਵਾ ਕੇ ਖੁਸ਼ ਹੋਣਾ ਅਤੇ ਲੋਕਾਂ ਦੁਆਰਾ 'ਸਰਕਾਰ' (ਰਾਜ-ਪ੍ਰਬੰਧਕੀ ਮੁਖੀ) ਸੰਬੋਧਨ ਕਰਾ ਕੇ 'ਪਾਦਿਸ਼ਾਹ' ਦੀ ਜਗ੍ਹਾ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਗਜਾਉਣਾ, ਸਾਬਤ ਕਰਦਾ ਹੈ ਕਿ ਮਹਾਰਾਜਾ, ਪੰਜਾਬ ਅਤੇ ਪੰਜਾਬੀ ਇਕ ਦੂਜੇ ਲਈ ਹੀ ਬਣੇ ਸਨ। ਪੰਜਾਬ ਅਤੇ ਪੰਜਾਬੀ ਅਤੇ ਮਹਾਰਾਜਾ ਸਾਂਝੇ ਦੁਸ਼ਮਣਾਂ ਮੁਗਲ, ਅਫਗਾਨ ਅਤੇ ਮਰਾਠਿਆਂ ਦਾ ਮੁਕਾਬਲਾ ਕਰਦੇ ਹੋਏ, ਧਰਮ-ਪ੍ਰਭਾਵਕਾਰੀ ਅਮਲਾਂ ਵਿਚ ਢਲ ਕੇ ਇੱਕਮਿੱਕ ਹੋ ਚੁਕੇ ਸਨ। ਇਹ ਉਸ ਵਾਤਾਵਰਣ ਦੀ ਕਰਾਮਾਤ ਸੀ ਜਿਹੜਾ ਪੰਜਾਬ ਦੇ ਕਿਰਤੀ-ਅੰਦੋਲਨ ਅਤੇ ਉਸ ਤੋਂ ਉਪਜੇ ਸਿਦਕ ਨੇ ਬਣਾ ਛੱਡਿਆ ਸੀ।

ਨੈਪੋਲੀਅਨ ਅਤੇ ਮਹਾਰਾਜਾ ਸਾਹਿਬ :—

ਸਰ ਲੈਪਲ ਗਰੀਫਿਨ ਲਿਖਦਾ ਹੈ, "ਬਿਨਾਂ ਸ਼ਕ ਉਸ ਦਾ (ਮਹਾਰਾਜੇ ਦਾ) ਨਾਉਂ ਜੂਲੀਅਸ ਸੀਜ਼ਰ ਤੋਂ ਲੈ ਕੇ ਨੈਪੋਲੀਅਨ ਤਕ ਮਹਾਨ ਲੋਕ-ਲੀਡਰਾਂ ਵਿਚਕਾਰ ਰਖਿਆ ਜਾ ਸਕਦਾ ਹੈ।"

ਮਹਾਨ ਰੋਮਨ-ਸਮਰਾਟ ਜੂਲੀਅਸ ਸੀਜ਼ਰ ਅਤੇ ਵਿਸ਼ਵ ਦੇ ਰੋਮਨ-ਸਾਮਰਾਜ ਨੂੰ ਵੱਖ ਰੂਪ ਵਿਚ ਨਹੀਂ ਚਿਤਰਿਆ ਜਾ ਸਕਦਾ। ਉਹ ਲੋਕ-ਨਾਯਕ ਸੀ। ਨੈਪੋਲੀਅਨ ਬੋਨਾਪਾਰਟ, ਫਰਾਂਸ ਦੇ ਲੋਕ-ਸਮਰਾਟ ਨੂੰ, ਜਿਹੜਾ ਯੂਰਪ ਨੂੰ 'ਇਕ ਦੇਸ਼, ਇਕ ਕੌਮ, ਇਕ ਕਾਨੂੰਨ ਅਤੇ ਇਕ ਸਮਰਾਟ ਅਧੀਨ', ਦੇ ਰੂਪ ਵਿਚ ਆਕਾਰ ਦੇਣਾ ਚਾਹੁੰਦਾ ਸੀ ਅਤੇ ਉਸ ਵਲ ਵੱਡੀ ਬੇਜੋੜ ਪ੍ਰਾਪਤੀ ਕੀਤੀ ਵੀ, ਅੱਜ ਤੀਕਰ ਲੋਕਾਂ ਦੀ 'ਸੁਭਾਵਕ-ਲੀਡਰਸ਼ਿਪ' ਦੀ ਸਭ ਤੋਂ ਵੱਡੀ ਅਤੇ ਉੱਤਮ ਉਪਾਧੀ ਦਿੱਤੀ ਜਾਂਦੀ ਹੈ। ਪਰੰਤੂ ਇਸ ਦੁਨੀਆਂ ਵਿਚ ਮਸ਼ੀਨ-ਵਿਉਪਾਰ ਦੀ ਈਜਾਰੇਦਾਰੀ ਦਾ ਬੋਲਬਾਲਾ ਹੈ। ਈਜਾਰੇਦਾਰੀ-ਮੁਲਕਾਂ ਦਾ ਉਹ (ਨੈਪੋਲੀਅਨ) ਗੌਰਵ ਹੈ ਇਸ ਲਈ ਉਸਦੀ ਪਰਸਿੱਧੀ ਹੋ ਗਈ (ਝੂਠੀ ਨਹੀਂ ਹੋਈ) ਪਰੰਤੂ ਪੰਜਾਬ ਦੇ ਇਸ ਮਹਾ-ਰਾਜੇ ਵਿਚ ਹਰ ਪੱਖੋਂ ਕਿਤੇ ਉੱਤਮ ਗੁਣ ਅਤੇ ਪਰਾਪਤੀਆਂ ਹਨ ਜਿਸ ਦੀ ਪਰਸਿੱਧੀ ਤਾਂ ਹਾਲਾਂ ਹਿੰਦੁਸਤਾਨ ਦੇ ਇਤਿਹਾਸ ਵਿਚ ਵੀ ਨਹੀਂ ਹੋਈ।

"ਨੈਪੋਲੀਅਨ ਕ੍ਰਾਂਤੀ ਦਾ ਬੇਟਾ ਸੀ ਜਿਸ ਨੇ ਆਪਣੀ ਮਾਂ ਦੀ ਪਿੱਠ ਵਿਚ ਛੁਰਾ ਮਾਰਿਆ।" ਉਸਨੇ ਰਾਜਨੀਤਕ ਆਜ਼ਾਦੀ ਤੋਂ ਬਿਨਾਂ ਹੋਰ ਸਭ ਆਜ਼ਾਦੀਆਂ ਦਿੱਤੀਆਂ, ਆਪਣੇ ਗੁਰੂ ਦਾਰਸ਼ਨਿਕ ਜੈਕ ਜੈਕੂਅਸ ਰੂਸੋ ਨੂੰ ਪਾਗਲ ਆਦਮੀ ਕਿਹਾ ਅਤੇ ਪ੍ਰਾਚੀਨ ਸਮਰਾਟਾਂ ਵਾਂਗੂੰ ਸ਼ਕਤੀਆਂ ਦਾ ਕੇਂਦਰੀਕਰਣ ਕਰਕੇ ਸੈਨਿਕ ਤਾਨਾਸ਼ਾਹ ਬਣ ਬੈਠਾ। ਤਮਾਮ ਨਾਗਰਿਕ ਸੰਸਥਾਵਾਂ ਵੀ ਉਸ ਦੇ ਕੇਂਦਰੀਕਰਣ ਦਾ ਸਾਧਨ ਸਨ।

ਮਹਾਰਾਜਾ ਸਾਹਿਬ ਨੇ ਸਾਰੀ ਉਮਰ ਸੇਵਾਦਾਰ-ਰੂਪੀ ਕਮਰਬੰਦ ਨਹੀਂ ਖੋਹਲਿਆ। ਸਾਦੀ ਪਗੜੀ ਬੰਨ੍ਹੀ। ਕੁਰਸੀ ਨੂੰ ਸਿੰਘਾਸਨ ਸਮਝਿਆ। ਚਮਕ ਦਮਕ ਅਤੇ ਭੜਕੀਲੇ ਦੀ ਥਾਂ ਦਰਬਾਰ ਵਿਚ ਸਫੇਦ ਕਪੜੇ ਪਾਕੇ ਉੱਜਲਦੀਦਾਰੀ ਰੂਪ ਵਿਚ ਹੀਸੁਭਾਇਮਾਨ ਹੋਇਆ। 'ਸਿੰਘ ਸਾਹਿਬ' ਅਖਵਾ ਕੇ ਗੁਰੂ ਸਾਹਿਬਾਨ ਨੂੰ ਸੱਚਾ ਪਾਤਸ਼ਾਹ ਮੰਨ ਹਮੇਸ਼ਾਂ ਗੁਰਬਾਣੀ ਅੱਗੇ ਸਿਰ ਝੁਕਾਇਆ। ਨਾਨਕਸ਼ਾਹੀ ਰੁਪਈਆ ਅਤੇ ਨਾਨਕਸ਼ਾਹੀ ਅਸ਼ਰਫ਼ੀਆਂ ਢਲਵਾਈਆਂ ਅਤੇ ਸਰਕਾਰ ਦਾ ਨਾਉਂ 'ਸਰਕਾਰ-ਏ-ਖਾਲਸਾ ਜੀ' ਰੱਖਿਆ ਅਤੇ ਖ਼ੁਦ ਨੂੰ 'ਗੁਰੂ ਕਾ ਨਗਾਰਾ-ਰਣਜੀਤ' ਆਖਿਆ। ਜੰਗਾਂ ਵਿਚ ਜੰਮੇ ਪਲੇ ਅਤੇ ਵਰੋਸਾਏ ਸਿੱਖ ਕਿਸੇ ਨੂੰ ਉੱਚਾ ਜਾਂ ਉੱਤਮ ਮੰਨਣ ਤੋਂ ਇਨਕਾਰੀ ਸਨ ਅਤੇ ਮਹਾਰਾਜਾ ਸਾਹਿਬ ਤਾਂ ਖੁਦ ਨੂੰ 'ਸਿੰਘ ਸਾਹਿਬ' ਅਖਵਾ ਕੇ ਖੁਸ਼ ਹੁੰਦੇ ਸਨ। ਇੰਝ ਉਹ ਸਭ ਵਿਚਕਾਰ ਇਕ ਜਥੇਦਾਰ ਦੀ ਹੈਸੀਅਤ ਵਿਚ ਹੀ ਰਹੇ। ਉਨ੍ਹਾਂ ਨੂੰ ਉਦਾਰਵਾਦੀ ਤਾਨਾਸ਼ਾਹ ਦਾ ਲਕਬ ਦੇਣਾ ਵੀ ਠੀਕ ਨਹੀਂ ਕਿਉਂਕਿ ਤਾਨਾਸ਼ਾਹ ਉਹ ਹੈ ਨਹੀਂ ਸਨ। ਉਹ ਤਾਂ 'ਸਰਕਾਰ' ਯਾਨੀ ਮਹਿਜ਼ ਰਾਜਪ੍ਰਬੰਧਕੀ ਮੁਖੀ ਸਨ।

ਮਹਾਰਾਜਾ ਸਾਹਿਬ ਨੇ ਰਾਜ ਵੀ ਲੋਕਾਂ ਨੂੰ ਹੀ ਕਰਨ ਦਿੱਤਾ ਅਤੇ ਇਸ ਸਥਿਤੀ ਨੂੰ ਲਾਗੂ ਕਰਨ ਲਈ ਜੋ ਜ਼ਰੂਰੀ ਸੀ, ਕੀਤਾ। ਜਿਵੇਂ ਮੌਤ ਦੀ ਸਜ਼ਾ ਕਿਸੇ ਨੂੰ ਵੀ ਨਾ ਦੇਣ ਦੀ ਨੀਤੀ ਸਭ ਜਗ੍ਹਾ ਸਫਲਤਾ ਨਾਲ ਲਾਗੂ ਕਰਵਾਈ। (ਇਹ ਸਜ਼ਾ ਬਾਕੀ ਸਾਰੇ ਹਿੰਦੁਸਤਾਨ ਵਿਚ ਆਮ ਸੀ ਅਤੇ ਅਜੋਕੇ ਪੰਜਾਬ ਵਿਚ 50 ਕੁ ਵਰ੍ਹੇ ਪਹਿਲਾਂ ਤੀਕਰ ਖੇਡ ਸਮਝੀ ਜਾਂਦੀ ਸੀ)। ਪੰਚਾਇਤਾਂ ਸਿਰ ਹੀ ਸਾਰਾ ਕਾਨੂੰਨ ਅਤੇ ਸ਼ਾਂਤੀ-ਵਿਵਸਥਾ, ਨਿਆਏ ਅਤੇ ਉਸਾਰੀ ਦਾ ਕੰਮ ਸੰਭਾਲਿਆ ਸੀ ਅਤੇ ਇਹ ਸੰਸਥਾ ਆਪਣੇ ਕੰਮ ਅਤੇ ਖੇਤਰ ਪ੍ਰਤੀ ਉਤਰਦਾਈ ਸੀ। ਸਥਾਨਕ ਜ਼ਿੰਮੇਵਾਰੀ ਅਤੇ

ਜਵਾਬਦੇਹੀ ਦੇ ਇਸ ਸਿਸਟਮ (ਰਾਖੀ ਸਿਸਟਮ) ਦਾ ਨਤੀਜਾ ਸੋਹਨ ਲਾਲ ਸੂਰੀ ਦੇ ਸ਼ਬਦਾਂ ਵਿਚ ਇੰਜ ਹੈ "ਕੋਈ ਵੀ ਲਾਹੌਰ ਤੋਂ ਪੇਸ਼ਾਵਰ ਹੱਥ ਤੇ ਸੋਨਾ ਧਰਕੇ ਸੁੱਖੀਸਾਂਦੀ ਯਾਤਰਾ ਕਰ ਸਕਦਾ ਹੈ।" ਬੈਰਨ ਹਿਊਗਲ ਕਹਿੰਦਾ ਹੈ ਕਿ ਪੰਜਾਬ ਵਿਚ ਡਕੈਤੀ ਅਨਜਾਣੀ ਸ਼ੈਅ ਸੀ ਅਤੇ ਪੰਜਾਬ, ਹਿੰਦੁਸਤਾਨ (ਬਰਿਟਿਸ਼) ਨਾਲੋਂ ਬਹੁਤ ਸੁਰੱਖਿਅਤ ਸੀ। ਡਾਕਟਰ ਜ: ਸ: ਗਰੇਵਾਲ ਅਨੁਸਾਰ, "ਪੰਜਾਬ ਵਿਚ ਮੁਗਲਾਂ ਨਾਲੋਂ ਨਰਮ ਟੈਕਸ ਲਗਾਏ ਜਾਂਦੇ ਸਨ।" ਜੋਹਨ ਲਾਰੈਂਸ ਕਹਿੰਦਾ ਹੈ ਕਿ ਪੰਜਾਬ ਦੀ ਸਮੁਚੀ ਜ਼ਮੀਨ ਹਰੀ-ਭਰੀ ਅਤੇ ਕਾਸ਼ਤ ਅਧੀਨ ਸੀ, ਜਦੋਂ ਕਿ ਹਿੰਦੁਸਤਾਨੀ-ਪੰਜਾਬ (ਰਿਆਸਤ) ਵਿਚ 1812, 1817, 1824, 1833, 1837, 1841, 1842 ਵਿਚ ਅਕਾਲ ਪਏ।" —ਡੈਂਜ਼ਿਲ ਇਬੇਟਸਨ।

ਪੰਜਾਬ ਦੇ ਕਿਰਤੀ-ਅੰਦੋਲਨ ਦੀ ਲੋਕਸ਼ਕਤੀ ਨੂੰ ਸੰਗਠਤ ਕਰਕੇ ਲੋਕਨਾਯਕ ਮਹਾ-ਰਾਜਾ ਰਣਜੀਤ ਸਿੰਘ ਨੇ ਕੰਪਨੀ-ਹਿੰਦੁਸਤਾਨ ਦੇ ਰਾਜਿਆਂ ਨਾਲੋਂ ਜ਼ਿਆਦਾ ਰਾਜ ਜਿੱਤੇ, ਪਰ ਕਿਧਰੇ ਵੀ ਹਾਰ ਨਹੀਂ ਖਾਧੀ। ਅੱਠ ਸਦੀਆਂ ਬੀਤਣ ਬਾਅਦ ਉਨ੍ਹਾਂ ਨੇ ਖ਼ੈਬਰ-ਦੱਰੇ ਦੀ ਨਾਕਾਬੰਦੀ ਕੀਤੀ ਅਤੇ ਹਮਲਾਵਰਾਂ ਦੀਆਂ ਧਾੜਾਂ ਦੇ ਮੂੰਹ ਭੰਨ ਸੁੱਟੇ। ਅੱਜ ਵੀ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦਾ ਬਾਰਡਰ-ਗੇਟ ਉਹੋ 'ਜਮਰੋਦ' ਹੈ ਜਿਹੜਾ ਸਰਦਾਰ ਹਰੀ ਸਿੰਘ ਨਲੂਏ ਦੀ ਸਿਰਜਣਾ ਹੈ। ਗਿਆਰ੍ਹਵੀ ਸਦੀ ਵਿਚ ਹਿੰਦੂ-ਸ਼ਾਹੀ ਰਾਜਵੰਸ਼ ਦੇ ਪਤਨ ਬਾਅਦ ਨਾਨਕਸ਼ਾਹੀਆਂ ਨੇ ਉਨ੍ਹੀਵੀਂ ਸਦੀ ਵਿਚ ਪਾਸਾ ਪਲਟਿਆ। ਲਦਾਖ਼ ਅਧੀਨ ਕਰਕੇ ਤਿੱਬਤ ਦੀਆਂ ਸੈਨਾਵਾਂ ਨੂੰ ਸ਼ਿਕਸ਼ਤ ਦਿੱਤੀ।

ਆਧੁਨਿਕ ਜੁਗ ਦਾ ਕਰਣਧਾਰ : ਪਰਾਚੀਨ ਅਤੇ ਮੱਧ ਸਦੀਆਂ ਵਿਚ ਦੇਸ਼ਦੇਸ਼ਾਂਤਰਾਂ ਦਰਮਿਆਨ ਸੰਧੀਆਂ ਉਤੇ ਬਾਦਸ਼ਾਹਾਂ ਦੇ ਦਸਤਖ਼ਤ ਹੁੰਦੇ ਸਨ। ਫਿਰ ਫਰਾਂਸੀਸੀ ਕ੍ਰਾਂਤੀ ਆਈ ਤਾਂ ਲੋਕੀ ਲਗਭਗ ਸੌ ਕੁ ਸਾਲ ਸੰਘਰਸ਼ ਕਰਦੇ ਰਹੇ ਅਤੇ ਸਿੱਟੇ ਵਜੋਂ, 'ਰਾਜਪਰਜਾ' ਸ਼ਕਤੀ-ਸੰਪਨ ਕਹਾਉਣ ਲੱਗ ਪਈ ਤਾਂ ਸੰਧੀਆਂ ਉਤੇ ਦੇਸ਼ਾਂ ਦੇ ਨਾਉਂ ਦਰਜ ਕੀਤੇ ਜਾਣ ਲੱਗੇ। ਪਰੰਤੂ ਜਿਸ ਵੀਚਾਰ ਅਤੇ ਅਮਲ ਨੂੰ ਦੁਨੀਆਂ ਹਾਲਾਂ ਤੀਕਰ ਅਸੰਭਵ ਮੰਨਦੀ ਹੈ ਅਤੇ ਨਾਲੋ-ਨਾਲ ਮਨੁੱਖੀ ਸਭਿਅਤਾ ਦਾ ਸ਼ਿਖਰ ਮੰਨਦੀ ਹੈ, ਉਹ ਹੈ, 'ਨਿਜੀ ਅਤੇ ਸਾਮੂਹਕ ਪ੍ਰਭੂਸੱਤਾ ਦੀ ਏਕਤਾ।' ਜਿਹੜੇ ਬ੍ਰਹਿਮੰਡੀ-ਸਿਧਾਂਤਾਂ (Cosmic-Laws) ਨੂੰ ਮੰਨਣਗੇ ਅਤੇ ਅਮਲ ਕਰਨਗੇ ਸਿਰਫ ਉਹੋ ਹੀ 'ਤੱਤਵੈਗਿਆਨਕ-ਬੁੱਧੀਧਾਰੀ' ਇਸ ਸਿਧਾਂਤ ਉਤੇ ਪੂਰੇ ਉਤਰਨਗੇ। ਇਸ ਮਨੁੱਖੀ ਸਭਿਅਤਾ ਦੀ ਸ਼ਿਖਰ-ਮੰਜ਼ਲ ਦਾ ਪਰਗਟਾਵਾ 1842 ਈ: ਵਿਚ ਲੱਦਾਖ਼ ਦੇ ਸੰਧੀ-ਪੱਤਰ ਵਿਚ ਹੋਇਆ ਹੈ। ਇਕ ਪਾਸੇ ਤਾਂ ਦਲਾਈਲਾਮਾ ਅਤੇ ਚੀਨ ਦੇ ਬਾਦਸ਼ਾਹ ਇਸ ਸੰਧੀ ਦੀਆਂ ਧਿਰਾਂ ਹਨ ਅਤੇ ਇਕ ਧਿਰ ਹੈ:— 'ਖ਼ਾਲਸਾ ਜੀਉ।' ਅੰਤਰਦੇਸ਼ੀ ਅਹਿਦਨਾਮਿਆਂ ਵਿਚ ਧਿਰਾਂ ਦੇ ਦਸਤਖ਼ਤ ਅਤੇ ਮੋਹਰਾਂ, ਪ੍ਰਭੂਸੱਤਾ ਦੇ ਪਰਮਾਣ ਹੁੰਦੇ ਹਨ। ਇਹ ਪੰਜਾਬ ਦੀ ਲੋਕਸ਼ਕਤੀ ਦੀ ਮਹਾਨਤਾ ਅਤੇ ਉਸ ਦੀਆਂ ਪ੍ਰਾਪਤੀਆਂ ਦਾ ਪਰਮਾਣ ਹੈ ਜਿਸ ਨੂੰ ਮਹਾਰਾਜਾ ਸਾਹਿਬ ਨੇ ਸਰਕਾਰ (ਰਾਜਪਰਮੁੱਖ) ਹੁੰਦੀਆਂ ਹੋਇਆ ਕਾਇਮ ਰੱਖਿਆ ਹੈ। ਇੰਝ ਖ਼ਾਲਸਾ ਜੀ ਅਤੇ ਮਹਾਰਾਜਾ ਰਣਜੀਤ ਸਿੰਘ ਆਪਣੇ ਸਮਕਾਲੀ ਯੂਰਪ ਤੋਂ ਸੈਂਕੜੇ ਵਰ੍ਹੇ ਅੱਗੇ ਸਨ ਅਤੇ ਹਿੰਦ ਦੀਆਂ ਰਿਆਸਤਾਂ ਤਾਂ ਪਾਸ਼ਾਨਕਾਲੀ ਬਰਬਰਤਾ.........।

ਆਧੁਨਿਕ ਸਮੇਂ ਵਿਚ ਚੀਨ ਵਿਰੁੱਧ ਲੱਦਾਖ਼ ਦੇ ਇਲਾਕਿਆਂ ਉਤੇ ਹਿੰਦ-ਸਰਕਾਰ ਦਾ ਦਾਅਵਾ ਸਰਕਾਰ-ਏ-ਖਾਲਸਾ ਜੀ ਦੀਆਂ ਸੀਮਾਵਾਂ ਉਤੇ ਅਧਾਰਤ ਇਕ ਪ੍ਰਤੱਖ ਸੱਚ ਦੇ ਰੂਪ ਵਿਚ ਉੱਘੜਦਾ ਹੈ। ਮਹਾਰਾਜਾ ਸਾਹਿਬ ਤਾਕਤਵਰ ਫੌਜੀ ਜਥੇਬੰਦੀਆਂ, ਮਹਾਨ ਫੌਜੀ ਚੜ੍ਹਾਈਆਂ ਕਾਰਣ ਹਿੰਦੁਸਤਾਨ ਭਰ ਵਿਚ ਸਿਰਮੌਰ ਸਨ। ਲਗਭਗ 100 ਯੂਰਪੀ, ਖਾਲਸਾ-ਫੌਜ ਵਿਚ ਨਿਯੁਕਤ ਸਨ ਅਤੇ ਆਧੁਨਿਕ ਤੋਂ ਆਧੁਨਿਕ ਸ਼ਸਤਰ ਮਹਾਰਾਜੇ ਦੇ ਅਸਲਾਖਾਨੇ ਵਿਚ ਸਨ। ਸਭ ਤੋਂ ਉੱਤਮ ਬਾਤ ਹੈ ਕਿ ਮਹਾਰਾਜਾ ਨੇ ਪੰਜਾਬ ਨੂੰ ਫੌਜੀ ਅਤੇ ਰਾਜਸੀ ਰੂਪ ਵਿਚ ਜਨ-ਸਾਧਾਰਨ ਦੇ ਸਤਰ ਤੇ ਲੋਕਨਾਯਕ ਬਣਦਿਆਂ ਇੰਝ ਲਾਮਬੰਦ ਅਤੇ ਜਥੇਬੰਦ ਕੀਤਾ ਕਿ ਸਾਰੇ ਹੀ ਪੰਜਾਬੀ ਜਿਵੇਂ ਹਾਕਮ ਜਮਾਤ ਬਣ ਗਏ ਸਨ।

ਨੈਪੋਲੀਅਨ ਦਾ ਰਾਜ ਕੇਂਦਰੀਕਰਣ ਦੀਆਂ ਸੀਮਾਵਾਂ ਟੱਪਣ ਦੇ ਸਿੱਟੇ ਵਜੋਂ ਗਿਆ ਪਰੰਤੂ ਸਰਕਾਰ-ਏ-ਖਾਲਸਾ ਜੀ ਦਾ ਰਾਜ ਦੇਸ-ਧਰੋਹੀਆਂ (ਜਮੂੰ-ਭਰਾਵਾਂ ਅਤੇ ਬਨਾਰਸ ਦੇ ਸਰਦਾਰਾਂ) ਦੁਆਰਾ ਗੱਦਾਰੀ ਅਤੇ ਬਾਰੂਦ ਦੀ ਜਗ੍ਹਾ ਸਰ੍ਹੋਂ ਭੇਜਣ ਦੇ ਸਿੱਟੇ ਵਜੋਂ ਖਤਮ ਹੋਇਆ। ਦੁਨੀਆਂ ਦਾ ਇਤਿਹਾਸਕਾਰ ਜਦੋਂ ਨੈਪੋਲੀਅਨ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਟਾਕਰਾ ਕਰੇਗਾ ਤਾਂ ਮਹਾਰਾਜਾ ਸਾਹਿਬ ਨੂੰ ਉੱਚਾ ਅਸਥਾਨ ਸੁਰੱਖਿਅਤ ਕਰੇਗਾ।

ਪਰ—

ਮਹਾਰਾਜਾ ਸਾਹਿਬ ਅਤੇ ਹਿੰਦੁਸਤਾਨੀ ਰਾਜੇ : ਮਹਾਰਾਜਾ ਸਾਹਿਬ ਦੇ ਜ਼ਮਾਨੇ ਵਿਚ ਯੂਰਪੀ ਲੇਖਕਾਂ ਅਤੇ ਚਿੱਤਰਕਾਰਾ ਦਾ ਸਭ ਤੋਂ ਮਨਭਾਉਂਦਾ ਵਿਸ਼ਾ ਸੀ : ਮਹਾਰਾਜਾ ਰਣਜੀਤ ਸਿੰਘ। ਮਹਾਰਾਜਾ ਸਾਹਿਬ ਨੇ ਹਿੰਦੁਸਤਾਨੀ ਰਾਜਿਆਂ ਜਿਵੇਂ ਕਿ ਸਿਰਾਜਉਦੌਲਾ, ਮੀਰ ਜਾਫਰ, ਅਵਧ ਦੇ ਨਵਾਬ, ਮਰਾਠੇ, ਮੁਗਲ ਅਤੇ ਦੱਖਣੀ ਰਾਜਿਆਂ ਦੇ ਪਾਏ ਇਸ ਹੀਣਭਾਵ ਨੂੰ ਧੋ ਸੁੱਟਿਆ (ਡਾ: ਹਰੀ ਰਾਮ ਗੁਪਤਾ) ਕਿ ਹਿੰਦੁਸਤਾਨ ਮਹਾਨ ਸ਼ਖਸੀਅਤ ਪੈਦਾ ਕਰਨ ਦੇ ਕਾਬਲ ਨਹੀਂ ਰਿਹਾ।

ਦ੍ਰਿੜ-ਨਿਸ਼ਚਈ ਬਨਾਮ ਬੇਵਸਾਹ : ਮਹਾਰਾਜਾ ਦ੍ਰਿੜ-ਵਿਸ਼ਵਾਸੀ ਅਤੇ ਇਰਾਦੇ ਵਾਲੇ ਸਨ ਜਦੋਂ ਕਿ ਹਿੰਦੁਸਤਾਨੀ ਹਾਕਮ ਰੋਜ਼-ਬਰੋਜ਼ ਵਫਾਦਾਰੀਆਂ ਅਤੇ ਈਮਾਨ ਬਦਲਦੇ ਸਨ। ਮਰਾਠੇ ਅਤੇ ਮੁਸਲਮਾਨ ਹਾਕਮ ਇਕ ਤਰਫ ਤਾਂ ਮਹਾਰਾਜੇ ਕੋਲੋਂ ਮਦਦ ਮੰਗਦੇ ਸਨ ਅਤੇ ਦੂਜੇ ਪਾਸੇ ਅੰਦਰਖਾਤੇ ਅੰਗਰੇਜ਼ਾਂ ਨਾਲ ਗੰਢ-ਤਰੁੱਪ ਵੀ ਕਰੀ ਜਾਂਦੇ ਸਨ ਤਾਂ ਜੋ ਉਨ੍ਹਾਂ ਨਾਲ ਕੋਈ ਸੰਧੀ ਕਰ ਲਈ ਜਾਵੇ।

ਮਿੱਤਰਾਂ ਦੀ ਖੋਜ :

ਮਹਾਰਾਜਾ ਸਾਹਿਬ ਨੇ ਅੰਗਰੇਜ਼ਾਂ ਵਿਰੁੱਧ ਸੰਘ ਸੰਗਠਤ ਕਰਨ ਹਿੱਤ ਰੂਸ, ਫਰਾਂਸ ਪਰੱਸ਼ੀਆ ਅਤੇ ਹੋਰ ਅੰਗਰੇਜ਼-ਵਿਰੋਧੀ ਤਾਕਤਾਂ ਨਾਲ ਸੰਪਰਕ ਸਾਧਨ ਦੀ ਪੂਰੀ ਕੋਸ਼ਿਸ਼ ਕੀਤੀ। ਉਹ ਅਰਬ-ਸਾਗਰ ਤਕ ਸੀਮਾ ਵਧਾਉਣ ਵਿਚ ਵੀ ਇਹੋ ਦਿਲਚਸਪੀ ਰਖਦੇ ਸਨ। ਮਹਾਰਾਜਾ ਨੇ ਕੁਝ ਕੁ ਹਿੰਦੁਸਤਾਨੀ ਹਾਕਮਾਂ ਨਾਲ ਸਬੰਧ ਵੀ ਕਾਇਮ ਕੀਤੀ ਪਰੰਤੂ ਉਨ੍ਹਾਂ ਦੀ ਰਾਜਨੀਤਕ ਮਦਦ ਕਰਨ ਦਾ ਫੈਸਲਾ ਉਹ ਨਾ ਕਰ ਸਕੇ । ਉਹ ਖੁਦ ਵੱਡੀ ਭਾਰੀ ਫੌਜੀ-ਮਸ਼ੀਨਰੀ ਦੀ ਉਸਾਰੀ ਵਿਚ ਲਗੇ ਹੋਏ ਸਨ। ਪਰੰਤੂ ਗੱਠਜੋੜ ਜਾਂ ਸੰਘੀ-ਤਾਕਤ ਦੇ ਖੇਤਰ ਵਿਚ ਉਹਨਾਂ ਨੂੰ

ਨਿਰਾਸ਼ਾ ਹੀ ਹੱਥ ਲੱਗੀ। ਅੰਗਰੇਜ਼ਾਂ ਵਿਰੁਧ ਫੈਸਲਾਕੁਨ ਇਰਾਦੇ ਕਾਰਣ ਫੌਜੀ ਤਿਆਰੀ ਦੇ ਸਿੱਟੇ ਵਜੋਂ ਉਹ ਹਿੰਦੁਸਤਾਨ ਵਿਚ ਸਰਵੋਚ-ਸ਼ਕਤੀ ਦੇ ਰੂਪ ਵਿਚ ਉੱਘੜੇ। ਲੇਕਿਨ ਕਿਥੇ ਸੀ ਉਹ ਮਿੱਤਰ-ਤਾਕਤ ਜਿਹੜੀ ਮਹਾਰਾਜੇ ਦੇ ਨਾਲ ਨਾਲ ਸਭ ਕੁਝ ਦਾਉ ਤੇ ਲਗਾਈ ਰਖਦੀ ਜਦੋਂ ਤੀਕਰ ਅੰਗਰੇਜ਼ਾਂ ਵਿਰੁਧ ਜਿੱਤ ਪ੍ਰਾਪਤ ਨਾ ਹੋ ਜਾਂਦੀ? ਹਿੰਦੁਸਤਾਨੀ ਹਾਕਮ ਤਾਂ ਨਿਜ ਦੀਆਂ ਰਿਆਸਤਾਂ ਦੇ ਖੁਸਣ ਡਰੋਂ ਅੰਗਰੇਜ਼ਾਂ ਵਿਰੁਧ ਜੰਗ ਦੀ ਸੋਚਣੋਂ ਹੀ ਅਸਮਰਥ ਸਨ।

ਅੰਗਰੇਜ਼ਾਂ ਵਿਰੁਧ ਕੋਸ਼ਿਸ਼ਾਂ :

ਮਹਾਰਾਜਾ ਨੇ ਉੱਤਰੀ ਹਿੰਦ ਵਿਚ ਰਾਜਪੂਤ ਅਤੇ ਮਰਾਠਾ ਅਤੇ ਦੱਖਣੀ ਹਿੰਦੁਸਤਾਨ ਵਿਚ ਹੈਦਰਾਬਾਦ ਰਿਆਸਤ ਨਾਲ ਸਬੰਧ ਪੈਦਾ ਕਰਨ ਅਤੇ ਅੰਗਰੇਜ਼ਾਂ ਵਿਰੁਧ ਮੁਹਾਜ਼ ਉਸਾਰਣ ਹਿੱਤ ਏਲਚੀ ਭੇਜੇ। ਹੈਦਰਾਬਾਦ ਦੇ ਤਾਂ ਹਿੰਦੂ ਪੇਸ਼ਕਾਰ ਨੇ ਹੀ ਅੰਗਰੇਜ਼ਾਂ ਨੂੰ ਸੂਹ ਦੇ ਦਿਤੀ ਜਦੋਂ ਕਿ ਨੀਲੋਰ ਵਿਚ ਫਤਿਹਗੰਜ ਵਾਸੀ ਧੁਮਦਾਸ (ਮਹਾਰਾਜਾ ਦਾ ਏਜੰਟ) ਅੰਗਰੇਜ਼ਾਂ ਦੇ ਕਾਬੂ ਆ ਗਿਆ ਅਤੇ ਉਸ ਤੋਂ ਸਭ ਭੇਦ ਮਾਲੂਮ ਹੋ ਗਏ (ਆਰਮਜ਼-ਸਟਰਾਂਗ ਕਮਿਸ਼ਨ ਦੀਆਂ ਕਾਰਵਾਈਆਂ, ਨੈਸ਼ਨਲ ਆਰਕਾਈਵਜ਼ ਵਿਚੋਂ)। ਇਸ ਤੋਂ ਬਿਨਾਂ ਸਬੂਤ ਮੌਜੂਦ ਹਨ ਕਿ ਬੰਗਾਲ ਅਤੇ ਬੰਬਈ ਅਤੇ ਭਰਤਪੁਰ, ਬਾਂਦਾ, ਸਿੰਧੀਆਂ, ਹੁਲਕਰ, ਪੇਸ਼ਵਾ, ਟਿਕਾਰੀ ਦੇ ਰਾਜਿਆਂ ਅਤੇ ਹਲਕਿਆਂ ਵਿਚ ਮਹਾਰਾਜਾ ਨੇ ਗੁਪਤ ਸੰਦੇਸ਼ ਭੇਜੇ ਤਾਂ ਜੋ ਅੰਗਰੇਜ਼ਾਂ ਵਿਰੁਧ ਸਾਂਝੀ ਲੜਾਈ ਲੜੀ ਜਾ ਸਕੇ। ਪੰਜਾਬ ਦੇ ਪਹਿਲੇ ਗੱਦਾਰ ਰਾਮ ਸਿੰਘ ਕਾਰਣ ਇਹ ਭੇਦ ਅੰਗਰੇਜ਼ਾਂ ਨੂੰ ਪਤਾ ਲੱਗ ਗਏ ਅਤੇ ਸਿੱਟੇ ਵਜੋਂ ਅੰਮ੍ਰਿਤਸਰ ਦੀ ਸੰਧੀ 1809 ਈ: ਹੋਈ ਅਤੇ ਜਮਨਾ ਦੀ ਜਗ੍ਹਾ ਸਤਲੁਜ ਪੱਕੀ ਸਰਹੱਦ ਬਣਾ ਦਿਤੀ ਗਈ।

ਮਹਾਰਾਜੇ ਦੀਆਂ ਕੋਸ਼ਿਸ਼ਾਂ ਅਤੇ 1857 ਦਾ ਗ਼ਦਰ :

1857 ਈਸਵੀ ਦਾ ਗ਼ਦਰ 'ਮੁਤਬੰਨਾ' ਦੇ ਅਧਿਕਾਰ ਦੇ ਆਧਾਰ ਉਤੇ ਉਬਲਿਆ ਸੀ ਜਿਹੜਾ ਕੂਟਨੀਤਕ ਪਰਚਾਰ ਰਾਹੀਂ ਸੈਨਿਕ-ਬਗਾਵਤ ਬਣਿਆਂ ਅਤੇ ਪੁਰਾਣੇ ਹਾਕਮ ਇਸ ਵਿਚ ਲੜੇ। ਪਰੰਤੂ ਮਹਾਰਾਜਾ ਸਾਹਿਬ ਦੀ ਕੋਸ਼ਿਸ਼ ਸ਼ੁਧ ਰੂਪ ਵਿਚ 'ਆਜ਼ਾਦ-ਹਿੰਦੁਸਤਾਨ' ਦੇ ਸੰਕਲਪ ਦੀ ਸੀ। ਉਹ ਨਿਜੀ ਹਿੱਤਾਂ ਲਈ ਟੋਟੇ ਟੋਟੇ ਲੜਾਈ ਦੀ ਜਗ੍ਹਾ, ਸੰਪੂਰਣ ਅਤੇ ਯੋਜਨਾਬੱਧ-ਜੰਗ ਅੰਗਰੇਜ਼ਾਂ ਨੂੰ ਕੱਢਣ ਲਈ ਲੜਨਾ ਚਾਹੁੰਦੇ ਸਨ। ਉੱਤਰੀ ਹਿੰਦੁਸਤਾਨ ਦੇ ਸਿੱਖ-ਇਲਾਕਿਆਂ ਦੇ ਏਕੀਕਰਣ ਪਿਛੇ ਅਤੇ ਕਸ਼ਮੀਰ, ਮੁਲਤਾਨ ਅਤੇ ਪਿਸ਼ਾਵਰ ਨੂੰ ਵਿਦੇਸ਼ੀ ਪੰਜਿਆਂ ਤੋਂ ਆਜ਼ਾਦ ਕਰਾਣ ਪਿਛੇ ਇਹੋ ਮਕਸਦ ਸੀ। ਜੇਕਰ 1809 ਈ. ਦੀਆਂ ਇਹ ਯੋਜਨਾਵਾਂ ਸਿਰੇ ਚੜ੍ਹ ਜਾਂਦੀਆਂ ਜਦੋਂ ਕਿ ਹਿੰਦੁਸਤਾਨੀ ਰਾਜਿਆਂ ਦੀ ਤਾਕਤ 1857 ਨਾਲੋਂ ਬਹੁਤ ਅਧਿਕ ਸੀ, ਤਾਂ ਇਹ ਸੱਚਮੁਚ ਹੀ ਆਜ਼ਾਦੀ ਦੀ ਪਹਿਲੀ ਅਤੇ ਆਖਰੀ ਸਫਲ ਜੰਗ ਹੁੰਦੀ।

ਇਤਿਹਾਸ ਦੁਹਰਾਉਂਦਾ ਹੈ :

ਸ਼ਾਇਦ ਹਿੰਦੁਸਤਾਨੀ ਹਾਕਮ ਅਤੇ ਰਿਆਸਤਾਂ ਗੁਰੂ ਹਰਿਗੋਬਿੰਦ ਜੀ,ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਵਾਂਗ ਹਾਲੇ ਵੀ ਅੱਧ-ਕਚਰੀਆਂ ਹੀ ਸਨ। ਸਾਂਝੇ ਦੁਸ਼ਮਣ ਖ਼ਤਮ ਕਰਨ ਦੀਆਂ ਯੋਜਨਾਵਾਂ ਦੀ ਜਗ੍ਹਾ ਉਨ੍ਹਾਂ ਨੂੰ ਡਰ ਤੇ ਹੀਣਤਾ ਦਾ ਕਾਂਬਾ ਛਿੜਦਾ ਸੀ ਅਤੇ ਜੇਕਰ ਉਹਨਾਂ ਨੂੰ ਸ਼ਾਮਲ ਹੋਣ ਲਈ ਮਜ਼ਬੂਰ ਕੀਤਾ ਜਾਂਦਾ ਸੀ ਤਾਂ ਉਹ ਜੰਗ ਜਿੱਤਣ ਤੋਂ ਪਹਿਲਾਂ ਹੀ, ਜਿੱਤ ਦੇ ਬਟਵਾਰੇ ਦੇ ਸੁਆਲ ਉਤੇ ਹੀ ਲੜ ਪੈਂਦੇ ਸਨ। ਆਪਣੇ ਵਿਚੋਂ

ਸ਼ਕਤੀਸ਼ਾਲੀ ਹਾਕਮ ਦੇ ਅਧੀਨ ਹੋ ਕੇ ਸੁਤੰਤਰ ਰੂਪ ਵਿਚ ਰਾਜ ਕਰਨ ਦੀ ਜਗ੍ਹਾ ਉਹ ਵਿਦੇਸ਼ੀ ਹੁਕਮਰਾਨ ਦੇ ਪੈਰਾਂ ਦੀ ਜੁਤੀ ਬਣਨਾ ਸਵੀਕਾਰ ਕਰਦੇ ਸਨ। ਇਹੋ ਵਰਤਾਰਾ ਮੁਸਲਮਾਨਾਂ ਦੇ ਪਹਿਲੇ ਹਮਲਿਆਂ ਦੇ ਸਮੇਂ ਤੋਂ ਹੀ ਸਥਾਪਤ ਹੋ ਗਿਆ ਸੀ ਅਤੇਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵੀ ਇਹੋ ਹੀ ਵਰਤਾਰਾ ਸੀ।

ਸਭ ਲਾਲ ਹੋ ਜਾਏਗਾ :

ਮਹਾਰਾਜੇ ਨੇ ਇਹ ਵਰਤਾਰਾ ਸ਼ਾਇਦ ਭਾਂਪ ਲਿਆ ਸੀ। ਹਾਲਾਂਕ ਉਹਨਾਂ ਨੇ ਵੱਡੀ ਤਾਕਤ ਉਸਾਰ ਲਈ ਸੀ ਪਰੰਤੂ ਅੰਗਰੇਜ਼ਾਂ ਦਾ ਰਾਜ ਦੁਨੀਆਂ ਭਰ ਉਤੇ ਫੈਲਿਆ ਹੋਇਆ ਅਤੇ ਇੰਗਲੈਂਡ ਤੋਂ ਸੈਂਕੜੇ ਗੁਣਾਂ ਤੋਂ ਵੀ ਵੱਡਾ ਸੀ। ਇਕ ਇਕ ਕਰਕੇ ਸਾਰੇ ਹਿੰਦੁਸਤਾਨੀ ਹਾਕਮ ਅਧੀਨ ਹੁੰਦੇ ਗਏ। ਸ਼ਰੀਕ ਲੜਦੇ ਰਹੇ ਅਤੇ ਅੰਗਰੇਜ਼ਾਂ ਵਿਰੁੱਧ ਕਦੇ ਵੀ ਇਕੱਠੇ ਨਾ ਹੋਏ। ਇਸੇ ਕਾਰਣ ਮਹਾਰਾਜੇ ਨੇ ਮਾਯੂਸੀ ਨਾਲ, ਹਿੰਦੁਸਤਾਨ ਦੇ ਨਕਸ਼ੇ ਨੂੰ ਵੇਖ ਕੇ ਕਿਹਾ ਸੀ "ਸਭ ਲਾਲ ਹੋ ਜਾਏਗਾ।" ਵੀਰ-ਭੂਮੀ ਚੋਂ ਕੋਈ ਵੀ ਸਾਥੀ-ਰਾਜਾ ਨਾ ਮਿਲਣਾ ਮਹਾਰਾਜੇ ਦੇ ਸਮੇਂ ਦਾ ਦੁਖਾਂਤ ਸੀ। ਸਾਥੀ ਮਿਲਦਾ ਵੀ ਤਾਂ ਕਿਵੇਂ? ਮਹਾਰਾਜਾ ਲੋਕ-ਨਾਯਕ ਸੀ ਜਦੋਂ ਕਿ ਬਾਕੀ ਰਾਜੇ ਪ੍ਰਾਚੀਨ ਵਰਣ-ਪ੍ਰਥਾ ਜਾਂ ਵਰਗ ਜਨਮਾਂਦਰੂ ਵਿਸ਼ੇਸ਼ਾਧਿਕਾਰੀ ਆਧਾਰ ਉਤੇ ਦੈਵੀ-ਰਾਜਸੱਤਾ ਦੇ ਅਧਿਕਾਰਾਂ ਵਿਚ ਗਲੀਨ ਸਨ। ਇਸ ਅਖੌਤੀ ਉੱਤਮਤਾ ਨੇ ਅੰਗਰੇਜ਼ਾਂ ਸਾਹਮਣੇ ਅਨੋਖੀ ਹੀਣਤਾ ਬਣਨਾ ਸਵੀਕਾਰ ਕਰ ਲਿਆ ਪਰ ਜਨਸ਼ਕਤੀ ਦੇ ਨਾਯਕ ਮਹਾਰਾਜਾ ਰਣਜੀਤ ਸਿੰਘ ਨਾਲ ਗੱਠਜੋੜ ਨਾ ਕੀਤਾ।

ਮਹਾਰਾਜਾ ਰਣਜੀਤ ਸਿੰਘ ਅਤੇ ਈਸਟ ਇੰਡੀਆ ਕੰਪਨੀ (ਦੁਕਾਨਦਾਰ)

ਨਵੀਂ ਰਾਜਸੀ ਤਾਕਤ :

ਇਸਲਾਮ, ਈਸਾਈ ਧਰਮ ਅਤੇ ਹਿੰਦੁਸਤਾਨ ਦੇ ਸੈਂਕੜੇ ਹੀ ਮੱਤ ਰਾਜਸੀ ਜੂਏ ਅਤੇ ਖੰਡ ਦੇ ਹਥਿਆਰ ਬਣ ਚੁਕੇ ਸਨ। ਲੇਕਿਨ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਹਰ ਧਰਮ ਅਤੇ ਉਸ ਦੇ ਸਮਾਜ ਦੀ ਪੈਦਾਇਸ਼ ਲੋਕ-ਅੰਦੋਲਨ ਵਿਚ ਹੁੰਦੀ ਹੈ ਅਤੇ ਇਸ ਦੁਆਰਾ ਰਾਜਸੀ ਸ਼ਕਤੀ ਦੇ ਵਿਰੋਧ ਦੇ ਬਾਵਜੂਦ ਦੁਨੀਆਂ ਭਰ ਦੇ ਸਰਬੋਤਮ ਲੀਡਰ, ਯੋਧੇ ਅਤੇ ਅਣਖੀ ਮਨੁੱਖ ਪੈਦਾ ਹੋਏ ਹਨ। ਜਦੋਂ ਮਹਾਰਾਜਾ ਰਣਜੀਤ ਸਿੰਘ ਸਿੱਖੀ-ਲਹਿਰ ਅਤੇ ਇਸ ਦੀਆਂ ਸ਼ਕਤੀਆਂ ਨੂੰ ਆਪਣੇ ਹੱਕ ਵਿਚ ਸੰਗਠਤ ਕਰ ਰਿਹਾ ਸੀ (1802 ਈ:) ਉਸ ਵਕਤ ਤੀਕਰ ਮਸ਼ੀਨ ਅਤੇ ਵਣਜ ਯੂਰਪ ਵਿਚ ਨਵੀਂ ਤਾਕਤ ਦੇ ਰੂਪ ਵਿਚ ਉੱਭਰ ਚੁਕੇ ਸਨ। ਇਹ ਨਵੀਂ ਸ਼ਕਤੀ ਯੂਰਪ ਦੇ ਤਾਨਾਸ਼ਾਹਾਂ, ਸਮਰਾਟਾਂ ਨੂੰ ਢਾਹੁਣ ਵਿਚ ਲੱਗੀ ਹੋਈ ਸੀ ਅਤੇ ਇਸ ਨੂੰ ਦੁਨੀਆਂ ਭਰ ਦਾ ਬੇਜੋੜ ਅਤੇ ਸਰਬੋਤਮ ਲੋਕ-ਲੀਡਰ ਪਰਾਪਤ ਹੋਇਆ ਜਿਸ ਦਾ ਨਾਉਂ ਸੀ, ਨੈਪੋਲੀਅਨ। ਯੂਰਪ ਦੀ ਬੁਰਜੂਆ ਜਮਾਤ ਨੇ ਵਿਗਿਆਨ ਖੋਜ, ਮਸ਼ੀਨ, ਉਦਯੋਗ ਅਤੇ ਵਪਾਰ ਉਤੇ ਈਜ਼ਾਰੇਦਾਰੀ ਹਾਸਲ ਕਰ ਲਈ ਸੀ ਅਤੇ ਹੁਣ ਉਹ ਰਾਜਸੀ ਸ਼ਕਤੀ ਹਾਸਲ ਕਰਨ ਲਈ ਉਗਰ ਹੋ ਰਹੀ ਸੀ। ਅੰਗਰੇਜ਼ ਬੁਰਜੂਆ ਈਜ਼ਾਰੇਦਾਰੀ ਪਰਾਪਤੀ ਢੇਰ ਚਿਰ ਪਹਿਲਾਂ ਕਰ ਚੁਕੇ ਸਨ ਇਸੇ ਕਾਰਣ ਉਦਯੋਗਕ

ਉਤਪਾਦਨ ਲਈ ਵਪਾਰ ਘਤੇ ਵਪਾਰ ਲਈ ਮੰਡੀਆਂ ਦੀ ਭਾਲ ਵਿਚ ਉਹਨਾਂ ਸਭ ਤੋਂ ਪਹਿਲਾਂ ਸਮੁੰਦਰ ਪਾਰ ਕੀਤੇ। ਉਪਰੋਕਤ ਹਾਲਾਤ ਦੇ ਸਿੱਟੇ ਵਜੋਂ ਉਹਨਾਂ ਨੇ ਰਾਜਨੀਤੀ, ਕੂਟਨੀਤੀ, ਹਕੂਮਤ, ਰਾਜਨੀਤਕ ਦੇਸ਼ੀ, ਵਿਦੇਸ਼ੀ ਅਤੇ ਅੰਤਰਰਾਸ਼ਟਰੀ ਸਿਧਾਂਤਾਂ ਅਤੇ ਇਸ ਦੇ ਦਾਓ ਪੇਚ ਵਿਸ਼ਿਆਂ ਵਿਚ ਵਡੀ ਤਰੱਕੀ ਕੀਤੀ। ਹਿੰਦੁਸਤਾਨੀ ਰਾਜਿਆਂ ਨੂੰ ਤਾਂ ਇਨ੍ਹਾਂ ਗੱਲਾਂ ਦਾ ਚਿੱਤਚੇਤਾ ਵੀ ਨਹੀਂ ਸੀ। ਨਾਲੇ ਉਦਯੋਗਾਂ ਦੁਆਰਾ ਹਰ ਰੋਜ਼ ਨਵੀਂ ਅਤੇ ਵੱਧ ਮਾਰੂ ਜੰਗੀ ਤਾਕਤ ਯੂਰਪ ਵਿਚ ਪੈਦਾ ਹੋ ਰਹੀ ਸੀ। ਉਸ ਦਾ ਟਾਕਰਾ ਕਰਨ ਲਈ ਹਿੰਦੁਸਤਾਨ ਵਿਚ ਕਿਹੜਾ ਮਸ਼ੀਨੀ-ਉਦਯੋਗਕ ਢਾਂਚਾ ਸੀ ?

ਸਿੱਖ ਲਹਿਰ :

ਨਾਨਕ-ਪੰਥੀ (ਸਿੱਖਾਂ) ਦੀ ਉਤਪੱਤੀ ਅਤੇ ਲਹਿਰ ਜਿਹੜੀ ਫਰਾਂਸੀਸੀ-ਕਰਾਂਤੀ ਤੋਂ ਲਗ-ਭਗ 300 ਸਾਲ ਪਹਿਲਾਂ ਬਿੰਦੂ ਤੋਂ ਸ਼ੁਰੂ ਹੋਈ ਅਤੇ 200 ਸਾਲ ਪਹਿਲਾਂ ਵਿਕਸਤ ਹੋ ਚੁਕੀ ਸੀ। ਇਸ ਲਹਿਰ ਦਾ ਉਦੇਸ਼ ਫਰਾਂਸੀਸੀ ਕ੍ਰਾਂਤੀ ਵਾਂਗੂੰ ਸੌੜਾ ਜਾਂ ਤੰਗ ਨਹੀਂ ਸੀ ਸਗੋਂ ਸ੍ਰਿਸ਼ਟੀ ਦੇ ਸਿਧਾਂਤ ਦੇ ਅਧੀਨ ਸਰਬ ਮਨੁੱਖਤਾ ਦੇ ਭਲੇ ਲਈ ਸੀ। ਇਸ ਅੰਦੋਲਨ ਵਿਚ ਰੂਸੋ ਦੇ ਬਹੁਤੇ ਵਿਚਾਰ ਅਤੇ ਸੰਕਲਪ, ਸਬੰਧ ਨਾ ਹੋਣ ਦੇ ਬਾਵਜੂਦ ਵੀ ਪੂਰੇ ਹੋਏ ਵਿਖਾਈ ਦੇਂਦੇ ਹਨ ਅਤੇ ਬਾਅਦ ਵਿਚ ਹੋਏ ਕਾਰਲ ਮਾਰਕਸ ਦੇ ਕਿਰਤੀ, ਕਿਰਤ ਅਤੇ ਪੂੰਜੀ ਦੇ ਸਿਧਾਂਤ ਦੀ ਪੁਸ਼ਟੀ ਵੀ ਦਿਖਾਈ ਦੇਂਦੀ ਹੈ। (ਗੁਰਬਾਣੀ ਅਕਾਲ-ਪੁਰੇ ਉਤੇ ਲਿਖੀ ਗਈ ਹੈ, ਇਸ ਕਾਰਣ ਦੇਸ਼ ਤੇ ਕਾਲ ਦੀ ਜਕੜ੍ਹ ਗ੍ਰਿਫਤ ਤੋਂ ਆਜ਼ਾਦ ਹੈ।) ਮੂਲ ਆਧਾਰ, ਸ੍ਰਿਸ਼ਟੀ ਦੇ ਸਿਧਾਂਤ ਉਤੇ ਥਾਪਨ ਕਾਰਣ ਇਸ ਦਾ ਪੈਂਤੜਾ ਲੋਕ ਹਿੱਤ ਦਾ ਹੈ। ਅਜ ਜਮਨਾ ਤੋਂ ਲੈਕੇ ਸਾਰੇ ਪੰਜਾਬ ਤੀਕਰ, ਵਾਹੀ ਹੇਠ ਜ਼ਮੀਨੀ-ਅਧਿਕਾਰਾਂ ਦਾ ਇਤਿਹਾਸ, ਸਾਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਦੀ ਖਾਲਸਾ ਜੀ ਦੀ ਪਰਾਪਤੀ ਦਾ ਅਹਿਸਾਸ ਕਰਾਉਂਦਾ ਹੈ। ਅੱਜ ਦੀ ਪੰਜਾਬ ਦੀ ਖੁਸ਼ਹਾਲੀ ਦਾ ਨੀਂਹ ਪੱਥਰ, ਖਾਲਸਾ ਜੀ 'ਸਰਬੱਤ ਦੇ ਭਲੇ' ਦੇ ਲੋਕ ਹਿੱਤ-ਪੈਂਤੜੇ ਦੇ ਅਨੁਸਾਰ ਉਦੋਂ ਹੀ ਰੱਖਿਆ ਗਿਆ ਸੀ ਅਤੇ ਰਜਵਾੜਾ-ਜਗੀਰੂ ਅਧਿਕਾਰਾਂ ਨੂੰ ਤੋੜ ਕੇ ਜ਼ਮੀਨ ਕਾਸਤਕਾਰਾਂ (ਮੁਜ਼ਾਰਿਆਂ) ਨੂੰ ਦੇ ਦਿੱਤੀ ਗਈ ਸੀ। ਸ਼ਾਹੂਕਾਰਾਂ ਦੇ ਪੰਜੇ ਨੂੰ ਅੰਗਰੇਜ਼ਾਂ ਵੇਲੇ ਚੜ੍ਹਤ ਮਿਲੀ ਅਤੇ ਅੱਜ ਇਹੋ ਸਥਾਨ ਬੈਂਕਿੰਗ-ਸ਼ਾਹੂਕਾਰੇ ਨੂੰ ਪ੍ਰਾਪਤ ਹੈ। ਜ਼ਰੂਰਤ ਹੈ ਉਸ ਲੋਕ-ਹਿਤ ਪੈਂਤੜੇ ਦੀ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਕਾਇਮ ਰੱਖਿਆ।

ਕਿੰਤੂ : ਕਿੰਤੂ ਲਗਭਗ ਸੌ ਸਾਲਾ ਘੱਲੂਘਾਰੇ, ਜਿਸ ਵਿਚ ਲੱਖੂਖਾ ਸਿੱਖ, ਜੁਝਾਰੂ ਸੰਤ ਸਿਪਾਹੀ ਸ਼ਹੀਦ ਹੋਏ, ਤੋਂ ਬਾਅਦ ਪੰਜਾਬ ਦੇ ਲੋਕਾਂ ਨੂੰ ਜਦੋਂ ਹਰ ਰਾਜਸੀ, ਸਮਾਜਕ, ਧਾਰਮਿਕ ਅਤੇ ਸਭਿਆਚਾਰਕ ਈਜਾਰੇਦਾਰੀ ਤੋਂ ਮੁਕਤੀ ਮਿਲੀ ਤਾਂ ਜਿਹੜੇ ਵਿਅਕਤੀ ਅੰਦੋਲਨ ਵਿਚ ਜਾਂ ਅੰਦੋਲਨ ਨਾਲ ਨਿਜੀ ਹਿੱਤਾਂ ਕਾਰਣ ਜੁੜੇ ਹੋਏ ਸਨ ਉਨ੍ਹਾਂ ਨੇ ਨਵੀਂ ਨਵੀਂ ਪ੍ਰਾਪਤ 'ਸੌਖ' ਦੇ ਬੁੱਲੇ ਲੁੱਟਣੇ ਸ਼ੁਰੂ ਕਰ ਦਿਤੇ। ਸਭ ਤੋਂ ਪਹਿਲਾਂ ਆਰਥਕ ਨਾ-ਬਰਾਬਰੀ ਦੀ ਸ਼ੁਰੂਆਤ ਹੋਈ। ਚਾਹੀਦਾ ਤਾਂ ਇਹ ਸੀ ਕਿ ਲੋਕ-ਸਰਕਾਰ ਸਥਾਪਤ ਹੁੰਦੀ ਪਰੰਤੂ ਰਾਖੀ ਸਿਸਟਮ ਅਤੇ ਮਿਸਲ-ਸਿਸਟਮ ਦੀ ਸਵੈਚਾਲਕ ਲੋਕ ਸ਼ਕਤੀ ਦੇ ਕੰਟਰੋਲ ਨੇ ਇਸ ਸੋਚ ਦੇ ਬੀਜ ਹੀ ਨਹੀਂ ਪੁੰਗਰਨ ਦਿਤੇ ਅਤੇ ਗੁਰਮਤਾ ਵੀ ਮਿਸਲਦਾਰਾਂ ਦੇ ਹੱਥਾਂ ਵਿਚ ਕੇਂਦਰਤ

ਹੋ ਗਿਆ ਸੀ । ਇਸ ਤਰ੍ਹਾਂ ਅੰਦੋਲਨ ਰਸਤਾ ਭਟਕ ਕੇ ਰਜਵਾੜਾ-ਸਭਿਆਚਾਰ ਅਤੇ ਸਭਿਅਤਾ ਦੇ ਰਸਤੇ ਪਿਛਾਂਹ ਮੁੜ ਗਿਆ । ਇਹ ਨਵੀਂ, ਸੱਜਰੀ, ਤਾਕਤਵਰ ਪਰ ਰਜਵਾੜਾ-ਔਗੁਣਾਂ ਤੋਂ ਆਜ਼ਾਦ ਪੰਜਾਬੀ ਸਭਿਅਤਾ, ਪੱਛਮੀ ਮਸ਼ੀਨੋ-ਵਿਉਪਾਰੀ ਸਭਿਅਤਾ ਦੇ ਸਾਹਮਣੇ ਕੋਈ ਜੋੜ ਨਹੀਂ ਸੀ ।

ਅੰਗਰੇਜ਼ ਅਤੇ ਹਿੰਦੁਸਤਾਨੀ ਹੁਕਮਰਾਨ : ਨਵੇਂ ਈਜਾਦ ਕੀਤੇ ਹਥਿਆਰਾ, ਸਮੁੰਦਰੀ ਫੌਜ ਅਤੇ ਵਿਗਿਆਨਕ ਯੋਜਨਾਵਾਂ ਰਾਹੀਂ ਅਗਰੇਜ਼ ਤਾਕਤ ਨੇ ਸਿੱਖ ਅਤੇ ਮਰਾਠਾ ਸਾਮਰਾਜਾਂ ਨੂੰ ਅਧੀਨ ਕਰ ਕੇ ਦੇਸੀ ਆਰਥਕਤਾ ਤਬਾਹ ਕੀਤੀ ਅਤੇ ਆਪਣੀ ਮੰਡੀ ਸਥਾਪਤ ਕੀਤੀ । ਜਦੋਂ ਅੰਗਰੇਜ਼-ਬੁਰਜ਼ੂਆ ਹਿੰਦ ਨੂੰ ਅੰਨ੍ਹੀ ਤਰ੍ਹਾਂ ਲੁੱਟ ਲੁੱਟ ਕੇ ਉਸ ਵਰਗ ਨੂੰ ਅਮੀਰ ਬਣਾ ਰਿਹਾ ਸੀ ਜਿਹੜੇ ਕਿ ਉਸਦੀ ਤਾਕਤ ਦਾ ਆਧਾਰ ਸਨ ਉਦੋਂ ਹਿੰਦੁਸਤਾਨੀ ਰਾਜੇ ਸਿਰਫ ਟੈਕਸਾਂ ਦੇ ਬੋਝ ਦੁਆਰਾ ਆਪਣੀ ਪਰਜਾ ਨੂੰ ਲੁੱਟ ਰਹੇ ਸਨ ਤਾਂ ਜੋ ਉਨ੍ਹਾਂ ਦੀ ਐਸ਼-ਇਸ਼ਰਤ ਬਣੀ ਰਹੇ ਅਤੇ/ਇੰਝ ਪਰਜਾ ਦੇਸੀ ਹੁਕਮਰਾਨਾਂ ਤੋਂ ਨਿਰਲੇਪ ਹੋ ਗਈ । ਇਸ ਵਰਤਾਰੇ ਵਿਚ ਸਿਰਫ ਪੰਜਾਬ ਦੀ ਸਰਕਾਰ-ਏ-ਖਾਲਸਾ ਜੀ ਹੀ ਇਕ ਅੱਪਵਾਦ ਸੀ ।

ਦਹੀਂ ਦਲੀ ਮੁਕਾਬਲਾ : ਮਹਾਰਾਜਾ ਦੀ ਤਾਕਤ ਨੇ ਉਨ੍ਹਾਂ ਯੂਰਪੀ ਫੌਜਾਂ ਅਤੇ ਸਾਜ਼ੋ-ਸਾਮਾਨ ਦੀ ਨਕਲ ਕਰਨੀ ਸ਼ੁਰੂ ਕਰ ਦਿਤੀ ਜਿਸ ਦੇ ਪਿਛੇ ਆਧੁਨਿਕ ਰਾਸ਼ਟਰਾਂ ਦੇ ਨਾਗਰਿਕ, ਮਸ਼ੀਨਾਂ, ਉਦਯੋਗ, ਵਣਜ ਅਤੇ ਸਮੁੰਦਰੀ ਤਾਕਤਾਂ ਸਨ ਅਤੇ ਸਭ ਤੋਂ ਉੱਪਰ ਸਾਰੀ ਦੁਨੀਆਂ ਉਤੇ ਛਾਏ ਹੋਏ ਪਰਗਤੀਵਾਦੀ ਬੁਰਜ਼ੂਆ-ਪੂੰਜੀਪਤੀ ਸਨ । ਇਹ ਵਿਚਾਰ ਬਹੁਤ ਖੁੰਢਾ ਲੱਗਦਾ ਹੈ ਕਿ ਪੱਛਮੀ ਤਰਜ਼ ਦੀਆਂ ਸਿੱਖ ਫੌਜਾਂ ਨੇ ਇਕ ਵਾਰੀ ਤਾਂ ਅੰਗਰੇਜ਼ਾਂ ਨੂੰ ਖਤਰਾ ਪਾ ਦਿਤਾ ਅਤੇ ਭਾਰਤ-ਖੰਡ ਦੀਆਂ ਸਭ ਨਾਲੋਂ ਤਾਕਤਵਰ ਫੌਜਾਂ ਸਾਬਤ ਹੋਈਆਂ । ਭਾਰਤ–ਖੰਡ ਦੀਆਂ ਤਾਂ ਉਹ ਸਭ ਤੋਂ ਮਹਾਨ ਫੌਜਾਂ ਸਨ ਹੀ, ਇਸ ਵਿਚ ਕੋਈ ਸ਼ਕ ਨਹੀਂ । ਪਰ ਯਾਦ ਰਹੇ ਜਿਸ ਦੀ ਨਕਲ ਕੀਤੀ ਜਾ ਰਹੀ ਹੋਵੇ, ਉਹ ਨਕਲਚੀ ਨਾਲੋਂ ਵਧੇਰੇ ਉੱਤਮ ਹੋਵੇਗਾ ਅਤੇ ਰਹੇਗਾ । 'ਰਕਸੇ-ਲੂਲਿਆਂ', 'ਰਕਸੇ-ਕੰਜਰੀਆਂ' ਦੇ ਸ਼ਬਦ ਸਾਬਤ ਕਰਦੇ ਹਨ ਕਿ ਸਿੱਖਾਂ ਦਾ ਆਧੁਨਿਕੀਕਰਣ ਹੋਣਾ ਚਾਹੀਦਾ ਸੀ ਨਾਂ ਕਿ ਪੱਛਮੀਕਰਣ । ਪੱਛਮੀਕਰਣ ਵਿਚ ਅਧੀਨਗੀ, ਨੌਕਰੀ ਅਤੇ ਹੀਨਤਾ ਦੇ ਔਗੁਣਾਂ ਨੇ ਸਿੱਖਾਂ ਦੀ ਬਹਾਦਰੀ ਘਟਾਈ ਕਿਉਂਕਿ ਇਹ ਕੁਝ ਸਿੱਖਾਂ ਦੇ ਸੁਭਾਅ ਦੇ ਅਨੁਕੂਲ ਨਹੀਂ ਸੀ । ਖਾਲਸਾ ਜੀ ਤਾਂ ਹਮੇਸ਼ਾਂ ਨਵੇਂ ਨਵੇਂ ਸ਼ਸਤਰ ਅਤੇ ਦਾਉਪੇਚਾਂ ਨੂੰ ਸਿੱਖਣ ਲਈ ਉਤਾਵਲੇ ਰਹਿੰਦੇ ਹੀ ਸਨ । ਸੋ ਆਧੁਨਿਕੀਕਰਣ ਦੀ ਜਗ੍ਹਾ ਪੱਛਮੀਕਰਣ ਸਭ ਤੋਂ ਵੱਡੀ ਗਲਤੀ ਸੀ । ਜਦੋਂ ਐਂਗਲੋਂ-ਸਿੱਖ ਵਾਰ ਸਭਰਾਵਾਂ ਅਤੇ ਹੋਰ ਸਥਾਨਾਂ ਉਤੇ ਲੜੀ ਗਈ ਤਾਂ ਇਹ ਖਾਲਸਾ-ਫੌਜ ਦੇ ਪੰਚਾਂ ਅਧੀਨ ਲੜੀ ਗਈ ਸੀ ਅਤੇ ਖੁਲ੍ਹੇ-ਆਮ ਗੱਦਾਰੀਆਂ ਯੂਰਪੀ, ਬਨਾਰਸੀ ਅਤੇ ਡੋਗਰੇ ਭਰਾਵਾਂ ਨੇ ਕੀਤੀਆਂ ਕਿਉਂਕਿ ਪੱਛਮੀ ਤਰਜ਼ ਦੇ ਸਿਖਿਅਤ ਸਿੱਖ-ਫੌਜਾਂ ਦੇ ਸੰਗਠਨ ਵਿਚ ਅਹਿਮ ਕੰਟਰੋਲ ਦੇ ਮਾਲਕ ਸਨ ਇਸ ਲਈ ਇਹ ਸਭ ਕੁਝ ਕਰਣ ਦੇ ਸਮਰੱਥ ਸਨ । ਬਾਰੂਦ ਦੀ ਜਗ੍ਹਾ ਸਰ੍ਹੋਂ ਦੇ ਬੀਜ ਭੇਜੇ ਗਏ । ਇਸ ਜੰਗ ਦਾ ਰੂਪ ਤੋਪਾਂ-ਬੰਦੂਕਾ ਸਾਹਮਣੇ ਤਲਵਾਰਾਂ ਦਾ ਸੀ । ਪੱਛਮੀਕਰਣ ਤੋਂ ਪਹਿਲਾਂ ਅਜਿਹੇ ਅਹਿਮ ਕੰਟਰੋਲ, ਪਦਵੀਆਂ ਜਾਂ ਕਿਸੇ ਹਿੱਸੇ ਦੀ ਮਾਲਕੀ ਸਿੱਖ—ਫੌਜਾਂ ਵਿਚ ਪਰਚਲਤ ਨਹੀਂ ਸੀ । ਸਿੱਖ—ਫੌਜਾਂ ਪਹਿਲਾਂ ਅਜਿਹੇ ਪਰਬੰਧਾਂ ਉਤੇ ਨਿਰਭਰ ਨਾ ਹੋ ਕੇ ਅਸਾਧਾਰਣ ਸਤਰ ਉਤੇ

ਆਤਮਨਿਰਭਰ ਸਨ । ਪੱਛਮੀਕਰਣ ਤੋਂ ਪਹਿਲਾਂ ਜਾਂ ਤੇ ਮਹਾਰਾਜਾ ਗੱਦਾਰਾਂ ਦਾ ਫਰਾਂਸ ਵਾਂਗੂ ਸਫਾਇਆ ਕਰਦੇ । ਪਰ ਮਹਾਰਾਜੇ ਨੇ ਤਾਂ ਇਕ ਬੰਦੇ ਦੀ ਵੀ ਜਾਨ ਨਹੀਂ ਲਈ । ਫਿਰ ਅਜਿਹੀਆਂ ਫੌਜਾਂ ਤਾਂ ਇਕੋ ਕੌਮ ਦੀਆਂ ਹੀ ਸਫਲ ਹੋ ਸਕਦੀਆਂ ਹਨ । ਬਹੁ-ਕੌਮੀ ਸਥਾਪਤੀ ਵਿਚ ਤਾਂ ਇਹ ਸੰਗਠਨ ਆਤਮ-ਹੱਤਿਆ ਤੁੱਲ ਹੁੰਦਾ ਹੈ । ਜਿਥੇ ਧਨ ਅਤੇ ਸਹੂਲਤ ਲਈ ਹੀ ਦੂਸਰੀਆਂ ਕੌਮਾਂ ਦੇ ਲੋਕ ਨੌਕਰੀਆਂ ਕਰਦੇ ਹਨ । ਯੂਰਪੀ, ਬਨਾਰਸੀ, ਡੋਗਰੇ, ਹਕੀਮ-ਭਰਾ ਤਾਂ ਨੌਕਰੀਆਂ ਕਰਦੇ ਸਨ ਜਿਥੇ ਕਿ ਸਤਲੁਜ ਨੂੰ ਆਪਣੇ ਖ਼ੂਨ ਨਾਲ ਲਾਲ ਕਰ ਦੇਣ ਵਾਲੇ, ਪੰਜਾਬ ਦੇ ਨਾਉਂ ਅਤੇ ਸਰਕਾਰ-ਏ-ਖਾਲਸਾ ਜੀ ਦੀ ਆਨ ਉਤੇ ਮਰ ਮਿਟਣ ਵਾਲੇ ਭੌਰਿਆਂ ਲਈ ਦੇਸ਼ ਅਤੇ ਸਭਿਆਚਾਰ ਜਿੰਦ-ਜਾਨ ਸੀ ।

ਬੇਵਿਸਾਹੇ ਦੋਗਲੇ : ਲੋਕਰਾਜੀ ਸੰਸਥਾਵਾਂ ਦੀਆਂ ਡੀਂਗਾਂ ਮਾਰਨ ਵਾਲੇ ਅੰਗਰੇਜ਼ਾਂ ਨੇ ਆਸਟਰੀਆ, ਰੂਸ, ਪਰਸ਼ੀਆ ਦੇ ਪੈਰਾਂ ਵਿਚ ਸੋਨਾ ਰਖਿਆ ਅਤੇ 25 ਸਾਲਾ ਜੰਗ ਛੇੜੀ ਰਖੀ ਫਰਾਂਸੀਸੀ ਲੋਕ-ਕ੍ਰਾਂਤੀ ਦੇ ਵਿਰੁੱਧ । ਯੂਰਪ ਵਿਚ ਅੰਗਰੇਜ਼, ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜ਼ੀ ਵਿਰੁਧ ਅੰਤਰਰਾਸ਼ਟਰੀ ਕਾਨੂੰਨ ਘੜਵਾਕੇ ਸਾਰੇ ਦੇਸ਼ਾਂ ਨੂੰ ਅਪਾਹਜ ਕਰਕੇ ਖ਼ੁਦ ਜ਼ੋਰ ਅਤੇ ਬੇਈਮਾਨੀ ਨਾਲ ਦਖ਼ਲਅੰਦਾਜ਼ੀ ਕਰਦਾ ਰਿਹਾ । ਸਮੁੰਦਰੀ ਤਾਕਤ ਦੇ ਸਿਰ ਅੰਤਰਰਾਸ਼ਟਰੀ ਕਾਨੂੰਨ ਨਾਲ ਬਲਾਤਕਾਰ ਕਰਦਾ ਰਿਹਾ ਅਤੇ ਹੋਰ ਦੇਸ਼ਾਂ ਦੇ ਵਿਉਪਾਰ ਨੂੰ ਚੋਟ ਪਹੁੰਚਾਉਂਦਾ ਰਿਹਾ । ਅੰਗਰੇਜ਼ ਦੁਕਾਨਦਾਰ ਨੇ ਇਸ ਪਰਕਾਰ ਦੋਗਲੇ ਵਰਤਾਉ ਰਾਹੀਂ ਅਵੈਧ ਸਾਮਰਾਜ ਉਸਾਰਿਆ ।

ਲਾਹੌਰ—ਦਰਬਾਰ ਅਤੇ ਪੱਛਮੀਕਰਣ ਕੀਤੀਆਂ ਖਾਲਸਾ-ਫੋਜਾਂ ਨੂੰ ਕੋਈ ਲੀਡਰ ਮਹਾਰਾਜਾ ਸਾਹਿਬ ਤੋਂ ਬਾਦ ਨਾ ਮਿਲਿਆ ਅਤੇ ਉਂਝ ਵੀ ਬਹੁਕੌਮੀ ਦਰਬਾਰ ਦੇ ਜੰਗਲ ਵਿਚ ਕੋਈ ਹਾਲਤਾਂ ਉਤੇ ਕਾਠੀ ਜੜ ਕੇ ਸਵਾਰ ਵੀ ਕਿਵੇਂ ਹੋ ਸਕਦਾ ਸੀ ?

ਅੰਤ ਦੀ ਸਭਾਵਨਾ : ਅਤੇ ਐਂਗਲੋ-ਸਿਖ ਜੰਗਾਂ ਸਮੇਂ ਅਕਾਲੀ ਫੂਲਾ ਸਿੰਘ ਅਤੇ ਅਕਾਲੀ ਸਾਧੂ ਸਿੰਘ ਜੀ ਦੀਆਂ ਫੌਜਾਂ ਕਿਥੇ ਸਨ ? ਸ਼ਾਇਦ ਦੋ ਦੇਸ਼ਾਂ ਅਤੇ ਰਾਜਾਂ ਦੀ ਲੜਾਈ ਵਿਚ ਯਕੀਨ ਨਾ ਹੋਣ ਕਰਕੇ ਖਾਲਸਾ ਜੀ ਨਿਰਲੇਪ ਹੋ ਗਏ ਸਨ । ਖ਼ੈਰ ਜੇਕਰ ਪੱਛਮੀ ਤਰਜ਼ ਦੀਆਂ, ਖਾਲਸਾ ਜੀ ਨਾਲੋਂ ਅਕੀਦਿਆਂ ਵਿਚ ਕਮਜ਼ੋਰ ਸਿੱਖ ਫੌਜਾਂ ਨੇ ਹੀ ਬਾਰੂਦ ਨਾ ਹੁੰਦੇ ਹੋਏ ਵੀ ਅੰਗਰੇਜ਼ਾਂ ਦੇ ਸੱਥਰ ਲਾਹ ਸੁੱਟੇ ਤਾਂ ਜੇਕਰ ਆਧੁਨਿਕ ਸ਼ਸਤਰਾਂ ਨਾਲ ਲੈਸ ਫੌਜ ਜੰਗ ਲੜਦੀ ਤਾਂ ਕੀ ਹੁੰਦਾ ? ਬੜੀਆਂ ਹੀ ਸੰਭਾਵਨਾਵਾਂ ਸਨ । ਇਹ ਲੇਖ ਇੰਝ ਸੰਭਾਵਨਾਵਾਂ ਤੋਂ ਆਰੰਭ ਹੋ ਕੇ ਸੰਭਾਵਨਾਵਾਂ ਉਤੇ ਹੀ ਖ਼ਤਮ ਹੁੰਦਾ ਹੈ ।

—o—

ਫਰੰਗੀ ਸਾਮਰਾਜ ਨੂੰ ਖਤਮ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਦੇ ਜਤਨ

—ਪ੍ਰਿੰ: ਜੋਗਿੰਦਰ ਸਿੰਘ

"ਸਭ ਲਾਲ ਹੋ ਜਾਇਗਾ"; ਇਹ ਅੱਖਰ ਮਹਾਰਾਜਾ ਰਣਜੀਤ ਸਿੰਘ ਨੇ ਤਦ ਕਹੇ ਜਦ ਉਨ੍ਹਾਂ ਨੂੰ ਭਾਰਤ ਦਾ ਉਹ ਨਕਸ਼ਾ ਦਿਖਾਇਆ ਗਿਆ ਜਿਸ ਵਿਚ ਪੰਜਾਬ ਨੂੰ ਛੱਡ ਹੋਰ ਸਾਰਾ ਭਾਰਤ, ਅੰਗਰੇਜ਼ੀ ਰਾਜ ਦਾ ਹਿੱਸਾ ਹੋਣ ਵਜੋਂ ਲਾਲ ਵਿਖਾਇਆ ਗਿਆ ਸੀ। ਮਹਾਰਾਜੇ ਨੂੰ ਭਲੀ ਭਾਂਤੀ ਪਤਾ ਸੀ ਕਿ ਭਾਵੇਂ ਅੰਗਰੇਜ਼ ਮੂੰਹ ਤੇ ਉਨ੍ਹਾਂ ਨਾਲ ਪੂਰੀ ਦੋਸਤੀ ਜਾਂ ਇਜ਼ਹਾਰ ਕਰਦੇ ਹਨ ਪਰ ਮੌਕਾ ਮਿਲਣ ਤੇ ਉਨ੍ਹਾਂ ਦੀ ਪਿੱਠ ਵਿਚ, ਉਹ ਛੁਰਾ ਘੋਪਣੋਂ ਦਰੇਗ਼ ਨਹੀਂ ਕਰਨਗੇ।

ਨੈਪੋਲੀਅਨ ਨੂੰ ਹਰਾ ਕੇ 1815 ਮਗਰੋਂ ਅੰਗਰੇਜ਼ ਵਿਸ਼ਵ ਦੀ ਸਭ ਤੋਂ ਵੱਡੀ ਤਾਕਤ ਬਣ ਚੁੱਕੇ ਸਨ। ਹਿੰਦੋਸਤਾਨ ਦੇ ਵਿਚ ਹੀ ਉਨ੍ਹਾਂ ਕੋਲ ਕੋਈ 2,50,000 ਫੌਜ ਆਪਣੀ ਸੀ ਅਤੇ ਸਾਰੇ ਭਾਰਤ ਵਿਚ ਥਾਉਂ ਥਾਈਂ ਹੋਰ ਬਹੁਤ ਰਾਜੇ ਸਨ ਜਿਨ੍ਹਾਂ ਦੀ ਨਿਜੀ ਫੌਜ ਵਰਤ ਲੈਣ ਦੇ ਹੱਕ ਵੀ ਅੰਗਰੇਜ਼ਾਂ ਕੋਲ ਸਨ।

ਜਿਹੜਾ ਪੰਜਾਬ ਮਹਾਰਾਜੇ ਨੂੰ ਵਿਰਸੇ ਵਿਚ ਮਿਲਿਆ ਉਹ ਟੁੱਟ-ਖਰੁੱਟਾ, ਨਿਰ-ਜਿੰਦ ਅਤੇ ਦੁਸ਼ਮਣਾਂ ਨਾਲ ਘਿਰਿਆ ਹੋਇਆ ਪੰਜਾਬ ਸੀ। ਮਹਾਰਾਜੇ ਦੀ ਫੌਜੀ ਤਾਕਤ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ 1811 ਤਕ ਉਨ੍ਹਾਂ ਕੋਲ ਸਿਰਫ 39 ਤੋਪਾਂ ਹੀ ਇਕੱਠੀਆਂ ਹੋ ਸਕੀਆਂ ਸਨ।

ਅੰਗਰੇਜ਼ਾਂ ਨਾਲ ਨਜਿੱਠਣ ਲਈ ਮਹਾਰਾਜੇ ਨੇ ਜੋ ਵਿਉਂਤਾਂ ਸੋਚੀਆਂ ਉਹ ਇਕ ਮਹਾਨ ਸੂਝਬੂਝ ਦੀਆਂ ਪ੍ਰਤੀਕ ਸਨ। ਸਭ ਤੋਂ ਪਹਿਲਾਂ ਤਾਂ ਉਨ੍ਹਾਂ ਨੇ ਉਨ੍ਹਾਂ ਉੱਤਰੀ ਘਾਟੀਆਂ ਵਿਚ ਰੋਕਾਂ ਪਾਈਆਂ ਜਿਥੋਂ ਵਿਦੇਸ਼ੀ ਹਮਲਾਵਰ ਆਏ ਦਿਨ ਤੁਰੇ ਰਹਿੰਦੇ ਸਨ। ਫੇਰ, ਹਾਰੇ ਹੋਏ ਭਾਰਤੀ ਰਾਜੇ ਭਾਰਤ ਵਿਚ ਅਜੇ ਵੀ ਕਾਫ਼ੀ ਸਨ ਜੋ ਅੰਗਰੇਜ਼ਾਂ ਕੋਲੋਂ ਆਪਣਾ ਰਾਜ ਵਾਪਸ ਜਿੱਤ ਲੈਣ ਲਈ ਤੀਬਰ ਦਿਸਦੇ ਸਨ। ਮਹਾਰਾਜੇ ਨੇ ਉਨ੍ਹਾਂ ਐਸੇ ਸਭ ਰਾਜਿਆਂ ਨਾਲ ਸੰਧੀ ਕਰ ਕੇ, ਇਕੱਠਿਆਂ ਮਿਲ ਕੇ ਅੰਗਰੇਜ਼ਾਂ ਵਿਰੁੱਧ ਜਹਾਦ ਕਰਵਾਉਣ ਦੀ ਕੋਸ਼ਿਸ਼ ਵਿਚ ਉਪਰਾਲੇ ਸ਼ੁਰੂ ਕੀਤੇ।

ਮਹਾਰਾਜੇ ਨੇ ਇਹ ਵੀ ਦੇਖਿਆ ਕਿ ਅੰਗਰੇਜ਼ੀ ਫੌਜ ਦਾ ਵੱਡਾ ਹਿੱਸਾ ਤਾਂ ਹਿੰਦੋ-ਸਤਾਨੀਆਂ ਦਾ ਹੀ ਸੀ ਜੋ ਪੇਟ-ਪੈਸੇ ਦੀ ਖਾਤਰ ਆਪਣੇ ਹਮ ਵਤਨੀਆਂ ਨੂੰ ਗੋਰਿਆਂ ਦੇ ਬੰਦੀ ਬਣਾਈ ਜਾ ਰਹੇ ਸਨ। ਮਹਾਰਾਜੇ ਨੇ ਫ਼ਰੰਗੀਆਂ ਦੇ ਭਾਰਤੀ ਸਿਪਾਹੀਆਂ ਨੂੰ ਵੀ ਵਰਗਲੌਣਾ ਸ਼ੁਰੂ ਕਰ ਦਿਤਾ। ਕਈ ਸਾਲ ਮਹਾਰਾਜੇ ਨੇ ਆਪਣੀ ਫੌਜ ਵਿਚ ਫਰੰਗੀ ਭਾਰਤੀ ਸਿਪਾਹੀਆਂ (ਤਿਲੰਗਿਆਂ) ਤੋਂ ਸਿਵਾਏ ਕਿਸੇ ਹੋਰ ਫੌਜੀ ਦੀ ਭਰਤੀ ਕਰਨੀ ਹੀ ਛੱਡ ਦਿਤੀ ਅਤੇ ਪੰਜਾਬ ਦੀਆਂ ਸਰਹੱਦਾਂ ਤੇ ਬੈਠੀ ਬੰਗਾਲੀ ਫੌਜ ਨੂੰ ਆਪਣੀ ਫੌਜ ਪਾਸੋਂ ਭੁੱਖਾ ਬੰਗਾਲੀ ਕਹਿਲਵਾ ਕਹਿਲਵਾ ਕੇ ਟਿਚਰਾਂ ਵੀ ਇਸ ਕਾਰਨ ਮਰਵਾਈਆਂ ਕਿ ਉਨ੍ਹਾਂ ਵਿਚ ਦੇਸ਼ ਪਿਆਰ ਜਾਗ ਸਕੇ।

ਭਾਰਤ ਵਿਚ ਅੰਗਰੇਜ਼ ਕਾਰਕੁਨ ਇਕ ਉੱਚ ਕੋਟੀ ਦੇ ਚਾਲਾਕ ਨਾ ਹੁੰਦੇ ਤਾਂ ਐਡੇ ਦੇਸ਼ ਤੇ ਹਾਵੀ ਕਦੀ ਨਾ ਹੋ ਸਕਦੇ। ਪਹਿਲਾਂ ਪਹਿਲ ਤਾਂ ਉਹ ਖੁਸ਼ ਹੋਏ ਕਿ ਮਹਾਰਾਜੇ ਨੇ ਉੱਤਰੀ ਜ਼ਰਵਾਣਿਆਂ ਨੂੰ ਰੋਕ ਕੇ ਅੰਗਰੇਜ਼ਾਂ ਵਾਸਤੇ ਦਿੱਲੀ ਦਾ ਰਾਜ ਪੱਕਾ ਕਰ ਦਿਤਾ ਹੈ। ਪਰ ਜਦ ਉਨ੍ਹਾਂ ਨੇ ਮਹਾਰਾਜੇ ਦੀ ਚੜ੍ਹਦੀ ਕਲਾ ਵਧਦੀ ਦੇਖੀ ਤਾਂ ਉਨ੍ਹਾਂ ਨੇ ਆਪਣੀ ਪਾਲੀਸੀ (ਪੰਜਾਬ ਪ੍ਰਤੀ) ਝਟ ਹੀ ਬਦਲ ਲਈ।

ਪਹਿਲਾਂ ਤਾਂ ਇਕੋ ਮੁਸਲਮਾਨ, ਸਯੱਦ ਅਹਿਮਦ ਬਰੇਲਵੀ ਨੂੰ ਪੰਜਾਬ ਵਿਰੁਧ ਮੁਸਲਮਾਨੀ ਜਹਾਦ ਕਰਵਾਉਣ ਵਾਸਤੇ ਪੈਸੇ ਅਤੇ ਭਾਰਤੀ ਮੁਸਲਮਾਨੀ ਜਹਾਦੀਆਂ ਸਮੇਤ ਸਿੰਧ ਰਾਹੀਂ ਕਾਬਲੋਂ ਥੱਲੇ ਸਿਤਾਨਾ ਨਾਮ ਦੇ ਪਿੰਡ ਵਿਖੇ ਇਕ ਸੈਂਟਰ ਖੁਲ੍ਹਵਾ ਦਿਤਾ ਜਿਥੇ ਉਹ ਕਬਾਇਲੀ ਪਠਾਣਾਂ ਨੂੰ ਆਪਣੇ ਨਾਲ ਮਿਲਾ ਕਿ ਮਹਾਰਾਜੇ ਨੂੰ ਪ੍ਰਤੀ ਦਿਨ ਤੰਗ ਕਰਨ ਲਗ ਪਿਆ। ਸਿੱਖ ਫੌਜ ਦੇ ਸਿਰਕੱਢ ਜਰਨੈਲ, ਅਕਾਲੀ ਫੂਲਾ ਸਿੰਘ ਅਤੇ ਸ: ਹਰੀ ਸਿੰਘ ਨਲੂਆ ਅੰਗਰੇਜ਼ਾਂ ਦੀ ਇਸੀ ਨੀਤੀ ਕਾਰਣ ਸ਼ਹੀਦ ਬਣੇ।

ਦੂਸਰੇ ਬਨਿਉਂ ਅੰਗਰੇਜ਼ਾਂ ਨੇ ਮਹਾਰਾਜੇ ਨੂੰ ਸਤਲੁਜ ਪਾਰ ਮਾਲਵੇ ਦੇ ਇਲਾਕੇ ਵਿਚ ਰਾਜ ਕਰਦੇ ਆਪਣੇ ਸਿੱਖ ਸੰਬੰਧੀਆਂ ਨਾਲੋਂ ਤੋੜ ਕੇ ਮਹਾਰਾਜੇ ਦੀ ਤਾਕਤ ਨੂੰ ਸਤਲੁਜ ਦਰਿਆ ਤੇ ਹੀ ਸੀਮਤ ਕਰਨ ਦੀ ਕਾਰਵਾਈ ਜਾਰੀ ਕਰ ਲਈ।

1808 ਦੀਆਂ ਸਰਦੀਆਂ ਵਿਚ ਜਦ ਫਰੰਗੀਆਂ ਨੇ ਮੈਟਕਾਫ ਨਾਮ ਦਾ ਆਪਣਾ ਦੂਤ ਮਹਾਰਾਜੇ ਵਲ ਯਾਰੀ ਦੋਸਤੀ ਦਾ ਹੱਬ ਫੈਲਾ ਕੇ ਫਰਾਂਸੀਸੀਆਂ ਦੇ ਖਿਲਾਫ ਸੰਧੀ ਕਰਨ ਵਾਸਤੇ ਭੇਜਿਆ ਤਦ ਮਹਾਰਾਜ ਨੂੰ ਉਸ ਦੀਆਂ ਚਾਲਾਂ ਦਾ ਪੂਰਾ ਗਿਆਨ ਸੀ।

ਇਤਿਹਾਸਕਾਰਾਂ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਸੀ ਕਿ ਮੈਟਕਾਫ ਦੇ ਪੰਜਾਬ ਆਉਣ ਮਗਰੋਂ ਮਹਾਰਾਜੇ ਨੇ ਉਸ ਨੂੰ ਫਕੀਰ ਅਜ਼ੀਜ਼ੁਦੀਨ ਦੇ ਵਸ ਛੱਡ ਕੇ ਸਤਲੁਜ ਪਾਰ ਕਰ ਕੇ ਫਰੀਦਕੋਟ ਅੰਬਾਲਾ ਆਦਿ ਤਕ ਨਵਾਂ ਇਲਾਕਾ ਜਿੱਤ ਲਿਆ ਅਤੇ ਪੂਰੇ 6 ਮਹੀਨੇ ਮੈਟਕਾਫ ਨੂੰ ਬਿਨਾਂ ਕੋਈ ਗਲਬਾਤ ਕੀਤੇ ਪਿੱਛੇ ਪਿੱਛੇ ਲਾਈ ਰੱਖਿਆ, ਲੇਕਿਨ ਅਤ ਨੂੰ ਜਿੱਤੇ ਇਲਾਕੇ ਛੱਡ ਕੇ ਸਤਲੁਜ ਦਰਿਆ ਨੂੰ ਆਪਣੀ ਹੱਦ ਵੀ ਮੰਨ ਲਿਆ।

ਇਸ ਸਵਾਲ ਦਾ ਹਲ ਉਦੋਂ ਇਸ ਲੇਖ ਦੇ ਲਿਖਾਰੀ ਨੂੰ ਲੱਭਿਆ ਜਦ ਨੈਸ਼ਨਲ

ਆਰਕਾਈਵਜ਼ ਦਿੱਲੀ ਵਿਖੇ ਗੁਰਮੁਖੀ ਦਸਤਾਵੇਜ਼ਾਂ ਦੀ ਖੋਜ ਕਰਦਿਆਂ 1808-1809 ਵਾਲੇ ਮੈਟਕਾਫ ਦੇ ਬੰਡਲ 'ਚੋਂ ਉਸ ਨੂੰ ਕੁਛ ਗੁਪਤੀ ਚਿੱਠੀਆਂ ਮਿਲੀਆਂ।

ਇਹ ਚਿੱਠੀਆਂ ਮਹਾਰਾਜੇ ਦੇ ਜਾਸੂਸਾਂ ਦੀਆਂ ਹਨ। ਇਨ੍ਹਾਂ ਰਾਹੀਂ ਮਹਾਰਾਜ ਨੇ ਬੰਬਈ ਤਕ ਮਰਹੱਟੇ ਅਤੇ ਰਾਜਪੂਤ ਨਰੇਸ਼ਾਂ ਵਲ ਅਤੇ ਕਲਕੱਤੇ ਤਕ ਬੇਗਮ ਸਮਰੂ, ਕਾਨ੍ਹਪੁਰ ਬੈਠਾ ਪੇਸ਼ਵਾ, ਬਾਂਦਾ ਦੇ ਨਵਾਬ ਅਤੇ ਪਟਨੇ ਕੋਲ ਟਿਕਾਰੀ ਵਾਲੇ ਰਾਜੇ ਤਾਈਂ ਨਿਮੰਤ੍ਰਣ ਭੇਜੇ ਕਿ ਉਹ ਮਹਾਰਾਜੇ ਨੂੰ ਮਿਲਣ ਤਾਂਕਿ ਅੰਗਰੇਜ਼ਾਂ ਨਾਲ ਸਾਂਝਾ ਮੁਹਾਜ਼ ਬਣਾ ਕੇ ਲੜਿਆ ਜਾਏ।

ਇਨ੍ਹਾਂ ਦਸਤਾਵੇਜ਼ਾਂ ਵਿਚ ਹੀ ਸਹਾਰਨਪੁਰ ਤੋਂ ਆਏ ਖਾਨਦਾਨ ਦੇ ਇਕ ਮਹਾਰਾਜੇ ਦੇ ਆਪਣੇ ਹੀ ਦਰਬਾਰੀ, ਭਾਈ ਰਾਮ ਸਿੰਘ ਦੀ ਵੀ ਚਿੱਠੀ ਹੈ ਜੋ ਇਕ ਗ਼ੱਦਾਰ ਸੀ ਤੇ ਅੰਦਰੋਂ ਅੰਗਰੇਜ਼ਾਂ ਨਾਲ ਮਿਲਿਆ ਹੋਇਆ ਸੀ।

ਇਹ ਉਸੇ ਦੀ ਮਿਹਰਬਾਨੀ ਦਾ ਨਤੀਜਾ ਸੀ ਕਿ ਉਪਰ ਦਸੇ ਰਾਜਵਾੜਿਆਂ ਦੇ ਵਲ ਭੇਜੇ ਮਹਾਰਾਜੇ ਦੇ ਗੁਪਤ ਸੁਨੇਹੇ ਵੈਰੀਆਂ ਕੋਲ ਪਹਿਲਾਂ ਪਹੁੰਚਦੇ ਗਏ ਜਿਨ੍ਹਾਂ ਨੇ ਆਪਣੀ ਤਾਕਤ ਵਰਤ ਕੇ ਮਹਾਰਾਜੇ ਦੀਆਂ ਸਭ ਵਿਉਂਤਾਂ ਨੂੰ ਨਾਕਾਰਾ ਕਰ ਦਿਤਾ।

ਉੱਤਰੀ ਭਾਰਤ ਵਿਚੋਂ ਨਿਰਾਸ ਹੋ ਕੇ ਮਹਾਰਾਜੇ ਨੇ ਅੰਗਰੇਜ਼ਾਂ ਵਿਰੁਧ ਕਾਰਵਾਈਆਂ ਦਾ ਰੁੱਖ ਦੱਖਣ ਵਲ ਮੋੜਿਆ ਅਤੇ 1810 ਵਿਚ ਗੁੜ ਸਿੰਘ ਨਾਮ ਦੇ ਇਕ ਦੂਤ ਨੂੰ ਹੈਦਰਾਬਾਦ ਦੇ ਨਿਜ਼ਾਮ ਦੇ ਪੰਜਾਬੀ ਹਿੰਦੂ ਪੇਸ਼ਕਾਬ, ਚੰਦੂ ਲਾਲ, ਕੋਲ ਇਕ ਗੁਪਤ ਚਿੱਠੀ ਦੇ ਕੇ ਭੇਜਿਆ। ਇਸ ਵਿਚ ਲਿਖਿਆ ਹੋਇਆ ਸੀ ਕਿ ਮਹਾਰਾਜ ਦੀ ਗਲਬਾਤ ਦੌਲਤ ਰਾਓ ਸਿੰਧੀਆ, ਜਸਵੰਤ ਰਾਓ ਹੋਲਕਰ, ਭਰਤਪੁਰ ਦੇ ਰਾਜੇ ਤੇ ਪੇਸ਼ਵੇ ਦੇ ਭਰਾ ਅਮਰਤ ਰਾਓ ਨਾਲ ਅੰਗਰੇਜ਼ਾਂ ਨਾਲ ਸਾਂਝੀ ਟੱਕਰ ਲੈਣ ਖਾਤਰ ਚਲ ਰਹੀ ਹੈ। ਇਸ ਕਾਰਨ ਪੇਸ਼ਕਾਰ ਕੋਲੋਂ ਇਹ ਪੁਛਿਆ ਗਿਆ ਸੀ ਕਿ ਉਹ ਦੱਖਣੀ ਭਾਰਤ ਵਿਚ ਅੰਗਰੇਜ਼ਾਂ ਦੀ ਤਾਕਤ ਦਾ ਮਹਾਰਾਜੇ ਦਾ ਜਾਇਜ਼ਾ ਦਸੇ।

ਪਰ ਇਹ ਸਾਰੀ ਦੀ ਸਾਰੀ ਨਿਰੋਲ ਚਿੱਠੀ ਚੰਦੂ ਲਾਲ ਨੇ ਹੈਦਰਾਬਾਦ ਦੇ ਅੰਗਰੇਜ਼ ਰੈਜ਼ੀਡੈਂਟ, ਸਿਡਨਹੈਮ ਨੂੰ ਦੇ ਦਿਤੀ ਜਿਹੜੀ ਦਿੱਲੀ ਵਿਖੇ ਅਜ ਵੀ ਮੌਜੂਦ ਹੈ ਅਤੇ ਮਹਾਰਾਜੇ ਦੀਆਂ ਕਾਰਵਾਈਆਂ ਦਾ ਸਾਰਾ ਪੋਲ ਖੋਲ ਦਿਤਾ।

ਫਰੰਗੀਆਂ ਖਿਲਾਫ ਆਪਣੇ ਸੰਘਰਸ਼ ਨੂੰ ਮਹਾਰਾਜਾ ਕਿਸ ਸੰਗੀਨ ਹਦ ਤਕ ਲੈ ਗਏ ਸਨ ਕਿ ਇਸ ਦਾ ਪਤਾ ਅੰਗਰੇਜ਼ਾਂ ਨੂੰ ਤਦ ਲਗਾ ਜਦ ਅੰਗਰੇਜ਼ਾਂ ਨੇ ਦੱਖਣੀ ਭਾਰਤ ਦੇ ਕਈ ਇਲਾਕਿਆਂ 'ਚੋਂ ਮਹਾਰਾਜਾ ਅਤੇ ਨਿਜ਼ਾਮ ਹੈਦਰਾਬਾਦ ਦੇ ਕੁਝ ਜਾਸੂਸਾਂ ਨੂੰ ਫੜ ਲਿਆ।

ਨਵੰਬਰ 1838 ਵਿਚ ਫਿਲੌਰ ਵਿਖੇ ਫਕੀਰੀ ਭੇਸ ਧਾਰਨ ਕੀਤਾ ਹੋਇਆ ਇਕ ਵਿਅਕਤੀ ਅੰਗਰੇਜ਼ੀ ਜਾਸੂਸ ਦੇ ਝਾਸੇ ਵਿਚ ਆ ਕੇ ਆਪਣਾ ਅਸਲਾ ਜ਼ਾਹਿਰ ਕਰ ਬੈਠਾ ਅਤੇ ਅੰਗਰੇਜ਼ਾਂ ਹੱਥੀਂ ਕੈਦ ਹੋ ਗਿਆ।

ਅੰਗਰੇਜ਼ੀ ਅਧਿਕਾਰੀ ਮਿਸਟਰ ਸਟੋਨਜ਼ ਦੀ ਪੁੱਛ-ਗਿੱਛ ਤੇ ਉਸ ਨੇ ਦਸਿਆ ਕਿ ਉਸ ਦਾ ਨਾਮ ਧੁਮ ਦਾਸ ਹੈ, ਉਹ ਅਟਕ ਜ਼ਿਲੇ ਵਿਚ ਫਤਹ ਜੰਗ ਦਾ ਵਾਸੀ ਹੈ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਜਾਸੂਸ ਹੈ।

ਉਹ ਜੋਧਪੁਰ ਦੇ ਰਾਜੇ ਮਾਨ ਸਿੰਘ ਨਾਲ ਸੰਧੀ ਕਰ ਕੇ ਆਇਆ ਸੀ। ਸਤਾਰੇ ਦਾ ਰਾਜਾ, ਬੜੌਦੇ ਦਾ ਗਾਇਕਵਾੜ, ਬਾਂਦੇ ਦਾ ਨਵਾਬ, ਰੋਹੇਲਖੰਡ ਦੇ ਕੁਝ ਅਫਗਾਨ ਸ਼ਹਿਜ਼ਾਦੇ, ਭੋਪਾਲ ਦਾ ਨਵਾਬ, ਪਟਿਆਲੇ ਅਤੇ ਸੰਗਰ ਦੇ ਰਾਜੇ ਮਹਾਰਾਜਾ ਰਣਜੀਤ ਸਿੰਘ ਨਾਲ ਮਿਲ ਕੇ ਅੰਗਰੇਜ਼ਾਂ ਨੂੰ ਭਾਰਤ 'ਚੋਂ ਕੱਢਣ ਦੇ ਜਤਨ ਕਰ ਰਹੇ ਹਨ। ਹੈਦਰਾਬਾਦ ਦਾ ਮੁਬਾਰਿਜ਼ੁਦਾਓਲਾ ਅਤੇ ਕਰਨੂਲ ਦਾ ਨਵਾਬ ਵੀ ਇਸ ਮੁਹਾਜ਼ ਵਿਚ ਸ਼ਾਮਲ ਹਨ। ਰੂਸੀ ਅਤੇ ਈਰਾਨੀ ਫੌਜਾਂ ਵੀ ਹਿੰਦੁਸਤਾਨ ਵਲ ਆਉਣ ਨੂੰ ਤਿਆਰ ਬੈਠੀਆਂ ਸਨ। ਫੈਸਲਾ ਇਹ ਹੋਇਆ ਕਿ ਜਦ ਹੀ ਇਹ ਬਿਦੇਸ਼ੀ ਫੌਜਾਂ ਭਾਰਤ ਦੀ ਹਦ ਤੇ ਪਹੁੰਚਣਗੀਆਂ ਭੂਪਾਲ ਦਾ ਨਵਾਬ ਆਪਣੇ ਖਿੱਤੇ 'ਚੋਂ ਅੰਗਰੇਜ਼ਾਂ ਨੂੰ ਭਜਾ ਦੇਵੇਗਾ। ਸਿੰਦੀਆ ਅੰਗਰੇਜ਼ਾਂ ਦੀ ਛਾਉਣੀ ਮੱਉ ਤੇ ਹਮਲਾ ਬੋਲ ਦੇਵੇਗਾ, ਬੁੰਦੇਲ ਖੰਡ ਵਾਲੇ ਅਫਗਾਨ ਸ਼ਹਿਜ਼ਾਦੇ ਸੰਗਰ ਦੀ ਛਾਉਣੀ ਤੇ ਟੁੱਟ ਪੈਣਗੇ। ਈਰਾਨੀ ਫੌਜਾਂ ਅਤੇ ਕਾਬਲ ਦੇ ਦੋਸਤ ਹਾਕਮ ਮੁਹੰਮਦ ਦੀਆਂ ਫੌਜਾਂ ਨਾਲ ਜੋਧਪੁਰ ਵਾਲਾ ਰਾਜਾ ਅਤੇ ਮਹਾਰਾਜਾ ਰਣਜੀਤ ਸਿੰਘ ਰਲ ਕੇ ਅੰਗਰੇਜ਼ਾਂ ਤੇ ਹਮਲਾ ਕਰ ਦੇਣਗੇ। ਦੱਖਣ ਵਿਚ ਹੈਦਰਾਬਾਦ ਤੇ ਕਰਨੂਲ ਵੀ ਮਹਾਰਾਜੇ ਦੀ ਮਦਦ ਵਾਸਤੇ ਅੰਗਰੇਜ਼ੀ ਫੌਜਾਂ ਨਾਲ ਭਿੜ ਪੈਣਗੇ। ਇਕ ਹੋਰ ਜਾਸੂਸ ਜਿਸ ਦਾ ਨਾਮ ਰਹਿਮਾਨ ਬੇਗ ਸੀ ਨੇ ਅੰਗਰੇਜ਼ਾਂ ਨੂੰ ਦਸਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਇਕ ਹਜ਼ਾਰ ਸਿਪਾਹੀ ਹੈਦਰਾਬਾਦ ਵਿਚ ਗ਼ਦਰ ਭੜਕਾਉਣ ਵਾਸਤੇ ਆ ਚੁਕੇ ਹਨ ਅਤੇ ਇਕ ਇਕ, ਦੋ ਦੋ, ਕਰ ਕੇ ਰੋਜ਼ਾਨਾ ਆਈ ਜਾ ਰਹੇ ਹਨ।

ਜਿਸ ਵਕਤ ਧੁਮ ਦਾਸ ਫੜਿਆ ਗਿਆ, ਉਸ ਵਕਤ ਮਹਾਰਾਜਾ ਅਤੇ ਅੰਗਰੇਜ਼ ਗਵਰਨਰ ਜਰਨਲ ਆਕਲੈਂਡ ਕਾਬਲ ਤੋਂ ਕੱਢੇ ਹੋਏ ਸਮਰਾਟ ਸ਼ਾਹ ਸੁਜਾਅ ਨਾਲ ਮਿਲ ਕੇ ਕਾਬਲ ਤੇ ਹਮਲਾ ਕਰਨ ਵਾਸਤੇ ਸਕੀਮਾਂ ਬਣਾ ਰਹੇ ਸਨ। ਫਿਰੋਜ਼ਪੁਰ ਦੇ ਆਮ੍ਹਣੇ ਸਾਮ੍ਹਣੇ ਸਤਲੁਜ ਦਰਿਆ ਦੇ ਦੋਨੋਂ ਤਰਫ ਅੰਗਰੇਜ਼ਾਂ ਅਤੇ ਮਹਾਰਾਜ ਦੇ ਵਿਸ਼ਾਲ ਕੈਂਪ ਲਗੇ ਹੋਏ ਸਨ ਅਤੇ ਜਸ਼ਨ ਮਨਾਏ ਜਾ ਰਹੇ ਸਨ।"

ਇਸ ਕੈਂਪ ਦੀ ਰਿਪੋਰਟ ਵਿਚ ਲਿਖਿਆ ਹੈ ਕੇ ਲਾਰਡ ਆਕਲੈਂਡ ਕੋਲੋਂ ਖਾਣਾ ਖਾਣ ਮਗਰੋਂ ਜਦ ਮਹਾਰਾਜਾ ਅੰਗਰੇਜ਼ਾਂ ਵਲੋਂ ਦਿਤੇ ਤੋਹਫਿਆਂ ਦਾ ਮੁਆਇਨਾ ਕਰਨ ਵਾਸਤੇ ਅੱਗੇ ਵਧਿਆ ਤਾਂ ਕੁਝ ਤੋਪਾਂ ਦੇ ਸਾਹਮਣੇ ਡਿੱਗ ਪਿਆ "ਇਸ ਘਟਨਾ ਤੋਂ ਬਾਅਦ ਮਹਾਰਾਜ ਦੀ ਸਿਹਤ ਵਿਗੜਦੀ ਹੀ ਗਈ, ਜ਼ੁਬਾਨ ਵੀ ਬੰਦ ਹੋ ਗਈ ਤੇ ਅਧਰੰਗ ਨੇ ਵੀ ਆ ਘੇਰਿਆ। ਕਈ ਇਲਾਜਾਂ ਦੇ ਬਾਵਜੂਦ ਮਹਾਰਾਜ ਤੰਦਰੁਸਤ ਨਾ ਹੋ ਸਕਿਆ।"

ਇਕ ਮੁਸਲਮਾਨ ਕਵੀ ਜਾਅਫਰ ਬੇਗ ਨੇ ਲਿਖਿਆ ਸੀ :

ਦਾਰੂ ਤੇਜ ਅੰਗਰੇਜ਼ ਫਰੰਗੀ ਵਾਲੀ

ਪੀਂਦੇ ਸਾਰ ਮਹਾਰਾਜ ਬੇਤਾਬ ਹੋਇਆ ।
ਅੰਤ ਨਾਲ ਸਰਕਾਰ ਦੇ ਦਗ਼ਾ ਕੀਤਾ
ਜ਼ਾਲ ਜ਼ਹਿਰ ਦਾ ਕਿਸਮ ਸ਼ਰਾਬ ਚੜ੍ਹਿਆ ।

ਜੋ ਇਤਿਹਾਸਕ ਗਵਾਹੀ ਇਸ ਲਿਖਾਰੀ ਦੇ ਹੱਥ ਆਈ ਹੈ ਔਰ ਜਿਹੜੀ ਦਿੱਲੀ ਅਤੇ ਹੈਦਰਾਬਾਦ ਵਿਚ ਅੱਜ ਭੀ ਪਈ ਹੈ, ਉਸ ਨੇ ਸਾਬਤ ਕਰ ਦਿਤਾ ਹੈ ਕੇ ਜਾਅਫਰ ਬੇਗ ਦੀ ਕਵਿਤਾ ਇਕ ਅਮਿਟ ਸਚਾਈ ਹੈ । "ਫਰੰਗੀਆਂ ਨੂੰ ਇਸ ਬਾਤ ਦਾ ਪੂਰਨ ਗਿਆਨ ਹੋ ਚੁਕਾ ਸੀ ਕਿ ਜਦ ਤਕ ਸ਼ੇਰੇ ਪੰਜਾਬ ਜ਼ਿੰਦਾ ਹੈ ਉਹ ਸੁਖ ਦਾ ਸਾਹ ਨਹੀਂ ਲੈ ਸਕਣਗੇ । ਮਹਾਰਾਜ ਵਰਗੇ ਜੋਧੇ ਨੂੰ ਲੜਾਈ ਵਿਚ ਹਰਾਉਣਾ ਵੀ ਕੋਈ ਸਰਲ ਨਹੀਂ ਸੀ ।"

ਜੇ ਮਹਾਰਾਜ ਨੂੰ ਗ਼ਦਾਰੀ ਨਾਲ ਜ਼ਹਿਰ ਦਿਲਵਾ ਕੇ ਨਾ ਮਰਵਾਇਆ ਜਾਂਦਾ ਤਾਂ ਭਾਰਤ ਦਾ ਇਤਿਹਾਸ ਕੀ ਹੁੰਦਾ, ਇਸ ਗੱਲ ਦਾ ਅੰਦਾਜ਼ਾ ਪੜ੍ਹਨ ਵਾਲੇ ਆਪ ਲਗਾ ਸਕਦੇ ਹਨ ।

—o—


ਮਹਾਰਾਜੇ ਦਾ ਦਰਬਾਰ

—ਪ੍ਰੋ: ਰਾਜਿੰਦਰ ਸਿੰਘ

ਮਹਾਰਾਜਾ ਰਣਜੀਤ ਸਿੰਘ ਨੇ ਇਕ ਸ਼ਾਨਦਾਰ ਦਰਬਾਰ ਦੀ ਸਥਾਪਨਾ ਕੀਤੀ। ਮੁਨਸ਼ੀ ਸੋਹਨ ਲਾਲ ਸੂਰੀ, ਸਟੇਨਬੈਕ, ਓਸਬੋਰਨ, ਅਤੇ ਹੋਰਨਾਂ ਸਮਕਾਲੀਆਂ ਨੇ ਆਪਣੀਆਂ ਲਿਖਤਾਂ ਵਿਚ ਲਾਹੌਰ ਦਰਬਾਰ ਦੀ ਵਿਲੱਖਣਤਾ ਦਾ ਵਿਸਥਾਰ ਪੂਰਵਕ ਵਿਵਰਣ ਦਿਤਾ ਹੈ।

ਇਸ ਦਰਬਾਰ ਵਿਚ ਆਉਣ ਵਾਲੇ ਵਿਅਕਤੀਆਂ ਦੀਆਂ ਅੱਖਾਂ ਚੁਧਿਆਉਣ ਵਾਲੀ ਸਭ ਤੋਂ ਪਹਿਲੀ ਚੀਜ਼ ਇਸ ਦੀ ਨੂਰਾਨੀ ਠਾਠਬਾਠ ਸੀ। ਸਟੇਨਬੈਕ ਲਿਖਦਾ ਹੈ ਕਿ ਮਹਾ-ਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਉਹ ਸਭ ਕੁਝ ਮੌਜੂਦ ਸੀ ਜਿਸ ਦੀ ਮਨੁੱਖੀ ਜਾਹੋ-ਜਲਾਲ ਬਾਰੇ ਕਲਪਨਾ ਰਾਹੀਂ ਹੀ ਸੋਚ ਕੀਤੀ ਜਾ ਸਕਦੀ ਹੈ ਅਤੇ ਜੋ ਸ਼ਾਹੀ ਠਾਠ-ਬਾਠ ਨੂੰ ਟੀਸੀ ਤੇ ਲੈ ਜਾਣ ਲਈ ਬਹੁਤ ਜ਼ਿਆਦਾ ਸੀ। ਉਸ ਨੂੰ ਸ਼ੱਕ ਸੀ ਕਿ ਲਾਹੌਰ ਦਰਬਾਰ ਵਰ-ਗੀਆਂ ਕੀਮਤੀ ਵਸਤੂਆਂ ਸ਼ਾਇਦ ਹੀ ਕਿਸੇ ਯੂਰਪੀ ਦਰਬਾਰ ਵਿਚ ਹੋਣ।

ਇਕ ਖੁਦ ਮੁਖਤਿਆਰ ਰਾਜ, ਪੰਜਾਬ ਦੀ ਸਥਿਰਤਾ ਅਤੇ ਗੌਰਵਤਾ ਦੇ ਪੁੰਜ, ਉੱਨਤ ਅਤੇ ਖੁਸ਼ਹਾਲ ਰਾਜ ਦੇ ਸਿਰਮੌਰ ਮਹਾਰਾਜਾ, ਸੁਨਿਹਰੀ ਕੁਰਸੀ ਤੇ ਬਿਰਾਜਮਾਨ ਹੋਇਆ ਕਰਦੇ ਸਨ। ਭਾਵੇਂ ਬਚਪਨ ਵਿਚ ਚੇਚਕ ਨਾਲ ਉਨ੍ਹਾਂ ਦੀ ਸ਼ਕਲ ਕੁਝ ਖਰਾਬ ਹੋ ਗਈ ਪਰ ਉਨ੍ਹਾਂ ਦੇ ਚਿਹਰੇ ਤੇ ਫਿਰ ਵੀ ਬਹੁਤ ਜਲਾਲ ਸੀ। ਉਨ੍ਹਾਂ ਦੀ ਨਿਰਜਿੰਦ ਅੱਖ ਵਿਚੋਂ ਗੌਰਵ ਸ਼ਾਖ-



ਸਾਤ ਨਜ਼ਰ ਆਉਂਦਾ ਸੀ। ਉਹ ਸਾਦਾ ਲਿਬਾਸ ਪਹਿਨਦੇ ਸਨ। ਗਰਮੀਆਂ ਵਿਚ ਸਫੈਦ ਮਲਮਲ ਅਤੇ ਸਰਦੀਆਂ ਵਿਚ ਪਸ਼ਮੀਨਾ। ਉਹ ਕੋਈ ਜ਼ੇਵਰ ਆਦਿ ਨਹੀਂ ਪਾਉਂਦੇ ਸਨ। ਕੇਵਲ ਕਮਰ ਦੇ ਦੁਆਲੇ ਸੁੱਚੇ ਮੋਤੀਆਂ ਦੀ ਮਾਲਾ ਅਤੇ ਆਪਣੀ ਇਕ ਬਾਜੂਬੰਦ ਤੇ ਕੋਹਿਨੂਰ ਸਜਾਇਆ ਕਰਦੇ ਸਨ। ਉਹ ਬੜੇ ਮਿਲਣਸਾਰ ਅਤੇ ਖੁਲ੍ਹੇ ਡੁਲ੍ਹੇ ਵਿਚਾਰਾਂ ਵਾਲੇ ਸਨ ਅਤੇ ਉਹ ਖੁਲ੍ਹ ਕੇ ਗਲਬਾਤ ਕਰਦੇ ਸਨ। ਉਹ ਗਲਬਾਤ ਬਹੁਤ ਦਿਲਚਸਪੀ ਨਾਲ ਕਰਦੇ ਅਤੇ ਸੁਣਦੇ ਵੀ ਸਨ। ਉਹ ਵਿਦੇਸ਼ੀਆਂ ਨੂੰ ਅਣਗਿਣਤ ਅਜਿਹੇ ਸਵਾਲ ਕਰਦੇ ਸਨ ਜਿਸ ਨਾਲ ਵਿਦੇਸ਼ੀ ਬੌਖਲਾ ਜਾਂਦੇ ਸਨ। ਉਹ ਨਿਪੁੰਨ ਅਤੇ ਜੋਗਤਾ ਦੇ ਧਨੀ ਸਨ। ਉਹ ਤੀਬਰ ਯਾਦਾਸਤ ਦੇ ਮਾਲਕ ਸਨ। ਰਣਜੀਤ ਸਿੰਘ ਦੀ ਪ੍ਰਤਿਭਾ ਬਾਰੇ ਐਮ. ਐਲ. ਐਮ. ਮੈਕਗਰੇਗਰ ਲਿਖਦੇ ਹਨ, ਰਣਜੀਤ ਸਿੰਘ ਦੀ ਪ੍ਰਤਿਭਾ ਕੁਦਰਤੀ ਹੀ ਸੀ ਅਤੇ ਉਨ੍ਹਾਂ ਦੀ ਨਿਪੁੰਨਤਾ, ਵਿਦਿਆ ਸਦਕਾ ਨਹੀਂ ਸੀ ਬਲਕਿ ਰੱਬੋਂ ਹੀ ਉਹ ਸਮੂਹ ਗੁਣਾਂ ਦੀ ਗੁਥਲੀ ਸਨ। ਉਨ੍ਹਾਂ ਅਣਗਿਣਤ ਜਿਤਾਂ ਪ੍ਰਾਪਤ ਕੀਤੀਆਂ ਅਤੇ ਉਨ੍ਹਾਂ ਦੀ ਸ਼ਕਤੀ ਦਾ ਪਾਸਾਰ ਵਧਦਾ ਹੀ ਗਿਆ।

ਮਹਾਰਾਜਾ ਰਣਜੀਤ ਸਿੰਘ ਦੇ ਮੁੱਖ ਦਰਬਾਰੀ ਉਨ੍ਹਾਂ ਦੀ ਕੁਰਸੀ ਦੇ ਦੋਹਾਂ ਪਾਸੇ ਲਾਈਨਾਂ ਵਿਚ ਖੜੇ ਹੁੰਦੇ ਸਨ। ਸ਼ਾਹਜਹਾਨ ਦੀ ਤਰ੍ਹਾਂ ਉਹ ਮੋਰ ਦੇ ਖੰਭਾਂ ਨਾਲ ਸਜੇ ਧੜੇ ਤੇ ਨਹੀਂ ਸਨ ਬੈਠਿਆ ਕਰਦੇ। ਹੀਊਗਲ ਕਹਿੰਦਾ ਹੈ ਕਿ ਉਹ ਕਿਹਾ ਕਰਦੇ ਸਨ ਕਿ 'ਮੇਰੀ ਤਲਵਾਰ !' ਮੈਂ ਆਪਣੀ ਤਲਵਾਰ ਦੀ ਸ਼ਕਤੀ ਨਾਲ ਹੀ ਹਰ ਅਸੰਭਵ ਚੀਜ਼ ਦੀ ਪ੍ਰਾਪਤੀ ਕਰ ਸਕਦਾ ਹਾਂ। ਬਾਹਰਲੀ ਫੂੰ ਫਾਂ ਮੈਨੂੰ ਚੰਗੀ ਨਹੀਂ ਲਗਦੀ ਤੇ ਦਰਬਾਰ ਵਿਚ ਉਨ੍ਹਾਂ ਦੀ ਕੁਰਸੀ ਦੇ ਕੋਲ ਕੰਵਰ ਖੜਕ ਸਿੰਘ, ਕੰਵਰ ਸ਼ੇਰ ਸਿੰਘ ਅਤੇ ਰਾਜਾ ਧਿਆਨ ਸਿੰਘ ਦੇ ਸਪੁੱਤਰ ਹੀਰਾ ਸਿੰਘ ਖਲੋਂਦੇ ਸਨ। ਡੋਗਰਾ ਰਾਜਾ ਧਿਆਨ ਸਿੰਘ ਹੱਥ ਜੋੜ ਕੇ ਆਪਣੇ ਮਾਲਕ ਦੇ ਪਿਛੇ ਅਤੇ ਫਕੀਰ ਅਜ਼ੀਜ਼-ਉ-ਦੀਨ ਉਨ੍ਹਾਂ ਤੋਂ ਪਿੱਛੇ ਖਲੋਂਦੇ ਸਨ। ਕੁਲੀਨ ਵਰਗ ਦੇ ਲੋਕ ਦਰਬਾਰ ਵਿਚ ਪੀਲੇ ਜਾਂ ਹਲਕੇ ਹਰੇ ਰੰਗ ਦੇ ਵਸਤਰ ਪਹਿਨ ਕੇ ਆਇਆ ਕਰਦੇ ਸਨ। ਉਹ ਇਸ ਤਰ੍ਹਾਂ ਲਗਦੇ ਸਨ ਜਿਵੇਂ ਵਰਦੀ ਪਾ ਕੇ ਆਏ ਹੋਣ।


ਭਾਵੇਂ ਰੋਜ਼ਾਨਾ ਦਰਬਾਰ ਲਗਾਉਣ ਦਾ ਕੋਈ ਵਿਸ਼ੇਸ਼ ਤੌਰ ਤੇ ਨਿਸਚਿਤ ਸਥਾਨ ਜਾਂ ਵੇਲਾ ਨਹੀਂ ਸੀ ਮਿਥਿਆ ਹੁੰਦਾ, ਪਰੰਤੂ ਦਰਬਾਰ ਆਮ ਤੌਰ ਤੇ ਸਵੇਰ ਅਤੇ ਦੁਪਹਿਰ ਨੂੰ ਲਾਹੌਰ ਦੇ ਕਿਲ੍ਹੇ ਵਿਚ ਸੰਮਨ ਬੁਰਜ ਤੇ ਲਗਾਇਆ ਜਾਂਦਾ ਸੀ। ਮੇਲੇ ਵਾਲੇ ਦਿਨਾਂ ਵਿਚ ਦਰਬਾਰ ਸ਼ਾਲੀਮਾਰ ਬਾਗ਼ ਵਿਚ ਸਜਾਇਆ ਜਾਂਦਾ ਸੀ। ਮੁੱਖ ਦਰਬਾਰੀਆਂ ਤੋਂ ਇਲਾਵਾ ਦੂਜੇ ਲੋਕ ਦੋ ਕਾਰਨਾਂ ਕਰ ਕੇ ਦਰਬਾਰ ਵਿਚ ਹਾਜ਼ਰ ਹੁੰਦੇ ਸਨ। ਅਧਿਕਾਰੀ ਲੇਖੇ ਦਾ ਹਿਸਾਬ-ਕਿਤਾਬ ਦੇਂਦੇ ਸਨ ਅਤੇ ਸ਼ਿਕਾਇਤਾਂ ਦਾ ਨਿਪਟਾਰਾ ਕਰਦੇ ਸਨ। ਬਾਕੀ ਦੇ ਲੋਕ ਮਹਾਰਾਜਾ ਸਾਹਮਣੇ ਸੀਸ ਝੁਕਾ ਕੇ ਉਨ੍ਹਾਂ ਨੂੰ "ਸਰਵਾਰਨਾ" ਅਤੇ ਨਜ਼ਰ ਦੇ ਰੂਪ ਵਿਚ ਧਨ ਅਰਪਨ ਕਰਦੇ ਸਨ। ਇਨ੍ਹਾਂ ਭੇਟਾਂ ਦੀਆਂ ਕੀਮਤਾਂ ਵੱਖ ਵੱਖ ਰੁਤਬੇ ਅਨੁਸਾਰ ਹੁੰਦੀਆਂ ਸਨ। ਇਸ ਪ੍ਰਕਾਰ ਇਕੱਠਾ ਕੀਤਾ ਗਿਆ ਧਨ ਗਰੀਬਾਂ ਨੂੰ ਦਾਨ ਵਿਚ ਦੇ ਦਿਤਾ ਜਾਂਦਾ ਸੀ।

ਮਹਾਰਾਜਾ ਸਾਹਿਬ ਦਰਬਾਰ ਦੇ ਪੱਕੇ ਨਿਯਮ-ਧਾਰਨੀ ਸਨ। ਗਲਤ ਕੰਮ ਜਾਂ

ਉਲੰਘਣਾ ਕਰਨ ਤੇ ਸਜ਼ਾ ਦਿਤੀ ਜਾਂਦੀ ਸੀ। ਬਿਨਾਂ ਹੁਕਮ ਤੋਂ ਕੋਈ ਬੋਲ ਵੀ ਨਹੀਂ ਸੀ ਸਕਦਾ। ਮਹਾਰਾਜਾ ਪਹਿਲਾਂ ਵਿਸ਼ੇ ਤੇ ਗਲਬਾਤ ਸ਼ੁਰੂ ਕਰਦੇ। ਕੋਈ ਵੀ ਵਿਚ ਟੋਕਾ-ਟਾਕੀ ਨਹੀਂ ਸੀ ਕਰ ਸਕਦਾ। ਸਿਰਫ ਰਾਜਾ ਹੀਰਾ ਸਿੰਘ ਨੂੰ ਹੀ ਇਸ ਸਬੰਧੀ ਕੁਝ ਛੋਟ ਸੀ।

ਮੈਕਗਰੈਗਰ ਦੇ ਕਥਨ ਅਨੁਸਾਰ ਦਰਬਾਰ ਵਿਚ ਗਲਬਾਤ ਪੰਜਾਬੀ ਵਿਚ ਕੀਤੀ ਜਾਂਦੀ ਸੀ ਭਾਵੇਂ ਕਿ ਨਿਆਂ ਦੇ ਕੰਮਾਂ ਅਤੇ ਰਿਕਾਰਡ ਲਈ ਫ਼ਾਰਸੀ ਨੂੰ ਹੀ ਸਰਕਾਰੀ ਭਾਸ਼ਾ ਮੰਨਿਆ ਗਿਆ ਸੀ। ਹੋਰਨਾਂ ਸਰਕਾਰਾਂ ਨਾਲ ਪੱਤਰ-ਵਿਹਾਰ ਵੀ ਫ਼ਾਰਸੀ ਵਿਚ ਹੀ ਕੀਤਾ ਜਾਂਦਾ ਸੀ। ਮਹਾਰਾਜਾ ਨੂੰ ਖਰੜੇ ਪੜ੍ਹ ਕੇ ਸੁਣਾਏ ਜਾਂਦੇ ਸਨ ਅਤੇ ਉਹ ਇਹ ਵੇਖਦੇ ਸਨ ਕਿ ਉਨ੍ਹਾਂ ਦੇ ਹੁਕਮ ਜਿਵੇਂ ਉਨ੍ਹਾਂ ਦਿਤੇ ਸਨ ਮੰਨੇ ਗਏ ਹਨ ਕਿ ਨਹੀਂ। ਉਹ ਆਪ ਫੈਸਲਾ ਕਰਦੇ ਸਨ। ਰਾਜ ਪ੍ਰਬੰਧ ਵਿਚ ਉਹ ਬਹੁਤ ਹੀ ਸਖਤ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੀ ਅਹਿਮ ਵਿਸ਼ੇਸ਼ਤਾ ਵਜ਼ੀਰ ਚੁਣਨ ਲਈ



ਉਨ੍ਹਾਂ ਦੀ ਧਰਮ ਨਿਰਪੇਖਤਾ ਦੀ ਨੀਤੀ ਸੀ। ਉਹ ਯੋਗਤਾ ਨੂੰ ਤਰਜ਼ੀਹ ਦੇਂਦੇ ਸਨ ਅਤੇ ਹਮੇਸ਼ਾਂ ਕਾਬਿਲ ਵਿਅਕਤੀਆਂ ਦੀ ਭਾਲ ਵਿਚ ਹੀ ਰਹਿੰਦੇ ਸਨ। ਡਾ: ਗੋਕਲ ਚੰਦ ਨਾਰੰਗ ਲਿਖਦੇ ਹਨ ਕਿ ਮਹਾਰਾਜਾ ਦਾ ਇਕ ਮਹਾਨ ਗੁਣ ਉਨ੍ਹਾਂ ਦੀ ਅਧਿਕਾਰੀਆਂ ਦੀ ਚੋਣ ਦਾ ਢੰਗ ਸੀ। ਉਹ ਹਮੇਸ਼ਾ ਸਹੀ ਜਗ੍ਹਾ ਤੇ ਸਹੀ ਵਿਅਕਤੀ ਨੂੰ ਹੀ ਤੈਨਾਤ ਕਰਦੇ ਸਨ ਅਤੇ ਜਦੋਂ ਕੋਈ ਉੱਚੇ ਤੋਂ ਉੱਚਾ ਵਿਅਕਤੀ ਆਪਣੀ ਪਦਵੀ ਤੇ ਠੀਕ ਢੰਗ ਨਾਲ ਕੰਮ ਨਹੀਂ ਕਰ ਸਕਦਾ ਸੀ ਤਾਂ ਉਸ ਨੂੰ ਬਦਲਣ ਵਿਚ ਕਦੀ ਸੰਕੋਚ ਨਹੀਂ ਸਨ ਕਰਦੇ।

ਇਸ ਤਰ੍ਹਾਂ ਉਨ੍ਹਾਂ ਦੇ ਦਰਬਾਰ ਵਿਚ ਕਿਸੇ ਪ੍ਰਕਾਰ ਦਾ ਨਸਲੀ ਵਿਤਕਰਾ ਜਾਂ ਭੇਦ ਭਾਵ ਨਹੀਂ ਪਾਇਆ ਜਾਂਦਾ ਸੀ। ਉਹ ਕਿਸੇ ਵਿਅਕਤੀ ਦੀ ਚੋਣ ਵੇਲੇ ਧਰਮ ਅਤੇ ਜ਼ਾਤ ਨੂੰ ਕੋਈ ਅਹਿਮੀਅਤ ਨਾ ਦਿੰਦੇ ਹੋਏ ਕੇਵਲ ਵਿਅਕਤੀ ਦੀ ਯੋਗਤਾ ਨੂੰ ਹੀ ਵਿਚਾਰਦੇ ਸਨ।

ਉਹਨਾਂ ਨੇ ਦਰਬਾਰ ਵਿਚ ਸਿੱਖ, ਹਿੰਦੂ, ਕਸ਼ਮੀਰੀ ਪੰਡਤ ਰਾਜਪੂਤ, ਮੁਸਲਮਾਨ ਅਤੇ ਯੂਰਪੀਅਨ ਚੁਣੇ ਹੋਏ ਸਨ । ਯੂਰਪੀਅਨਾਂ ਦੀ ਨਿਯੁਕਤੀ ਵੇਲੇ ਉਹ ਹੇਠ ਲਿਖੀਆਂ ਸ਼ਰਤਾਂ ਰਖਦੇ ਸਨ :— (1) ਉਹ ਗਊ ਦਾ ਮਾਸ ਨਾ ਖਾਂਦੇ ਹੋਣ (2) ਸਿਗਰਟ ਨਾ ਪੀਣ (3) ਦਾੜ੍ਹੀ ਰਖਦੇ ਹੋਣ, ਆਦਿ ।

ਦਰਬਾਰ ਵਿਚ ਵਧੇਰੇ ਪ੍ਰਬੀਨ ਦਰਬਾਰੀਆਂ ਵਿਚ ਜੰਮੂ ਦੇ ਡੋਗਰਾ ਰਾਜਾ ਭਾਈ ਜਿਵੇਂ ਕਿ ਮੀਆਂ ਧਿਆਨ ਸਿੰਘ, ਗੁਲਾਬ ਸਿੰਘ, ਸੁਚੇਤ ਸਿੰਘ ਅਤੇ ਧਿਆਨ ਸਿੰਘ ਦੇ ਪੁਤਰ ਹੀਰਾ ਸਿੰਘ ਆਦਿ ਗਿਣੇ ਜਾਂਦੇ ਸਨ । ਇਨ੍ਹਾਂ ਵਿਚੋਂ ਧਿਆਨ ਸਿੰਘ ਵੱਡਾ ਵਜ਼ੀਰ ਬਣਿਆ । ਉਹ 1811 ਵਿਚ ਇਕ ਰਿਸਾਲੇ ਦੇ ਸਿਪਾਹੀ ਦੇ ਤੌਰ ਤੇ ਮਹਾਰਾਜਾ ਦੀ ਸੇਵਾ ਵਿਚ ਆਏ, ਆਪਣੇ ਮਾਲਕ ਦਾ ਵਿਸ਼ਵਾਸ ਜਿੱਤਣ ਉਪਰੰਤ ਉਨ੍ਹਾਂ ਤਕ ਪੁੱਜਣ ਲਈ ਇਕ ਸਾਧਨ ਦੇ ਤੌਰ ਤੇ ਬਣ ਗਏ । ਉਹ ਆਪਣੀ ਪਰਜਾ ਦੇ ਹਿੱਤਾਂ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਸਨ ਕਰਦੇ ।

ਗੁਲਾਬ ਸਿੰਘ ਸਿਆਸਤਦਾਨ ਸੀ । ਉਸਬੋਰਨ ਉਸ ਨੂੰ ਨਿਪੁੰਨ, ਚੁਸਤ, ਬਹਾਦਰ, ਸ਼ਕਤੀਸ਼ਾਲੀ ਅਤੇ ਬੁਧੀਮਾਨ ਕਮਾਂਡਰ ਦੇ ਤੌਰ ਤੇ ਦਸਦਾ ਹੈ । ਉਹ ਅਕਸਰ ਲਾਹੌਰ ਤੋਂ ਬਾਹਰ ਹੀ ਰਹਿੰਦਾ ਸੀ ਅਤੇ ਜੰਮੂ ਵਿਖੇ ਡੋਗਰਾ ਭਾਈਆਂ ਨੂੰ ਦਿਤੀਆਂ ਗਈਆਂ ਜਗੀਰਾਂ ਦਾ ਪ੍ਰਬੰਧ ਕਰਨ ਵਿਚ ਹੀ ਲਗਾ ਰਹਿੰਦਾ ਸੀ । ਉਹ ਮਹਾਰਾਜਾ ਨੂੰ ਬੜੀ ਨਿਮਰਤਾ ਨਾਲ ਸੀਸ ਝੁਕਾ ਕੇ ਮਿਲਦਾ ਸੀ ।

ਸੁਚੇਤ ਸਿੰਘ

ਇਨ੍ਹਾਂ ਤਿੰਨ੍ਹਾਂ ਭਰਾਵਾਂ ਵਿਚੋਂ ਸੁਚੇਤ ਸਿੰਘ ਸਭ ਤੋਂ ਛੋਟਾ ਸੀ, ਘੋੜਸਵਾਰਿਆਂ ਦਾ ਜਨਰਲ ਸੀ ਅਤੇ ਬੜਾ ਸੁਯੋਗ ਦਰਬਾਰੀ ਸੀ । ਉਸ ਨੂੰ ਸਿਵਲ ਪ੍ਰਸ਼ਾਸਨ ਵਿਚ ਘਟ ਹੀ ਸ਼ਾਮਲ ਕੀਤਾ ਜਾਂਦਾ ਸੀ ।

ਰਾਜਾ ਹੀਰਾ ਸਿੰਘ

ਧਿਆਨ ਸਿੰਘ ਦਾ ਸਪੁਤਰ ਰਾਜਾ ਹੀਰਾ ਸਿੰਘ ਮਹਾਰਾਜੇ ਦਾ ਬਹੁਤ ਨਿਕਟਵਰਤੀ ਸੀ । ਉਹ ਬਹੁਤ ਸੁਣੱਖਾ ਸੀ ਅਤੇ ਦਰਬਾਰ ਵਿਚ ਉਸ ਨੂੰ ਵਿਸੇਸ਼ ਸਥਾਨ ਪ੍ਰਾਪਤ ਸੀ । ਆਪਣੇ ਪਿਤਾ ਦੇ ਅਕਾਲ ਚਲਾਣੇ ਤੋਂ ਬਾਅਦ, ਉਸ ਨੇ ਹੌਸਲੇ ਤੇ ਹਿੰਮਤ ਤੋਂ ਕੰਮ ਲਿਆ ਅਤੇ ਪ੍ਰਮੁਖਤਾ ਹਾਸਲ ਕਰਨ ਦਾ ਪ੍ਰਣ ਕੀਤਾ ।

ਫਕੀਰ ਭਾਈ

ਰਣਜੀਤ ਸਿੰਘ ਦੇ ਮੁਸਲਮਾਨ ਦਰਬਾਰੀਆਂ ਵਿਚ ਸਭ ਤੋਂ ਉੱਘਾ ਦਰਬਾਰੀ ਫਕੀਰ ਅਜ਼ੀਜ਼-ਉ-ਦੀਨ ਸੀ । ਗ੍ਰਿਫਿਨ ਦੇ ਕਥਨ ਅਨੁਸਾਰ ਉਹ ਰਣਜੀਤ ਸਿੰਘ ਦੇ ਸਮੂਹ ਦਰਬਾਰੀਆਂ ਵਿਚੋਂ ਸਭ ਤੋਂ ਈਮਾਨਦਾਰ ਅਤੇ ਨਿਪੁੰਨ ਦਰਬਾਰੀ ਸੀ । ਉਹ ਵਿਦੇਸ਼ ਮੰਤਰੀ ਦੇ ਤੌਰ ਤੇ ਕੰਮ ਕਰਦਾ ਸੀ ਅਤੇ ਮਹਾਰਾਜਾ ਦੇ ਬੁਲਾਰੇ ਸਨ । 1808 ਵਿਚ ਅੰਗਰੇਜ਼ਾਂ ਨਾਲ ਜੰਗ ਦਾ ਐਲਾਨ ਕਰਨ ਤੋਂ ਉਨ੍ਹਾਂ ਨੇ ਹੀ ਮਹਾਰਾਜਾ ਨੂੰ ਰੋਕਿਆ ਸੀ ਅਤੇ 1831 ਵਿਚ ਵਿਲੀਅਮ ਬੈਂਟਿੰਕ ਨਾਲ ਰੋਪੜ ਵਿਚ ਮੀਟਿੰਗ ਆਯੋਜਤ ਕੀਤੀ ।

ਉਸ ਦਾ ਭਰਾ ਨੂਰ-ਉ-ਦੀਨ ਗੁਜਰਾਤ ਦਾ ਗਵਰਨਰ ਸੀ ਅਤੇ ਈਮਾਮੂ-ਉ-ਦੀਨ ਗੋਬਿੰਦਗੜ੍ਹ ਦਾ ਗਵਰਨਰ ਸੀ। ਜਿਨ੍ਹਾਂ ਹਿੰਦੂਆਂ ਨੂੰ ਉਨ੍ਹਾਂ ਦੇ ਰਾਜ ਸਮੇਂ ਉੱਚੇ ਅਹੁਦਿਆਂ ਤੇ ਤੈਨਾਤ ਕੀਤਾ ਗਿਆ ਸੀ, ਉਨ੍ਹਾਂ ਵਿਚ ਜ਼ਮਾਂਦਾਰ ਖੁਸ਼ਹਾਲ ਸਿੰਘ, ਡਿਉਢੀ ਵਾਲਾ, ਜਨਰਲ ਮੋਹਕਮ ਚੰਦ, ਭਵਾਨੀ ਦਾਸ ਖਜ਼ਾਨਚੀ ਅਤੇ ਦੀਨਾ ਨਾਥ ਜੋ ਵਿੱਤ ਮੰਤਰੀ ਸੀ, ਸ਼ਾਮਲ ਸਨ।

ਭਾਵੇਂ ਰਣਜੀਤ ਸਿੰਘ ਆਪ ਸਿੱਖ ਜੱਟ ਸੀ, ਪਰੰਤੂ ਉਹ ਸਿੱਖਾਂ ਦਾ ਕੋਈ ਪੱਖਪਾਤ ਨਹੀਂ ਸਨ ਕਰਦੇ। ਉਹ ਵਧੇਰੇ ਕਰ ਕੇ ਫੌਜ ਵਿਚ ਹੀ ਭਰਤੀ ਕੀਤੇ ਜਾਂਦੇ ਸਨ। ਹਰੀ ਸਿੰਘ ਨਲਵਾ ਉਨ੍ਹਾਂ ਦਾ ਸਭ ਤੋਂ ਵੱਡਾ ਜਰਨੈਲ ਸੀ। ਉਹ ਰਣਜੀਤ ਸਿੰਘ ਲਈ ਜੰਗ ਲੜਦਾ ਹੀ ਸ਼ਹੀਦ ਹੋਇਆ।

ਲਹਿਣਾ ਸਿੰਘ ਮਜੀਠੀਆ ਨੂੰ ਹਿਸਾਬ ਅਤੇ ਗਣਿਤ ਜੋਤਿਸ਼ ਦੀ ਵਿਸ਼ੇਸ਼ ਮੁਹਾਰਤ ਪ੍ਰਾਪਤ ਸੀ ਅਤੇ ਹਰ ਕੋਈ ਉਸ ਦੇ ਇਸ ਗਿਆਨ ਤੋਂ ਹੈਰਾਨ ਹੁੰਦਾ ਸੀ। ਉਹ ਲਾਹੌਰ ਅਤੇ ਅੰਮ੍ਰਿਤਸਰ ਦੀਆਂ ਫੌਂਡਰੀਆਂ ਤੇ ਕੰਟਰੋਲ ਕੀਤਾ ਕਰਦਾ ਸੀ। ਸ਼ਾਮ ਸਿੰਘ ਅਟਾਰੀਵਾਲਾ, ਜਿਸ ਦੀ ਲੜਕੀ 1837 ਵਿਚ ਕੰਵਰ ਨੌਨਿਹਾਲ ਸਿੰਘ ਨਾਲ ਵਿਆਹੀ ਗਈ ਸੀ, 1845 ਵਿਚ ਸਭਰਾਓਂ ਦੀ ਜੰਗ ਵਿਚ ਰਣਜੀਤ ਸਿੰਘ ਦੇ ਰਾਜ ਦੀ ਰਖਿਆ ਕਰਦੇ ਸ਼ਹਾਦਤ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਰਾਜ ਦੀ ਰਖਿਆ ਲਈ ਅਕਾਲੀ ਫੂਲਾ ਸਿੰਘ ਅਤੇ ਸਾਧੂ ਸਿੰਘ ਦੀ ਅਗਵਾਈ ਵਿਚ ਕੁਝ ਅਕਾਲੀ ਵੀ ਸਨ।

ਆਪਣੀ ਫੌਜ ਨੂੰ ਯੂਰਪੀਅਨ ਤੌਰ ਤਰੀਕਿਆਂ ਨਾਲ ਟਰੇਨ ਕਰਨ ਲਈ ਰਣਜੀਤ ਸਿੰਘ ਨੇ ਨੈਪੋਲੀਅਨ ਬੋਨਾਪਾਰਟ ਦੇ ਕੁਝ ਅਫਸਰ ਵੀ ਨਿਯੁਕਤ ਕੀਤੇ ਸਨ। ਵੈਨਤੂਰਾ ਵੀ ਯੂਰਪੀਅਨ ਸੀ ਜੋ ਕਿ ਫੌਜ-ਏ-ਖਾਸ ਦਾ ਕਮਾਂਡਰ ਬਣਿਆ ਅਤੇ ਅਲਾਰਡ ਨੇ ਯੂਰਪੀਅਨ ਲੀਹਾਂ ਤੇ ਰਸਾਲਾ ਸੰਗਠਤ ਕੀਤਾ।

ਮੰਤਰੀਆਂ ਦੇ ਉਪਰੋਕਤ ਸੰਖੇਪ ਵੇਰਵੇ ਤੋਂ ਪਤਾ ਲਗਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਵੱਖ ਵੱਖ ਜਾਤਾਂ ਅਤੇ ਵੰਸ਼ਾਂ ਦੇ ਸਨ। ਡੋਗਰੇ, ਬ੍ਰਾਹਮਣ ਅਤੇ ਯੂਰਪੀਅਨ ਗੈਰ ਪੰਜਾਬੀ ਸਨ ਜੋ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਰਾਜ ਲਈ ਕਮਜ਼ੋਰ ਸਿੱਧ ਹੋਏ। ਉਹ ਕੇਵਲ ਆਪਣੇ ਹਿੱਤਾਂ ਦੀ ਖਾਤਰ ਹੀ ਰਣਜੀਤ ਸਿੰਘ ਦੇ ਦਰਬਾਰੀ ਬਣੇ ਸਨ। ਉਹ ਕੇਵਲ ਮਹਾਰਾਜਾ ਨਾਲ ਵਫਾਦਾਰੀ ਸਦਕਾ ਹੀ ਦਰਬਾਰੀ ਬਣੇ ਤੇ ਉਨ੍ਹਾਂ ਕੋਲ ਰਾਜ ਦੀ ਰਖਿਆ ਲਈ ਸ਼ਕਤੀ ਆਦਿ ਘਟ ਹੀ ਸੀ। ਮਹਾਰਾਜਾ ਦੇ ਜੀਵਨ ਸਮੇਂ ਹੀ ਉਨ੍ਹਾਂ ਵਿਚ ਆਪਸੀ ਈਰਖਾ ਅਤੇ ਦੁਸ਼ਮਣੀ ਕਾਇਮ ਸੀ, ਪਰੰਤੂ ਮਹਾਰਾਜਾ ਦੇ ਅਕਾਲ ਚਲਾਣੇ ਤੋਂ ਬਾਅਦ ਇਹ ਦੁਸ਼ਮਣੀ ਵਧੇਰੇ ਹੀ ਵਧ ਗਈ। ਸਮੂਹ ਸਾਜ਼ਸ਼ਾਂ ਦੇ ਪਿਛੇ ਸੰਧਾਵਾਲੀਆਂ ਤੇ ਡੋਗਰਿਆਂ ਦਾ ਦਿਮਾਗ ਕੰਮ ਕਰਦਾ ਸੀ। ਸ਼ਕਤੀ ਫੌਜ ਕੋਲ ਸੀ ਪਰ ਰਾਜ ਗੱਦੀ ਦੇ ਹੱਕਦਾਰ ਇਹ ਧਰੋਹਰ ਬਣਦੇ ਸਨ।


—o—

ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਕਿਵੇਂ ਲਿਆ

—ਲੈ: ਕਰਨਲ ਗੁਲਚਰਨ ਸਿੰਘ (ਰੀਟਾਇਰਡ)

ਲਾਹੌਰ (ਅਸਲ) ਪੰਜਾਬ ਦਾ ਇਕ ਬੜਾ ਮਸ਼ਹੂਰ ਸ਼ਹਿਰ ਹੈ। ਦਿੱਲੀ ਅਤੇ ਉੱਤਰ ਪੱਛਮੀ ਸਰਹੱਦ ਦੇ ਵਿਚਕਾਰ ਪੈਂਦਾ ਹੈ। ਇਸ ਸ਼ਹਿਰ ਦੀ ਮਹੱਤਤਾ 1036 ਈ: ਵਿਚ ਪਰਗਟ ਹੋਣੀ ਸ਼ੁਰੂ ਹੋਈ ਜਦੋਂ ਕਿ ਮਹਿਮੂਦ ਗਜ਼ਨਵੀ ਨੇ ਅਟਕ ਦਰਿਆ ਦੇ ਪੂਰਬ ਵਿਚਲੇ ਇਲਾਕੇ ਦੀ ਇਹਨੂੰ ਰਾਜਧਾਨੀ ਸਥਾਪਤ ਕੀਤੀ, ਉਦੋਂ ਤੋਂ ਲੈ ਕੇ ਅਜ ਤਕ ਇਹ ਸ਼ਹਿਰ ਆਪਣੇ ਸੂਬੇ ਦੀ ਰਾਜਧਾਨੀ ਰਿਹਾ ਹੈ। ਇਹਨੇ ਕਈ ਘਰਾਣੇ ਉਠਦੇ ਤੇ ਤਬਾਹ ਹੁੰਦੇ ਵੇਖੇ ਹਨ। ਮਾਰਾ ਮਾਰ ਕਰਦੀਆਂ ਸੈਨਾਵਾਂ ਨੇ ਇਹਨੂੰ ਲਤਾੜਿਆ ਅਤੇ ਲੁਟਿਆ ਹੈ, ਇਹਨੂੰ ਤਬਾਹ ਕੀਤਾ ਅਤੇ ਫੇਰ ਇਸ ਦੀ ਉਸਾਰੀ ਹੋਈ ਹੈ। ਕਈ ਵਾਰੀ ਏਥੇ ਦੇ ਹਾਕਮਾਂ ਨੇ ਦਿੱਲੀ ਦੇ ਉਲਟ ਬਗਾਵਤ ਹੀ ਕੀਤੀ ਹੈ। ਉਹਦੀ ਤਾਬਿਆਦਾਰੀ ਮੰਨਣੋਂ ਨਾਂਹ ਕੀਤੀ ਹੈ। ਮੁਗ਼ਲਾਂ ਦਾ ਭਾਵੇਂ ਇਹ ਸ਼ਹਿਰ ਰਾਜਧਾਨੀ ਨਹੀਂ ਸੀ ਬਣ ਸਕਿਆ, ਪਰ ਉਹਨਾਂ ਨੇ ਇਸ ਪਿਆਰੇ ਦਿਲ-ਖਿਚਵੇਂ ਸਹਿਰ ਨੂੰ ਕਾਫੀ ਮਹੱਤਤਾ ਦਿਤੀ ਰਖੀ। ਏਥੇ ਆ ਕੇ ਮੁਗਲ ਪਾਤਸ਼ਾਹ ਕਈ ਕਈ ਮਹੀਨੇ ਬਿਤਾਇਆ ਕਰਦੇ ਸਨ। ਅਬੁਲਫਜ਼ਲ ਦੇ ਸ਼ਬਦਾਂ ਵਿਚ ਲਾਹੌਰ ਕੌਮਾਂ ਦੀ ਸੈਰਗਾਹ ਰਿਹਾ ਹੈ। 1554 ਈ: ਤੋਂ ਲੈ ਕੇ 1598 ਤਕ ਅਕਬਰ ਆਪਣਾ ਦਰਬਾਰ ਇਥੇ ਹੀ ਸਜਾਇਆ ਕਰਦਾ ਸੀ। ਉਹਨੇ ਏਸ ਸ਼ਹਿਰ ਦੀ ਚਾਰ ਦੀਵਾਰੀ ਬਣਵਾਈ ਅਤੇ ਏਥੇ ਦੇ ਕਿਲ੍ਹੇ ਨੂੰ ਹੋਰ ਪੱਕਿਆਂ ਕੀਤਾ। ਅਕਬਰ ਨਾਲ ਏਥੇ ਆਏ ਪੁਰਤਗੇਜ਼ਾਂ ਨੂੰ ਇਹ ਸ਼ਹਿਰ ਬੜਾ ਸੁੰਦਰ ਜਾਪਿਆ। ਜਹਾਂਗੀਰ ਪਾਤਸ਼ਾਹ ਵੀ ਇਸ ਸ਼ਹਿਰ ਦਾ ਬੜਾ ਸ਼ੌਕੀਨ ਸੀ। ਉਹਦੇ ਸਮੇਂ ਦੇ ਕਈ ਸਿੱਕੇ ਏਸ ਸ਼ਹਿਰ ਵਿਚ ਘੜੇ ਜਾਂਦੇ ਸੀ। ਜਹਾਂਗੀਰ ਅਤੇ ਨੂਰਜਹਾਂ ਦੋਵਾਂ ਜੀਆਂ ਦੇ ਮਕਬਰੇ ਵੀ ਲਾਹੌਰ ਵਿਚ ਸਥਿਤ ਹਨ। ਏਸੇ ਪਾਤਸ਼ਾਹ ਦਾ ਰਾਜ ਸੀ ਜਦੋਂ ਕਿ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਏਸੇ ਸ਼ਹਿਰ ਵਿਚ ਹੋਈ ਅਤੇ ਉਹਨਾਂ ਨੂੰ ਤੱਤੀਆਂ ਤਵੀਆਂ ਤੇ ਬਿਠਾ ਕੇ ਉਹਨਾਂ ਦੇ ਉਪਰ ਗਰਮ ਗਰਮ ਰੇਤ ਪਾਈ ਗਈ ਸੀ। ਇਹ ਸਿੱਖ ਇਤਿਹਾਸ ਵਿਚ ਇਕ ਬੜਾ ਵੱਡਾ ਮੋੜ ਬਣਿਆ।

ਸ਼ਾਹਜਹਾਨ ਦੀ ਪੈਦਾਇਸ਼ ਲਾਹੌਰ ਦੀ ਹੈ। ਅਤੇ ਕਸ਼ਮੀਰ ਜਾਂਦਿਆਂ ਜਾਂ ਉਥੋਂ ਮੁੜਦਿਆਂ ਉਹ ਕਾਫੀ ਸਮੇਂ ਲਈ ਆਪਣਾ ਦਰਬਾਰ ਏਥੇ ਹੀ ਲਗਾਇਆ ਕਰਦਾ ਸੀ। ਉਹਨੇ ਹੀ ਏਥੇ ਹੀ ਸਮਨ ਬੁਰਜ ਬਣਵਾਇਆ ਸੀ, ਜਿਥੇ ਆ ਕੇ ਮੁਗਲ ਪਾਤਸ਼ਾਹ ਆਪਣੀ



ਪਰਜਾ ਨੂੰ ਦਰਸ਼ਨ ਦਿਤਾ ਕਰਦੇ ਸਨ ਅਤੇ ਉਹਨਾਂ ਦੇ ਅਮੀਰ ਵਜ਼ੀਰ ਵੀ ਏਥੇ ਹੀ ਆ ਕੇ ਹੁਕਮ ਹਾਸਲ ਕਰਦੇ ਸਨ । ਲਾਹੌਰ ਦਾ ਮਸ਼ਹੂਰ ਅਤੇ ਸ਼ਾਨਦਾਰ ਸ਼ਾਲੀਮਾਰ ਬਾਗ ਵੀ ਏਸੇ ਪਾਤਸ਼ਾਹ ਦੀ ਦੇਣ ਹੈ । ਇਸ ਤੋਂ ਇਲਾਵਾ ਜਿਹੜੀਆਂ ਫੌਜਾਂ ਅਟਕੋਂ ਪਾਰ ਮਾਰਾਂ ਮਾਰਦੀਆਂ ਹੁੰਦੀਆਂ ਸਨ ਉਹਨਾਂ ਲਈ ਸਿੱਕਾ ਬਰੂਦ ਵੀ ਏਥੇ ਹੀ ਜਮ੍ਹਾਂ ਕੀਤਾ ਜਾਂਦਾ ਸੀ ।

ਨਾਦਰਸ਼ਾਹ ਅਤੇ ਅਬਦਾਲੀ ਦਾ ਵੀ ਇਕਤਦਾਰ ਇਸ ਸ਼ਹਿਰ ਉਪਰ ਰਿਹਾ ਹੈ । ਅਤੇ ਉਹਨਾਂ ਦੇ ਉਪਰੰਤ ਸਮੇਂ ਵਿਚ ਸਾਜ਼ਸ਼ਾਂ ਦਾ ਗੜ੍ਹ ਵੀ ਇਹੀ ਸ਼ਹਿਰ ਬਣਿਆ ਰਿਹਾ ।

ਇਸ ਉਪਰੰਤ ਸਿਖਾਂ ਦੀ ਵਾਰੀ ਆਈ ।

1764 ਈ: ਵਿਚ ਸ: ਲਹਿਣਾ ਸਿੰਘ ਅਤੇ ਗੁੱਜਰ ਸਿੰਘ ਭੰਗੀ ਮਿਸਲ ਦੇ ਦੋ ਸਰਦਾਰਾਂ ਨੇ ਇਸ ਸ਼ਹਿਰ ਤੇ ਕਬਜਾ ਕੀਤਾ । ਫੇਰ ਇਹਨਾਂ ਸਰਦਾਰਾਂ ਦੇ ਪੁਤਰਾਂ ਨੇ ਇਸ ਸ਼ਹਿਰ ਤੇ ਰਾਜ ਕੀਤਾ । ਇਹਨਾਂ ਜਾਬਰ ਸਰਦਾਰਾਂ ਨੇ ਜਨਤਾ ਨੂੰ ਕਾਫੀ ਤੰਗ ਕੀਤਾ ਅਤੇ ਉਹ ਇਹਨਾਂ ਦੇ ਜ਼ੁਲਮਾਂ ਦੇ ਭਾਰ ਹੇਠਾਂ ਦਬੇ ਹੌਂਕਦੇ ਰਹੇ । ਲੋਕੀਂ ਇਹਨਾਂ ਤੋਂ ਨਾਖੁਸ਼ ਸਨ ਅਤੇ ਇਹਨਾਂ ਦੀ ਸਰਕਾਰ ਤੋਂ ਛੁਟਕਾਰਾ ਚਾਹੁੰਦੇ ਵਿਉਂਤਾਂ ਬਣਾਂਦੇ ਰਹਿੰਦੇ ਸਨ । ਰੱਬ ਨੇ ਸਮਾਂ ਦਿਤਾ ਤੇ ਸ਼ਾਹ ਜ਼ਮਾਨ ਨੇ 1798 ਈ: ਵਿਚ ਪੰਜਾਬ ਉਪਰ ਧਾਵਾ ਬੋਲ ਦਿਤਾ । ਪਰ ਸ਼ਾਹ ਜ਼ਮਾਨ ਦੇ ਲਾਹੌਰ ਪੁਜਣ ਤੋਂ ਪਹਿਲਾਂ ਹੀ ਇਹ ਸਰਦਾਰ ਸ਼ਹਿਰ ਛੱਡ ਕੇ ਭੱਜ ਗਏ ਅਤੇ ਸ਼ਾਹ ਨੇ ਬਗੈਰ ਕਿਸੇ ਲੜਾਈ ਦੇ ਹੀ ਸ਼ਹਿਰ ਆਪਣੇ ਅਧੀਨ ਕਰ ਲਿਆ ।

ਇਸ ਵੇਲੇ ਸਿੱਖ ਮਿਸਲਾਂ ਨੇ ਆਪਣੇ ਝਗੜੇ ਛੱਡ ਇਸ ਬਾਹਰੋਂ ਆਏ ਵੈਰੀ ਦਾ ਮੁਕਾ–ਬਲਾ ਕਰਨ ਦੀ ਵਿਉਂਤ ਸੋਚਣ ਲਈ ਅੰਮ੍ਰਿਤਸਰ ਇਕੱਠ ਕੀਤਾ । ਬਹੁਤੇ ਸਰਦਾਰ ਮੁਕਾਬਲਾ ਕਰਨੋਂ ਝਕਦੇ ਸਨ । ਇਸ ਤੇ ਸ: ਰਣਜੀਤ ਸਿੰਘ ਦੀ ਸੱਸ ਸਰਦਾਰਨੀ ਸਦਾ ਕੌਰ, ਜੋ ਕਿ ਇਸ ਕਾਨਫਰੰਸ ਵਿਚ ਸ਼ਾਮਲ ਸੀ, ਨੇ ਸਭ ਨੂੰ ਵੰਗਾਰਦਿਆਂ ਕਿਹਾ ਕਿ ਜੇਕਰ ਕੋਈ ਵੀ ਸਰਦਾਰ ਵੈਰੀ ਦਾ ਮੁਕਾਬਲਾ ਕਰਨ ਲਈ ਤਿਆਰ ਨਹੀਂ ਤਾਂ ਉਹ ਇਕੱਲੀ ਹੀ ਡੱਟ ਜਾਏਗੀ । ਇਕ ਤੀਵੀਂ ਦੀ ਏਨੀ ਦਲੇਰੀ ਵੇਖ ਕੇ ਬਾਕੀ ਦੇ ਸਭ ਸਰਦਾਰ ਵੀ ਵੈਰੀ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਗਏ । ਸ: ਰਣਜੀਤ ਸਿੰਘ ਨੂੰ ਉਹਨਾਂ ਨੇ ਆਪਣਾ ਲੀਡਰ ਮੰਨ ਲਿਆ । ਸਿੱਖ ਸੈਨਾ ਮਿਲ ਕੇ ਲਾਹੌਰ ਵਲ ਵੱਧੀ ਅਤੇ ਸ਼ਹਿਰ ਦੇ ਬਾਹਰਵਾਰ ਜਾ ਕੇ ਡੇਰੇ ਲਾ ਦਿੱਤੇ । ਉਥੋਂ ਰਣਜੀਤ ਸਿੰਘ ਕੁਝ ਸਾਥੀਆਂ ਨੂੰ ਨਾਲ ਲੈ ਸਮਨ ਬੁਰਜ ਪੁਜਾ ਜਿਥੇ ਕਿ ਸ਼ਾਹ ਜ਼ਮਾਨ ਬਰਾਜਮਾਨ ਸੀ, ਅਤੇ ਉਹਨੂੰ ਵੰਗਾਰਦਿਆਂ ਕਿਹਾ : "ਉਹ ਅਬਦਾਲੀ ਦੇ ਪੋਤਰੇ ! ਆ ਬਾਹਰ ਅਤੇ ਚੜ੍ਹਤ ਸਿੰਘ ਦੇ ਪੋਤਰੇ ਦਾ ਮੁਕਾਬਲਾ ਕਰ" ਪਰ ਕਿਥੇ ! ਸ਼ਾਹ ਨੇ ਸਿੱਖਾਂ ਦੀ ਤਾਕਤ ਦਾ ਅਨੁਮਾਨ ਲਾ ਲਿਆ ਹੋਇਆ ਸੀ । ਕਿਸੇ ਨੇ ਲਿਖਿਆ ਹੈ ਕਿ ਸਿੱਖਾਂ ਦੇ ਡਰ ਕਾਰਨ ਸ਼ਾਹ ਦਾ ਡੇਰਾ ਹਮੇਸ਼ਾ ਘਬਰਾਇਆ ਰਹਿੰਦਾ ਸੀ । ਖ਼ਾਸ ਕਰ ਰਾਤੀਂ ਜਦੋਂ ਕਿ ਸਿੱਖ ਆ ਕੇ ਇਸ ਤੇ ਗੋਲੀ ਚਲਾਇਆ ਕਰਦੇ ਸੀ ਅਤੇ ਉਹਨਾਂ ਦਾ ਮੁਕਾਬਲਾ ਕਰਨ ਲਈ ਕੋਈ ਬਾਹਰ ਨਹੀਂ ਸੀ ਨਿਕਲਦਾ ਹੁੰਦਾ । ਸਿਖਾਂ ਦੀ ਗੁਰੀਲਾ ਤਾਕਤ ਦਾ ਸ਼ਾਹ ਸਾਹਮਣਾ ਕਰਨ ਦੇ ਅਸਮਰਥ ਸੀ ਅਤੇ ਮਾਯੂਸੀ ਕਾਰਨ, ਕਾਬਲ ਨੂੰ ਪਰਤ ਗਿਆ । ਕਈ ਇਤਿਹਾਸਕਾਰਾਂ ਦਾ

ਕਹਿਣਾ ਹੈ ਕਿ ਸ਼ਾਹ ਨੂੰ ਕਾਬਲ ਤਾਂ ਮੁੜਨਾ ਪਿਆ, ਕਿਉਂਕਿ ਉਥੇ ਉਹਦੇ ਮਤਰਏ ਭਰਾ ਮਹਿਮੂਦ ਨੇ ਬਗਾਵਤ ਦਾ ਝੰਡਾ ਝੁਲਾ ਦਿਤਾ ਸੀ।

ਕਿਵੇਂ ਵੀ ਸੀ, ਪਰ ਸ਼ਾਹ ਪੰਜਾਬ ਦਾ ਤਸੱਲੀਬਖਸ਼ ਬੰਦੋਬਸਤ ਨਾ ਕਰ ਸਕਿਆ, ਜਿਸ ਤੋਂ ਕਿ ਉਹ ਜ਼ਰੂਰਤ ਵੇਲੇ ਲਾਭ ਲੈ ਸਕਦਾ (ਪਰਿੰਸਪ)।

ਸ਼ਾਹ ਜ਼ਮਾਨ ਨੇ ਅਜੇ ਮੂੰਹ ਮੋੜਿਆ ਹੀ ਸੀ ਕਿ ਤਿੰਨੇ ਭੰਗੀ ਸਰਦਾਰਾਂ ਨੇ ਫੇਰ ਆ ਲਾਹੌਰ ਤੇ ਚੌਧਰ ਜਮਾਈ। ਪਰਜਾ ਇਹਨਾਂ ਸਰਦਾਰਾਂ ਦੇ ਵਤੀਰੇ ਤੋਂ ਖੁਸ਼ ਨਹੀਂ ਸੀ। ਨਾਲ ਹੀ ਉਹਨਾਂ ਨੂੰ ਡਰ ਸੀ ਕਿਤੇ ਕਸੂਰ ਦਾ ਨਿਜ਼ਾਮੁਦੀਨ ਹੀ ਲਾਹੌਰ ਨਾ ਆ ਬੈਠੇ। ਉਹਦੇ ਲਾਹੌਰ ਦੇ ਮੁਸਲਮਾਨਾਂ ਨੂੰ ਭੇਜੇ ਹੋਏ ਸੱਦੇ ਕਿਸੇ ਕੰਮ ਨਾ ਆਏ। ਉਹ ਸ਼ਹਿਰੀ ਕੀ ਮੁਸਲਮਾਨ ਹਿੰਦੂ ਅਤੇ ਕੀ ਸਿੱਖ ਸ: ਰਣਜੀਤ ਸਿੰਘ ਨੂੰ ਪਸੰਦ ਕਰਦੇ ਸਨ। ਸੋ ਇਹਨਾਂ ਤਿੰਨਾਂ ਕੌਮਾਂ ਦੇ ਆਗੂਆਂ ਨੇ ਮਿਲ ਕੇ ਸ: ਰਣਜੀਤ ਸਿੰਘ ਨੂੰ ਲਾਹੌਰ ਆਉਣ ਦਾ ਸੱਦਾ ਘੱਲਿਆ, ਜਦੋਂ ਕਿ ਉਹ ਰਾਮ ਨਗਰ ਵਿਚ ਸੀ। ਉਹਨਾਂ ਇਹ ਵੀ ਵਹਿਦਾ ਕੀਤਾ ਕਿ ਲਾਹੌਰ ਨੂੰ ਫ਼ਤਹਿ ਕਰਨ ਵਿਚ ਉਹਨਾਂ ਕੋਲੋਂ ਸਰਦੀ ਪੁਜਦੀ ਜੋ ਵੀ ਮਦਦ ਹੋ ਸਕੇਗੀ ਕੀਤੀ ਜਾਏਗੀ। ਉਹਨਾਂ ਨੇ ਸਰਦਾਰਨੀ ਸਦਾ ਕੌਰ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਸਰਦਾਰ ਰਣਜੀਤ ਸਿੰਘ ਨੂੰ ਇਸ ਕੰਮ ਲਈ ਪ੍ਰੇਰਨ।

ਰਣਜੀਤ ਸਿੰਘ ਨੇ ਬੇਨਤੀ ਪਰਵਾਨ ਕਰ ਲਈ ਅਤੇ ਸਹੀ ਹਾਲਤ ਦੀ ਜਾਂਚ ਲਈ ਆਪਣੇ ਸੂਹੀਏ ਲਾਹੌਰ ਭੇਜ ਦਿਤੇ। ਉਧਰ ਉਹ ਆਪਣੀ ਫੌਜ ਲੈ ਕੇ ਬਟਾਲਾ ਵੱਲ ਰਵਾਨਾ ਹੋ ਗਿਆ। ਉਥੋਂ ਆਪਣੀ ਸੱਸ ਅਤੇ ਉਹਦੀ ਫੌਜ ਨਾਲ ਲੈ ਕੇ ਉਹ ਦੋਵੇਂ ਅੰਮ੍ਰਿਤਸਰ ਟੁਰ ਪਏ। ਦੋਵਾਂ ਦੀ ਸਾਂਝੀ ਫੌਜ ਦੀ ਗਿਣਤੀ ਤਕਰੀਬਨ 25,000 ਸੀ, ਜਿਸ ਵਿਚ ਸਦਾ ਕੌਰ ਦੇ 8,000 ਘੋੜ-ਸਵਾਰ ਸ਼ਾਮਿਲ ਸਨ। ਪਰ ਆਮ ਇਹ ਧੁੰਮਾਂ ਦਿਤਾ ਗਿਆ ਕਿ ਉਹ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰਨ ਲਈ ਜਾ ਰਹੇ ਸਨ। ਅੰਮ੍ਰਿਤਸਰੋਂ ਇਹਨਾਂ ਦੋਨਾਂ ਨੇ ਲਾਹੌਰ ਵਲ ਚਾਲੇ ਪਾ ਦਿਤੇ ਅਤੇ ਸਾਰੀ ਵਾਟ ਇਕ ਦਿਨ ਵਿਚ ਹੀ ਮੁਕਾ ਕੇ ਸ਼ਾਲਾਮਾਰ ਬਾਗ਼ ਪੁਜ ਗਏ। ਉਥੇ ਉਘੇ ਸ਼ਹਿਰੀ ਉਹਨਾਂ ਨੂੰ ਆ ਮਿਲੇ ਅਤੇ ਸ਼ਹਿਰ ਦੀ ਦੀਵਾਰ ਵਿਚ ਜੋ ਤੱਟਾਂ ਸੀ ਸਭਨਾਂ ਤੋਂ ਰਣਜੀਤ ਸਿੰਘ ਨੂੰ ਜਾਣੂ ਕਰਵਾ ਦਿਤਾ। ਰਣਜੀਤ ਸਿੰਘ ਬੜਾ ਹੁਸ਼ਿਆਰ ਸੀ। ਉਹਨਾਂ ਨੇ ਇਹਨਾਂ ਰਾਹੀਂ ਅੰਦਰ ਜਾਣੋਂ ਨਾਂਹ ਕਰ ਦਿਤਾ। ਇਸ ਤੇ ਸ਼ਹਿਰੀਆਂ ਨੇ ਸ਼ਾਹ ਆਲਮੀ ਅਤੇ ਲੌਹਾਰੀ ਦਰਵਾਜ਼ੇ ਰਾਤੀਂ ਖੁੱਲ੍ਹੇ ਰੱਖਣ ਦਾ ਪ੍ਰਣ ਦਿਤਾ। ਉਸ ਦਿਨ ਸ਼ਹਿਰੀ ਮੁਹਰਮ ਵਿਚ ਰੁਝੇ ਹੋਏ ਸਨ ਅਤੇ ਸਭ ਕੁਝ ਏਨੀ ਛੇਤੀ ਹੋਇਆ ਕਿ ਭੰਗੀ ਸਰਦਾਰ ਆਪਣੇ ਬਚਾ ਲਈ ਕੋਈ ਖਾਸ ਕਦਮ ਨਾ ਚੁਕ ਸਕੇ। ਉਹਨਾਂ 200 ਸਵਾਰਾਂ ਦੀ ਭੇਜੀ ਹੋਈ ਇਕ ਟੁਕੜੀ ਨੂੰ ਰਣਜੀਤ ਸਿੰਘ ਨੇ ਭਜਾ ਦਿਤਾਂ।

ਹੁਣ ਰਣਜੀਤ ਸਿੰਘ ਨੇ ਆਪਣੀ ਸੈਨਾਂ ਦੋ ਭਾਗਾਂ ਵਿਚ ਵੰਡੀ। ਇਕ ਹਿੱਸੇ ਨੇ ਸਦਾ ਕੌਰ ਦੀ ਅਗਵਾਈ ਹੇਠ ਦਿੱਲੀ ਦਰਵਾਜ਼ੇ ਰਾਹੀਂ ਅੰਦਰ ਜਾਣ ਦਾ ਵਿਖਾਵਾ ਕੀਤਾ, ਅਤੇ ਦੂਜੇ ਹਿੱਸੇ ਨੂੰ ਲੈ ਕੇ ਰਣਜੀਤ ਸਿੰਘ, ਜਿਸ ਨਾਲ 300 ਸਿਰਲੱਥ ਅਕਾਲੀ ਵੀ ਸਨ,

ਲੋਹਾਰੀ ਦਰਵਾਜ਼ੇ ਰਾਹੀਂ ਸ਼ਹਿਰ ਅੰਦਰ ਜਾ ਵੜਿਆ। ਦੋ ਭੰਗੀ ਸਰਦਾਰ ਤੇ ਪੱਤਰਾ ਵਾਚ ਗਏ। ਪਿਛੇ ਸਿਰਫ ਚੇਤ ਸਿਘ ਹੀ ਰਹਿ ਗਿਆ ਅਤੇ ਉਹ ਝੂਠੀ ਖਬਰ ਮਿਲਣ ਉਪਰੰਤ ਚਾਰ ਪੰਜ ਸੌ ਸਵਾਰ ਲੈ ਕੇ ਦਿੱਲੀ ਦਰਵਾਜ਼ੇ ਵਲ ਵਧਿਆ, ਪਰ ਸ: ਰਣਜੀਤ ਸਿੰਘ ਤੇ ਕਿਸੇ ਹੋਰ ਦਰਵਾਜਿਉਂ ਅੰਦਰ ਆ ਵੜਿਆ ਹੋਇਆ ਸੀ। ਜਦੋਂ ਚੇਤ ਸਿੰਘ ਨੂੰ ਇਸ ਦਾ ਪਤਾ ਲਗਾ ਤਾਂ ਉਹ ਦੌੜਕੇ ਕਿਲ੍ਹੇ ਦੇ ਅੰਦਰ ਜਾ ਵੜਿਆ ਅਤੇ ਦਰਵਾਜ਼ੇ ਬੰਦ ਕਰ ਲਏ। ਜੇਕਰ ਉਹ ਥੋੜਾ ਵੀ ਪਛੜ ਜਾਂਦਾ ਤਾਂ ਰਣਜੀਤ ਸਿੰਘ ਨੇ ਕਿਲ੍ਹੇ ਵਿਚ ਦਾਖਲ ਹੋ ਜਾਣਾ ਸੀ। ਹੁਣ ਦੋਨਾਂ ਪਾਸਿਆਂ ਤੋਂ ਗੋਲੀ ਚਲਣ ਲਗ ਪਈ ਅਤੇ ਦਿਨ ਭਰ ਚਲਦੀ ਰਹੀ। ਸ: ਰਣਜੀਤ ਸਿੰਘ ਜੋ ਕਿਲੇ ਤੋਂ ਤੋਪਾਂ ਦੇ ਗੋਲੇ ਸੁਟਵਾਨਾ ਚਾਹੁੰਦਾ ਸੀ, ਨੂੰ ਸਦਾ ਕੌਰ ਨੇ ਵਰਜਿਆ। ਸਰਦਾਰਨੀ ਦਾ ਖਿਆਲ ਸੀ ਕਿ ਵੈਰੀ ਕੋਲੋਂ ਜਦ ਅੰਦਰ ਜਮ੍ਹਾਂ ਕੀਤਾ ਬਰੂਦ ਅਤੇ ਰਸਦ ਆਦਿ ਮੁਕ ਜਾਣਗੇ ਤਾਂ ਉਹ ਆਪੇ ਹੀ ਹਥਿਆਰ ਸੁਟ ਦੇਵੇਗਾ। ਕਿਉਂਕਿ ਉਹਦੇ ਸਭ ਰਾਹ ਤੇ ਬੰਦ ਕੀਤੇ ਹੋਏ ਸਨ ਅਤੇ ਬਾਹਰੋਂ ਉਸ ਲਈ ਕੁਝ ਵੀ ਨਹੀਂ ਸੀ ਜਾ ਸਕਦਾ। ਇੰਜ ਹੀ ਹੋਇਆ ਅਤੇ ਚੇਤ ਸਿੰਘ ਨੇ ਹਥਿਆਰ ਸੁਟਣੇ ਪਰਵਾਨ ਕਰ ਲਏ। ਜੇਕਰ ਉਹਨੂੰ ਸਹੀ ਸਲਾਮਤ ਸ਼ਹਿਰੋਂ ਨਿਕਲ ਜਾਣ ਦਿੱਤਾ ਜਾਵੇ ਅਤੇ ਕੁਝ ਅਲਾਊਂਸ ਵੀ ਦਿੱਤਾ ਜਾਏ। ਸ: ਰਣਜੀਤ ਸਿੰਘ ਨੇ ਇਹ ਦੋਵੇਂ ਸ਼ਰਤਾਂ ਮੰਨ ਲਈਆਂ ਅਤੇ 7 ਜੁਲਾਈ 1799 ਈ: ਨੂੰ ਲਾਹੌਰ ਉਪਰ ਸ: ਰਣਜੀਤ ਸਿੰਘ ਦਾ ਅਧਿਕਾਰ ਹੋ ਗਿਆ। ਕਈ ਇਤਿਹਾਸਕਾਰ ਇਹ ਤਾਰੀਖ 27 ਜੂਨ 1799 ਦਸਦੇ ਹਨ ਜੋ ਕਿ ਠੀਕ ਨਹੀਂ ਹੈ।

ਕਿਲ੍ਹੇ ਉਪਰ ਕਬਜ਼ਾ ਕਰਨ ਉਪਰੰਤ ਉਥੋਂ ਕਈ ਤੋਪਾਂ ਅਤੇ ਕਿੰਨਾ ਵੱਡਾ ਖਜ਼ਾਨਾ ਵੀ ਰਣਜੀਤ ਸਿੰਘ ਦੇ ਕਾਬੂ ਆਇਆ। ਚੇਤ ਸਿੰਘ ਨੂੰ ਲਾਹੌਰ ਤੋਂ 24 ਮੀਲ ਦੂਰ ਵੇਨੀਆਂ 7000 ਰੁਪਏ ਸਾਲਾਨਾ ਆਮਦਨ ਵਾਲਾ ਪਿੰਡ, ਜਾਗੀਰ ਵਿਚ ਦਿੱਤਾ ਗਿਆ। ਵਿਜੇਤਾ ਫੌਜ ਨੂੰ ਤਾੜਨਾ ਕੀਤੀ ਗਈ ਕਿ ਸ਼ਹਿਰ ਵਿਚ ਕੋਈ ਲੁਟ-ਮਾਰ ਨਾ ਕੀਤੀ ਜਾਏ ਅਤੇ ਨਾ ਹੀ ਸ਼ਹਿ-ਰੀਆਂ ਨੂੰ ਤੰਗ ਕੀਤਾ ਜਾਏ। ਇਸ ਤੇ ਸ਼ਹਿਰੀ ਬੜੇ ਖੁਸ਼ ਹੋਏ।

ਸ: ਰਣਜੀਤ ਸਿੰਘ ਨੂੰ ਜਦੋਂ ਵੀ ਲਾਹੌਰ ਤੇ ਕਬਜ਼ਾ ਕਰਨ ਦਾ ਅਵਸਰ ਮਿਲਿਆ ਉਹਨੇ ਹਥੋਂ ਨਾ ਜਾਣ ਦਿੱਤਾ। ਸਾਲ ਦਾ ਸਮਾਂ ਵੀ ਚੰਗੀ ਗਰਮੀ ਦਾ ਸੀ ਅਤੇ ਬਰਸਾਤਾਂ ਸ਼ੁਰੂ ਹੋਣ ਹੀ ਵਾਲੀਆਂ ਸਨ। ਇਸ ਲਈ ਵੈਰੀ ਨੂੰ ਯਕੀਨ ਹੀ ਨਹੀਂ ਸੀ ਕਿ ਕੋਈ ਏਸ ਸਮੇਂ ਯੁੱਧ ਆਰੰਭ ਕਰਨ ਦੀ ਸੋਚੇਗਾ। ਫਿਰ ਉਹਨੇ ਐਸਾ ਰਾਹ ਫੜਿਆ ਕਿ ਵੈਰੀ ਨੂੰ ਕਿਤੇ ਸ਼ੱਕ ਵੀ ਨਾ ਪੈ ਸਕਦਾ ਹੋਵੇ ਕਿ ਰਣਜੀਤ ਸਿੰਘ ਲਾਹੌਰ ਤੇ ਧਾਵਾ ਬੋਲਣ ਵਾਲਾ ਸੀ। ਉਹਨਾਂ ਆਪਣਾ ਇਰਾਦਾ ਅਤੇ ਸਾਰੀ ਤਰਤੀਬ ਖੁਫੀਆ ਰੱਖੀ, ਫੇਰ ਤੇਜ਼ ਰਫਤਾਰੀ ਨਾਲ ਵਧਕੇ ਰਣਜੀਤ ਸਿੰਘ ਨੇ ਵੈਰੀ ਨੂੰ ਤੇ ਹੈਰਾਨ ਹੀ ਕਰ ਦਿੱਤਾ ਅਤੇ ਉਹਨੂੰ ਹੱਥਾਂ ਪੈਰਾਂ ਦੀ ਪੈ ਗਈ। ਇਸ ਤੋਂ ਉਹਨੇ ਸਾਬਤ ਕਰ ਦਿੱਤਾ ਕਿ ਫੁਰਤੀ ਕਿੰਨੀ ਲਾਹੇਬੰਦ ਹੁੰਦੀ ਹੈ।

ਲਾਹੌਰ ਦਾ ਕਿਲ੍ਹਾ ਤ ਬੜਾ ਮਜ਼ਬੂਤ ਸੀ, ਪਰ ਭੰਗੀ ਸਰਦਾਰਾਂ ਨੂੰ ਉਥੋਂ ਦੇ ਵਾਸੀ ਪਸੰਦ ਨਹੀਂ ਸੀ ਕਰਦੇ ਅਤੇ ਨਾ ਹੀ ਭੰਗੀਆਂ ਨੇ ਕਿਲ੍ਹੇ ਵਿਚ ਕਾਫੀ ਰਸਦ ਅਤੇ ਬਰੂਦ-ਸਿਕਾ

ਹੀ ਜਮ੍ਹਾ ਕੀਤਾ ਹੋਇਆ ਸੀ। ਰਣਜੀਤ ਸਿੰਘ ਦੀ ਹੁਸ਼ਿਆਰੀ ਤੋਂ ਪਤਾ ਲਗਦਾ ਹੈ ਕਿ ਉਹ ਕਿਵੇਂ ਕੰਮ ਕਰਦਾ ਸੀ। ਜਦੋਂ ਲਾਹੌਰ ਵਾਸੀਆਂ ਨੇ ਉਹਨੂੰ ਨਿਮੰਤਰਣ ਦਿੱਤਾ ਤਾਂ ਯਕੀਨ ਕਰਨ ਲਈ ਉਹਨੇ ਸਾਰੀ ਖਬਰ ਆਪਣੇ ਸੂਹੀਆਂ ਤੋਂ ਵੀ ਹਾਸਲ ਕੀਤੀ, ਤਾਂ ਕਿ ਧੋਖੇ ਵਿਚ ਹੀ ਨਾ ਮਾਰਿਆ ਜਾਏ।

ਜਦ ਵੈਰੀ ਨੇ ਸੁਲਾਹ ਲਈ ਬੇਨਤੀ ਕੀਤੀ ਤਾਂ ਰਣਜੀਤ ਸਿੰਘ ਨੇ ਮਨਜ਼ੂਰ ਕਰ ਲਈ ਤਾਂ ਕਿ ਨਹੱਕ ਖੂਨ-ਖਰਾਬਾ ਨਾ ਹੋਵੇ। ਇਸ ਲਈ ਕਈ ਜਾਨਾਂ ਬੱਚ ਗਈਆਂ। ਇਸ ਤੋਂ ਪਤਾ ਲਗਦਾ ਹੈ ਕਿ ਉਹ ਕਿੰਨਾ ਉਦਾਰਚਿਤ ਵੀ ਸੀ।

ਸਿਆਸੀ ਦਰਿਸ਼ਟੀਕੋਨ

ਲਾਹੌਰ ਉਪਰ ਆਪਣਾ ਅਧਿਕਾਰ ਜਮਾ ਲੈਣਾ ਰਣਜੀਤ ਸਿੰਘ ਲਈ ਇਕ ਮਹੱਤਵ-ਪੂਰਣ ਜਿੱਤ ਸੀ। ਲਾਹੌਰ, ਜੋ ਕਿ 2000 ਸਾਲ ਤੋਂ ਪੰਜਾਬ ਦੀ ਰਾਜਧਾਨੀ ਚਲਾ ਆਉਂਦਾ ਸੀ, ਨੇ ਰਣਜੀਤ ਸਿੰਘ ਦਾ ਰੁਤਬਾ ਉੱਚਾ ਕਰ ਦਿੱਤਾ। ਲਾਹੌਰ ਪੰਜਾਬ ਲਈ ਉਹੀ ਮਹੱਤਤਾ ਰਖਦਾ ਹੈ ਜਿੰਨੀ ਕਿ ਦਿੱਲੀ ਭਾਰਤ ਲਈ। ਇਸ ਜਿੱਤ ਨਾਲ ਰਣਜੀਤ ਸਿੰਘ ਉੱਤਰੀ ਇਲਾਕੇ ਵਿਚ ਇਕ ਧਨਾਢ ਰਾਜਾ ਬਣ ਗਿਆ। ਉਹਦੀ ਜਿਥੇ ਇਹ ਖਾਹਸ਼ ਪੂਰੀ ਹੋਈ, ਉਥੇ ਉਹਦੀਆਂ ਹੋਰ ਖਾਹਸ਼ਾਂ ਵੱਧ ਗਈਆਂ ਅਤੇ ਥੋੜੇ ਸਮੇਂ ਵਿਚ ਹੀ ਉਹਨੇ ਹੋਰ ਇਲਾਕੇ ਵੀ ਫਤਿਹ ਕਰ ਲਏ।

ਲਾਹੌਰ ਦੇ ਰਣਜੀਤ ਸਿੰਘ ਹੱਥ ਆਉਣ ਕਾਰਨ ਇਕ ਹੋਰ ਸਿਆਸੀ ਲਾਭ ਹੋਇਆ ਜਿਸ ਕਾਰਨ ਪੰਜਾਬ ਅਤੇ ਭਾਰਤ ਦਾ ਆਉਣ ਵਾਲਾ ਇਤਿਹਾਸ ਹੀ ਬਦਲ ਗਿਆ। ਇਸ ਨਾਲ ਭਾਰਤੀ ਮੁਸਲਮਾਨਾਂ ਦੇ ਮੱਧ ਏਸ਼ੀਆਂ ਅਤੇ ਅਫਗਾਨਿਸਤਾਨ ਦੇ ਮੁਸਲਮਾਨਾਂ ਨਾਲੋਂ ਸੰਬੰਧ ਟੁਟ ਗਿਆ, ਜਿਥੋਂ ਕਿ ਇਹਨਾਂ ਨੂੰ ਤਾਜ਼ਾ ਕੁਮਕ ਆਉਂਦੀ ਰਹਿੰਦੀ ਸੀ। ਇਸ ਨਾਲ ਇਹ ਰਾਹ ਵੀ ਬੰਦ ਹੋ ਗਿਆ ਜਿਨ੍ਹਾਂ ਰਾਹੀਂ ਕਈ ਸਦੀਆਂ ਤੋਂ ਵੈਰੀ ਉੱਤਰ-ਪੱਛਮ ਤੋਂ ਆ ਕੇ ਭਾਰਤ ਨੂੰ ਲਿਤਾੜਦਾ ਰਹਿੰਦਾ ਸੀ। ਇਸ ਨੇ ਭਾਰਤ ਦੇ ਇਤਿਹਾਸ ਦਾ ਇਕ ਨਵਾਂ ਕਾਂਡ ਆਰੰਭ ਦਿੱਤਾ। ਸ਼ਾਹ ਜ਼ਮਾਨ ਨੇ ਵੀ ਰਣਜੀਤ ਸਿੰਘ ਵਲ ਮਿਤੱਰਤਾ ਦਾ ਹੱਥ ਵਧਾਇਆ ਅਤੇ ਕਈ ਤੋਹਫੇ ਵੀ ਭੇਜੇ।

ਇਸ ਤੋਂ ਸਾਫ ਸਪਸ਼ਟ ਹੈ ਕਿ ਰਣਜੀਤ ਸਿੰਘ ਨੇ ਲਾਹੌਰ ਆਪਣੇ ਬਾਹੂ-ਬਲ ਨਾਲ ਲਿਆ। ਪਰਚਲਤ ਰਵਾਇਤ ਗਲਤ ਹੈ ਕਿ ਸ਼ਾਹ ਜ਼ਮਾਨ ਦੀਆਂ ਕੁਝ ਤੋਪਾਂ ਉਹਦੇ ਕਾਬਲ ਜਾਂਦਿਆਂ ਜੇਹਲਮ ਦਰਿਆ ਵਿਚ ਰਹਿ ਗਈਆਂ ਸੀ, ਅਤੇ ਜਦ ਰਣਜੀਤ ਸਿੰਘ ਨੇ ਇਹ ਤੋਪਾਂ ਕਢਵਾ ਕੇ ਸ਼ਾਹ ਜ਼ਮਾਨ ਨੂੰ ਭੇਜੀਆਂ ਤਾਂ ਉਹਨੇ ਖੁਸ਼ ਹੋ ਕੇ ਲਾਹੌਰ ਦਾ ਕਬਜ਼ਾ ਰਣਜੀਤ ਸਿੰਘ ਨੂੰ ਬਖਸ਼ ਦਿੱਤਾ। ਇਹ ਠੀਕ ਨਹੀਂ ਹੈ। ਰਣਜੀਤ ਸਿੰਘ ਨੇ ਲਾਹੌਰ ਉਪਰ ਆਪਣਾ ਅਧਿਕਾਰ ਜਮਾਉਣ ਪਿਛੋਂ ਹੀ ਇਹ ਤੋਪਾਂ ਜੇਹਲਮ ਦਰਿਆਂ ਵਿਚੋਂ ਕਢਵਾਈਆਂ ਸਨ, ਅਤੇ ਮਿਤਰਤਾ ਸਮਾਪਤ ਕਰਨ ਖਾਤਰ ਇਹ ਤੋਪਾਂ 1800 ਈ: ਵਿਚ ਸ਼ਾਹ ਜ਼ਮਾਨ ਨੂੰ ਭਿਜਵਾ ਦਿੱਤੀਆਂ ਸਨ, ਨਾ ਕਿ ਕਿਸੇ ਹੋਰ ਲਾਭ ਖਾਤਰ। ਅਤੇ ਅੰਗਰੇਜ਼ਾਂ ਦੇ ਫਤਹਿਬਾਦ ਵਿਚ ਰੈਜ਼ੀਡੈਂਟ (ਕਾਲਿਨਜ਼)

ਦੀ 1800 ਈ: ਦੀ ਰੀਪੋਰਟ ਅਨੁਸਾਰ ਸ਼ਾਹ ਜ਼ਮਾਨ ਨੇ ਇਸ ਤੇ ਖ਼ੁਸ਼ ਹੋ ਕੇ ਕੁਝ ਤੋਹਫ਼ੇ ਰਣਜੀਤ ਸਿੰਘ ਨੂੰ ਭੇਜੇ । ਇਹਨਾਂ ਵਿਚ ਸੀ, ਕੀਮਤੀ ਪੁਸ਼ਾਕਾਂ, ਦੋ ਘੋੜੇ ਚੰਗੀ ਨਸਲ ਦੇ, ਅਤੇ ਕਈ ਕੁਝ ਹੋਰ । ਇੰਝ ਸ਼ਾਹ ਜ਼ਮਾਨ ਨੇ ਵੀ ਰਣਜੀਤ ਸਿੰਘ ਨੂੰ ਲਾਹੌਰ ਦਾ ਪਾਤਸ਼ਾਹ ਕਬੂਲ ਕਰ ਲਿਆ ।

ਉਸ ਵੇਲੇ ਨਾ ਹੀ ਲਾਹੌਰ ਅਤੇ ਨਾ ਹੀ ਪੰਜਾਬ ਸ਼ਾਹ ਜ਼ਮਾਨ ਦੇ ਕਬਜ਼ੇ ਵਿਚ ਸੀ । ਏਥੇ ਹੀ ਬੱਸ ਨਹੀਂ । ਉਹਨੂੰ ਤੇ ਕਾਬਲ ਵੀ ਉਹਦੇ ਹੱਥੋਂ ਖੁਸਦਾ ਜਾਪਦਾ ਸੀ । ਸੋ ਜਦੋਂ ਕਿਸੇ ਪੁਰਸ਼ ਕੋਲ ਕੋਈ ਸ਼ੈ ਹੈ ਹੀ ਨਹੀਂ, ਉਹ ਦੂਜੇ ਨੂੰ ਇਹ ਕਿਵੇਂ ਬਖਸ਼ ਸਕਦਾ ਹੈ ? ਇਹ ਮੰਨਣ ਵਾਲੀ ਗੱਲ ਨਹੀਂ । ਪਰਿੰਸਪ ਦੀ ਰਣਜੀਤ ਸਿੰਘ ਉਪਰ ਲਿਖੀ ਕਿਤਾਬ ਕੈਪਟਨ ਮੱਰੇ ਦੀ ਦਿੱਤੀ ਸੂਚਨਾ ਦੇ ਆਧਾਰ ਤੇ ਲਿਖੀ ਗਈ ਸੀ, ਜਿਸ ਵਿਚ ਕਿ ਇਸ ਦਾ ਕੋਈ ਜ਼ਿਕਰ ਨਹੀਂ ਹੈ । ਇਹ ਗੱਲ ਬਾਅਦ ਵਿਚ ਸ਼ਾਮਿਲ ਕੀਤੀ ਗਈ ਜੋ ਕਿ ਕਪਤਾਨ ਵੇਡ ਦੇ ਬਿਆਨ ਤੇ ਆਧਾਰਤ ਹੈ, ਪਰ ਉਹ (ਵੇਡ) ਪੰਜਾਬ ਮੰਚ ਉਪਰ ਕਾਫ਼ੀ ਸਮੇਂ ਪਿਛੋਂ ਆਉਂਦਾ ਹੈ ।

—o—

ਅੱਛਾ ਰੱਜ ਕੇ ਰਾਜ ਕਮਾ ਗਿਆ

—ਪ੍ਰਿੰ: ਸਤਿਬੀਰ ਸਿੰਘ

ਕੈਪਟਨ ਮੁੱਰੇ ਨੇ ਪ੍ਰਾਚੀਨ ਪੰਥ ਪ੍ਰਕਾਸ਼ ਦੇ ਲਿਖਾਰੀ ਕੋਲੋਂ ਪੁਛਿਆ ਸੀ ਕਿ :


"ਇਤਨੀ ਬਾਤ ਬਤਾਹੁ ਕਿ ਸਿੰਘਨ ਪਾਯੋ ਰਾਜ ਕਿਮ,
ਔ ਦੀਨੇ ਕਿਨ ਪਾਤਸ਼ਾਹ ।"

ਤਾਂ ਭਾਈ ਰਤਨ ਸਿੰਘ ਜੀ ਭੰਗੂ ਨੇ ਕਿਹਾ ਸੀ "ਸਿੰਘਨ ਪਾਤਸ਼ਾਹੀ ਸ਼ਾਹਿ ਸਚੈ ਦਈ।"
ਇਤਨਾ ਸੁਣ ਕੇ ਕੈਪਟਨ ਮੁੱਰੇ ਨੇ ਫਿਰ ਕਿਹਾ ਸੀ ਕਿ ਮੈਂ ਤਾਂ ਇਤਨਾ ਹੀ ਸੁਣਿਆ ਹੈ ਕਿ :

"ਭਯੋ ਨਾਨਕ ਫਕੀਰ,
ਉਨ ਸ਼ਾਹ ਕੀ ਕਯਾ ਤਤਬੀਰ ।"

ਉਸ ਸਮੇਂ ਬੜੀ ਹੀ ਭਾਵਪੂਰਤ ਬਾਤ ਭਾਈ ਜੀ ਨੇ ਆਖੀ ਸੀ ਕਿ :—

"ਗੁਰੂ ਨਾਨਕ ਸ਼ਹਿਨ ਸ਼ਾਹਿ
ਦੀਨ ਦੁਨੀ ਸਚੇ ਪਾਤਸ਼ਾਹ ।
ਕਈ ਸ਼ਾਹ ਤਿਨ ਕੀਯੋ ਫਕੀਰ,
ਕਈ ਫਕੀਰ ਕਰ ਦੀਨੇ ਪੀਰ ।



ਰਹਯੋ ਆਪ ਹੁਇ ਬੇਪ੍ਰਵਾਹ,
ਯੌ ਨਾਨਕ ਭਯੋ ਸ਼ਹਿਨਸ਼ਾਹ।
ਜਿਨ ਸ਼ਾਹ ਨਾਨਕ ਚਰਨ ਪਰਸਾਏ,
ਤਿਨ ਮੈਂ ਸ਼ਕਤੀ ਇਤੀ ਭਈ ਆਏ।
ਚਿੜੀਅਨ ਤੇ ਉਸ ਬਾਜ ਕੁਹਾਏ।"

ਗੁਰੂ ਨਾਨਕ ਦੀ ਧੂੜੀ ਲੈ ਸਿੰਘ ਪੰਜਾਬ ਦਾ ਰਾਜ ਕਮਾਇਆ। ਇਥੇ ਇਕ ਗਲ ਲਿਖਣੀ ਕੁਥਾਂ ਨਹੀਂ ਹੋਵੇਗੀ ਕਿ ਜਦ ਸ਼ਿਵਾ ਜੀ ਮਰਹੱਟਾ ਨੇ ਆਪਣੇ ਆਪ ਨੂੰ ਰਾਜਾ ਹੋਣ ਦਾ ਐਲਾਨ ਕੀਤਾ ਤਾਂ ਬ੍ਰਾਹਮਣਾਂ ਨੇ ਉਚੀ ਕੁਲ ਦਾ ਨਾਂਹ ਹੋਣ ਕਾਰਨ ਰਾਜ ਸਿਘਾਸਨ ਤੇ ਬਿਠਾਲਣ ਤੋਂ ਇਨਕਾਰ ਕਰ ਦਿਤਾ ਸੀ। ਉਸ ਵਿਚਾਰੇ ਨੂੰ ਲੱਖਾਂ ਰੁਪਏ ਬ੍ਰਾਹਮਣਾਂ ਨੂੰ ਦਖਣਾ ਦੇਣੀ ਪਈ, ਕਿਧਰੇ ਜਾ ਕੇ ਉਸ ਨੂੰ ਯੋਗ ਸਮਝਿਆ ਗਿਆ। ਇਹ ਗੁਰੂ ਘਰ ਦੀ ਹੀ ਵਡਿਆਈ ਹੈ ਕਿ ਗਰੀਬ ਸਿੰਘ ਕੋ ਦਈ ਪਾਤਸ਼ਾਹੀ।

ਸਦੀਆਂ ਤੋਂ ਜੋ ਤਾਕਤਾਂ ਪੰਜਾਬ ਨੂੰ ਲਿਤਾੜ ਰਹੀਆਂ ਸਨ, ਉਨ੍ਹਾਂ ਨੂੰ ਈਨ ਮੰਨਵਾਈ। ਅਬਦਾਲੀ ਦੇ ਪੁੱਤਰ ਤੈਮੂਰ ਨੂੰ ਅਖੌਤੀ ਨਵਾਬ ਲਾਹੌਰ ਨੇ ਜਦ ਹਮਲਾ ਕਰਨ ਲਈ ਕਿਹਾ ਤਾਂ ਉਸ ਦਾ ਉਤਰ ਸੀ। "ਮੇਰੇ ਪਿਓ ਨੇ ਕੀ ਖਟਿਆ ਸਿੰਘਾਂ ਨਾਲ ਲੜ ਲੜ ਕੇ।"

ਫਿਰ ਜਦ ਅਬਦਾਲੀ ਦੇ ਪੋਤਰੇ ਸ਼ਾਹ ਜ਼ਮਾਨ ਨੇ ਸ਼ਾਹੀ ਕਿਲ੍ਹੇ ਵਿਚ ਬੈਠਿਆਂ ਬੜ ਮਾਰੀ ਕਿ ਸਿੰਘ ਅਫਗਾਨੀ ਘੋੜਿਆਂ ਦੀ ਆਵਾਜ਼ ਸੁਣ ਕੇ ਹੀ ਦਬਕ ਜਾਂਦੇ ਹਨ ਤਾਂ 17 ਸਾਲ ਦੇ ਨੌਜੁਆਨ ਰਣਜੀਤ ਸਿੰਘ ਦੇ ਸਮਨ ਬੁਰਜ ਸਾਹੀ ਲਾਹੌਰ ਹੇਠ ਖਲ੍ਹੋ ਕੇ ਵੰਗਾਰ ਪਾਈ ਸੀ ਕਿ :—

"ਆ ਓਇ ਅਬਦਾਲੀ ਦੇ ਪੋਤਰੇ,
ਤੈਨੂੰ ਚੜ੍ਹਤ ਸਿੰਘ ਦਾ ਪੋਤਰਾ ਪੁਕਾਰਦਾ ਈ।"

ਉਹ ਆਇਆ ਜ਼ਰੂਰ ਪਰ ਹੱਥ ਡੰਗੋਰੀ ਅੱਖਾਂ ਗਵਾ ਮਹਾਰਾਜਾ ਰਣਜੀਤ ਸਿੰਘ ਕੋਲ ਸ਼ਰਨ ਲੈਣ।

ਰਾਜ ਪਾ ਕੇ ਵੀ ਮਹਾਰਾਜਾ ਰਣਜੀਤ ਸਿੰਘ ਦਾ ਸਿਰ ਨਹੀਂ ਫਿਰਿਆ। ਉਹ ਹੀ ਹਲੇਮੀ, ਉਹ ਹੀ ਨਿੰਮ੍ਰਤਾ, ਉਹ ਹੀ ਸੇਵਕੀ ਭਾਓ ਰਖਿਆ ਜੋ ਸਿੱਖ ਸਿਪਾਹੀ ਹੋਣ ਵੇਲੇ ਸੀ।

ਜਿਸ ਹਲੇਮੀ ਰਾਜ ਦਾ ਜ਼ਿਕਰ ਗੁਰੂ ਅਰਜਨ ਪਿਤਾ ਨੇ ਕੀਤਾ ਸੀ, ਉਹ ਹੀ ਹਲੇਮੀ ਰਾਜ ਬਣਾ ਕੇ ਦਸਿਆ। ਜਿਵੇਂ ਗੁਰੂ ਗ੍ਰੰਥ ਸਾਹਿਬ ਅਕਾਲੀ ਛਾਉਣੀ ਹੈ, ਸਭੇ ਫਕੀਰਾਂ ਪੀਰਾਂ, ਭਗਤਾਂ, ਮੁਰੀਦਾਂ ਤੇ ਵਾਹਿਗੁਰੂ ਨਾਮ ਲੇਵਿਆਂ ਦੀ ਉਸੇ ਕੋਲੋਂ ਰੋਸ਼ਨੀ ਲੈ ਅਜਿਹਾ ਰਾਜ ਕਾਇਮ ਕੀਤਾ ਜਿਸ ਵਿਚ ਸਾਰੇ ਹਿੰਦੂ, ਸਿੱਖ, ਮੁਸਲਮਾਨਾਂ, ਉਚ, ਨੀਚ, ਗਰੀਬ, ਅਮੀਰ ਸੁਖੀ ਵਸਦੇ ਸਨ। ਫਕੀਰ ਅਜ਼ੀਜ਼ੁ-ਉ-ਦੀਨ ਜੇ ਰਾਜ ਨੂੰ ਆਪਣਾ ਕਹਿੰਦਾ ਸੀ ਤਾਂ ਦੀਵਾਨ ਮੁਹਕੰਮ ਚੰਦ ਵੀ ਮੇਰਾ ਕਹਿ ਖੁਸ਼ ਹੁੰਦਾ ਸੀ।

ਸਿਰਫ ਦੇਖਣ ਨੂੰ ਹੀ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ ਪਰ ਉਹ ਨਿਜ ਹਿਤ ਲਈ ਨਹੀਂ ਸੀ ਪਰ ਸਰਕਾਰ ਖਾਲਸਾ ਸੀ। ਸਿੱਕਾ ਨਾਨਕਸ਼ਾਹੀ, ਮੋਹਰ ਅਕਾਲ ਸਹਾਇ ਅਤੇ

ਦੇਗ ਤੇਗ ਫਤਹ, ਕੌਮੀ ਤਰਾਨਾ ਦੇਹ ਸ਼ਿਵਾ ਬਰ ਮੋਹਿ ਇਹੈ ।

ਮੁਸਲਮਾਨਾਂ ਨੂੰ ਹੁਕਮ ਦੇ ਰਖਿਆ ਸੀ ਕਿ ਜੇ ਪੁੱਤਰ ਖੜਕ ਸਿੰਘ, ਸ਼ੇਰ ਸਿੰਘ ਜਾਂ ਹੋਰ ਵੀ ਪੁੱਤਰ ਪੁਣੇ ਦੇ ਮਾਣ ਵਿਚ ਹਕੂਮਤੀ ਕੰਮਾਂ ਵਿਚ ਦਖਲ ਦੇਣ ਤਾਂ ਵਰਜਿਆ ਜਾਏ ਅਤੇ ਜੇ ਫਿਰ ਵੀ ਨਾ ਹਟਣ ਤਾਂ ਕਾਨੂੰਨ ਮੁਤਾਬਕ ਉਨ੍ਹਾਂ ਨਾਲ ਵਰਤਿਆ ਜਾਏ। ਇਕ ਹੋਰ ਫੁਰਮਾਨ ਰਾਹੀਂ ਤਾਂ ਇਥੋਂ ਤਕ ਕਹਿ ਦਿਤਾ ਸੀ ਕਿ ਜੇ ਉਹ ਆਪ ਵੀ ਕਿਸੇ ਕਾਹਲ ਜਾਂ ਛੇਤੀ ਨਾਲ ਕੋਈ ਐਸਾ ਹੁਕਮ ਦੇ ਦੇਵੇ ਜੋ ਰਾਜ ਦੇ ਅਸੂਲਾਂ ਦੇ ਉਲਟ ਜਾਪਦਾ ਹੋਵੇ ਤਾਂ ਉਸ ਤੇ ਅਮਲ ਰੋਕ ਦਿਤਾ ਜਾਏ ਤੇ ਮੇਰੇ ਧਿਆਨ ਗੋਚਰੇ ਲਿਆਂਦਾ ਜਾਵੇ। ਇਕ ਅਖਾਣ ਵੀ ਪ੍ਰਚਲਤ ਹੈ ਕਿ ਜਦ ਇਕ ਮਿਹਤਰਾਨੀ ਆਪਣੇ ਰੋਂਦੇ ਬੱਚੇ ਨੂੰ ਚੁਪ ਕਰਾਉਣ ਲਈ ਲੋਰੀ ਦੇ ਰਹੀ ਸੀ :—

"ਆਕੜ ਮੁੰਡਿਆ ਆਕੜ, ਰਣਜੀਤ ਸਿੰਘ ਤੇਰਾ ਚਾਕਰ ।
ਸਦਾ ਤੇਰੀ ਦਾਈ, ਮਹਿਤਾਬ ਕੌਰ ਦੌੜਦੀ ਆਈ ।"

ਤਾਂ ਅਹਿਲਕਾਰਾਂ ਪਕੜ ਮੰਗਾਈ ਸੀ ਕਿ ਉਹ ਮਹਾਰਾਜਾ ਅਤੇ ਉਸ ਦੇ ਖਾਨਦਾਨ ਸੰਬੰਧੀ ਕੁਬੋਲ ਬੋਲ ਰਹੀ ਹੈ। ਮਹਾਰਾਜਾ ਰਣਜੀਤ ਸਿੰਘ ਨੇ ਉਸ ਸਮੇਂ ਉਸ ਮਾਈ ਨੂੰ ਨਾਂਹ ਸਿਰਫ ਇਨਾਮ ਦਿੱਤਾ ਸਗੋਂ ਕਿਹਾ ਵੀ ਸੀ :—

"ਠੀਕ ਕਿਹਾ ਹੈ ਮਾਈ ਨੇ। ਰਾਜਾ ਚਾਕਰ ਹੋਣਾ ਚਾਹੀਦਾ ਹੈ ਤੇ ਉਸ ਦੇ ਰਿਸ਼ਤੇ-ਦਾਰ, ਮਾਂ, ਸੱਸ ਜਾਂ ਘਰ ਵਾਲੀ ਤਕ ਸੇਵਕਾਵਾਂ।"

ਸਾਰੀ ਉਮਰ ਸੇਵਕੀ ਭਾਉ ਰਖਿਆ। ਜੇ ਕਿਸੇ ਖੁਸ਼ਾਮਦੀ ਕਿਹਾ ਵੀ ਕਿ ਹੁਣ ਕਿਉਂ ਕਮਰ ਕੱਸਾ ਕਰ ਰਖਦੇ ਹੋ ਤਾਂ ਕਿਹਾ ਕਿ ਰਾਜ ਖਾਲਸੇ ਦਾ ਮੁਹਰ ਅਕਾਲ ਦੀ, ਸਿੱਕਾ ਨਾਨਕ ਸ਼ਾਹ ਦਾ, ਉਹ ਸੇਵਕ ਹੀ ਤਾਂ ਹੈ। ਅੰਮ੍ਰਿਤਸਰ ਦੀ ਜੂਹ ਵਿਚ ਦਾਖਲ ਹੋਣ ਵੇਲੇ ਬਗੈਰ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਕਦੇ ਲਾਹੌਰ ਨਾਂਹ ਮੁੜਦੇ। ਸਵਰਨ ਤੇ ਸੰਗ ਸੁਪੈਦ ਦੀ ਸੇਵਾ ਕਰਵਾ ਕੇ ਵੀ ਹਉਮੈ ਦਾ ਦਾਅ ਨਹੀਂ ਖਾਧਾ, ਸਗੋਂ ਇਹ ਹੀ ਅੱਖਰ ਉਕਰਨ ਲਈ ਕਿਹਾ :—

"ਗੁਰੂ ਰਾਮਦਾਸ ਦੀ ਨੇ ਸੇਵਕ, ਸਿੱਖ ਜਾਣਕਰ ਦਾਸ ਪਾਸੋਂ ਸੇਵਾ ਕਰਵਾਈ।"

ਇਨਸਾਨੀ ਜੀਵਨ ਦੀ ਇਤਨੀ ਕਦਰ ਸੀ ਕਿ 40 ਸਾਲ ਵਿਚ ਕਿਸੇ ਨੂੰ ਫਾਹੇ ਨਾਂਹ ਲਗਾਇਆ ਜਾਂ ਗੋਲੀ ਨਾਲ ਨਾਂਹ ਉਡਾਇਆ। ਕਾਬਲ ਅਤੇ ਦਿੱਲੀ ਦੀਆਂ ਤਾਕਤਾਂ ਨਾਲ ਇਕੇਲਾ ਜੂਝਦਾ ਰਿਹਾ। ਸੂਝ ਇਤਨੀ ਕਿ ਨਿਕੀ ਨਿਕੀ ਗੱਲ ਦਾ ਪਤਾ ਸੀ ਕਿ ਕਿਥੇ ਕੀ ਹੋ ਰਿਹਾ ਹੈ। ਇਕ ਪਾਦਰੀ ਨੇ ਜਦ ਕਿਹਾ ਕਿ ਉਹ ਇਸ ਲਈ ਪੰਜਾਬ ਆਇਆ ਹੈ ਕਿ ਲੋਕਾਂ ਵਿਚੋਂ ਮੌਤ ਦਾ ਡਰ ਕੱਢ ਸਕੇ ਤਾਂ ਟੋਕਦੇ ਕਿਹਾ ਕਿ 'ਭਲੇ ਲੋਕਾ, ਜਦ ਅਟਕ ਦਾ ਦਰਿਆ, ਬੇੜੀਆਂ ਦੇ ਪੁੱਲ ਤੋਂ ਪਾਰ ਕਰ ਰਿਹਾ ਸੈਂ ਤਾਂ ਚੀਕਾਂ ਬੜੀਆਂ ਮਾਰਦਾ ਸੈਂ "ਬਚਾਓ ਮੈਂ ਗਿਆ, ਬਚਾਓ ਮੈਂ ਗਿਆ।" ਜੋ ਦਰਿਆ ਪਾਰ ਕਰਦਿਆਂ ਆਪੂੰ ਡਰ ਜਾਂਦਾ ਹੈ, ਉਹ ਹੋਰਨਾਂ ਦਾ ਮੌਤ ਦਾ ਡਰ ਕਿਵੇਂ ਮੁਕਾ ਸਕਦਾ ਹੈ।' ਪਾਦਰੀ ਅਵਾਕ ਹੋ ਗਿਆ। ਇਰਾਨ ਦੇ ਭੇਜੇ

ਏਲਚੀ ਨੇ ਜਦ ਪੁੱਛਿਆ ਸੀ ਕਿ ਤੁਹਾਡੇ ਕੋਲ ਫੌਜ ਕਿਤਨੀ ਹੈ ਤਾਂ ਕਿਹਾ ਸੀ ਹੋਰ ਤਾਂ ਮੈਨੂੰ ਪਤਾ ਨਹੀਂ ਪਰ ਇਤਨਾ ਜਾਣਦਾ ਹਾਂ ਕਿ ਜਦ ਹਰੀ ਸਿੰਘ ਨਲੂਆ ਕਾਬਲ ਵਲ ਧਾਈ ਕਰਨ ਦੀ ਸੋਚੇ ਤਾਂ ਸ਼ਹਿਰ ਖਾਲੀ ਕਰਕੇ ਲੋਕੀ ਭੱਜ ਜਾਂਦੇ ਹਨ ।

ਜ਼ਿੰਦਗੀ ਭਰ ਅੰਮ੍ਰਿਤ ਵੇਲਾ ਨਹੀਂ ਖੁੰਝਾਇਆ, ਕਹਿੰਦੇ ਵੀ ਹਨ ਕਿ ਜਦ ਰਾਜ ਸੰਭਾਲਣ ਲਗੇ ਸਨ ਤਾਂ ਗ਼ੈਬੀ ਆਵਾਜ਼ ਨੇ ਜਿਥੇ ਹੋਰ ਗੱਲਾਂ ਕਹੀਆਂ ਸਨ, ਇਕ ਇਹ ਆਖੀ ਸੀ ਕਿ ਅੰਮ੍ਰਿਤ ਵੇਲਾ ਤੇ ਨਿਤਨੇਮ ਨਾ ਖੁੰਝਾਈਂ । ਧਰਮ ਅਸਥਾਨ ਤੇ ਧਰਮਸਾਲੀਏ ਵਿਅਕਤੀ ਵਲ ਨਾਂਹ ਝਾਕਣ ਇਸ ਲਈ ਗੁਰਦੁਆਰਿਆਂ ਨਾਲ ਜਗੀਰਾਂ ਲਾਈਆਂ । ਧਰਮ ਪ੍ਰਚਾਰਨ ਵਾਲੇ ਕਿਸੇ ਦਾ ਸਹਾਰਾ ਕਿਉਂ ਤਕਣ । ਗ੍ਰੰਥੀ ਸਿੰਘਾਂ ਦਾ ਬਹੁਤ ਸਤਿਕਾਰ ਕਰਦੇ । ਦਰਬਾਰ ਸਾਹਿਬ ਦੀ ਘੰਟਾ ਘਰ ਦੀ ਬਾਹੀ ਤੇ ਉਕਰੇ ਸ਼ਬਦ ਗਿਆਨੀ ਸੰਤ ਸਿੰਘ ਜੀ ਮਾਰਫਤ ਸਵਰਨ ਤੇ ਸੰਗਮਰਮਰ ਦੀ ਸੇਵਾ ਕਰਵਾਈ । ਜਿਥੇ ਆਦਰ ਦਰਸਾਉਂਦਾ ਹੈ ਉਥੇ ਇਤਬਾਰ ਵੀ। ਸੀਸ ਗੰਜ ਤੋਂ ਆਏ ਗ੍ਰੰਥੀ ਦਾ ਇਤਨਾ ਆਦਰ ਕੀਤਾ ਕਿ ਦੇਖ ਕਈਆਂ ਮੂੰਹ 'ਚ ਉਂਗਲਾਂ ਪਾ ਲਈਆਂ । ਅਕਾਲ ਤਖਤ ਅਗੇ ਸਦਾ ਹੀ ਸਿਰ ਝੁਕਾਇਆ । 'ਨਾਂਹ ਦੇਖ ਭੂਲਾ ਵੀਸਰੇ' ਦਾ ਹੀ ਉਦਾਹਰਣ ਹੈ। ਤੋਸ਼ਾ ਖਾਨਾ ਸ੍ਰੀ ਦਰਬਾਰ ਸਾਹਿਬ, ਚਾਂਦਨੀ ਆਈ, ਭੁਲਿਆ ਨਹੀਂ ਕਿ ਉਹ ਤਾਂ ਫਾਨੀ ਹੈ। ਐਸੀ ਚਾਂਦਨੀ ਸੱਚੇ ਪਾਤਸ਼ਾਹ ਦੇ ਸਿਰ ਹੀ ਸੋਭਦੀ ਹੈ। ਸਿਹਰਾ ਆਇਆ ਵਿਸਰਿਆ ਨਹੀਂ ਕਿ ਇਹ ਮੁੱਖ ਸੁਹਾਵੈ, ਸਹਜ ਧੁਨ ਬਾਣੀ ਵਾਲੇ ਦੇ ਦਰ ਹੀ ਫਬਦਾ ਹੈ। ਸਭ ਕੁਝ ਭੇਟ ਚੜ੍ਹਾ ਦਿੱਤਾ ।

ਇਹ ਵੀ ਹਕੀਕਤ ਹੈ ਕਿ ਰਣਜੀਤ ਸਿੰਘ ਦਾ ਵਿਚਾਰ ਸੀ ਕਿ ਦੁਨੀਆਂ ਵਿਚ ਉਸ ਸਮੇਂ ਪ੍ਰਚਲਤ ਵਿਧਾਨਾਂ ਦਾ ਅਧਿਐਨ ਕਰਕੇ ਸਦੀਵੀ ਪ੍ਰਬੰਧ ਕਰ ਦਿਤਾ ਜਾਏ ਤਰਜਮਾ ਕਰਾਉਣੇ ਉਸ ਆਰੰਭ ਵੀ ਕਰ ਦਿਤੇ ਸਨ । ਅੱਜ ਉਨ੍ਹਾਂ ਦੇ ਦੋ ਸੌਵੇਂ ਜਨਮ ਸਬੰਧੀ ਜਿਥੇ ਉਨ੍ਹਾਂ ਦੇ ਕਾਰਨਾਮੇ ਯਾਦ ਕਰ ਰਹੇ ਹਾਂ, ਉਥੇ ਬੈਠ ਵਿਚਾਰ ਵੀ ਕਰਨੀ ਹੈ ਕਿ ਐਸੇ ਵਸੀਲੇ ਬਣਾਈਏ ਜਿਸ ਨਾਲ ਸਾਡਾ ਖੁੱਸਾ ਹੋਇਆ ਇਲਾਕਾ, ਗਵਾਚਿਆ ਗੌਰਵ ਤੇ ਮਾਨ ਵਾਪਸ ਆਏ । ਜਦ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਮਿਸਲ ਦੀ ਕਮਾਨ ਸੰਭਾਲੀ ਸੀ ਤਾਂ ਉਸ ਵੇਲੇ ਉਸ ਦੀ ਆਯੂ ਕੇਵਲ 12 ਸਾਲ ਦੀ ਸੀ । ਉਸ ਦੀ ਕਾਮਯਾਬੀ ਦਾ ਰਾਜ਼ ਸੀ ਕਿ ਜੁਰਅਤ ਨਾਲ ਸੂਝ ਰਲਾ ਲੰਮੀ ਨਦਰ ਦੇ ਸਹਾਰੇ ਸਭ ਔਕੜਾਂ ਅਬੂਰ ਕੀਤੀਆਂ ਜਾ ਸਕਦੀਆਂ ਹਨ ।

—o—

ਪੰਜਾਬ ਅਤੇ ਪੰਜਾਬੀਅਤ ਦਾ ਪ੍ਰਥਮ ਉਸਰੀਆ

—ਈਸ਼ਰ ਸਿੰਘ ਅਟਾਰੀ

ਮਹਾਰਾਜਾ ਰਣਜੀਤ ਸਿੰਘ ਕਾਲ (ਅਠਾਰਵੀਂ ਸਦੀ) ਤੋਂ ਕੋਈ ਅੱਠ ਸੌ ਸਾਲ ਪਹਿਲਾਂ ਤੋਂ ਹੀ ਪੰਜਾਬ ਪਰਾਈ ਮਾਲ ਗੁਜ਼ਾਰ ਬਣਿਆ ਆ ਰਿਹਾ ਸੀ। ਇਸ ਨੇ ਕਈ ਸਮਰਾਟ ਦਿੱਲੀ ਦੇ ਤਖਤ ਉਤੇ ਬੈਠਾਏ। ਕਦੇ ਇਹ ਗਜ਼ਨੀ, ਕਦੇ ਗੌੜ, ਕਦੇ ਕਾਬਲ ਅਤੇ ਕਦੇ ਦਿੱਲੀ ਦੀਆਂ ਸਲਤਨਤਾਂ ਦੇ ਅਧੀਨ ਰਿਹਾ। ਪਰ ਅੱਠ ਸਦੀਆਂ ਵਿਚ ਇਸ ਨੇ ਆਪਣੀ ਸੁਤੰਤਰ ਹੋਂਦ ਕਦੇ ਨਹੀਂ ਸੀ ਪਾਈ। ਰਣਜੀਤ ਸਿੰਘ ਪਹਿਲਾ ਸਮਰਾਟ ਸੀ ਜਿਸ ਨੇ ਪੰਜਾਬ ਨੂੰ ਕਾਬਲ ਅਤੇ ਦਿੱਲੀ ਦੇ ਤਸਲੱਤਾਂ ਤੋਂ ਮੁਕਤੀ ਦਵਾਈ ਅਤੇ ਇਸ ਨੂੰ ਇਕ ਆਜ਼ਾਦ ਸਲਤਨਤ ਦਾ ਦਰਜਾ ਦਿਤਾ। ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਨੂੰ 1752 ਵਿਚ ਮੁਗਲ ਹਕੂਮਤ ਤੋਂ ਖੋਹ ਕੇ ਅਫਗਾਨ ਹਕੂਮਤ ਵਿਚ ਸ਼ਾਮਲ ਕੀਤਾ ਅਤੇ 1773 ਤਕ ਉਸ ਨੇ ਇਸ ਉਤੇ ਕਈ ਹਮਲੇ ਕੀਤੇ। ਪੰਜਾਬ ਨਾ ਕੇਵਲ ਆਪਣੀ ਆਜ਼ਾਦ ਹਸਤੀ ਹੀ ਗਵਾ ਬੈਠਾ ਸਗੋਂ ਅੰਦਰੂਨੀ ਸੁਰੱਖਿਅਤਾ ਤੇ ਅਮਨ ਵੀ। ਅਹਿਮਦ ਸ਼ਾਹ ਅਬਦਾਲੀ ਤੋਂ ਪਿਛੋਂ ਉਸ ਦਾ ਪੁੱਤਰ ਤੈਮੂਰ ਸ਼ਾਹ ਅਤੇ ਉਸ ਦਾ ਪੋਤਰਾ ਜ਼ਮਾਨ ਸ਼ਾਹ ਪੰਜਾਬ ਉਤੇ ਚੜ੍ਹ ਕੇ ਆਉਂਦੇ ਰਹੇ ਅਤੇ ਪੰਜਾਬ ਦੇ ਖੇਤਾਂ ਅਤੇ ਵਸਨੀਕਾਂ ਨੂੰ ਆਪਣੇ ਘੋੜਿਆਂ ਦੇ ਸੁੰਮਾਂ ਹੇਠ ਲਿਤਾੜ ਕੇ ਚਲੇ ਜਾਂਦੇ ਰਹੇ। ਇਨ੍ਹਾਂ ਆਕਰਮਣਾਂ ਕਰਕੇ ਪੰਜਾਬ ਨੇ ਨਾ ਸੁਖ ਦਾ ਸਾਹ ਲਿਆ ਅਤੇ ਨਾ ਇਸ ਦਾ ਧਰਮ, ਸਾਹਿਤ, ਕਲਾ, ਸਾਹਸ ਅਤੇ ਸਭਿਆਚਾਰ ਹੀ ਵਧ ਫੁੱਲ ਸਕਿਆ। ਵਧਣਾ ਫੁਲਣਾ ਤਾਂ ਕੀ ਸੀ ਇਹ ਬਹੁਤ ਹਦ ਤਕ ਨਸ਼ਟ ਹੀ ਹੋ ਗਿਆ। ਰਣਜੀਤ ਸਿੰਘ ਨੇ ਪਠਾਣਾਂ ਨੂੰ ਪੰਜਾਬ ਤੋਂ ਬਾਹਰ ਉਨ੍ਹਾਂ ਦੇ ਆਪਣੇ ਦੇਸ਼ ਵਿਚ ਧਕ ਦਿਤਾ ਅਤੇ ਪਸ਼ੌਰ, ਬੰਨੂ, ਕੁਹਾਟ ਅਤੇ ਡੇਰਾ ਜਾਤ ਦੇ ਪਠਾਣੀ ਜ਼ਿਲ੍ਹਿਆਂ ਵਿਚ ਆਪਣਾ ਤਸੱਲਤ ਜਮਾ ਲਿਆ। ਇੰਜ ਚਿਰਾਂ ਦੇ ਪਠਾਣ ਸ਼ਿਕਾਰੀ ਪੰਜਾਬੀਆਂ ਦਾ ਸ਼ਿਕਾਰ ਬਣ ਗਏ।

ਪਰ ਇਸ ਤੋਂ ਪਹਿਲਾਂ ਪੰਜਾਬੀਆਂ ਨੂੰ ਬੜੇ ਜੱਫਰ ਜਾਲਣੇ ਪਏ ਅਤੇ ਭਾਰੀ ਸੰਘਰਸ਼ ਅਤੇ ਘਲੂਘਾਰਿਆਂ ਵਿਚੋਂ ਲੰਘਣਾ ਪਿਆ। ਸਿੱਖ ਧਰਮ ਦੇ ਸੰਸਥਾਪਿਕ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਿੱਖ ਪੰਥ ਦੇ ਜਨਮਦਾਤਾ ਦਸਵੇਂ ਗੁਰੂ ਗੋਬਿੰਦ ਸਿੰਘ ਤਕ ਪੰਜਾਬ ਦੇ ਨਿਰਸਾਹਸ ਅਤੇ ਸਿਥਲ ਪੰਜਾਬੀਆਂ ਵਿਚ ਪੰਜਾਬ ਦੇ ਪੁਰਾਤਨ ਸੂਰਬੀਰਾਂ ਵਾਲਾ ਸਾਹਸ, ਸਿਰੜ, ਅਣਖ, ਆਬਰੂ ਅਤੇ ਆਜ਼ਾਦੀ ਦੀ ਭਾਵਨਾ ਕਾਫੀ ਜਾਗ੍ਰਿਤ ਹੋ ਚੁਕੀ ਸੀ ਅਤੇ ਅਠਾਰਵੀਂ ਸਦੀ ਦੇ ਮੱਧ ਵਿਚ ਵਿਆਪਕ ਰਾਜਸੀ ਅਰਾਜਕਤਾ ਅਤੇ ਆਪਾ-ਧਾਪੀ ਤੋਂ ਲਾਭ ਉਠਾ ਕੇ ਪੰਜਾਬੀਆਂ ਨੇ ਸਿੱਖਾਂ ਦੇ ਰੂਪ ਵਿਚ ਪੰਜਾਬ ਦੇ ਕਈ ਇਲਾਕੇ ਆਪਣੇ ਪ੍ਰਭਾਵ ਹੇਠ ਕਰ ਕੇ ਉਨ੍ਹਾਂ ਵਿਚ



ਆਪਣੀ ਆਪਣੀ ਸਰਦਾਰੀ ਕਾਇਮ ਕਰ ਲਈ ਜਿਨ੍ਹਾਂ ਨੂੰ ਅੱਜ ਮਿਸਲਾਂ ਦੀ ਸਰਦਾਰੀ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਪਰ ਰਣਜੀਤ ਸਿੰਘ ਦੇ ਜਨਮ ਅਤੇ ਬਚਪਨ ਵੇਲੇ ਇਨ੍ਹਾਂ ਮਿਸਲਾਂ ਦਾ ਹਾਲ ਇਹ ਹੋ ਗਿਆ ਹੋਇਆ ਸੀ ਕਿ ਇਹ ਆਪੋ ਵਿਚ ਹੀ ਲੜ ਰਹੀਆਂ ਸਨ ਅਤੇ ਆਪਣੀ ਸ਼ਕਤੀ ਨੂੰ ਆਪਣੇ ਹੀ ਹੱਥੀਂ ਨਸ਼ਟ ਕਰ ਰਹੀਆਂ ਸਨ। ਜਿਵੇਂ ਵਿਦੇਸ਼ੀਆਂ ਦੇ ਹਮਲੇ ਵੇਲੇ ਪੰਜਾਬ ਦਾ ਅਮਨ ਖਤਰੇ ਵਿਚ ਰਹਿੰਦਾ ਸੀ, ਇਸੇ ਤਰ੍ਹਾਂ ਮਿਸਲਾਂ ਦੀ ਪਰਸਪਰ ਲੜਾਈ ਵੀ ਪੰਜਾਬ ਦੇ ਅਮਨ ਨੂੰ ਭੰਗ ਕਰ ਰਹੀ ਸੀ।

ਰਣਜੀਤ ਸਿੰਘ ਨੇ ਸ਼ੁਕਰਚੱਕੀਆ ਮਿਸਲ ਦੇ ਮੁਖੀ ਸਰਦਾਰ ਮਹਾਂ ਸਿੰਘ ਦੇ ਘਰ 2 ਨਵੰਬਰ, 1780 ਨੂੰ ਜਨਮ ਲਿਆ ਸੀ ਅਤੇ ਉਸ ਦਾ ਵਿਆਹ ਘਨਈਆ ਮਿਸਲ ਦੀ ਮੁਖੀ ਸਰਦਾਰਨੀ ਸਦਾ ਕੌਰ ਦੀ ਪੁਤਰੀ ਮਹਿਤਾਬ ਕੌਰ ਨਾਲ ਹੋਇਆ ਸੀ। ਇੰਜ ਉਹ ਦੋ ਮਿਸਲਾਂ ਦਾ ਇਕ ਤਰ੍ਹਾਂ ਸਰਦਾਰ ਬਣ ਗਿਆ। ਫਿਰ ਉਸ ਨੇ ਪੰਜਾਬ ਦੀ ਰਾਜਧਾਨੀ ਲਾਹੌਰ

ਉਤੇ ਹੱਲਾ ਬੋਲਿਆ ਜਿਥੇ ਕਿ ਭੰਗੀ ਮਿਸਲ ਦੀ ਸਰਦਾਰੀ ਸੀ। ਭਾਵੇਂ ਸ਼ਾਹ ਜ਼ਮਾਨ ਨੇ ਲਾਹੌਰ ਦੀ ਸਰਦਾਰੀ ਸੁਕਰਚੱਕੀਆ ਮਿਸਲ ਨੂੰ ਦੇ ਦਿਤੀ ਹੋਈ ਸੀ ਤਾਂ ਵੀ ਭੰਗੀਆਂ ਤੋਂ ਲਾਹੌਰ ਖਾਲੀ ਕਰਾਉਣਾ ਕੋਈ ਸੌਖੀ ਗੱਲ ਨਹੀਂ ਸੀ। ਪਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸੱਸ ਸਦਾ ਕੌਰ ਦੀ ਅਗਵਾਈ ਅਤੇ ਸਹਾਇਤਾ ਨਾਲ ਉਹ ਲੜਾਈ ਕੀਤੀ ਕਿ ਭੰਗੀ ਹਾਰ ਗਏ ਅਤੇ ਰਣਜੀਤ ਸਿੰਘ ਦਾ ਲਾਹੌਰ ਉਤੇ ਕਬਜ਼ਾ ਹੋ ਗਿਆ। ਸੰਨ 1801 ਵਿਚ ਉਸ ਨੂੰ ਮਹਾਰਾਜੇ ਦਾ ਖਿਤਾਬ ਦਿਤਾ ਗਿਆ। ਉਸ ਵਲੋਂ ਇਹ ਹੁਕਮ ਦਿਤਾ ਕਿ ਅਗੋਂ ਉਸ ਨੂੰ 'ਸਰਕਾਰ' ਦੇ ਨਾਂ ਨਾਲ ਪੁਕਾਰਿਆ ਜਾਵੇ, ਜਿਹੜਾ ਨਾ ਕਿ ਉਸ ਦਾ ਉਸ ਦੀ ਮ੍ਰਿਤੂ ਤੋਂ ਪਿਛੋਂ ਤਕ ਵੀ ਪ੍ਰਚਲਿਤ ਰਿਹਾ, ਜਿਵੇਂ :—

ਅਜ ਹੋਵੇ ਸਰਕਾਰ ਤਾਂ ਮੁਲ ਪਾਵੇ
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ

(ਸ਼ਾਹ ਮੁਹੰਮਦ)

ਇਥੇ ਰਣਜੀਤ ਸਿੰਘ ਦੀਆਂ ਸਾਰੀਆਂ ਲੜਾਈਆਂ ਦਾ ਤਰੀਕਵਾਰ ਵਰਨਣ ਦੇਣ



ਦੀ ਲੋੜ ਨਹੀ, ਪਰ ਮੇਰੇ ਕਹਿਣ ਦਾ ਭਾਵ ਇਹ ਹੈ ਕਿ ਰਣਜੀਤ ਸਿੰਘ ਪਹਿਲਾ ਸੂਰਬੀਰ, ਸੂਝਵਾਨ ਅਤੇ ਪ੍ਰਬੀਨ ਪੰਜਾਬੀ ਸੀ ਜਿਸ ਨੇ ਦੇਸ਼ ਦੇ ਇਸ ਖਿਤੇ ਦਾ ਖੁਸਿਆ ਅਸਤਿਤਵ, ਆਜ਼ਾਦੀ ਅਮਨ ਅਤੇ ਏਕਤਾ ਕਾਇਮ ਕਰ ਕੇ ਇਸ ਨੂੰ ਆਜ਼ਾਦ ਪੰਜਾਬ ਦਾ ਦਰਜਾ ਦਿਤਾ ਅਤੇ ਫਿਰ ਇਸ ਵਿਚ ਪੂਰੇ ਚਾਲ੍ਹੀ ਸਾਲ ਰਾਜ ਕਰ ਕੇ ਇਸ ਨੂੰ ਸਥਿਰ ਸਰਕਾਰ ਅਤੇ ਸੁਥਰਾ ਰਾਜ ਪ੍ਰਬੰਧ ਦਿਤਾ। ਵਰਨਣਯੋਗ ਗੱਲ ਹੈ ਕਿ ਜਿਹੜਾ ਪੰਜਾਬ ਰਣਜੀਤ ਸਿੰਘ ਨੇ ਸਿਰਜਿਆ ਤੇ ਸਵਾਰਿਆ ਉਸ ਵਿਚ ਉਤਰ ਪੱਛਮੀ ਸਰਹੱਦੀ ਸੂਬਾ ਅਤੇ ਕਸ਼ਮੀਰ ਵੀ ਸ਼ਾਮਿਲ ਸੀ ਅਤੇ ਇਸ ਵਿਚ ਵੱਸਣ ਵਾਲੇ ਪੰਜਾਬੀਆਂ ਉਤੇ ਪੰਜਾਬੀ ਰਾਜ ਕਰਦੇ ਸਨ। ਰਣਜੀਤ ਸਿੰਘ ਨੇ ਪੰਜਾਬ ਨੂੰ ਇਕ ਪੂਰੇ ਦੇਸ਼ ਦੀ ਹਸਤੀ ਤੇ ਹੈਸੀਅਤ ਪ੍ਰਦਾਨ ਕੀਤੀ। ਇਸੇ ਕਰ ਕੇ ਜਦੋਂ ਅੰਗਰੇਜ਼ਾਂ ਨਾਲ ਪੰਜਾਬ ਦੀ ਲੜਾਈ ਹੋਈ ਤਾਂ ਸ਼ਾਹ ਮੁਹੰਮਦ ਨੇ ਲਿਖਿਆ।

'ਜੰਗ ਹਿੰਦ ਪੰਜਾਬ ਦਾ ਹੋਣ ਲਗਾ,
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੇ।

ਰਣਜੀਤ ਸਿੰਘ ਪੰਜਾਬ ਨੂੰ ਇਕ ਪੂਰੇ ਸੂਰੇ ਦੇਸ ਦੇ ਰੂਪ ਵਿਚ ਛੱਡ ਕੇ ਗਿਆ ਨਾ ਕਿ ਇਕ ਸੂਬੇ ਦੇ ਰੂਪ ਵਿਚ। ਇਸੇ ਕਰ ਕੇ ਮੈਂ ਰਣਜੀਤ ਸਿੰਘ ਨੂੰ ਆਜ਼ਾਦ ਪੰਜਾਬ ਦਾ ਸਿਰਜਕ ਜਾਂ ਖੇਰੂ ਖੇਰੂ ਹੋਏ ਪੰਜਾਬ ਨੂੰ ਇਕ ਸੰਯੁਕਤ ਤੇ ਸੁਤੰਤਰ ਪੰਜਾਬ ਦਾ ਰੂਪ ਦੇਣ ਵਾਲਾ ਪ੍ਰਥਮ ਨਿਰਮਾਤਾ ਜਾ ਸੰਯੋਜਕ ਆਖਦਾ ਹਾਂ।

ਪੰਜਾਬ ਵਿਚ ਰਣਜੀਤ ਸਿੰਘ ਪੰਜਾਬੀਅਤ ਦਾ ਪ੍ਰਥਮ ਉਸਰੱਈਆ ਸੀ। ਇਸ ਦੇ ਲਈ ਸਾਨੂੰ ਰਣਜੀਤ ਸਿੰਘ ਦੀ ਪ੍ਰਸ਼ਾਸਨ ਪ੍ਰਣਾਲੀ, ਉਸ ਦੀ ਕਾਰਜ ਕੁਸ਼ਲਤਾ, ਉਸ ਦੀ ਪਰਜਾ ਦੇ ਸੁਖ, ਆਰਾਮ, ਖੁਸ਼ਹਾਲੀ ਦੇ ਜਤਨਾਂ ਦੇ ਨਾਲ ਨਾਲ ਪੰਜਾਬ ਦੇ ਸਾਹਿਤ, ਕਲਾ ਅਤੇ ਸਭਿਆਚਾਰ ਵਲ ਉਸ ਦੀ ਦ੍ਰਿਸ਼ਟੀ ਅਤੇ ਪਹੁੰਚ ਦੀ ਚਰਚਾ ਕਰਨੀ ਉਚਿਤ ਹੋਵੇਗੀ।

ਪੰਜਾਬੀਅਤ ਬਹੁ-ਧਰਮੀ ਸਮਾਜ ਦੀ ਦੇਣ ਹੈ। ਭਿੰਨ ਭਿੰਨ ਧਰਮਾਂ ਦੀ ਹੋਂਦ ਦੇ ਸਨਮੁਖ ਧਾਰਮਿਕ ਸਹਿਹੋਂਦ ਦਾ ਸੰਕਲਪ ਜਿਹੜਾ ਮਹਾਰਾਜਾ ਰਣਜੀਤ ਦੇ ਰਾਜ ਤੋਂ ਪਹਿਲਾਂ ਬਿਲਕੁਲ ਖੇਰੂੰ ਖੇਰੂੰ ਹੋ ਚੁਕਿਆ ਸੀ, ਸਗੋਂ ਇਕ ਧਰਮ ਦੂਜੇ ਧਰਮ ਲਈ ਆਕਰਮਣਕਾਰੀ ਬਣਿਆ ਹੋਇਆ ਸੀ, ਰਣਜੀਤ ਸਿੰਘ ਦੇ ਕਾਲ ਵਿਚ ਨਾ ਕੇਵਲ ਸਿਧਾਂਤਕ ਤੌਰ ਤੇ ਸਗੋਂ ਅਮਲੀ ਤੌਰ ਤੇ ਪੁਨਰ ਸਥਾਪਿਤ ਹੋਇਆ, ਸਗੋਂ ਇਸ ਦੀ ਸਰਕਾਰ ਨੇ ਪਹਿਲੀ ਵੇਰ ਧਰਮ ਨਿਰਪੱਖ ਲੀਹਾ ਉਤੇ ਤੁਰਨਾ ਸ਼ੁਰੂ ਕੀਤਾ ਅਤੇ ਇਸ ਦਾ ਸਮਾਜ ਧਾਰਮਿਕ ਸਹਹੋਂਦ ਦਾ ਧਾਰਨੀ ਬਣਿਆ।

ਪੰਜਾਬ ਦਾ ਆਜ਼ਾਦ ਰਾਜਸੀ ਅਸਤਿਤਵ ਕਾਇਮ ਕਰਨ ਲਈ ਰਣਜੀਤ ਸਿੰਘ ਨੇ ਜਿਹੜੀਆਂ ਲੜਾਈਆਂ ਲੜੀਆਂ, ਉਹ ਵੀ ਸਭ ਪੰਜਾਬੀਆਂ ਨੇ ਰਲ ਕੇ ਲੜੀਆਂ। ਇਹ ਠੀਕ ਹੈ ਕਿ ਰਣਜੀਤ ਸਿੰਘ ਦੀ ਸੈਨਾ ਵਿਚ ਭਾਰੀ ਬਹੁ ਗਿਣਤੀ ਖਾਲਸਾ ਸਿਪਾਹੀਆਂ ਤੇ ਸਰਦਾਰਾਂ ਦੀ ਹੁੰਦੀ ਸੀ, (ਜਿਹੜੀ ਕਿ ਕੁਝ ਸੁਭਾਵਕ ਵੀ ਸੀ) ਪਰ ਜਿਥੋਂ ਤਕ ਰਣਜੀਤ ਸਿੰਘ ਦੀ ਆਪਣੀ ਸੂਝ, ਸਿਆਣਪ ਤੇ ਦ੍ਰਿਸ਼ਟੀ ਦਾ ਸੰਬੰਧ ਹੈ, ਉਸ ਨੇ ਇਕ ਨਿਰੇਸ਼ ਦੇ ਰੂਪ ਵਿਚ ਆਪਣੀ ਪਰਜਾ ਦੇ ਹਰੇਕ ਵਰਗ ਉਤੇ ਏਨਾ ਵਿਸ਼ਵਾਸ ਤੇ ਭਰੋਸਾ ਪ੍ਰਗਟ ਕੀਤਾ ਕਿ ਉਸ ਦੇ ਦਿਵਜ ਵਿਚ ਉਸ ਦੀ ਪਰਜਾ ਦੇ ਹਰੇਕ ਵਰਗ ਨੇ ਉਸ ਨੂੰ ਆਪਣਾ ਈਮਾਨ, ਵਫਾ ਅਤੇ

ਤਾਬਿਆਦਾਰੀ ਪੇਸ਼ ਕੀਤੀ। ਉਸ ਦੇ ਮੰਤਰੀ ਮੰਡਲ ਵਿਚ ਜੇ ਸਿੱਖਾਂ ਦੇ ਨਾਲ ਹਿੰਦੂ ਤੇ ਮੁਸਲਮਾਨ ਵਜ਼ੀਰ ਹੁੰਦੇ ਸਨ ਤਾਂ ਉਸ ਦੀ ਸੈਨਾ ਵਿਚ ਵੀ ਹਿੰਦੂਆਂ ਮੁਸਲਮਾਨਾਂ ਤੇ ਵਿਦੇਸ਼ੀ ਜਰਨੈਲਾਂ, ਸਰਦਾਰਾਂ ਅਤੇ ਸਿਪਾਹੀਆਂ ਦੀ ਘਾਟ ਨਹੀਂ ਸੀ ਹੁੰਦੀ।

ਮੀਆਂ ਗਿਆਸ-ਉਦ-ਦੀਨ ਮਹਾਰਾਜੇ ਦੇ ਤੋਪਖਾਨੇ ਦਾ ਕਮਾਂਡਰ ਸੀ ਅਤੇ ਉਸ ਦੀ ਮਿਰਤੂ ਪਿਛੋਂ ਉਸ ਦੇ ਪੁਤਰ ਸੁਲਤਾਨ ਮੁਹੰਮਦ ਖਾਂ ਨੇ ਤੋਪਖਾਨੇ ਦੀ ਕਮਾਂਡ ਸੰਭਾਲੀ।

ਰਣਜੀਤ ਸਿੰਘ ਦੀ ਫੌਜ ਦੇ ਹਿੰਦੂ ਜਰਨੈਲਾਂ ਵਿਚ ਦੀਵਾਨ ਮੁਹੰਕਮ ਚੰਦ, ਰਾਮ ਦਿਆਲ ਅਤੇ ਮਿਸਰ ਦੀਵਾਨ ਚੰਦ ਦੇ ਨਾਂ ਵਰਨਣਯੋਗ ਹਨ ਅਤੇ ਵਿਦੇਸ਼ੀ ਜਰਨੈਲਾਂ ਵਿਚ ਜਨਰਲ ਵੈਨਤੀਊਰਾ (ਅਤਾਲਵੀ,) ਜਨਰਲ ਅਲਾਰ ਅਤੇ ਕਰਨਲ ਕੋਰਟ (ਫਰਾਂਸੀਸੀ) ਅਤੇ ਕਰਨਲ ਗਾਰਡਨਰ (ਆਇਰਿਸ਼) ਦੇ ਨਾਂ ਵਰਨਣਯੋਗ ਹਨ। ਫੌਜ ਦੀ ਭਰਤੀ ਵਿਚ ਕੋਈ ਸੰਪ੍ਰਦਾਇਕ ਵਿਤਕਰਾ ਨਹੀਂ ਸੀ ਕੀਤਾ ਜਾਂਦਾ ਅਤੇ ਇਹ ਨਿਰੋਲ ਵਿਅਕਤੀ ਦੀ ਸਿਹਤ, ਬਹਾਦਰੀ, ਫੁਰਤੀ ਅਤੇ ਦ੍ਰਿੜ੍ਹਤਾ ਦੇ ਗੁਣਾਂ ਦੇ ਆਧਾਰ ਉਤੇ ਕੀਤੀ ਜਾਂਦੀ ਸੀ।

ਰਣਜੀਤ ਸਿੰਘ ਦੇ ਮੰਤਰੀ ਮੰਡਲ ਵਿਚ ਤਿੰਨ ਮੁਸਲਮਾਨ ਫਕੀਰਾਂ ਦੇ ਨਾਂ ਵਰਨਣ ਯੋਗ ਹਨ : ਫਕੀਰ ਅਜ਼ੀਜ਼-ਉਦ-ਦੀਨ (ਵਿਦੇਸ਼ ਮੰਤਰੀ), ਫਕੀਰ ਨੂਰ-ਉਦ-ਦੀਨ (ਲਾਹੌਰ ਦੇ ਕਿਲੇ ਦਾ ਸਰਦਾਰ ਜਿਥੇ ਸਾਰਾ ਸਿੱਕਾ ਬਾਰੂਦ ਜਮ੍ਹਾਂ ਹੁੰਦਾ ਸੀ) ਅਤੇ ਫਕੀਰ ਇਮਾਮ-ਉਦ-ਦੀਨ (ਗੋਬਿੰਦਗੜ੍ਹ ਦਾ ਗਵਰਨਰ—ਇਹ ਕਿਲ੍ਹਾ ਅੰਮ੍ਰਿਤਸਰ ਦੀ ਰਖਿਆ ਲਈ ਬਣਾਇਆ ਗਿਆ ਸੀ)। ਹਿੰਦੂਆਂ ਵਿਚੋਂ ਦੀਵਾਨ ਮੋਤੀ ਰਾਮ ਅਤੇ ਦੀਵਾਨ ਸਾਵਨ ਮੱਲ (ਦੋਵੇਂ ਗਵਰਨਰ ਸਨ), ਦੀਵਾਨ ਗੰਗੂ ਰਾਮ (ਵਿੱਤ ਮੰਤਰੀ), ਮਿਸਰ ਬੇਲੀ ਰਾਮ (ਸ਼ਾਹੀ ਖਜ਼ਾਨੇ ਦਾ ਸਰਦਾਰ) ਅਤੇ ਮੀਆਂ ਰਾਜਾ ਧਿਆਨ ਸਿੰਘ ਡੋਗਰਾ (ਮੁੱਖ ਮੰਤਰੀ) ਦੇ ਨਾਂ ਵਰਨਣਯੋਗ ਹਨ।

ਰਣਜੀਤ ਸਿੰਘ ਜਿਨ੍ਹਾਂ ਨੂੰ ਜਿਤਦਾ ਸੀ, ਉਨ੍ਹਾਂ ਨਾਲ ਬਿਨਾਂ ਮਜ਼ਬੀ ਵਿਤਕਰੇ ਦੇ ਉਦਾਰਤਾ ਦਾ ਸਲੂਕ ਕਰਦਾ ਸੀ। ਨਵਾਬ ਕੁਤਬਦੀਨ ਕਸੂਰ ਵਾਲਾ, ਨਵਾਬ ਹਾਫਿਜ਼ ਅਹਿਮਦ ਖਾਂ, ਮਾਨਖੇੜਾ ਅਤੇ ਨਵਾਬ ਸਰਫਰਾਜ਼, ਮੁਲਤਾਨ ਵਾਲਾ ਇਸ ਗੱਲ ਦੀ ਉਦਾਹਰਣ ਹਨ।

ਨਾ ਕੇਵਲ ਨਿਯੁਕਤੀਆਂ ਵਿਚ ਹੀ ਮਹਾਰਾਜੇ ਨੇ ਧਰਮ ਨਿਰਪੱਖਤਾ ਲਾਗੂ ਕੀਤੀ ਸਗੋਂ ਨਿਤ ਦਿਨ ਦੀ ਰਾਜ ਕਾਜ ਦੀ ਪ੍ਰਣਾਲੀ ਵਿਚ ਵੀ ਉਸ ਨੇ ਧਰਮ ਦਾ ਸਿੱਧਾ ਦਖਲ ਖਤਮ ਕਰ ਦਿਤਾ।

ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਸਰਬਤ ਖਾਲਸੇ ਵਲੋਂ ਜੋ ਵੀ ਰਾਜਸੀ ਫੈਸਲੇ ਹੁੰਦੇ ਸਨ, ਇਥੋਂ ਤਕ ਕਿ ਵਿਦੇਸ਼ੀ ਸੰਬੰਧਾਂ ਬਾਰੇ ਵੀ, ਉਹ ਅਕਾਲ ਤਖਤ ਸਾਹਿਬ ਉਤੇ ਕੀਤੇ ਗਏ 'ਗੁਰਮਤੇ' ਅਨੁਸਾਰ ਹੁੰਦੇ ਸਨ। ਪਰ ਮਹਾਰਾਜਾ ਰਣਜੀਤ ਸਿੰਘ ਸਾਰੇ ਰਾਜਸੀ ਫੈਸਲੇ ਆਪਣੇ ਦਰਬਾਰ ਵਿਚ ਹਿੰਦੂ, ਸਿੱਖ ਤੇ ਮੁਸਲਮਾਨ ਵਜ਼ੀਰਾਂ ਤੇ ਸਲਾਹ-ਕਾਰਾਂ ਦੀ ਸੰਮਤੀ ਨਾਲ ਕਰਿਆ ਕਰਦਾ ਸੀ।

ਉਸ ਵੇਲੇ ਮੁਸਲਮਾਨਾਂ ਨੂੰ ਵਿਦੇਸ਼ੀ ਨਾਗਰਿਕ ਸਮਝਿਆ ਜਾਂਦਾ ਸੀ ਅਤੇ ਹਿੰਦੂਆਂ ਨੂੰ ਕਮਜ਼ੋਰ ਵਰਗ। ਪਰ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਰਾਜ ਪ੍ਰਣਾਲੀ ਅਨੁਸਾਰ ਮੁਸਲਮਾਨਾਂ ਤੇ ਹਿੰਦੂਆਂ ਨੂੰ ਇਹ ਯਕੀਨ ਦਿਵਾ ਦਿਤਾ ਕਿ ਉਹ ਸਿੱਖਾਂ ਦੇ ਐਨ ਬਰਾਬਰ ਦੇ

ਪੰਜਾਬੀ ਹਨ ਅਤੇ ਪੰਜਾਬ ਉਸੇ ਤਰ੍ਹਾਂ ਦੀ ਉਨ੍ਹਾਂ ਦੀ ਜਨਮ ਭੂਮੀ ਹੈ ਜਿਸ ਤਰ੍ਹਾਂ ਸਿੱਖਾਂ ਦੀ। ਪੰਜਾਬ ਦੀ ਨਾਗਰਿਕਤਾ ਉਤੇ ਸਭ ਦਾ ਇਕੋ ਜਿਹਾ ਹੱਕ ਸੀ ਅਤੇ ਰਾਜ ਸਭ ਨੂੰ ਸਮਾਨ ਦ੍ਰਿਸ਼ਟੀ ਨਾਲ ਵੇਖਦਾ ਸੀ।

ਧਰਮ ਨਿਰਪੇਖਤਾ ਅਤੇ ਨਾਗਰਿਕ ਸਮਾਨਤਾ ਨਾ ਕੇਵਲ ਪੰਜਾਬੀਅਤ ਸਗੋਂ ਮਾਨਵਤਾ ਦਾ ਇਕ ਮੂਲ ਲੱਛਣ ਹੈ ਅਤੇ ਇਸ ਨੂੰ ਰਣਜੀਤ ਸਿੰਘ ਨੇ ਅਮਲੀ ਤੌਰ ਤੇ ਪੰਜਾਬ ਵਿਚ ਲਾਗੂ ਕਰ ਵਿਖਾਇਆ।

ਨਾਗਰਿਕ ਅਤੇ ਸੈਨਿਕ ਕਾਰਜ-ਪ੍ਰਣਾਲੀ ਤੋਂ ਬਾਹਰ ਸਮਾਜਿਕ ਪੱਧਰ ਉਤੇ ਵੀ ਮਹਾਰਾਜਾ ਰਣਜੀਤ ਸਿੰਘ ਨੇ ਬਹੁ-ਧਰਮੀ ਸਮਾਜ ਨੂੰ ਨਾ ਕੇਵਲ ਪ੍ਰਵਾਨਗੀ ਦਿਤੀ ਸਗੋਂ ਭਿੰਨ ਭਿੰਨ ਧਰਮਾਂ ਵਿਚ ਪਰਸਪਰ ਸਹਿਯੋਗ ਅਤੇ ਸਹਹੋਂਦ ਨੂੰ ਉਤਸ਼ਾਹਿਤ ਕੀਤਾ ਜਿਹੜਾ ਅੱਜ ਵੀ ਪੰਜਾਬੀਅਤ ਦਾ ਇਕ ਅਪਨਾਉਣ ਯੋਗ ਸਿਧਾਂਤ ਮੰਨਿਆਂ ਜਾਂਦਾ ਹੈ। ਕਹਿੰਦੇ ਹਨ ਕਿ ਇਕ ਵਾਰ ਮਹਾਰਾਜੇ ਨੂੰ ਸਿੱਖਾਂ ਨੇ ਕਿਹਾ ਕਿ ਮੁਸਲਮਾਨ ਏਨੇ ਜ਼ੋਰ ਨਾਲ ਬਾਂਗ ਦੇਂਦੇ ਹਨ ਕਿ ਉਨ੍ਹਾਂ ਦੀ ਨੀਂਦ ਹਰਾਮ ਹੋ ਜਾਂਦੀ ਹੈ। ਮਹਾਰਾਜੇ ਨੇ ਤੁਰੰਤ ਉੱਤਰ ਦਿਤਾ 'ਤੁਸੀਂ ਹਰ ਮੁਸਲਮਾਨ ਨੂੰ ਫ਼ਜਰ ਦੀ ਨਮਾਜ਼ ਲਈ ਜਗਾਉਣ ਦਾ ਜ਼ਿਮਾ ਲੈ ਲਵੋ, ਮੈਂ ਉਨ੍ਹਾਂ ਦੀ ਬਾਂਗ ਬੰਦ ਕਰਵਾ ਦੇਂਦਾ ਹਾਂ।' ਸਿੱਖ ਨਿਰੁਤਰ ਹੋ ਗਏ। ਇਸੇ ਤਰ੍ਹਾਂ ਮਹਾਰਾਜੇ ਨੇ ਜੇ ਸਿੱਖਾਂ ਦੇ ਗੁਰਦਵਾਰਿਆਂ ਦੇ ਨਾਂ ਜਗੀਰਾਂ ਲਾਈਆਂ ਤਾਂ ਮਸਜਿਦਾਂ ਤੇ ਮੰਦਰਾਂ ਦੇ ਨਾਂ ਵੀ। ਜੇ ਗੁਰਦੁਆਰੇ ਬਣਵਾਏ ਤਾਂ ਮਸਜਿਦਾਂ ਤੇ ਮੰਦਰ ਵੀ ਉਸਾਰੇ।

ਰਣਜੀਤ ਸਿੰਘ ਕਾਲ ਵਿਚ ਜਿੱਥੋਂ ਤਕ ਪੰਜਾਬੀ ਸਾਹਿਤ ਤੇ ਕਲਾ ਦਾ ਸੰਬੰਧ ਹੈ, ਕਾਫੀ ਵਿਕਾਸ ਗ੍ਰਹਿਣ ਕਰਦੀ ਹੈ। ਸਾਹਿਤ ਤੇ ਕਲਾ ਦੇ ਵਿਕਾਸ ਲਈ ਅਮਨ ਅਮਾਨ ਇਕ ਜ਼ਰੂਰੀ ਸ਼ਰਤ ਹੈ ਅਤੇ ਸਮਾਜਿਕ ਅਤੇ ਰਾਜਸੀ ਸਥਿਰਤਾ ਦੂਜੀ। ਜਿਵੇਂ ਅਸੀਂ ਪਿਛੇ ਦਸ ਆਏ ਹਾਂ ਰਣਜੀਤ ਸਿੰਘ ਨੇ ਪੰਜਾਬ ਦੇ ਅਸਤਿਤਵ ਨੂੰ ਪੱਕੇ ਪੈਰੀਂ ਖੜਾ ਕੀਤਾ ਅਤੇ ਸਪਰਦਾਇਕ ਅਤੇ ਸਮਾਜਿਕ ਸਹਿਹੋਂਦ ਸਥਾਪਨ ਕੀਤੀ। ਰਾਜ ਕਾਜ ਦੀ ਪ੍ਰਣਾਲੀ ਵਿਚ ਧਰਮ ਨਿਰਲੇਪਤਾ ਦਾ ਤਤ ਸ਼ਾਮਿਲ ਕੀਤਾ। ਸਪਸ਼ਟ ਹੈ ਕਿ ਅਜਿਹੇ ਵਾਤਾਵਰਣ ਵਿਚ ਅਜਿਹੇ ਸਾਹਿਤ ਦਾ ਵਿਕਾਸ ਜ਼ਰੂਰੀ ਹੋਂਦਾ ਸੀ ਜਿਸ ਨੂੰ ਸ਼ੁਧ ਪੰਜਾਬੀ ਸਾਹਿਤ ਕਿਹਾ ਜਾ ਸਕੇ। ਸੋ ਇਸ ਕਾਲ ਵਿਚ ਕਿੱਸਾ, ਵਾਰਾਂ, ਜੰਗਨਾਮੇ ਅਤੇ ਹੋਰ ਭਾਂਤ ਦੀ ਸਾਹਿਤ ਦੀ ਕਾਫੀ ਰਚਨਾ ਹੋਈ। ਰਣਜੀਤ ਸਿੰਘ ਖ਼ੁਦ ਕਵੀਆਂ ਦੀ ਸਰਪ੍ਰਸਤੀ ਕਰਿਆ ਕਰਦਾ ਸੀ ਅਤੇ ਰਵਾਇਤ ਹੈ ਕਿ ਹਾਸ਼ਮ ਰਣਜੀਤ ਸਿੰਘ ਦਾ ਦਰਬਾਰੀ ਕਵੀ ਸੀ, ਜਿਸ ਦੇ ਗੁਜ਼ਾਰੇ ਲਈ ਉਸਨੇ ਕੁਝ ਜਗੀਰ ਵੀ ਲਾਈ ਹੋਈ ਸੀ। ਰਣਜੀਤ ਸਿੰਘ ਨੂੰ ਹਾਸ਼ਮ ਦੀ ਇਹ ਡਿਉਢ ਬੜੀ ਪਿਆਰੀ ਲਗਦੀ ਸੀ ਜਿਸ ਨੂੰ ਉਹ ਘੜੀ ਘੜੀ ਸੁਣਿਆ ਕਰਦਾ ਸੀ :

ਕਾਮਲ ਸ਼ੌਕ ਮਾਹੀ ਦਾ ਮੈਨੂੰ
ਰਹੇ ਜਿਗਰ ਵਿਚ ਵਸਦਾ, ਲੂੰ ਲੂੰ ਰਸਦਾ।
ਰਾਂਝਣ ਬੇਪ੍ਰਵਾਹੀ ਕਰਦਾ
ਤੇ ਕੋਈ ਗੁਨਾਹ ਨ ਦਸਦਾ,
ਉਠ ਉਠ ਨਸਦਾ।
ਜਿਉਂ ਜਿਉਂ ਹਾਲ ਸੁਣਾਵਾਂ ਰੋਵਾਂ,

ਉਹ ਦੇਖ ਤੱਤੀ ਵਲ ਹਸਦਾ,
ਜ਼ਰਾ ਨਾ ਖਸਦਾ।
ਹਾਸ਼ਮ ਕੰਮ ਨਹੀਂ ਹਰ ਕਸ ਦਾ,
ਆਸ਼ਕ ਹੋਣ ਦਰਸ ਦਾ, ਬਿਰਹੋਂ ਰਸਦਾ।

ਰਣਜੀਤ ਸਿੰਘ ਤੋਂ ਇਲਾਵਾ ਹੋਰ ਅਹਿਲਕਾਰ ਅਤੇ ਸਰਦਾਰ ਵੀ ਕਵੀਆਂ ਦੀ ਸਰਪ੍ਰਸਤੀ ਕਰਦੇ ਸਨ। ਹਾਸ਼ਮ ਤੋਂ ਇਲਾਵਾ ਅਹਿਮਦ ਯਾਰ, ਕਾਦਰ ਯਾਰ ਅਤੇ ਸ਼ਾਹ ਮੁਹੰਮਦ ਕਵੀਆਂ ਦੇ ਨਾਂ ਵਿਸ਼ੇਸ਼ ਵਰਨਣਯੋਗ ਹਨ। ਕੁਝ ਘੱਟ ਜਾਣੇ ਜਾਣ ਵਾਲੇ ਨਾਵਾਂ ਵਿਚ ਮਿਹਰ ਸਿੰਘ, ਬੀਰ ਸਿੰਘ, ਮਟਕ, ਸਾਈਂ ਦਾਸ, ਸੁੰਦਰ ਦਾਸ ਅਤੇ ਆਗਰਾ ਦਾਸ ਦੇ ਨਾਂ ਲਏ ਜਾ ਸਕਦੇ ਹਨ।

ਰਣਜੀਤ ਸਿੰਘ ਦੇ ਕਾਲ ਵਿਚ ਬ੍ਰਜ-ਭਾਸ਼ਾ ਵਿਚ ਵੀ ਕਾਫ਼ੀ ਰਚਨਾ ਹੋਈ ਅਤੇ ਕੁਝ ਸੂਫ਼ੀ-ਸੰਤਾਂ ਨੇ ਵੀ ਰਚਨਾ ਕੀਤੀ। ਸੂਫ਼ੀਆਂ ਵਿਚੋਂ ਗੁਲਾਮ ਜੀਲਾਨੀ ਅਤੇ ਬ੍ਰਿਜ ਭਾਸ਼ਾ ਦੇ ਕਵੀਆਂ ਵਿਚੋਂ ਗੁਪਾਲ ਦਾਸ ਅਤੇ ਗੰਗਾ ਰਾਮ ਦੇ ਨਾਂ ਵਰਨਣਯੋਗ ਹਨ।

ਇਥੇ ਇਹ ਗੱਲ ਵੀ ਪੰਜਾਬੀਅਤ ਦੇ ਇਕ ਵਿਸ਼ੇਸ਼ ਲੱਛਣ ਨੂੰ ਉਘੇੜਦੀ ਹੈ ਕਿ ਪੰਜਾਬੀ ਬੋਲੀ ਸਾਹਿਤ ਸਿਰਜਨਾ ਲਈ ਉਸ ਵੇਲੇ ਸਿੱਖ, ਹਿੰਦੂ ਤੇ ਮੁਸਲਮਾਨਾਂ ਤਿੰਨਾਂ ਫਿਰਕਿਆਂ ਵਲੋਂ ਅਪਣਾਈ ਜਾ ਰਹੀ ਸੀ ਅਤੇ ਰਣਜੀਤ ਸਿੰਘ ਕਾਲ ਵਿਚ ਭਾਸ਼ਾ ਫਿਰਕੂ ਵਲਗਣਾਂ ਅਤੇ ਤੁਅਸਬ ਦਾ ਸ਼ਿਕਾਰ ਨਹੀਂ ਸੀ ਬਣੀ।

ਜਿਥੋਂ ਤਕ ਚਿਤ੍ਰਕਲਾ ਅਤੇ ਭਵਨ ਕਲਾ ਦਾ ਸੰਬੰਧ ਹੈ, ਉਸ ਬਾਰੇ ਵੀ ਕਿਹਾ ਜਾ ਸਕਦਾ ਹੈ ਕਿ ਰਣਜੀਤ ਸਿੰਘ ਦੀ ਸਹਾਇਤਾ ਅਤੇ ਉਤਸ਼ਾਹ ਨਾਲ ਧਰਮ ਸਥਾਨਾਂ ਦੀਆਂ ਸੁੰਦਰ ਇਮਾਰਤਾਂ ਬਣੀਆਂ ਜਿਹੜੀਆਂ ਹਿੰਦੂ ਤੇ ਮੁਸਲਮਾਨ ਭਵਨ ਸ਼ੈਲੀਆਂ ਦੇ ਮਿਸ਼ਰਣ ਨਾਲ ਨਿਵੇਕਲੀ ਪੰਜਾਬੀ ਸ਼ਿਲਪ ਸ਼ੈਲੀ ਦਾ ਪ੍ਰਤੀਕ ਹਨ। ਰਣਜੀਤ ਸਿੰਘ ਕਾਲ ਵਿਚ ਉਸਾਰੇ ਗਏ ਕਿਲ੍ਹੇ ਬਾਰਾਂਦਰੀਆਂ, ਸ਼ੀਸ਼ ਮਹੱਲ, ਹਵੇਲੀਆਂ ਅਤੇ ਬੁੰਗੇ ਵੀ ਦਸਦੇ ਹਨ ਕਿ ਪੰਜਾਬ ਦੀ ਭਵਨ ਕਲਾ ਉਸ ਵੇਲੇ ਕਾਫ਼ੀ ਅੱਗੇ ਵਧ ਰਹੀ ਸੀ।

ਚਿਤਰਕਲਾ ਦੇ ਖੇਤਰ ਵਿਚ ਕਾਂਗੜਾ ਚਿਤਰ ਕਲਾ ਸ਼ੈਲੀ ਆਪਣੇ ਸਿਖਰ ਉਤੇ ਸੀ ਅਤੇ ਉਸ ਸ਼ੈਲੀ ਵਿਚ ਬਣੇ ਬਹੁਤ ਸਾਰੇ ਚਿਤਰ ਸਾਡੀ ਚਿਤਰਕਲਾ ਦੇ ਖਜ਼ਾਨੇ ਦਾ ਬਹੁਮੁੱਲਾ ਵਿਰਸਾ ਹਨ।

ਸੰਗੀਤ ਦੇ ਖੇਤਰ ਵਿਚ ਸਿੱਖ ਗੁਰੂਆਂ ਦੀ ਆਰੰਭ ਕੀਤੀ ਕੀਰਤਨ ਪਰੰਪਰਾ ਹੋਰ ਵਿਕਸਤ ਹੋਈ ਅਤੇ ਦੂਜੇ ਪਾਸੇ ਸੂਫ਼ੀਆਂ ਦੇ ਡੇਰਿਆਂ ਵਿਚ ਕਵਾਲੀ ਦੀ ਪਰੰਪਰਾ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਰਣਜੀਤ ਸਿੰਘ ਨੇ ਪੰਜਾਬੀਅਤ ਤਥਾ ਪੰਜਾਬੀ ਸਭਿਆਚਾਰ ਦੇ ਉਹ ਲੱਛਣ, ਜਿਹੜੇ ਸੈਂਕੜੇ ਸਾਲਾਂ ਦੀ ਰਾਜਸੀ ਉਥਲ ਪੁਥਲ ਅਤੇ ਮਜ਼੍ਹਬੀ ਕੱਟੜਤਾ ਦੇ ਕਾਰਨ ਲਗਪਗ ਨਸ਼ਟ ਹੋ ਚੁਕੇ ਸਨ, ਮੁੜ ਸੁਰਜੀਤ ਕੀਤੇ ਅਤੇ ਉਨ੍ਹਾਂ ਨੂੰ ਅਮਲੀ ਤੌਰ ਤੇ ਪੰਜਾਬੀਆਂ ਨੂੰ ਗ੍ਰਹਿਣ ਕਰਵਾਇਆ। ਇਨ੍ਹਾਂ ਗੱਲਾਂ ਕਰ ਕੇ ਮਹਾਰਾਜਾ ਪੰਜਾਬੀਅਤ ਦਾ ਨਾਂ ਕੇਵਲ ਪ੍ਰਥਮ ਉਸਰੱਈਆ ਬਣਿਆ ਸਗੋਂ ਉਸ ਦਾ ਸਾਖਿਆਤ ਪ੍ਰਤੀਕ ਵੀ। ਜਦੋਂ ਮਹਾਰਾਜੇ ਦੀ ਮ੍ਰਿਤੂ ਹੋਈ ਤਾਂ ਇਕ ਕਵੀ ਨੇ ਕੁਝ ਇਸ ਤਰ੍ਹਾਂ ਦੇ ਭਾਵ ਪ੍ਰਗਟ ਕੀਤੇ 'ਕੋਈ ਕਹਿੰਦਾ ਹੈ ਕਿ ਪੰਜਾਬ ਦਾ ਮਹਾਰਾਜਾ ਮਰ ਗਿਆ ਹੈ, ਕੋਈ ਕਹਿੰਦਾ ਹੈ ਕਿ ਪੰਜਾਬ ਦਾ ਸ਼ੇਰ

ਮਰ ਗਿਆ ਹੈ ਪਰ ਮੈਂ ਕਹਿੰਦਾ ਹਾਂ ਕਿ ਰਣਜੀਤ ਸਿੰਘ ਦੇ ਮਰਨ ਅਤੇ ਜਲਨ ਨਾਲ ਪੰਜਾਬ ਦਾ ਸਾਰਾ ਸੁਭਾਗ ਭਾਗ ਹੀ ਸੜ ਗਿਆ ਹੈ।'

ਮੈਂ ਮਹਾਰਾਜਾ ਰਣਜੀਤ ਸਿੰਘ ਨੂੰ ਪੰਜਾਬ ਅਤੇ ਪੰਜਾਬੀਅਤ ਦਾ ਪ੍ਰਥਮ ਉਸਰੱਈਆ ਆਖਿਆ ਹੈ, ਪਰ ਪੰਜਾਬੀ ਦਾ ਨਹੀਂ। ਪੰਜਾਬੀ ਸਾਹਿਤ ਨੇ ਭਾਵੇਂ ਰਣਜੀਤ ਸਿੰਘ ਕਾਲ ਵਿਚ ਕਾਫੀ ਪ੍ਰਗਤੀ ਕੀਤੀ ਪਰ ਜਿਥੋਂ ਤਕ ਪੰਜਾਬੀ ਬੋਲੀ ਦਾ ਸੰਬੰਧ ਹੈ, ਉਸ ਨੂੰ ਰਣਜੀਤ ਸਿੰਘ ਦੀ ਸਰਕਾਰ ਵਲੋਂ ਕੋਈ ਸਰਪ੍ਰਸਤੀ ਪ੍ਰਾਪਤ ਨ ਹੋਈ ਕਿਉਂਕਿ ਇਤਿਹਾਸ ਗਵਾਹ ਹੈ ਕਿ ਰਣਜੀਤ ਸਿੰਘ ਨੇ ਪੰਜਾਬੀ ਨੂੰ ਨਾ ਵਿਦਿਆ ਤੇ ਨਾ ਰਾਜ ਕਾਜ ਦੀ ਭਾਸ਼ਾ ਹੀ ਬਣਾਇਆ। ਸਿੱਖ ਦਰਬਾਰ ਦੀ ਰਾਜ ਭਾਸ਼ਾ ਫਾਰਸੀ ਹੀ ਸੀ ਅਤੇ ਕਿਤੇ ਕਿਤੇ ਅਰਬੀ ਵੀ ਵਰਤੀ ਜਾਂਦੀ ਸੀ। ਰਣਜੀਤ ਸਿੰਘ ਦੇ ਸਿੱਕੇ ਉਤੇ ਅਤੇ ਤੋਪਾਂ ਆਦਿ ਉਤੇ ਜੋ ਕੁਝ ਵੀ ਉਕਰਿਆ ਜਾਂਦਾ ਸੀ, ਉਹ ਫਾਰਸੀ ਜਾਂ ਅਰਬੀ ਵਿਚ ਹੁੰਦਾ ਸੀ ਅਤੇ ਸ਼ਾਹੀ ਫੁਰਮਾਨ ਵੀ ਫਾਰਸੀ ਵਿਚ ਵੀ ਜਾਰੀ ਹੁੰਦੇ ਸਨ।

ਮੈਂ ਮਹਿਸੂਸ ਕਰਦਾ ਹਾਂ ਕਿ ਇੰਜ ਮਹਾਰਾਜਾ ਰਣਜੀਤ ਸਿੰਘ ਨੇ ਕੋਈ ਸਹਿਵਨ ਨਹੀਂ ਕੀਤਾ ਸਗੋਂ ਸੋਚ ਸਮਝ ਕੇ ਹੀ ਕੀਤਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਨੀਤੀ ਪ੍ਰਰਨਤੇ ਪੰਜਾਬ ਦੀ ਬਹੁ-ਧਰਮੀ ਪਰਜਾ ਵਿਚ ਏਕਤਾ, ਪਿਆਰ ਅਤੇ ਸਾਂਝ ਪੈਦਾ ਕਰਨ ਦੀ ਸੀ ਕਿਉਂਕਿ ਪੰਜਾਬ ਅਤੇ ਪੰਜਾਬੀਅਤ ਦੀ ਉਸਾਰੀ ਲਈ ਇਹ ਨੀਤੀ ਐਨ ਢੁਕਵੀਂ ਸੀ। ਨਹੀਂ ਤੇ ਜੇ ਕੋਈ ਅਨਧਰਮੀ ਜਾਂ ਵਿਦੇਸ਼ੀ ਤਾਕਤ ਜਿੱਤੇ ਹੋਏ ਕਿਸੇ ਦੂਜੇ ਦੇਸ਼ ਉਤੇ ਆਪਣੀ ਦੇਰਪਾ ਤਸੱਲਤ ਜਮਾਉਣੀ ਚਾਹੇ ਅਤੇ ਉਸ ਦੇਸ਼ ਦੀ ਪਰਜਾ ਦਾ ਧਰਮ, ਅਣਖ ਅਤੇ ਸਭਿਆਚਾਰ ਖਤਮ ਕਰਨਾ ਚਾਹੇ ਤਾਂ ਰਾਜਸੀ ਕਬਜ਼ੇ ਪਿਛੋਂ ਸਭ ਤੋਂ ਪਹਿਲਾਂ ਪਰਜਾ ਦੀ ਭਾਸ਼ਾ ਅਤੇ ਧਰਮ ਨੂੰ ਬਦਲਣ ਦੇ ਜਤਨ ਕਰਨੇ ਉਸ ਲਈ ਜ਼ਰੂਰੀ ਹੁੰਦੇ ਹਨ। ਇਹ ਠੀਕ ਹੈ ਕਿ ਉਸ ਵੇਲੇ ਪੰਜਾਬ ਦੀ ਜਨਤਾ ਦੇ ਵੱਡੇ ਭਾਗ ਦੀ ਬੋਲ ਚਾਲ ਦੀ ਮੁੱਖ ਬੋਲੀ ਪੰਜਾਬੀ ਸੀ ਪਰ ਇਹ ਵੀ ਠੀਕ ਹੈ ਕਿ ਸੈਂਕੜੇ ਸਾਲਾਂ ਤੋਂ ਫਾਰਸੀ ਅਤੇ ਅਰਬੀ ਦੇਸ਼ ਦੀ ਰਾਜ ਭਾਸ਼ਾ ਚਲੀ ਆਈ ਸੀ ਅਤੇ ਇਕ ਵਿਸ਼ੇਸ਼ ਧਰਮ ਦੇ ਧਾਰਨੀਆਂ ਦੀ ਉਸ ਨਾਲ ਧਾਰਮਿਕ ਅਤੇ ਭਾਵਕ ਸਾਂਝ ਵੀ ਜੁੜੀ ਹੋਈ ਸੀ। ਜੇ ਰਣਜੀਤ ਸਿੰਘ ਫਾਰਸੀ ਤੇ ਅਰਬੀ ਨੂੰ ਹਟਾ ਕੇ ਰਾਜ ਕਾਜ ਦੀ ਭਾਸ਼ਾ ਪੰਜਾਬੀ ਬਣਾ ਦੇਂਦੇ ਤਾਂ ਨਿਸ਼ਚੇ ਹੀ ਇਸ ਨਾਲ ਉਸ ਸੰਪਰਦਾਇਕ ਏਕਤਾ ਨੂੰ ਸਟ ਵਜ ਸਕਦੀ ਸੀ ਜਿਹੜੀ ਕਿ ਰਣਜੀਤ ਸਿੰਘ ਆਪਣੇ ਪੰਜਾਬ ਵਿਚ ਪੈਦਾ ਕਰਨ ਵਿਚ ਸਫਲ ਹੋ ਗਿਆ ਹੋਇਆ ਸੀ। ਸੋ ਉਸ ਵੇਲੇ ਪੰਜਾਬੀ ਬੋਲੀ ਨੂੰ ਤੁਰੰਤ ਰਾਜਕੀ ਸਰਪ੍ਰਸਤੀ ਨਾ ਦੇਣੀ ਜਾਂ ਰਾਜ-ਬਲ ਨਾਲ ਪ੍ਰਚਲਿਤ ਨਾ ਕਰਨਾ ਹੀ ਪੰਜਾਬ ਅਤੇ ਪੰਜਾਬੀਅਤ ਦੀਆਂ ਜੜ੍ਹਾਂ ਪੱਕੀਆਂ ਕਰਨਾ ਸੀ।

ਇੰਜ ਇਸ ਦ੍ਰਿਸ਼ਟੀ ਤੋਂ ਵੀ ਰਣਜੀਤ ਸਿੰਘ ਨੂੰ ਉਚਿਤ ਰੂਪ ਵਿਚ ਪੰਜਾਬ ਅਤੇ ਪੰਜਾਬੀਅਤ ਦਾ ਪ੍ਰਥਮ ਉਸਰੱਈਆ ਕਿਹਾ ਜਾ ਸਕਦਾ ਹੈ। ਉਂਜ ਉਸ ਦੀ ਮ੍ਰਿਤੂ ਤੋਂ ਸਵਾ ਸੌ ਸਾਲ ਪਿਛੋਂ ਵੀ ਅਸੀਂ ਵੇਖਦੇ ਹਾਂ ਕਿ ਇਕ ਵਿਸ਼ੇਸ਼ ਬੋਲੀ ਨਾਲ ਜੁੜੀਆਂ ਇਕ ਵਿਸ਼ੇਸ਼ ਵਰਗ ਦੀਆਂ ਧਾਰਮਿਕ ਭਾਵਨਾਵਾਂ ਸਦਕਾ ਹਾਲੀ ਵੀ ਪੰਜਾਬੀ ਬੋਲੀ ਨੂੰ ਪੰਜਾਬੀਅਤ ਦੀ ਪੂਰਨ ਉਸਾਰੀ ਵਿਚ ਉਹ ਹਿੱਸਾ ਪਾਉਣ ਦਾ ਮੌਕਾ ਨਹੀਂ ਦਿਤਾ ਜਾ ਰਿਹਾ ਜਿੰਨਾ ਕਿ ਸ਼ਕਤੀਸ਼ਾਲੀ ਪੰਜਾਬੀਆਂ ਦੀ ਸ਼ਕਤੀਸ਼ਾਲੀ ਮਾਂ ਬੋਲੀ ਹੋਣ ਦੇ ਰੂਪ ਵਿਚ ਇਹ ਪਾਉਣ ਦੇ ਸਮਰਥ ਹੈ। ਸੋ

ਬੋਲੀ ਦਾ ਮਸਲਾ ਕਾਫੀ ਗੁੰਝਲਦਾਰ ਹੈ। ਜੇ ਮਹਾਰਾਜਾ ਰਣਜੀਤ ਸਿੰਘ ਪੰਜਾਬੀ ਨੂੰ ਸਰਕਾਰੀ ਤੌਰ ਤੇ ਰਾਇਜ ਕਰਨ ਦੀ ਕਾਹਲੀ ਕਰਦਾ ਤਾਂ ਹੋ ਸਕਦਾ ਸੀ ਕਿ ਉਸ ਵੇਲੇ ਦੇ ਪੰਜਾਬ ਦੇ ਆਜ਼ਾਦ ਅਸਤਿਤਵ ਅਤੇ ਪੰਜਾਬੀਅਤ ਦੇ ਸਾਂਝੇ ਕਿਰਦਾਰ ਦੀ ਉਸਾਰੀ ਕਾਫੀ ਪਿੱਛੇ ਪੈ ਜਾਂਦੀ।

ਪੰਜਾਬ ਨੂੰ ਉਸ ਦਾ ਆਜ਼ਾਦ ਅਸਤਿਤਵ ਅਤੇ ਪੰਜਾਬੀਅਤ ਨੂੰ ਉਸ ਦਾ ਸਹੀ ਕਿਰਦਾਰ ਪ੍ਰਦਾਨ ਕਰਨ ਵਾਲੇ ਮਹਾਰਾਜਾ ਰਣਜੀਤ ਸਿੰਘ ਨੂੰ ਅੱਜ ਇਤਿਹਾਸਕਾਰਾਂ ਅਤੇ ਵਿਦਵਾਨਾਂ ਵਲੋਂ ਜਿਨ੍ਹਾਂ ਸ਼ਬਦਾਂ ਨਾਲ ਯਾਦ ਕੀਤਾ ਜਾਂਦਾ ਹੈ, ਉਹ ਸਿਧ ਕਰਦੇ ਹਨ ਕਿ ਰਣਜੀਤ ਸਿੰਘ ਸਚ ਮੁਚ ਹੀ ਸਦਾ ਲਈ ਪੰਜਾਬ ਅਤੇ ਪੰਜਾਬੀਅਤ ਦਾ ਪ੍ਰਤੀਕ ਬਣਿਆ ਰਹੇਗਾ। ਮਹਾਰਾਜੇ ਬਾਰੇ ਕੁਝ ਰਾਵਾਂ ਹੇਠ ਲਿਖੇ ਅਨੁਸਾਰ ਹਨ :

"ਰਣਜੀਤ ਸਿੰਘ ਵਿਚ ਰਹਿਮ ਦਿਲ ਅਤੇ ਉਦਾਰਚਿਤ ਹਾਕਮ ਦੇ ਸਾਰੇ ਗੁਣ ਮੌਜੂਦ ਸਨ। ਉਹ ਗਿਣੇ ਮਿਥੇ ਉਨ੍ਹਾਂ ਸਰਵੋਤਮ ਹਾਕਮਾਂ ਵਿਚੋਂ ਸੀ ਜਿਹੜੇ ਕਦੇ ਭਾਰਤ ਉਤੇ ਰਾਜ ਕਰਦੇ ਰਹੇ ਸਨ। ਉਹ ਸਚਮੁਚ ਹੀ ਇਕ ਨੇਕ ਬਾਦਸ਼ਾਹ ਸੀ। ਉਸ ਦਾ ਪ੍ਰਮਾਣ ਇਸ ਗੱਲ ਤੋਂ ਮਿਲ ਜਾਂਦਾ ਹੈ ਕਿ ਕਿਸੇ ਬੱਜਰ ਤੋਂ ਬੱਜਰ ਅਪਰਾਧ ਸਦਕਾ ਵੀ ਉਸ ਨੇ ਕਦੇ ਕਿਸੇ ਨੂੰ ਫਾਹੇ ਨਹੀਂ ਸੀ ਲਾਇਆ। ਸਾਡੀ ਯਾਤਰਾ ਦੇ ਸਾਰੇ ਸਮੇਂ ਵਿਚ ਹੀ ਉਸ ਦੀ ਅਪਾਰ ਦਿਆਲਤਾ ਅਤੇ ਚੰਗਾ ਸੁਭਾ ਸਾਡੇ ਸਾਹਮਣੇ ਰਿਹਾ ਅਤੇ ਇਹ ਦਸਦਾ ਹੈ ਕਿ ਇਹ ਗੁਣ ਉਸ ਦੀ ਅਸਲ ਖਸਲਿਤ ਸੀ (ਨਾ ਕਿ ਬਨਾਉਟੀ)।"

—(ਐਚ. ਈ. ਫੇਨ)

"ਇਕੱਲੇ ਮਨੁੱਖ ਵਲੋਂ ਏਨੀ ਵੱਡੀ ਸਲਤਨਤ ਏਨੇ ਘੱਟ ਖ਼ੂਨ ਖਰਾਬੇ ਨਾਲ ਸਥਾਪਨ ਹੋਣ ਦੀ ਮਿਸਾਲ ਸ਼ਾਇਦ ਹੀ ਦੁਨੀਆਂ ਵਿਚ ਕਿਤੇ ਮਿਲਦੀ ਹੋਵੇ।"

—(ਬੈਰਨ ਕਾਰਲਵੋਨ ਹਯੂਗੇਲ)

"ਰਣਜੀਤ ਸਿੰਘ ਦਾ ਚਾਲ੍ਹੀ ਸਾਲਾ ਸੰਗਰਾਮ ਉਸ ਦਾ ਨਾਂ ਜੂਲੀਅਸ ਸੀਜ਼ਰ ਤੋਂ ਲੈ ਕੇ ਨੈਪੋਲੀਅਨ ਬੋਨਾਪਾਰਟ ਤਕ ਦੇ ਮਹਾਨ ਜਰਨੈਲਾਂ ਅਤੇ ਬਾਦਸ਼ਾਹਾਂ ਵਿਚ ਸ਼ਾਮਿਲ ਕਰ ਦੇਂਦਾ ਹੈ।"

—(ਸਰ ਲੇਪਾਲ)

"ਸੂਰਵੀਰਤਾ, ਸਿਰੜ, ਅਨੁਸ਼ਾਸਨ ਅਤੇ ਨਿਡਰਤਾ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਅਤੇ ਸੰਦੇਸ਼ ਦੇ ਮੂਲ ਸਰੋਤ ਸਨ। ਸਾਨੂੰ ਅੱਜ ਉਸ ਵਰਗੀ ਦੇਸ਼ ਭਗਤੀ, ਦ੍ਰਿੜ੍ਹਤਾ, ਲਗਨ ਅਤੇ ਸਾਹਸ ਦੀ ਲੋੜ ਹੈ। ਉਸ ਦੀ, ਵਡਿੱਤਣ ਨੂੰ ਯਾਦ ਕਰਨਾ ਹੀ ਕਾਫੀ ਨਹੀਂ, ਸਗੋਂ ਉਸ ਵਾਂਗ ਵੱਡਾ ਬਣ ਕੇ ਜੀਉਣਾ ਵੀ ਜ਼ਰੂਰੀ ਹੈ।"

—(ਸੁਭਾਸ਼ ਚੰਦਰ ਬੋਸ)

"ਰਣਜੀਤ ਸਿੰਘ ਇਕ ਅਸਾਧਾਰਨ ਪੁਰਸ਼ ਹੈ—ਉਹ ਬੋਨਾਪਾਰਟ ਦੀ ਮੂਰਤੀ ਹੈ। ਉਸ ਦੀ ਗਲਬਾਤ ਚਮਤਕਾਰੀ ਕਿਸਮ ਦੀ ਹੁੰਦੀ ਹੈ। ਉਹ ਪਹਿਲਾ ਘੋਖੀ ਭਾਰਤੀ ਹੈ ਜਿਸ ਨਾਲ ਮੈਨੂੰ ਮਿਲਣ ਦਾ ਮੌਕਾ ਮਿਲਿਆ ਹੈ। ਉਸ ਦੀ ਘੋਖਵੀਂ ਸੂਝ ਸਿਆਣ ਉਸ ਦੀ ਕੌਮ ਦੀ ਬੇਪ੍ਰਵਾਹੀ ਨੂੰ ਸਾਵਾ ਕਰ ਦੇਂਦੀ ਹੈ। ਉਸ ਨੇ ਮੇਰੇ ਕੋਲੋਂ ਭਾਰਤ, ਬਰਤਾਨੀਆਂ, ਯੂਰਪ,

ਬੋਨਾਪਾਰਟ ਅਤੇ ਇਸ ਅਤੇ ਉਹ ਜਗਤ, ਨਰਕ, ਸੁਰਗ, ਰੱਬ ਅਤੇ ਸ਼ੈਤਾਨ ਬਾਰੇ ਸੈਂਕੜੇ ਸਵਾਲ ਪੁੱਛੇ ਹਨ।"

(ਵਿਕਟਰ ਜੈਕਯੂਮਾਂਟ)

"ਰਣਜੀਤ ਸਿੰਘ ਨੇ ਕਸ਼ਮੀਰ ਤੇ ਡੇਰਾਜਾਤ ਜਿੱਤ ਲਏ ਅਤੇ ਪਿਸ਼ਾਵਰ ਅਤੇ ਉਸ ਦੇ ਅਧੀਨ ਰਿਆਸਤਾਂ ਆਪਣੇ ਰਾਜ ਵਿਚ ਸ਼ਾਮਿਲ ਕਰ ਲਈਆਂ। ਉਸ ਦੇ ਬਗੈਰ ਇਹ ਇਲਾਕੇ ਦੁਬਾਰਾ ਫਤਹ ਨਹੀਂ ਸੀ ਹੋਣੇ ਜਾਂ ਬਿਲਕੁਲ ਹੀ ਨਾ ਹੁੰਦੇ। ਕਸ਼ਮੀਰ ਜਿੱਤਣ ਨਾਲ ਉਸ ਦਾ ਰਾਜ ਉਤਰ ਵਲ ਹੋਰ ਫੈਲ ਗਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਉੱਤਰ ਪੱਛਮ ਵਲ ਸਾਡੀਆਂ ਹੱਦਾਂ ਅੰਤਿਮ ਤੌਰ ਤੇ ਤਹਿ ਹੋ ਗਈਆਂ। ਰਣਜੀਤ ਸਿੰਘ ਨਾਂ ਹੁੰਦਾ ਤਾਂ ਇਹ ਇਲਾਕੇ, ਜਿਹੜੇ ਮੁਢ ਕਦੀਮ ਤੋਂ ਭਾਰਤ ਦਾ ਹਿੱਸਾ ਸਨ, ਸਦਾ ਲਈ ਸਾਥੋਂ ਖੁਸ ਜਾਂਦੇ।

—(ਪ੍ਰੋਫੈਸਰ ਸ੍ਰੀ ਰਾਮ)

"ਰਣਜੀਤ ਸਿੰਘ ਨੂੰ ਉਸ ਦੇ ਸਮਕਾਲੀ ਜੋਧੇ ਬਾਦਸ਼ਾਹ ਨੈਪੋਲੀਅਨ ਬੋਨਾਪਾਰਟ ਨਾਲ ਅਕਸਰ ਮੇਲਿਆ ਜਾਂਦਾ ਹੈ ਪਰ 'ਕਿਸਮਤ ਦਾ ਧਨੀ' ਸਿਪਾਹੀ ਨੈਪੋਲੀਅਨ ਛੋਟੇ ਜਿਹੇ ਟਾਪੂ ਸੇਂਟ ਹੈਲੀਨਾ ਵਿਚ ਇਕ ਜਲਾਵਤਨ ਅਤੇ ਜੰਗੀ ਕੈਦੀ ਦੀ ਹੈਸੀਅਤ ਵਿਚ ਮਰਿਆ ਜਦ ਕਿ 'ਹੋਣੀਆਂ ਦੇ ਸ਼ਾਹ ਸਵਾਰ' ਇਕ ਵਿਸ਼ਾਲ ਸਲਤਨਤ ਅਤੇ ਸ਼ਕਤੀਸ਼ਾਲੀ ਸਗਰਾਮੀਆ ਕੌਮ ਦੇ ਨਿਰਮਾਤਾ ਰਣਜੀਤ ਨੇ ਆਪਣੀਆਂ ਸਾਰੀਆਂ ਜਿੱਤਾਂ ਅਤੇ ਪ੍ਰਾਪਤੀਆਂ ਨੂੰ ਇਕਮੁਠ ਰਖਿਆ ਅਤੇ ਆਪਣੀ ਤਾਕਤ ਅਤੇ ਸ਼ਾਨ ਦੀ ਸਿਖਰ ਉਤੇ ਪੁਜ ਕੇ ਉਦੋਂ ਜੁਦਾ ਹੋਇਆ ਜਦੋਂ ਪੰਜਾਬ ਦਾ ਹਰ ਵਸਨੀਕ ਬਿਨਾਂ ਜਾਤ-ਪਾਤ ਅਤੇ ਧਰਮ ਦੇ ਵਿਤਕਰੇ ਦੇ, ਉਸ ਨੂੰ ਪਿਆਰ ਕਰਨ ਲਗ ਪਿਆ ਸੀ।"

—(ਗੁਰਮੁਖ ਨਿਹਾਲ ਸਿੰਘ)

"ਰਣਜੀਤ ਸਿੰਘ ਨੂੰ ਅਫਗਾਨਿਸਤਾਨ ਦੀ ਉਸ ਸਲਤਨਤ ਦੀ ਕਿਸਮਤ ਦਾ ਫੈਸਲਾ ਕਰਨ ਲਈ ਸਾਲਸ ਮੰਨ ਲਿਆ ਗਿਆ ਸੀ ਜਿਸ ਦੇ ਪੂਰਵਜਾਂ ਨੇ ਕਦੇ ਆਪਣੇ ਘੋੜਿਆਂ ਦੇ ਸੁੰਮਾਂ ਹੇਠ ਲਿਤਾੜਿਆ ਸੀ। ਭਾਰਤ ਦੇ ਵਿਦੇਸ਼ੀ ਹਾਕਮ ਰਣਜੀਤ ਸਿੰਘ ਨੂੰ ਉਚੇਚੇ ਆਦਰ ਦੀ ਦ੍ਰਿਸ਼ਟੀ ਨਾਲ ਵੇਖਦੇ ਅਤੇ ਸਤਿਕਾਰ ਨਾਲ ਵਰਤ ਵਿਹਾਰ ਕਰਦੇ ਸਨ।"

—(ਕਨਿੰਘਮ)

"ਮਹਾਰਾਜਾ ਤਿਖੀ ਬੁਧ ਬਿਬੇਕ, ਖੁਦਾ ਦਾ ਖੌਫ ਮੰਨਣ ਵਾਲਾ, ਦਰਿਆ ਦਿਲ, ਅਤੇ ਇਨਸਾਫ ਪਸੰਦ ਹਾਕਮ ਸੀ। ਉਸ ਨੇ ਨਿਰੋਲ ਆਪਣੀ ਤਲਵਾਰ ਦੇ ਜ਼ੋਰ ਕਈ ਇਲਾਕੇ ਜਿੱਤੇ ਅਤੇ ਆਪਣੀ ਤਾਕਤ ਨਾਲ ਹੀ ਉਨ੍ਹਾਂ ਨੂੰ ਇਕਮੁਠ ਰਖਿਆ। ਪੰਜਾਬ ਜਿਹੜਾ ਵਿਦੇਸ਼ੀਆਂ ਦੇ ਪੈਰਾਂ ਹੇਠ ਲਿਤੜਦਾ ਰਹਿੰਦਾ ਸੀ ਅਤੇ ਖੇਰੂੰ ਖੇਰੂੰ ਹੋ ਰਿਹਾ ਸੀ, ਉਸ ਨੂੰ ਰਣਜੀਤ ਸਿੰਘ ਨੇ ਆਪਣੇ ਬਾਹੂਬਲ ਅਤੇ ਸਿਆਸੀ ਸੂਝ ਬੂਝ ਨਾਲ ਇਕ ਸੰਯੁਕਤ ਪਾਤਸ਼ਾਹੀ ਬਣਾ ਦਿਤਾ। ਫਿਰਕਾਪ੍ਰਸਤੀ ਦੇ ਕੋਹੜ ਨੂੰ ਉਸ ਦੇ ਰਾਜ ਵਿਚ ਕੋਈ ਥਾਂ ਨਹੀਂ ਸੀ ਅਤੇ ਉਸ ਦੇ ਜਰਨੈਲਾਂ, ਵਜ਼ੀਰਾਂ ਅਤੇ ਅਹਿਲਕਾਰਾਂ ਵਿਚ ਸਿੱਖ, ਹਿੰਦੂ, ਅਤੇ ਮੁਸਲਮਾਨਾਂ ਸਭ ਨੂੰ ਇਕੋ ਜਿਹੀ ਥਾਂ ਮਿਲਦੀ ਸੀ।

ਅਸੀਂ ਅੱਜ ਵੀ ਮਹਾਰਾਜੇ ਨੂੰ ਆਪਣਾ ਰਾਖਾ ਪਿਤਰ ਮੰਨਦੇ ਹਾਂ ਅਤੇ ਹਰ ਸਾਲ ਜਿਵੇਂ ਆਪਣੇ ਦਾਦੇ ਪੜਦਾਦਿਆਂ ਦੇ ਸ਼ਰਾਧ ਮਨਾਉਂਦੇ ਅਤੇ ਦਾਨ ਦੇਂਦੇ ਹਾਂ, ਉਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਨਮਿਤ ਦਾਨ ਦੇਂਦੇ ਅਤੇ ਸ਼ਰਾਧ ਕਰਾਂਦੇ ਹਾਂ।

—(ਦੀਵਾਨ ਬਹਾਦਰ ਦੀਵਾਨ ਕਿਸ਼ਨ ਕਿਸ਼ੋਰ)

"ਰਣਜੀਤ ਸਿੰਘ ਨੇ ਹੌਲੇ ਹੌਲੇ ਦੀ ਮੀਰੀ ਖਤਮ ਕਰ ਕੇ ਪੰਜਾਬ ਵਿਚ ਇਕ ਸ਼ਕਤੀਸ਼ਾਲੀ ਅਤੇ ਸਥਿਰ ਹਕੂਮਤ ਕਾਇਮ ਕੀਤੀ। ਉਸ ਨੇ ਪਠਾਣਾਂ ਨੂੰ ਉਨ੍ਹਾਂ ਦੇ ਆਪਣੇ ਮੁਲਕ ਵਿਚ ਧਕ ਦਿਤਾ ਅਤੇ ਕਾਬਲ ਦੇ ਬਹੁਤ ਸਾਰੇ ਇਲਾਕੇ ਪੰਜਾਬ ਵਿਚ ਸ਼ਾਮਿਲ ਕਰ ਲਏ। ਮਹਾਰਾਜੇ ਦਾ ਰਾਜ ਆਉਣ ਨਾਲ ਦੇਸ਼ ਵਿਚ ਸ਼ਾਂਤੀ ਅਤੇ ਸੁਰੱਖਿਅਤਾ ਆਈ ਅਤੇ ਕਿਸਾਨ ਫਿਰ ਵਾਹੀ ਵਿਚ ਅਤੇ ਵਪਾਰੀ ਵਣਜ ਵਿਚ ਰੁਝ ਗਏ। ਦੇਸ਼ ਵਿਚ ਜੀਵਨ ਫਿਰ ਰਵਾਂ ਹੋ ਗਿਆ। ਦੂਜੇ ਪਾਸੇ ਸਿੱਖ ਫੌਜੀਆਂ ਨੇ ਵੀ ਇਧਰ ਉਧਰ ਮਾਰਧਾੜ ਕਰਨ ਦੀ ਆਪਣੀ ਪੁਰਾਣੀ ਆਦਤ ਛੱਡ ਕੇ ਰਣਜੀਤ ਸਿੰਘ ਦੀ ਬਾਕਾਇਦਾ ਫੌਜ ਵਿਚ ਭਰਤੀ ਹੋਣਾ ਸ਼ੁਰੂ ਕਰ ਦਿਤਾ ਅਤੇ ਦੇਸ਼ ਦੀ ਹਕੂਮਤ ਵਿਚ ਹਿੱਸਾ ਲੈਣ ਲਗ ਪਏ।

ਜੋ ਕੁਝ ਅਹਿਮਦ ਸ਼ਾਹ ਅਬਦਾਲੀ ਨਾ ਕਰ ਸਕਿਆ ਹੋ ਸਕਦਾ ਸੀ ਕਿ ਹੇਸਟਿੰਗਜ਼ ਜਾਂ ਕੋਈ ਅਹਿਮ੍ਰਸਟ ਕਰ ਦੇਂਦਾ। ਆਹਲੂਵਾਲੀਆ, ਘਨੱਈਆ, ਭੰਗੀਆਂ, ਸ਼ੁਕਰਚਕੀਆਂ ਅਤੇ ਰਾਮਗੜ੍ਹੀਆ ਮਿਸਲਾਂ ਦੇ ਸਰਦਾਰਾਂ ਦਾ ਹਾਲ ਵੀ ਉਹੋ ਹੁੰਦਾ ਜਿਹੜਾ ਅਮੀਰ ਖਾਂ, ਗਫੂਰ ਖਾਂ, ਵਾਸਲ ਖਾਂ ਅਤੇ ਚੇਤੂ ਦਾ ਹੋਇਆ। ਰਣਜੀਤ ਸਿੰਘ ਬਗੈਰ ਪੰਜਾਬ ਦਾ ਇਤਿਹਾਸ ਉਹ ਨਹੀਂ ਸੀ ਹੋਣਾ ਜਿਹੜਾ ਅੱਜ ਹੈ।"

—(ਪ੍ਰੋਫੈਸਰ ਸੱਜਦ ਅਬਦੁਲ ਕਾਦਰ, ਲਾਹੌਰ)

"ਰਣਜੀਤ ਸਿੰਘ ਰਾਜਸੀ ਬੁਧ ਵਿਵੇਕ ਦੀ ਮੂੰਹ ਬੋਲਦੀ ਤਸਵੀਰ ਸੀ। ਉਹ ਆਪਣੇ ਲੋਕਾਂ ਦਾ ਜਮਾਂਦਰੂ ਨਾਇਕ ਅਤੇ ਨੇਤਾ ਸੀ। ਉਹ ਆਪਣੇ ਸਲਾਹਕਾਰ ਅਤੇ ਅਹਿਲਕਾਰ, ਬੇਮਿਸਾਲ ਦੂਰ ਦ੍ਰਿਸ਼ਟਤਾ ਨਾਲ ਚੁਣਿਆ ਕਰਦਾ ਸੀ। ਉਚੇਰੇ ਅਹੁਦੇ ਕੇਵਲ ਸਿੱਖਾਂ ਦੀ ਜਗੀਰ ਹੀ ਨਹੀਂ ਸੀ ਹੁੰਦੇ ਸਗੋਂ ਦਰਬਾਰ ਵਿਚ ਬਹੁਤ ਸਾਰੇ ਉਚ ਮਰਤਬੇ ਮੁਸਲਮਾਨਾਂ ਅਤੇ ਹਿੰਦੂਆਂ ਕੋਲ ਵੀ ਹੁੰਦੇ ਸਨ।

—(ਪ੍ਰੋਫੈਸਰ ਅਬਦੁਲ ਮਜੀਦ ਖਾਂ)

—o—

ਪੰਜਾਬ ਦਾ ਪਹਿਲਾ ਪੰਜਾਬੀ ਹੁਕਮਰਾਨ ਮਹਾਰਾਜਾ ਰਣਜੀਤ ਸਿੰਘ

—ਡਾ: ਐਸ. ਆਰ. ਬਖਸ਼ੀ

ਅਹਿਮਦ ਸ਼ਾਹ ਅਬਦਾਲੀ ਦੇ ਸਾਲ 1766-67 ਦੇ ਆਖਰੀ ਹਮਲੇ ਤੋਂ ਬਾਦ ਸਿੱਖਾਂ ਦੇ ਆਗੂ ਜੋ ਕਿ ਵਖੋਂ ਵਖਰੇ ਇਲਾਕਿਆਂ ਨਾਲ ਸਬੰਧ ਰਖਦੇ ਸਨ, ਸਤਲੁਜ ਦਰਿਆ ਦੇ ਦੋਵੇਂ ਕੰਢਿਆਂ ਤੋਂ ਵਖੋ ਵਖਰੇ ਗਰੁਪਾਂ ਵਿਚ ਵਸ ਗਏ ਸਨ, ਜੋ ਕਿ ਮਿਸਲਾਂ ਦੇ ਨਾਂ ਨਾਲ ਜਾਣੇ ਜਾਂਦੇ ਸਨ। 'ਮਿਸਲ' ਸ਼ਬਦ ਇਕ ਅਰਬੀ ਸ਼ਬਦ ਹੈ ਜਿਸ ਦਾ ਅਰਥ ਹੈ 'ਬਰਾਬਰ' ਜਾਂ ਮਿਲਦਾ ਜੁਲਦਾ ਇਕੋ-ਜਿਹਾ। ਜੇ. ਡੀ. ਕਨਿੰਘਮ ਨੇ ਇਨ੍ਹਾਂ ਮਿਸਲਾਂ ਨੂੰ ਇਕ ਧਰਮਤੰਤ੍ਰਿਕ, ਰਜਵਾੜਾ ਸ਼ਾਹੀ ਦਾ ਇਕੱਠ, ਦਸਿਆ ਹੈ। ਇਨ੍ਹਾਂ ਸਿੱਖ ਮਿਸਲਾਂ ਵਿਚ ਧਰਮ ਤੇ ਜ਼ਾਤ ਦੇ ਆਧਾਰ ਤੇ ਬਹੁਤ ਜ਼ਿਆਦਾ ਆਪਸੀ ਮਤਭੇਦ ਸਨ। ਇਸ ਲਈ ਇਨ੍ਹਾਂ ਮਿਸਲਾਂ ਦੇ ਆਗੂ ਦੁਸ਼ਮਨ ਨਾਲ ਲੜਨ ਲਈ ਕੋਈ ਸਾਂਝੀ ਵਡੀ ਫੌਜ ਨਹੀਂ ਬਣਾ ਸਕੇ, ਸਗੋਂ ਇਸ ਦੀ ਬਜਾਏ ਉਹ ਹਮੇਸ਼ਾਂ ਆਪਸ ਵਿਚ ਇਕ ਦੂਜੇ ਨਾਲ ਲੜਦੇ ਰਹਿੰਦੇ ਸਨ।

ਮਹਾਰਾਜਾ ਰਣਜੀਤ ਸਿੰਘ ਜੀ ਦੀ ਥੋੜੇ ਜਿਹੇ ਸਮੇਂ ਵਿਚ ਮਹਾਨਤਾ ਇਨ੍ਹਾਂ ਦੀ ਬਚ-ਪਨ ਵਿਚ ਸੁਚੱਜੀ ਸਿਖਲਾਈ ਦੀ ਹੀ ਦੇਣ ਹੈ। ਬਚਪਨ ਵਿਚ ਉਨ੍ਹਾਂ ਦੀ ਪੜ੍ਹਾਈ ਵਲ ਬਿਲਕੁਲ ਧਿਆਨ ਨਹੀਂ ਦਿਤਾ ਗਿਆ। ਜਦੋਂ ਉਹ ਕੁਝ ਵੱਡੇ ਹੋਏ, ਉਸ ਸਮੇਂ ਉਹ ਬਿਲ-ਕੁਲ ਲਿਖਣਾ ਤੇ ਪੜ੍ਹਨਾ ਨਹੀਂ ਜਾਣਦੇ ਸਨ। ਬਚਪਨ ਵਿਚ ਉਹਨਾਂ ਨੂੰ ਜਿਹੜੀ ਸਿਖਿਆ ਸਿਖਲਾਈ ਪ੍ਰਾਪਤ ਹੋਈ, ਉਹ ਘੋੜ੍ਹੀ ਖੇਡਾਂ ਤੇ ਲੜਾਈ ਲੜਨ ਦੇ ਢੰਗਾਂ ਨਾਲ ਸਬੰਧਤ ਸੀ। ਇਨ੍ਹਾਂ ਦੋਹਾਂ ਵਿਚ ਹੀ ਇਨ੍ਹਾਂ ਨੇ ਮਾਅਰਕੇ ਦੀ ਨਿਪੁੰਨਤਾ ਪ੍ਰਾਪਤ ਕੀਤੀ ਜਿਸ ਸਦਕਾ ਉਹ ਇਕ ਖਾਸ ਚਰਿੱਤਰ ਦੇ ਅਗਰਗਾਮੀ ਨੇਤਾ ਬਣੇ। ਅਜੇ ਉਹ 10 ਸਾਲ ਦੀ ਉਮਰ ਦੇ ਵੀ ਨਹੀਂ ਸਨ ਹੋਏ ਕਿ ਉਨ੍ਹਾਂ ਨੇ ਫੌਜੀ ਮੁਹਿੰਮ ਵਿਚ ਆਪਣੇ ਪਿਤਾ ਜੀ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ ਅਤੇ ਕਈ ਵਾਰੀ ਇਕ ਤੋਂ ਵਧ ਮੌਕਿਆਂ ਤੇ ਉਨ੍ਹਾਂ ਦੀ ਜਾਨ ਖਤਰੇ ਵਿਚ ਪਈ। 1790 ਵਿਚ ਜਦੋਂ ਰਣਜੀਤ ਸਿੰਘ ਨੇ ਸ਼ੁਕਰਚਕੀਆ ਮਿਸਲ ਦੀ ਵਾਗਡੋਰ ਸੰਭਾਲੀ, ਉਸ ਸਮੇਂ ਜਿਹਲਮ ਤੇ ਸਤਲੁਜ ਦੇ ਵਿਚਕਾਰਲੇ ਇਲਾਕੇ ਤੇ ਮਿਸਲਾਂ ਦਾ ਕੰਟਰੋਲ ਸੀ। ਸ਼ਕਤੀਸ਼ਾਲੀ ਭੰਗੀ ਮਿਸਲ ਦਾ ਗੁਜਰਾਤ, ਸਿਆਲਕੋਟ, ਲਾਹੌਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਤੇ ਕੰਟਰੋਲ ਸੀ। ਵਜ਼ੀਰਾ-ਬਾਦ ਰਿਆਸਤ ਇਕ ਖੁਦਮੁਖਤਿਆਰ ਸਿੱਖ ਸਰਦਾਰ ਜੋਧ ਸਿੰਘ ਦੇ ਅਧੀਨ ਸੀ। ਗੁਜਰਾਂਵਾਲੇ

ਦੇ ਆਲੇ ਦੁਆਲੇ ਦਾ ਇਲਾਕਾ ਸ਼ੁਕਰਚਕੀਆਂ ਮਿਸਲ ਦੇ ਅਧੀਨ ਸੀ ਅਤੇ ਇਸ ਦੇ ਕੰਟਰੋਲ ਹੇਠ ਸਿਆਲਕੋਟ, ਗੁਜਰਾਤ, ਪਿੰਡ ਦਾਦਨ ਖਾਂ ਅਤੇ ਮਿਆਣੀ ਆਦਿ ਇਲਾਕੇ ਸਨ। ਅੰਮ੍ਰਿਤਸਰ ਤੇ ਲੁਧਿਆਣਾ ਦੇ ਵਿਚਕਾਰਲਾ ਦੁਆਬੇ ਦਾ ਇਲਾਕਾ ਵਖੋ-ਵਖਰੇ ਸਰਦਾਰਾਂ ਦੇ ਅਧੀਨ ਵੰਡਿਆ ਹੋਇਆ ਸੀ। ਘਨ੍ਹੱਈਆ ਮਿਸਲ ਨੇ ਗੁਰਦਾਸਪੁਰ ਜ਼ਿਲੇ ਦੇ ਨਗਰ ਬਟਾਲਾ ਵਿਖੇ ਆਪਣਾ ਹੈਡਕੁਆਰਟਰ ਰਖਿਆ ਹੋਇਆ ਸੀ ਅਤੇ ਆਹਲੂਵਾਲੀਆ ਮਿਸਲ ਦਾ ਕਪੂਰ-ਥਲਾ ਤੇ ਕੰਟਰੋਲ ਸੀ। ਰਾਮਗੜ੍ਹੀਆ ਮਿਸਲ ਦਾ ਜਲੰਧਰ, ਦੁਆਬ ਦੇ ਇਲਾਕਿਆਂ ਦੇ ਨਾਲ ਨਾਲ ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਕੁਝ ਇਲਾਕਿਆਂ ਤੇ ਕੰਟਰੋਲ ਸੀ। ਮੁਲਤਾਨ ਤੇ ਲਾਹੌਰ ਦੇ ਵਿਚਕਾਰਲਾ ਇਲਾਕਾ ਕਸੂਰ ਦੇ ਪਠਾਣਾਂ ਦੇ ਅਧੀਨ ਸੀ, ਨਕੱਈ ਮਿਸਲ ਦੇ ਸਰਦਾਰਾਂ ਕੋਲ ਪਾਕਪਟਨ ਤੇ ਝੰਗ ਸਿਆਲ ਦਾ ਇਲਾਕਾ ਸੀ। ਇਨ੍ਹਾਂ ਤੋਂ ਇਲਾਵਾ ਕਈ ਮੁਸਲਮਾਨ ਤੇ ਰਾਜਪੂਤ ਸਰਦਾਰ ਰਜੌਰੀ, ਭਿੰਬਾਰ, ਜੰਮੂ ਦੇ ਨਾਲ ਲਗਦੇ ਇਲਾਕਿਆਂ ਤੇ ਰਾਜ ਕਰਦੇ ਸਨ। ਇਕ ਹਿੰਦੂ ਰਾਜਾ, ਸੰਸਾਰ ਚੰਦ ਕਾਂਗੜੇ ਦੀਆਂ ਪਹਾੜੀਆਂ ਤੇ ਰਾਜ ਕਰਦਾ ਸੀ। ਚੰਬੇ ਦਾ ਇਲਾਕਾ ਇਕ ਹੋਰ ਸਰਦਾਰ, ਰਾਜਾ ਚੜ੍ਹਤ ਸਿੰਘ ਦੇ ਅਧੀਨ ਸੀ।

ਲਾਹੌਰ ਸ਼ਹਿਰ ਸੈਨਿਕ ਸਥਿਤੀ ਦੇ ਦ੍ਰਿਸ਼ਟੀਕੋਣ ਤੋਂ ਇਸ ਤਰ੍ਹਾਂ ਵਾਕਿਆ ਸੀ ਕਿ ਉਸ ਨੇ ਰਣਜੀਤ ਸਿੰਘ ਦੇ ਵਕਾਰ ਨੂੰ ਬਹੁਤ ਜ਼ਿਆਦਾ ਵਧਾ ਦਿਤਾ ਅਤੇ ਰਾਵੀ ਦਰਿਆ ਦੇ ਨਾਲ ਲਗਦੇ ਸਾਰੇ ਇਲਾਕੇ ਵਿਚ ਇਕ ਉਭਰ ਰਹੇ ਸਿੱਖ ਹੁਕਮਰਾਨ ਦੇ ਨਾਤੇ ਇਸ ਸਥਿਤੀ ਨੇ ਉਸ ਦੀ ਪੁਜ਼ੀਸ਼ਨ ਨੂੰ ਹੋਰ ਮਜ਼ਬੂਤ ਬਣਾ ਦਿਤਾ। ਇਸ ਨਾਲ ਮਿਸਲਾਂ ਦੇ ਦੂਜੇ ਸਰਦਾਰਾਂ ਦੇ ਮਨ ਵਿਚ ਡਰ ਤੇ ਖੌਫ਼ ਪੈਦਾ ਹੋ ਗਿਆ। ਨਤੀਜੇ ਵਜੋਂ ਲੋਕਾਂ ਵਿਚ ਮਹਾਰਾਜਾ ਪ੍ਰਤੀ ਵਿਸ਼ਵਾਸ ਜਾਗ ਪਿਆ ਅਤੇ ਮਹਾਰਾਜਾ ਨੇ ਹੋਰ ਇਲਾਕਾਈ ਪਸਾਰ ਵਾਸਤੇ ਆਪਣੀਆਂ ਫੌਜਾਂ ਦੀ ਕੁਆ-ਇਦ ਨੂੰ ਤੇਜ਼ ਕਰਨ ਵਿਚ ਕੋਈ ਵੀ ਮੌਕਾ ਹਥੋਂ ਨਾ ਗਵਾਇਆ। ਇਕ ਅਤਿ-ਪਰਬੀਨ ਫੌਜੀ ਜਰਨੈਲ ਵਾਂਗ ਉਸ ਨੇ ਆਪਣੀ ਸੈਨਿਕ ਨੀਤੀ ਨੂੰ ਵਰਤਿਆ ਅਤੇ ਆਪਣੀ ਦੂਰ-ਅੰਦੇਸ਼ੀ, ਰਾਜਨੀਤੀ ਅਤੇ ਤਜਰਬੇ ਦੇ ਬਲਬੋਤੇ ਭਾਰਤ ਦੇ ਇਤਿਹਾਸ ਵਿਚ ਲਾਸਾਨੀ ਕਾਮਯਾਬੀ ਹਾਸਲ ਕੀਤੀ। ਇਹ ਕੰਮ ਉਹਨਾਂ ਨੇ ਤਾਕਤ ਦੀ ਬਜਾਏ ਆਪਣੇ ਸੁਦਿਰੜ੍ਹ ਪ੍ਰਬੰਧ ਨਾਲ ਨੇਪਰੇ ਚਾੜ੍ਹ ਲਿਆ ਤੇ ਇਸ ਤਰ੍ਹਾਂ ਇਹ ਸ਼ਹਿਰ ਬਾਅਦ ਵਿਚ ਵੀ ਉਨ੍ਹਾਂ ਦੇ ਹੱਥ ਰਿਹਾ। ਅਗਲੇ ਤਿੰਨ ਜਾਂ ਚਾਰ ਸਾਲਾਂ ਦੇ ਦੌਰਾਨ ਉਸ ਦੀ ਇਹ ਸਫਲਤਾ ਹੋਰ ਸਰਦਾਰਾਂ ਜਿਹੜੇ ਕਿ ਸੁਤੰਤਰ ਰੂਪ ਨਾਲ ਸ਼ਾਸਨ ਚਲਾਉਂਦੇ ਸਨ, ਦੀਆਂ ਅੱਖਾਂ ਵਿਚ ਰੜਕਣ ਲਗੀ। ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਰਣਜੀਤ ਸਿੰਘ ਦਾ ਮੰਤਵ ਉਹਨਾਂ ਨੂੰ ਆਪਣੇ ਅਧੀਨ ਕਰਨ ਦਾ ਹੈ। ਉਹਨਾਂ ਦੀ ਈਰਖਾ ਇਤਨੀ ਵਧ ਗਈ ਕਿ ਉਨ੍ਹਾਂ ਨੂੰ ਆਪਣੇ ਆਪ ਨੂੰ ਜਬਰੀ ਵਸੂਲੀ ਦੀ ਨਿਰੰਕੁਸ਼ਤਾ ਤੋਂ ਬਚਣ ਦਾ ਢੰਗ ਵੀ ਨਾ ਸੁਝਿਆ। ਜਿਹੜਾ ਸਰਦਾਰ ਮਰ ਜਾਂਦਾ ਸੀ, ਉਸ ਦਾ ਇਲਾਕਾ ਮਹਾਰਾਜਾ ਰਣਜੀਤ ਸਿੰਘ ਜ਼ਬਤ ਕਰ ਲੈਂਦਾ ਸੀ।

ਲਾਹੌਰ ਵਿਚ ਆਪਣੀ ਸ਼ਕਤੀ ਦੀ ਧਾਕ ਬਿਠਾਉਣ ਤੋਂ ਛੇਤੀ ਹੀ ਪਿਛੋਂ ਮਹਾਰਾਜਾ ਨੇ ਆਪਣੇ ਪੜੋਸੀ ਸਰਦਾਰਾਂ ਦੀ ਜ਼ਮੀਨ ਅਤੇ ਸੰਪਤੀ ਆਪਣੇ ਅਧੀਨ ਕਰਨ ਦੀ ਇਕ ਵਡੀ

ਯੋਜਨਾ ਬਣਾਉਣ ਲਈ ਸੈਨਾ ਨੂੰ ਸੰਗਠਿਤ ਕੀਤਾ । ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹੀਵੀਂ ਸਦੀ ਦੇ ਆਰੰਭ ਵਿਚ ਆਪਣਾ ਮੰਤਵ ਪੂਰਾ ਕਰਨ ਲਈ ਉਹਨਾਂ ਨੂੰ ਸ਼ਾਨਦਾਰ ਸਫਲਤਾ ਮਿਲੀ। ਸਾਲ 1809 ਤਕ ਉਸ ਨੇ ਅੰਮ੍ਰਿਤਸਰ, ਕਸੂਰ, ਜਲੰਧਰ, ਮੀਰੋਵਾਲ, ਨਿਰੋਵਾਲ, ਜੰਮੂ, ਸਿਆਲਕੋਟ, ਵਜ਼ੀਰਾਬਾਦ, ਜੈਸਰਵਾਲ, ਦਿਲਬਾਗਗੜ੍ਹ, ਫਰਦਕੋਟ, ਨਰੋਦਰ, ਲੁਧਿਆਣਾ, ਸਰਹਿੰਦ, ਜਗਰਾਓਂ, ਸ਼ੇਰਗੜ੍ਹ, ਰਹੀਮਾਬਾਦ, ਦਾਖਾ, ਘੁੰਗਰਾਣਾ, ਅੰਬਾਲਾ ਅਤੇ ਬੜੀਆ ਜਿਤ ਲਏ। ਫੂਲਕੀਆਂ ਰਾਜ ਦੇ ਸਰਦਾਰਾਂ ਅਤੇ ਕਾਂਗੜਾ ਪਹਾੜੀਆਂ ਦੇ ਸ਼ਾਸਕ ਰਾਜਾ ਸੰਸਾਰ ਚੰਦ ਨੇ ਮਹਾਰਾਜੇ ਦੀ ਸ਼ਕਤੀ ਨੂੰ ਪ੍ਰਵਾਨ ਕਰ ਲਿਆ ।

ਅੰਮ੍ਰਿਤਸਰ ਦੀ ਸੰਧੀ ਤੇ ਦਸਤਖਤ ਕਰਨ ਤੋਂ ਬਾਅਦ ਮਹਾਰਾਜੇ ਵਿਚ ਕਾਫੀ ਵਿਸ਼ਵਾਸ ਪੈਦਾ ਹੋ ਗਿਆ, ਜਿਸ ਨਾਲ ਉਸ ਨੂੰ ਮੁਲਤਾਨ, ਕਸ਼ਮੀਰ, ਪਿਸ਼ੌਰ ਅਤੇ ਡੇਰਾਜਾਤ ਤੇ ਸ਼ਾਸਨ ਕਰਨ ਲਈ ਬਹੁਤ ਉਤਸ਼ਾਹ ਮਿਲਿਆ । ਉਸ ਨੇ ਇਹਨਾਂ ਇਲਾਕਿਆਂ ਦੇ ਹਾਕਮਾਂ ਵਿਰੁਧ ਦੀਵਾਨ ਮੁਹਕਮ ਚੰਦ ਅਤੇ ਹਰੀ ਸਿੰਘ ਨਲਵੇ ਵਰਗੇ ਯੋਗ ਜਰਨੈਲਾਂ, ਜਿਹਨਾਂ ਵਿਚ ਸ਼ਾਨਦਾਰ ਸੈਨਿਕ ਅਗਵਾਈ ਕਰਨ ਦੀ ਦ੍ਰਿੜ ਸਮਰਥਾ ਸੀ, ਅਧੀਨ ਅਣਗਿਣਤ ਸੈਨਿਕ ਮੁਹਿੰਮਾਂ ਸ਼ੁਰੂ ਕਰਨੀਆਂ ਸਨ । ਇਸ ਤਰ੍ਹਾਂ ਰਣਜੀਤ ਸਿੰਘ ਨੇ ਆਪਣੀ ਸ਼ਕਤੀ ਨਾਲ ਇਕ ਵਿਸ਼ਾਲ ਰਾਜ ਦੀ ਸਥਾਪਨਾ ਕੀਤੀ, ਜੋ ਲੱਦਾਖ ਤੋਂ ਦਰਿਆ ਸਤਲੁਜ ਅਤੇ ਪੰਜਾਬ ਦੇ ਦੱਖਣ ਪੱਛਮ ਵਿਚ ਸ਼ਿਕਾਰਪੁਰ ਤਕ ਫੈਲਿਆ ਹੋਇਆ ਸੀ ।

ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦਰਮਿਆਨ ਹੋਈ ਅੰਮ੍ਰਿਤਸਰ ਦੀ ਸੰਧੀ ਵਿਚ ਭੂਮਿਕਾ ਸਹਿਤ ਚਾਰ ਸ਼ਰਤਾਂ ਸਨ, ਜਿਸ ਨਾਲ ਐਂਗਲੋ-ਸਿੱਖ ਸਬੰਧਾਂ ਉਤੇ 1809 ਤੋਂ ਲੈ ਕੇ 1839 ਤਕ (ਰਣਜੀਤ ਸਿੰਘ ਦੇ ਮਰਨ ਤਕ) ਡੂੰਘਾ ਪ੍ਰਭਾਵ ਪਿਆ । ਇਕ ਪਾਸੇ ਇਹ ਇਕ ਯੋਗ, ਉਤਸ਼ਾਹੀ, ਦੂਰਅੰਦੇਸ਼ ਅਤੇ ਕਾਮਯਾਬ ਸਿੱਖ ਸਰਦਾਰ ਵਲੋਂ ਮੰਨੀ ਗਈ ਇਕ ਇਤਿਹਾਸਕ ਦਸਤਾਵੇਜ਼ ਸੀ, ਜਿਸ ਵਿਚੋਂ ਰਣਜੀਤ ਸਿੰਘ ਦੀ ਇਹ ਇਛਾ ਪ੍ਰਬਲ ਨਜ਼ਰ ਆਉਂਦੀ ਸੀ ਕਿ ਉਹ ਕਿਸ ਤਰ੍ਹਾਂ ਤਰਾਈ ਅਤੇ ਸਿਸ-ਸਤਲੁਜ ਦੇ ਇਲਾਕਿਆਂ ਨੂੰ ਆਪਣੇ ਅਧੀਨ ਕਰ ਸਕਦਾ ਹੈ ਅਤੇ ਦੂਸਰੇ ਪਾਸੇ ਈਸਟ ਇੰਡੀਆ ਕੰਪਨੀ ਦੀ ਸਰਕਾਰ ਦੇ ਇਕ ਉਸਾਰਵਾਦੀ ਹਾਕਮ ਵਲੋਂ ਹੋਈ ਸੰਧੀ ਸੀ ਜਿਸ ਦੀ ਰਾਜਨੀਤੀ ਯੁਧ-ਚਾਲ ਅਤੇ ਯੁੱਧ-ਸ਼ਕਤੀ ਨੂੰ ਕਿਸੇ ਤਰ੍ਹਾਂ ਵੀ ਵੰਗਾਰਿਆ ਨਹੀਂ ਸੀ ਜਾ ਸਕਦਾ ।

ਅੰਗਰੇਜ਼ਾਂ ਤੇ ਸਿੱਖਾਂ ਦੇ ਸੰਬੰਧਾਂ ਵਿਚ ਇਸ ਸੰਧੀ ਨੂੰ ਬਹੁਤ ਮਹੱਤਵਪੂਰਨ ਸਥਾਨ ਪ੍ਰਾਪਤ ਹੈ । ਇਸ ਸੰਧੀ ਨਾਲ ਲੁਧਿਆਣੇ ਅਤੇ ਦਿੱਲੀ ਨੇੜੇ ਫਿਲੌਰ ਘਾਟਾਂ ਉਤੇ ਦਰਿਆ ਦੇ ਕੰਢੇ ਦਰਮਿਆਨ ਤਕ ਦੇ ਇਲਾਕੇ ਵਿਚ ਈਸਟ ਇੰਡੀਆ ਕੰਪਨੀ ਦੀ ਸਰਕਾਰ ਦੇ ਵਧ ਰਹੇ ਸਿਆਸੀ ਅਤੇ ਇਲਾਕਾਈ ਹਿੱਤਾਂ ਨੂੰ ਸੁਰੱਖਿਆ ਦੀ ਗਾਰੰਟੀ ਮਿਲਣ ਦੇ ਨਾਲ ਨਾਲ ਇਹ ਇਲਾਕਾ ਲਾਹੌਰ ਦੀ ਸਰਕਾਰ ਦੀ ਸ਼ਾਨਦਾਰ ਅਤੇ ਵਿਸਥਾਰਵਾਦੀ ਰੂਪ-ਰੇਖਾ ਤੋਂ ਵੀ ਸੁਰੱਖਿਅਤ ਹੋ ਗਿਆ । ਇਸ ਤੋਂ ਇਲਾਵਾ, ਇਸ ਸੰਧੀ ਨਾਲ ਮਹਾਰਾਜਾ ਰਣਜੀਤ ਸਿੰਘ ਨੂੰ ਆਪਣਾ ਰਾਜ ਪੂਰਬ (ਦਿਲੀ ਵਲ) ਵੱਲ ਵਧਾਉਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ

ਹੋ ਗਿਆ।

ਪਰ ਇਸ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਗੌਰਵਤਾ ਅਤੇ ਦੂਰ ਅੰਦੇਸ਼ੀ ਦਾ ਹੋਰ ਵੀ ਪਤਾ ਚਲਦਾ ਹੈ ਕਿ ਉਸ ਨੇ ਆਪਣੇ ਆਪ ਨੂੰ, ਆਪਣੇ ਰਾਜ ਨੂੰ ਅਤੇ ਸਭ ਤੋਂ ਵਧ ਆਪਣੀ ਪਰਜਾ ਨੂੰ ਅੰਗਰੇਜ਼ਾਂ ਤੋਂ ਅਚਾਨਕ ਅਤੇ ਯੋਜਨਾਬੱਧ ਤਬਾਹੀ ਤੋਂ ਕਿਵੇਂ ਬਚਾਇਆ,ਜਦੋਂ ਕਿ ਉਨ੍ਹੀਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਅੰਗਰੇਜ਼ਾਂ ਦਾ ਇਕੋ ਇਕ ਨਿਸ਼ਾਨਾ ਭਾਰਤ ਦੇ ਗਵਰਨਰ ਜਨਰਲ ਵਲੋਂ ਲਾਗੂ ਕੀਤੀ ਗਈ ਨੀਤੀ ਅਨੁਸਾਰ—ਜਿਥੋਂ ਤਕ ਹੋ ਸਕੇ ਵਧ ਤੋਂ ਵਧ ਇਲਾਕੇ ਮੱਲਣਾ ਅਤੇ ਰਾਜਨੀਤਕ ਪ੍ਰਭਾਵ ਵਧਾਉਣਾ ਸੀ। ਉਸ ਨੇ ਨਿਸਚੇ ਹੀ ਆਪਣੇ ਰਾਜ ਨੂੰ, 1809 ਤੋਂ ਲੈ ਕੇ ਆਪਣੀ ਮੌਤ ਦੇ ਸਮੇਂ (1839) ਤਕ, ਅੰਗਰੇਜ਼ਾਂ ਦੇ ਪ੍ਰਚੰਡ ਹਮਲਿਆਂ ਤੋਂ ਬਚਾਈ ਰੱਖਿਆ।

ਕੁਝ ਇਤਿਹਾਸਕਾਰਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਅੰਗਰੇਜ਼ ਪੱਖੀ ਵਤੀਰੇ ਅਤੇ ਅੰਗਰੇਜ਼ਾਂ ਨਾਲ ਸਬੰਧਤ ਨੀਤੀਆਂ ਦੀ ਅਸਫਲਤਾ ਕਾਰਨ ਉਸ ਦੀ ਆਲੋਚਨਾ ਕੀਤੀ ਹੈ, ਅੰਗਰੇਜ਼ ਹੁਣ ਉਸ ਦੀਆਂ ਸਰਹੱਦਾਂ ਤਕ ਆ ਪਹੁੰਚੇ ਸਨ ਅਤੇ ਉਸ ਦੀ ਤਾਕਤ ਅਤੇ ਕਮ-ਜ਼ੋਰੀਆਂ ਤੇ ਪੂਰੀ ਤਰ੍ਹਾਂ ਨਜ਼ਰ ਰਖਦੇ ਸਨ ਅਤੇ ਹਮਲਾ ਕਰਨ ਲਈ ਕਿਸੇ ਚੰਗੇ ਅਵਸਰ ਦੀ ਉਡੀਕ ਵਿਚ ਸਨ।

ਕੁਝ ਵੀ ਹੋਵੇ, ਇਹ ਸੰਧੀ ਦੋਹਾਂ ਧਿਰਾਂ ਵਿਚ ਪੂਰਨ ਭਰੋਸਾ, ਵਿਸ਼ਵਾਸ ਅਤੇ ਯਕੀਨ ਪੈਦਾ ਕਰਨ ਵਿਚ ਅਸਫਲ ਰਹੀ। ਇਸ ਸੰਧੀ ਨਾਲ ਪਰਸਪਰ ਸ਼ੰਕੇ ਪੈਦਾ ਹੋ ਗਏ। ਇਕ-ਦੂਜੇ ਦੇ ਅਧਿਕਾਰ ਅਧੀਨ ਇਲਾਕਿਆਂ ਵਿਚ ਜਾਸੂਸੀ ਕਰਨ ਲਈ ਸੂਹੀਏ ਛੱਡੇ ਗਏ। ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਨੇ ਲੁਧਿਆਣਾ ਸਾਹਮਣੇ ਫਿਲੌਰ ਵਿਖੇ, ਅਤੇ ਬਾਅਦ ਵਿਚ ਗੋਬਿੰਦਗੜ੍ਹ ਵਿਖੇ ਆਪਣੀਆਂ ਸਰਹੱਦੀ ਚੌਕੀਆਂ ਨੂੰ ਮਜ਼ਬੂਤ ਕੀਤਾ।

ਲਾਹੌਰ ਦਾ ਸਰਦਾਰ ਵਿਅਕਤੀਗਤ ਤੌਰ ਤੇ ਕਿਸੇ ਰਾਜਨੀਤਕ ਝਗੜੇ ਵਿਚ ਪੈਣ ਤੋਂ ਕੁਦਰਤੀ ਤੌਰ ਤੇ ਪੂਰੀ ਤਰ੍ਹਾਂ ਸੁਚੇਤ ਸੀ ਤਾਂ ਜੋ ਇਕ ਸ਼ਾਸਕ ਦੇ ਰੂਪ ਵਿਚ ਉਸ ਦੀ ਵਧ ਰਹੀ ਸ਼ੁਹਰਤ ਅਤੇ ਪ੍ਰਸਿਧੀ ਨੂੰ ਕਿਸੇ ਕਿਸਮ ਦਾ ਧੱਕਾ ਨਾ ਲਗੇ। ਅਸਲ ਵਿਚ, ਉਸ ਨੂੰ ਅਜਿਹੀ ਸੰਧੀ ਲਈ ਮਨਾਉਣਾ ਮੁਸ਼ਕਲ ਸੀ, ਜਿਸ ਨਾਲ ਉਹ ਨਿਰਬਲ ਹੋ ਜਾਵੇ। ਇਸ ਲਈ ਉਸ ਨੇ ਇਕ ਸੁਰੱਖਿਅਤ ਖੇਡ ਖੇਡਣੀ ਚਾਹੀ ਜਿਸ ਨਾਲ ਉਸ ਨੂੰ ਨਿਕਟ ਭਵਿਖ ਵਿਚ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਵਿਚ ਕੋਈ ਸ਼ਕ ਨਹੀਂ ਕਿ ਮਹਾਰਾਜੇ ਵਿਚ ਜਮਾਂਦਰੂ ਸ਼ਾਸਕ ਵਾਲੀਆਂ ਸਾਰੀਆਂ ਸ਼ਾਨਦਾਰ ਖੂਬੀਆਂ ਮੌਜੂਦ ਸਨ। ਲੋਕ ਉਸ ਦੇ ਹੁਕਮ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਸਨ। ਉਸ ਵਲੋਂ ਆਪਣੇ ਜੀਵਨ-ਕਾਲ ਦੇ ਆਖਰੀ ਸਾਲਾਂ ਦੌਰਾਨ ਕੀਤਾ ਗਿਆ ਸ਼ਾਸਨ ਵੀ ਉਸ ਦੀ ਮਹਾਨਤਾ ਦੀ ਗਵਾਹੀ ਦੇਂਦਾ ਹੈ। ਰਣਜੀਤ ਸਿੰਘ ਬਹੁਤ ਸਾਰੀਆਂ ਖੂਬੀਆਂ ਦਾ ਮਾਲਕ ਅਤੇ ਆਪਣੀ ਪਰਜਾ ਵਿਚ ਬਹੁਤ ਹਰਮਨ ਪਿਆਰਾ ਸੀ। ਉਸ ਦੀ ਪਰਜਾ ਉਸ ਨੂੰ ਪਿਆਰਦੀ ਅਤੇ ਸਤਿਕਾਰਦੀ ਸੀ। ਲੈਪਲ ਗਰਿਫਨ ਦੀ ਰਾਏ ਸੀ : "ਭਾਵੇਂ ਉਸ ਦੀ ਮੌਤ ਉਪਰੰਤ ਅੱਧੀ

ਸਦੀ ਬੀਤ ਗਈ ਹੈ ਪਰ ਪ੍ਰਾਂਤ ਵਿਚ ਉਸ ਦਾ ਨਾਂ ਹਾਲੇ ਵੀ ਇਕ ਘਰੇਲੂ ਸ਼ਬਦ ਹੈ ਅਤੇ ਉਸ ਦੀ ਤਸਵੀਰ ਕੀ ਮਹਿਲਾਂ ਤੇ ਕੀ ਝੁਗੀਆਂ—ਹਰੇਕ ਦੇ ਹਿਰਦੇ ਵਿਚ ਵੱਸੀ ਹੋਈ ਹੈ। ਇਹ ਅੰਮ੍ਰਿਤਸਰ ਅਤੇ ਦਿੱਲੀ ਦੇ ਹਾਥੀ-ਦੰਦ ਚਿੱਤਰਕਾਰਾਂ ਦਾ ਮਨਪਸੰਦ ਵਿਸ਼ਾ ਹੈ।"

ਮਹਾਰਾਜਾ ਇਕ ਸ੍ਰੇਸ਼ਟ ਘੋੜ-ਸਵਾਰ ਅਤੇ ਨਿਪੁੰਨ ਸ਼ਮਸ਼ੀਰਬਾਜ਼ ਸੀ। ਉਹ ਸਚਮੁਚ ਹੀ ਸ਼ਕਤੀਸ਼ਾਲੀ, ਦਯਾਵਾਨ, ਉੱਦਮੀ, ਹੌਂਸਲੇ ਵਾਲਾ ਅਤੇ ਸਹਿਨਸ਼ੀਲ ਵਿਅਕਤੀ ਸੀ। ਇਸ ਤੋਂ ਇਲਾਵਾ ਉਸ ਵਿਚ ਕੰਮ ਕਰਨ ਦੀ ਅਚੰਭੇਜਨਕ ਸਮਰੱਥਾ ਸੀ ਅਤੇ ਉਹ ਸਵੇਰ ਤੋਂ ਲੈ ਕੇ ਸ਼ਾਮ ਤਕ ਆਪਣੇ ਕੰਮ ਵਿਚ ਰੁਝਿਆ ਰਹਿੰਦਾ ਸੀ। ਉਹ ਸ਼ੇਰਸ਼ਾਹ ਦੇ ਅਸੂਲਾਂ ਉਤੇ ਚਲਦਾ ਸੀ ਕਿ ਮਹਾਨ ਬਣਨ ਲਈ ਹਮੇਸ਼ਾਂ ਉੱਦਮੀ ਬਣੇ ਰਹਿਣਾ ਚਾਹੀਦਾ ਹੈ। ਕੰਮ ਕਰਨ ਦੀ ਅਣਥੱਕ ਸਮਰੱਥਾ ਨਾਲ ਉਹ ਨੇ ਹਮੇਸ਼ਾਂ ਬਹੁਤ ਉੱਦਮੀ ਅਤੇ ਸਰਗਰਮ ਜੀਵਨ ਜੀਵਿਆ।

ਲਾਹੌਰ ਦੇ ਸਰਦਾਰ ਵਿਚ ਅਸਾਧਾਰਨ ਹੌਂਸਲਾ ਸੀ ਜਿਸ ਨੇ ਘੋਰ ਲੜਾਈਆਂ ਵਿਚ ਆਪਣੀਆਂ ਫੌਜਾਂ ਦੀ ਅਗਵਾਈ ਕੀਤੀ ਅਤੇ ਆਪਣੀ ਜੀਵਨ-ਰੱਖਿਆ ਦੀ ਪਰਵਾਹ ਕੀਤੇ ਬਗੈਰ ਕਈ ਖਤਰਿਆਂ ਦਾ ਸਾਹਮਣਾ ਕੀਤਾ। ਨਿਡਰਤਾ ਦੇ ਇਹਨਾਂ ਗੁਣਾਂ ਸਦਕਾ ਹੀ ਆਪ ਨੂੰ 'ਸ਼ੇਰ-ਏ-ਪੰਜਾਬ' ਦਾ ਖ਼ਿਤਾਬ ਮਿਲਿਆ।

ਰਣਜੀਤ ਸਿੰਘ ਅਨਪੜ੍ਹ ਹੋਣ ਦੇ ਬਾਵਜੂਦ ਵੀ ਤੀਖਣ ਬੁੱਧੀ ਦਾ ਮਾਲਕ ਸੀ। ਅਕਸਰ ਉਹ ਹਮੇਸ਼ਾਂ ਵਿਦਵਾਨਾਂ ਅਤੇ ਪੜ੍ਹੇ-ਲਿਖੇ ਵਿਅਕਤੀਆਂ ਦੀ ਸੰਗਤ ਲੋਚਦਾ ਸੀ ਜਿਨ੍ਹਾਂ ਪਾਸੋਂ ਉਹ ਹਕੂਮਤ ਕਰਨ ਦੀਆਂ ਬੇਸ਼ੁਮਾਰ ਨਵੀਆਂ ਤਕਨੀਕਾਂ, ਆਪਣੇ ਦੇਸ਼ ਅਤੇ ਬਾਕੀ ਦੁਨੀਆਂ ਬਾਰੇ ਬਹੁਤ ਕੁਝ ਸਿਖਦਾ ਰਹਿੰਦਾ ਸੀ। ਉਹ ਫਾਰਸੀ ਭਾਸ਼ਾ ਬੋਲ ਸਕਦਾ ਸੀ ਜਿਸ ਵਿਚ ਸਰਕਾਰੀ ਰੀਕਾਰਡ ਰੱਖਿਆ ਜਾਂਦਾ ਸੀ।

ਰਣਜੀਤ ਸਿੰਘ ਇਕ ਸੂਝਵਾਨ ਸ਼ਾਸਕ ਅਤੇ ਮਹਾਨ ਰਾਜਨੀਤੀਵੇਤਾ ਸੀ। ਉਸ ਦੀ ਰਾਜਨੀਤਕ ਤੀਖਣ ਬੁੱਧੀ ਦਾ ਪਤਾ ਉਸ ਦੇ ਅੰਗਰੇਜ਼ਾਂ ਨਾਲ ਮਿਤਰਾਨਾ ਸਬੰਧਾਂ ਤੋਂ ਲਗਦਾ ਹੈ ਜਿਨ੍ਹਾਂ ਦੇ ਵਸੀਲਿਆਂ ਅਤੇ ਸੈਨਿਕ ਸ਼ਕਤੀ ਦਾ ਮੁਕਾਬਲਾ 19ਵੀਂ ਸਦੀ ਵਿਚ ਕੋਈ ਨਹੀਂ ਸੀ ਕਰ ਸਕਦਾ। ਮਹਾਰਾਜਾ ਸਮਝਦੇ ਸਨ ਕਿ ਅੰਗਰੇਜ਼ ਸੁਰੱਖਿਅਤ ਮਿੱਤਰ ਅਤੇ ਬਹੁਤ ਖਤਰਨਾਕ ਦੁਸ਼ਮਣ ਹਨ। ਇਸ ਲਈ ਉਸ ਨੇ ਆਪਣੇ ਸ਼ਾਸਨ ਕਾਲ ਦੌਰਾਨ ਆਪਣੇ ਰਾਜ ਨੂੰ ਅੰਗਰੇਜ਼ਾਂ ਨਾਲ ਲੜਾਈ ਕਰਨ ਦੇ ਖਤਰੇ ਵਿਚ ਨਹੀਂ ਪੈਣ ਦਿਤਾ।

ਇਕ ਨਿੰਪੁੰਨ ਹੁਕਮਰਾਨ ਵਾਂਗ ਮਹਾਰਾਜੇ ਨੇ ਇਕ ਸ਼ਾਨਦਾਰ ਦਰਬਾਰ ਸਥਾਪਤ ਕੀਤਾ। ਉਹ ਚਾਂਦੀ ਦੀਆਂ ਲੱਤਾਂ ਅਤੇ ਬਾਹੀਆਂ ਵਾਲੀ ਕੁਰਸੀ ਉਤੇ ਬੈਠਿਆ ਕਰਦੇ ਸਨ। ਗੱਲਬਾਤ ਜ਼ਿਆਦਾ ਕਰ ਕੇ ਪੰਜਾਬੀ ਭਾਸ਼ਾ ਵਿਚ ਹੁੰਦੀ ਸੀ, ਪਰ ਸਰਕਾਰੀ ਕਾਰਵਾਈ ਫਾਰਸੀ ਭਾਸ਼ਾ ਵਿਚ ਲਿਖੀ ਜਾਂਦੀ ਸੀ। ਦੀਵਾਨ ਮੁਹਕਮ ਚੰਦ, ਦੀਵਾਨ ਮੋਤੀ ਰਾਮ, ਫਕੀਰ ਅਜ਼ੀਜ਼-ਉਦ-ਦੀਨ, ਨੂਰ-ਉਦ-ਦੀਨ, ਇਮਾਮ-ਉਦ-ਦੀਨ, ਹਰੀ ਸਿੰਘ ਨਲਵਾ, ਸ਼ਾਮ ਸਿੰਘ ਅਟਾਰੀ-ਵਾਲਾ, ਦੇਸਾ ਸਿੰਘ ਮਜੀਠਾ, ਲਹਿਣਾ ਸਿੰਘ, ਰਾਜਾ ਸਿੰਘ, ਰਾਜਾ ਧਿਆਨ ਸਿੰਘ, ਰਾਜਾ ਗੁਲਾਬ ਸਿੰਘ ਅਤੇ ਰਾਜਾ ਸੁਚੇਤ ਸਿੰਘ ਉਸ ਦੇ ਅਹਿਮ ਦਰਬਾਰੀ ਸਨ। ਇਸ ਤੋਂ ਇਲਾਵਾ

ਵੈਨਤੂਰਾ, ਐਲਾਰਡ ਅਤੇ ਅਬੀਤਬੇਲ ਵਰਗੇ ਵਿਸ਼ਵਾਸੀ ਅਤੇ ਉਘੇ ਯੂਰਪੀ ਜਰਨੈਲ ਵੀ ਮਹਾਰਾਜੇ ਦੇ ਦਰਬਾਰ ਵਿਚ ਹਿੱਸਾ ਲੈਂਦੇ ਸਨ।

ਸਿਧਾਂਤਕ ਤੌਰ ਤੇ ਰਣਜੀਤ ਸਿੰਘ ਇਕ ਸੰਪੂਰਨ ਹੁਕਮਰਾਨ ਸੀ। ਪਰ ਉਹ ਹਮੇਸ਼ਾਂ ਆਪਣੇ ਮੰਤਰੀਆਂ ਦੀ ਸਲਾਹ ਲੈਂਦੇ ਸਨ ਅਤੇ ਬਹੁਤ ਸਾਰੇ ਪ੍ਰਸ਼ਾਸਕੀ ਕੰਮਾਂ ਵਿਚ ਉਹਨਾਂ ਦੀ ਸਲਾਹ ਦੀ ਕਦਰ ਵੀ ਕਰਦੇ ਸਨ। ਉਹਨਾਂ ਨੇ ਅੰਮ੍ਰਿਤਸਰ ਦੀ ਸੰਧੀ ਅਜ਼ੀਜ਼-ਉਦ-ਦੀਨ ਦੀ ਸਲਾਹ ਤੇ ਹੀ ਕੀਤੀ। ਮਹਾਰਾਜਾ ਆਪਣੇ ਆਪ ਨੂੰ ਹਮੇਸ਼ਾਂ 'ਖਾਲਸੇ' ਦਾ ਸੇਵਕ ਸਮਝਦੇ ਸਨ ਅਤੇ ਉਹਨਾਂ ਨੇ ਆਪਣੀ ਸਰਕਾਰ ਨੂੰ 'ਸਰਕਾਰ-ਏ-ਖਾਲਸਾ ਜੀ' ਦਾ ਨਾਂ ਦਿਤਾ। ਉਹਨਾਂ ਦੀ ਸਰਕਾਰੀ ਮੋਹਰ ਉਤੇ 'ਅਕਾਲ ਸਹਾਏ' (ਪਰਮਾਤਮਾ ਸਾਡੀ ਮਦਦ ਕਰੇ) ਉਕਰਿਆ ਹੋਇਆ ਸੀ। ਇਸ ਤੋਂ ਇਲਾਵਾ ਉਹਨਾਂ ਨੇ ਆਪਣੇ ਸਿੱਕੇ ਵੀ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਵਾਂ ਤੇ ਚਲਾਏ। ਉਹ ਆਪਣੇ ਰਾਜ ਵਿਚ ਇਨਸਾਫ ਪਸੰਦ ਹੁਕਮਰਾਨ ਸਨ ਅਤੇ ਇਨਸਾਫ ਕਰਨਾ ਆਪਣਾ ਧਰਮ ਸਮਝਦੇ ਸਨ। ਮੁਆਫੀ ਦੇਣ ਦਾ ਅਧਿਕਾਰ ਵੀ ਉਹਨਾਂ ਦੇ ਆਪਣੇ ਪਾਸ ਹੀ ਸੀ।

—o—

ਮਹਾਰਾਜਾ ਰਣਜੀਤ ਸਿੰਘ
ਇਕ ਅਦੁੱਤੀ ਸ਼ਖਸੀਅਤ


—ਪ੍ਰਯਾਗ ਨਾਰਾਇਣ ਤ੍ਰਿਪਾਠੀ

ਦੋ ਸਦੀਆਂ ਪਹਿਲਾਂ ਪੰਜਾਬ ਦੀ ਧਰਤੀ ਤੇ ਜਨਮੇ ਦੇਸ਼ ਦੇ ਮਹਾਨ ਸਪੂਤ, ਮਹਾਰਾਜਾ ਰਣਜੀਤ ਸਿੰਘ ਸਯੋਗ ਪ੍ਰਸ਼ਾਸਕ, ਮਹਾਨ ਯੋਧਾ, ਧਰਮ ਨਿਰਪੱਖ ਸ਼ਾਸਕ ਅਤੇ ਮਾਨਵਤਾ ਦੇ ਗੁਣਾਂ ਨਾਲ ਪਰੀਪੂਰਣ ਸ਼ਖਸੀਅਤ ਦੇ ਰੂਪ ਵਿਚ ਸਦਾ ਯਾਦ ਕੀਤੇ ਜਾਣਗੇ। ਉਹਨਾਂ ਦੇ ਮਰਦਊ-ਪਣੇ ਦੀ ਛਾਪ ਭਾਰਤੀ ਇਤਿਹਾਸ ਤੇ ਅੰਕਿਤ ਹੋ ਚੁਕੀ ਹੈ।

ਪੰਜਾਬ ਦੀਆਂ ਇਹਨਾਂ ਸਫਲਤਾਵਾਂ ਦੀ ਨੀਂਹ ਲਗਪਗ 500 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਚਿੰਤਨ ਨੇ ਅਤੇ ਮਗਰੋਂ ਸਿੱਖਾਂ ਦੇ ਗੌਰਵਮਈ ਸਰਦਾਰ, ਮਹਾਰਾਜਾ ਰਣਜੀਤ ਸਿੰਘ ਨੇ ਰੱਖੀ ਸੀ। 13 ਨਵੰਬਰ, 1780 ਨੂੰ ਗੁਜਰਾਂਵਾਲਾ ਵਿਚ ਜਨਮੇ ਰਣਜੀਤ ਸਿੰਘ 10 ਸਾਲ ਦੀ ਉਮਰ ਵਿਚ ਹੀ ਆਪਣੇ ਪਿਤਾ ਦੇ ਨਾਲ ਭਿੰਨ ਭਿੰਨ ਸੈਨਿਕ ਦੌਰਿਆਂ ਤੇ ਜਾਣ ਲਗ ਪਏ ਸਨ। 12 ਸਾਲ ਦੀ ਉਮਰ ਵਿਚ ਪਿਤਾ ਦਾ ਸਵਰਗਵਾਸ ਹੋ ਜਾਣ ਤੇ ਸਾਰੀ ਜ਼ਿੰਮੇਵਾਰੀ ਉਹਨਾਂ ਦੇ ਮੋਢਿਆਂ ਤੇ ਆ ਪਈ ਜਿਸ ਨੂੰ ਉਹਨਾਂ ਨੇ ਪੂਰੀ ਤਰ੍ਹਾਂ ਨਿਭਾਇਆ। 19ਵਾਂ ਸਾਲ ਲਗਦੇ ਹੀ ਉਹਨਾਂ ਨੇ ਲਾਹੌਰ ਤੇ ਕਬਜ਼ਾ ਕਰਕੇ 19ਵੀਂ ਸਦੀ ਦੇ ਅਰੰਭ ਵਿਚ ਸਾਰੇ ਭਾਰਤ ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਤੋਂ ਬਾਅਦ ਸੁਤੰਤਰ ਪੰਜਾਬ ਵਿਚ ਆਪਣੇ ਸ਼ਕਤੀਸ਼ਾਲੀ ਅਤੇ ਸੁਤੰਤਰ ਰਾਜ ਦੀ ਨੀਂਹ ਰਖੀ।

ਰਣਜੀਤ ਸਿੰਘ ਤੋਂ ਪਹਿਲਾਂ ਪੰਜਾਬ ਦੇ ਅਨੇਕ ਇਲਾਕੇ ਸਿੱਖਾਂ ਦੀਆਂ ਅੜ ਅੜ ਮਿਸਲਾਂ ਦੇ ਅਧੀਨ ਸਨ, ਜਿਹਨਾਂ ਵਿਚ ਕੋਈ ਆਪਸੀ ਮੇਲ-ਜੋਲ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ 1792 ਵਿਚ ਆਪਣੇ ਪਿਤਾ ਦੀ ਮਿਸਲ ਦੇ ਮੁਖੀਆ ਬਣੇ ਅਤੇ ਅਗਲੇ 6 ਸਾਲਾਂ ਵਿਚ ਉਹਨਾਂ ਨੇ ਸਤਲੁਜ ਦੇ ਪੱਛਮ ਦੀਆਂ ਸਾਰੀਆਂ ਸਿੱਖ ਮਿਸਲਾਂ ਨੂੰ ਏਕਤਾ ਦੀ ਮਾਲਾ ਵਿਚ ਪਰੋ ਦਿੱਤਾ ਅਤੇ ਅਫ਼ਗਾਨ ਸ਼ਾਸਕ ਸ਼ਾਹ ਜ਼ਮਾਨ ਦੇ ਧਾਵੇ ਨੂੰ ਅਸਫਲ ਕਰ ਦਿਤਾ। 1801 ਵਿਚ ਸਾਰੀਆਂ ਮਿਸਲਾਂ ਨੇ ਉਹਨਾਂ ਨੂੰ ਆਪਣਾ ਅਤੇ ਪੰਜਾਬ ਦਾ 'ਮਹਾਰਾਜਾ' ਪਰਵਾਨ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਇਸ ਤੋਂ ਪਿਛੋਂ ਪਿਸ਼ਾਵਰ, ਮੁਲਤਾਨ, ਕਾਂਗੜਾ, ਕਸ਼ਮੀਰ ਅਤੇ ਅਨੇਕ ਪ੍ਰਦੇਸ਼ ਆਪਣੇ ਰਾਜ ਵਿਚ ਮਿਲਾ ਲਏ।

ਜਿਹਨਾਂ ਸਫਲਤਾਵਾਂ ਲਈ ਮਹਾਰਾਜਾ ਰਣਜੀਤ ਸਿੰਘ ਨੂੰ ਵਿਸ਼ੇਸ਼ ਰੂਪ ਨਾਲ ਯਾਦ



ਕੀਤਾ ਜਾਵੇਗਾ ਉਹਨਾਂ ਵਿਚ ਮੁੱਖ ਇਹ ਹਨ ਕਿ ਆਪਣੇ ਸ਼ਾਸਨ ਕਾਲ ਵਿਚ ਉਹਨਾਂ ਨੇ ਆਪਣੀ ਦੂਰ ਤਕ ਫੈਲੀ ਸਲਤਨਤ ਦੀ ਪਰਜਾ ਨੂੰ ਇਕ ਨਿਆਂਪ੍ਰੇਮੀ, ਲੋਕਤੰਤਰੀ ਅਤੇ ਯੋਗ ਸ਼ਾਸਕ ਦੇ ਰੂਪ ਵਿਚ ਸੰਤੋਖ ਅਤੇ ਖੁਸ਼ਹਾਲੀ ਪ੍ਰਦਾਨ ਕੀਤੀ। ਰਾਜਨੀਤਕ ਦ੍ਰਿਸ਼ਟੀਕੋਣ ਤੋਂ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਧਰਮ ਦਾ ਧਾਰਨੀ ਹੁੰਦੇ ਹੋਏ ਵੀ ਰਾਜ ਦੇ ਖੇਤਰ ਵਿਚ ਸਾਰੇ ਧਰਮਾਂ ਦਾ ਸਮਾਨ ਰੂਪ ਨਾਲ ਸਨਮਾਨ ਕੀਤਾ ਅਤੇ ਯੋਗਤਾ ਦਾ ਆਦਰ ਕੀਤਾ। ਉਹਨਾਂ ਦੇ ਦਰਬਾਰ ਅਤੇ ਰਾਜ ਵਿਚ ਸਰਵਉੱਚ ਪਦਵੀਆਂ ਸਭਨਾਂ ਲਈ ਪ੍ਰਾਪਤ ਸਨ। ਉਹਨਾਂ ਦੇ ਸਭ ਤੋਂ ਵਧੀਕ ਵਿਸ਼ਵਾਸ਼ਪਾਤਰ ਮੰਤਰੀ ਸਨ—ਫਕੀਰ ਅਜ਼ੀਜ਼ੁਦੀਨ, ਜਿਹਨਾਂ ਨੇ ਜੀਵਨ ਭਰ ਮਹਾ-ਰਾਜਾ ਸਾਹਿਬ ਦੀ ਵਫਾਦਾਰੀ ਨਾਲ ਸੇਵਾ ਕੀਤੀ। ਡੋਗਰਾ ਰਾਜਾ ਧਿਆਨ ਸਿੰਘ ਆਪਣੀ ਪ੍ਰਤਿਭਾ ਅਤੇ ਸਵਾਮੀ ਭਗਤੀ ਦੇ ਨਾਤੇ ਪ੍ਰਧਾਨ ਮੰਤਰੀ ਪਦ ਤਕ ਪਹੁੰਚੇ। ਮੇਰਠ ਦਾ ਇਕ ਬ੍ਰਾਹਮਣ ਜਮਾਂਦਾਰ ਖੁਸ਼ਹਾਲ ਸਿੰਘ ਵੀ ਇਸੇ ਤਰ੍ਹਾਂ ਆਪਣੇ ਗੁਣਾਂ ਦੇ ਕਾਰਨ ਉੱਚ ਪਦਾਂ ਤੇ ਪੁੱਜਾ। ਕਈ ਯੂਰਪੀਆਂ ਨੂੰ ਵੀ ਮਹਾਰਾਜਾ ਦੇ ਦਰਬਾਰ ਅਤੇ ਸ਼ਾਸਨ ਵਿਚ ਪ੍ਰਮੁੱਖ ਸਥਾਨ ਮਿਲਿਆ। ਵੈਨਤੂਰਾ ਜੋ ਇਟਲੀ ਵਾਸੀ ਸੀ, ਉਹਨਾਂ ਦਾ ਪ੍ਰਧਾਨ ਸੈਨਾਪਤੀ ਬਣਿਆ। ਇਸ ਤਰ੍ਹਾਂ ਜਿਥੋਂ ਤਕ ਸ਼ਾਸਨ ਦੇ ਖੇਤਰ ਦਾ ਸੰਬੰਧ ਸੀ ਹਿੰਦੂ, ਮੁਸਲਮਾਨ, ਈਸਾਈ, ਸਿੱਖ ਸਭਨਾਂ ਲਈ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸਮਾਨ ਅਵਸਰ ਪ੍ਰਾਪਤ ਸਨ। ਅਸਲ ਵਿਚ ਭਾਰਤ ਵਿਚ ਉਹ ਧਰਮ ਨਿਰਪੱਖ ਰਾਜਨੀਤਕ ਪ੍ਰਬੰਧ ਦਾ ਇਕ ਮੁਢਲਾ ਪਰੰਤੂ ਬਹੁਤ ਹੀ ਸਫਲ ਪ੍ਰਯੋਗ ਸੀ।

ਆਪਣੀ ਜਨਤਾ ਦੀ ਆਰਥਿਕ ਦਸ਼ਾ ਸੁਧਾਰਨ ਲਈ ਮਹਾਰਾਜਾ ਰਣਜੀਤ ਸਿੰਘ ਨੇ ਜੋ ਮਹੱਤਵਪੂਰਣ ਯਤਨ ਕੀਤੇ, ਉਹਨਾਂ ਲਈ ਦੇਸ਼ ਸਦਾ ਉਹਨਾਂ ਦਾ ਦੇਣਦਾਰ ਰਹੇਗਾ। ਪੰਜਾਬ ਵਿਸ਼ੇਸ਼ ਰੂਪ ਨਾਲ ਕਿਸਾਨ ਸੂਬਾ ਹੈ। ਇਸ ਲਈ ਆਪਣਾ ਰਾਜ ਸਥਾਪਤ ਕਰਨ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਕਿਸਾਨਾਂ ਦੀ ਹਾਲਤ ਸੁਧਾਰਨ ਵਲ ਸਭ ਤੋਂ ਜ਼ਿਆਦਾ ਧਿਆਨ ਦਿਤਾ। ਇਹ ਸੁਭਾਵਕ ਵੀ ਸੀ, ਕਿਉਂਕਿ ਉਹ ਖੁਦ ਇਕ ਆਮ ਕਿਸਾਨ ਪਰਿਵਾਰ ਵਿਚੋਂ ਸਨ ਅਤੇ ਕਿਸਾਨਾਂ ਦੀ ਦਸ਼ਾ ਤੋਂ ਜਾਣੂ ਸਨ। ਸੰਭਵ ਹੈ ਕਿ ਉਹ ਭਾਰਤ ਦੇ ਪਹਿਲੇ ਅਜਿਹੇ ਸ਼ਾਸਕ ਸਨ ਜਿਹਨਾਂ ਨੇ ਕਾਸ਼ਤ ਕਰਨ ਵਾਲਿਆਂ ਨੂੰ ਜ਼ਮੀਨ ਦੀ ਮਲਕੀਅਤ ਦੇ ਹੱਕ ਦੇਣ ਦੇ ਸਿਧਾਂਤ ਨੂੰ ਲਾਗੂ ਕੀਤਾ। ਇਸ ਦੇ ਨਾਲ ਹੀ ਵਿਚੋਲਿਆਂ ਦੀ ਜਗ੍ਹਾ ਲਗਾਣ ਦੀ ਵਸੂਲੀ ਸਿੱਧ ਕਿਸਾਨਾਂ ਤੋਂ ਹੋਣ ਲੱਗੀ। ਖੂਹਾਂ ਦੀ ਮਲਕੀਅਤ ਵੀ ਪਹਿਲੀ ਵਾਰ ਕਿਸਾਨਾਂ ਨੂੰ ਪ੍ਰਾਪਤ ਹੋਈ। ਅਜ ਕਲ ਭਾਵੇਂ ਇਹ ਸੁਧਾਰ ਆਮ ਜਿਹੇ ਲਗਣ ਪਰੰਤੂ 18ਵੀਂ ਸਦੀ ਦੇ ਅੰਤ ਵਿਚ ਜਦੋਂ ਕਿ ਸਾਮੰਤੀ ਰਾਜ ਦਾ ਬੋਲਬਾਲਾ ਸੀ, ਇਹ ਕ੍ਰਾਂਤੀਕਾਰੀ ਸੁਧਾਰ ਹੀ ਕਹੇ ਜਾਣਗੇ। ਇਹਨਾਂ ਨਾਲ ਹੀ ਪੰਜਾਬ ਸਮਾਂ ਪਾ ਕੇ ਦੇਸ਼ ਵਿਚ ਅਨਾਜ ਭੰਡਾਰ ਦਾ ਖੇਤਰ ਕਹਾ-ਉਣ ਲੱਗਿਆ।

ਉਦਯੋਗੀ ਧੰਦਿਆਂ ਨੂੰ ਉਤਸ਼ਾਹ ਦੇਣ ਲਈ ਵੀ ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਕੰਮ ਕੀਤੇ। ਮੁਲਤਾਨ ਦੇ ਰੇਸ਼ਮ ਉਦਯੋਗ, ਕਸ਼ਮੀਰ ਦੇ ਪਸ਼ਮੀਨਾ ਅਤੇ ਸ਼ਾਲ ਉਦਯੋਗ,

ਅੰਮ੍ਰਿਤਸਰ ਦੇ ਫੁਲਕਾਰੀ ਉਦਯੋਗ ਅਤੇ ਚੰਬਾ ਤੇ ਕਸੂਰ ਦੇ ਚੱਪਲ ਉਦਯੋਗ ਨੂੰ ਮਹਾਰਾਜਾ ਦੇ ਸ਼ਾਸਨ ਕਾਲ ਵਿਚ ਵਿਸ਼ੇਸ਼ ਉਤਸਾਹ ਮਿਲਿਆ। ਇਸ ਨਾਲ ਜਿਥੇ ਆਮ ਜਨਤਾ ਨੂੰ ਰਾਹਤ ਮਿਲੀ, ਉਥੇ ਰਾਜ ਨੂੰ ਵੀ ਆਪਣੀ ਮਾਲੀ ਹਾਲਤ ਸੁਧਾਰਨ ਦਾ ਮੌਕਾ ਪ੍ਰਾਪਤ ਹੋਇਆ।

ਕਿਸੇ ਵੀ ਪ੍ਰਸ਼ਾਸਨ ਦੀ ਚੰਗਿਆਈ ਦੀ ਕਸੌਟੀ ਇਹ ਮੰਨੀ ਜਾਂਦੀ ਹੈ ਕਿ ਹਾਕਮ ਕਿਸ ਹੱਦ ਤਕ ਨਿਆਂ-ਪ੍ਰੀਯਤਾ ਨੂੰ ਅਪਨਾਉਂਦਾ ਹੈ। ਨਿਆਂ ਦਾ ਸ਼ਾਸਨ ਅਸਲ ਵਿਚ ਅੱਜ ਦੇ ਪ੍ਰਗਤੀਸ਼ੀਲ ਲੋਕਤੰਤਰ ਦੀ ਬੁਨਿਆਦ ਹੈ। ਮਹਾਰਾਜਾ ਰਣਜੀਤ ਸਿੰਘ ਨੇ ਨਿਆਂਪੂਰਵਕ ਸ਼ਾਸਨ ਕਰਨ ਦੇ ਜਿਹੜੇ ਉਦਾਹਰਨ ਪੇਸ਼ ਕੀਤੇ ਉਹ ਉਹਨਾਂ ਤੋਂ ਪਹਿਲਾਂ ਦੇ ਸ਼ਾਸਕਾਂ ਵਿਚ ਵਿਸ਼ੇਸ਼ ਕਰਕੇ ਅੰਗਰੇਜ਼ੀ ਹਕੂਮਤ ਦੇ ਜ਼ਮਾਨੇ ਵਿਚ ਨਹੀਂ ਮਿਲਦੇ। ਮਹਾਰਾਜਾ ਨੇ ਲਾਹੌਰ ਕੋਤਵਾਲ ਨੂੰ ਲਿਖਤੀ ਅਧਿਕਾਰ ਦਿਤਾ ਹੋਇਆ ਸੀ ਕਿ ਜੇ ਮੈਂ ਆਪ ਰਾਜ ਦਾ ਪ੍ਰਮੁੱਖ ਦੋਸ਼ੀ ਪਾਇਆ ਜਾਵਾਂ ਤਾਂ ਮੇਰੇ ਵਿਰੁੱਧ ਵੀ ਕਾਰਵਾਈ ਕਰਨ ਤੋਂ ਨਾ ਝਿਜਕੇ।

ਇਕ ਵਾਰੀ ਜਦ ਉਹਨਾਂ ਦੇ ਇਕ ਬਹੁਤ ਹੀ ਪਿਆਰੇ ਸਰਦਾਰ ਹਰੀ ਸਿੰਘ ਨਲੂਵਾ ਬਾਰੇ ਉਹਨਾਂ ਨੂੰ ਪਤਾ ਚਲਿਆ ਕਿ ਉਹ ਨਿਰਧਾਰਤ ਗਿਣਤੀ ਤੋਂ ਘਟ ਸੈਨਕਾਂ ਨੂੰ ਰਖ ਰਹੇ ਹਨ ਅਤੇ ਫੇਰ ਵੀ ਉਹਨਾਂ ਲਈ ਪੂਰੀਆਂ ਤਨਖਾਹਾਂ ਖਜ਼ਾਨੇ ਤੋਂ ਪ੍ਰਾਪਤ ਕਰ ਰਹੇ ਹਨ, ਤਾਂ ਸਰਦਾਰ ਨਲਵਾ ਦੀ ਜਾਇਦਾਦ ਨੂੰ ਜ਼ਬਤ ਕਰਨ ਦਾ ਹੁਕਮ ਦਿਤਾ ਗਿਆ। ਇਸੇ ਤਰ੍ਹਾਂ ਜਦੋਂ ਇਕ ਮੌਕੇ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਚਲਿਆ ਕਿ ਬਹੁਤ ਸਾਰੇ ਸੈਨਿਕ ਆਪਣੇ ਹਿੱਸੇ ਦਾ ਇਕ ਸੇਰ ਰਾਸ਼ਨ ਖਾਣ ਦੀ ਬਜਾਏ ਵੇਚ ਦਿੰਦੇ ਹਨ, ਤਾਂ ਮਹਾਰਾਜਾ ਨੇ ਤੁਰੰਤ ਰਾਸ਼ਨ ਦੀ ਮਾਤਰਾ ਘਟਾ ਕੇ ਅੱਧੀ ਕਰ ਦਿਤੀ ਅਤੇ ਚੌਕਸੀ ਵਧਾ ਦਿਤੀ, ਜਿਸ ਨਾਲ ਰਾਸ਼ਨ ਦਾ ਦੁਰਉਪਯੋਗ ਨਾ ਹੋਵੇ।

ਮਹਾਰਾਜਾ ਰਣਜੀਤ ਸਿੰਘ ਆਪਣੇ ਸਮੇਂ ਦੇ ਪਰਿਵਰਤਨਾਂ ਪ੍ਰਤੀ ਵੀ ਸਾਵਧਾਨ ਸਨ। ਉਹਨਾਂ ਨੇ ਅਨੇਕ ਨਵੀਆਂ ਖੋਜਾਂ ਨੂੰ ਅਪਣਾਇਆ। ਅੰਗਰੇਜ਼ਾਂ ਦੀ ਸਲਾਹ ਨਾਲ, ਜੋ ਮਹਾਰਾਜਾ ਦੀ ਸ਼ਕਤੀ ਦੀ ਸ਼ਾਸਨ ਕੁਸ਼ਲਤਾ ਦੇ ਕਾਰਨ ਉਹਨਾਂ ਦੇ ਮਿੱਤਰ ਬਣ ਗਏ ਸਨ, ਅੰਮ੍ਰਿਤਸਰ ਵਿਚ ਇਕ ਛਾਪਾਖਾਨਾ ਖੋਲ੍ਹਿਆ। ਉਹਨਾਂ ਨੇ ਆਪਣੀ ਸੈਨਾ ਨੂੰ ਆਧੁਨਿਕ ਸ਼ਸਤਰ-ਅਸਤਰਾਂ ਨਾਲ ਸੁਸੱਜਿਤ ਕੀਤਾ, ਪਰੰਤੂ ਉਹਨਾਂ ਪੁਰਾਣੇ ਹਥਿਆਰਾਂ ਨੂੰ ਨਹੀਂ ਤਿਆਗਿਆ ਜੋ ਪੰਜਾਬੀ ਸੂਰਮਿਆਂ ਦੀ ਪ੍ਰਤਿਭਾ ਦੇ ਅਨੁਕੂਲ ਬੈਠਦੇ ਸਨ। ਆਪਣੇ ਇਤਾਲਵੀ ਸੈਨਾਪਤੀ ਵੈਂਤੂਰਾ ਨੂੰ ਉਹਨਾਂ ਨੇ ਪ੍ਰੇਰਤ ਕਰਕੇ ਪੰਜਾਬ ਦੀ ਭਿਆਨਕ ਗਰਮੀ ਵਿਚ ਵੀ ਪਾਣੀ ਨੂੰ ਠੰਢਾ ਰਖਣ ਦਾ ਯੰਤਰ ਬਣਵਾਇਆ।

ਮਹਾਰਾਜਾ ਰਣਜੀਤ ਸਿਘ ਆਪਣੀ ਪਰਜਾ ਨੂੰ ਵੀ ਨਵੇਂ ਨਵੇਂ ਕੰਮਾਂ ਲਈ ਉਤ-ਸ਼ਾਹਤ ਕਰਦੇ ਰਹਿੰਦੇ ਸਨ ਅਤੇ ਇਸ ਲਈ ਇਨਾਮ ਵੀ ਦਿੰਦੇ ਸਨ। ਤਲਵਾਰ ਦੇ ਮੁਕਾਬਲੇ ਅਕਸਰ ਹੋਇਆ ਕਰਦੇ ਸਨ। ਨਿਸ਼ਾਨੇਬਾਜ਼ੀ ਅਤੇ ਤੈਰਾਕੀ ਦੇ ਮੁਕਾਬਲੇ ਵੀ ਹੁੰਦੇ ਸਨ। ਮਰ-ਦਾਨਗੀ ਦੇ ਹੋਰ ਅਨੇਕ ਖੇਡਾਂ ਰਾਹੀਂ ਮਹਾਰਾਜਾ ਰਣਜੀਤ ਸਿੰਘ ਬੱਚਿਆਂ ਦਾ ਵੀ ਮਨੋਰੰਜਨ ਕਰਦੇ ਸਨ ਅਤੇ ਉਹਨਾਂ ਵਿਚੋਂ ਹੋਣਹਾਰ ਬਹਾਦਰਾਂ ਦੀ ਵੀ ਚੋਣ ਕੀਤੀ ਜਾਂਦੀ ਸੀ।

ਇਸ ਤਰ੍ਹਾਂ ਮਹਾਰਾਜਾ ਰਣਦੀਤ ਸਿੰਘ ਨੇ ਆਪਣੇ ਲਗਪਗ 47 ਸਾਲਾਂ ਦੇ ਸ਼ਾਸਨ ਕਾਲ ਵਿਚ ਭਿੰਨ ਭਿੰਨ ਦਿਸ਼ਾਵਾਂ ਵਿਚ ਸ਼ਾਸਨ ਅਤੇ ਆਚਰਨ ਦੇ ਜੋ ਉਦਾਹਰਨ ਸਥਾਪਤ ਕੀਤੇ, ਉਹਨਾਂ ਦੇ ਕਾਰਨ ਪੰਜਾਬ ਵਿਚ ਸਾਹਸ, ਸੂਰਬੀਰਤਾ ਅਤੇ ਖੁਸ਼ਹਾਲੀ ਦੀਆਂ ਚੰਗੀਆਂ ਰੀਤਾਂ ਪਈਆਂ। ਇਹਨਾਂ ਰੀਤਾਂ ਤੇ ਚਲਦੇ ਹੋਏ ਅੱਜ ਕੇਵਲ ਪੰਜਾਬ ਹੀ ਨਹੀਂ, ਸਾਡੇ ਦੇਸ ਦੇ ਅਨੇਕ ਰਾਜ ਨਵੇਂ ਭਾਰਤ ਦੀ ਉਸਾਰੀ ਵਿਚ ਆਪਣਾ ਰਚਨਾਤਮਕ ਹਿੱਸਾ ਪਾ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਅਨੇਕ ਸ਼ਾਸਕੀ ਅਤੇ ਮਾਨਵਤਾਵਾਦੀ ਗੁਣਾਂ ਦੇ ਕਾਰਣ ਹੀ, ਉਹਨਾਂ ਦੇ ਆਲੋਚਕ ਇਤਿਹਾਸਕਾਰ ਸਰ ਲੀਪਲ ਗ੍ਰਿਫਨ ਨੂੰ ਲਿਖਣਾ ਪਿਆ ਸੀ, "ਮੁਗਲ ਸਾਮਰਾਜ ਦੇ ਵਿਨਾਸ਼ਕਾਰੀ ਤੱਤਾਂ ਵਿਚ ਜਿਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਥੋੜ੍ਹੇ ਸਮੇਂ ਵਿਚ ਲਾਹੌਰ ਦੇ ਸਿੱਖ ਸਾਮਰਾਜ ਦਾ ਪ੍ਰਸ਼ਾਸਨ ਚਲਾਇਆ, ਉਸ ਤਰ੍ਹਾਂ ਭਾਰਤ ਦਾ ਕੋਈ ਵੀ ਹੋਰ ਤਤਕਾਲੀਨ ਸ਼ਾਸਕ ਨਹੀਂ ਚਲਾ ਸਕਿਆ। ਖੁਸ਼ਵੰਤ ਸਿੰਘ ਆਪਣੀ ਪੁਸਤਕ 'ਦੀ ਸਿੱਖਸ' ਵਿਚ ਲਿਖਦੇ ਹਨ :— "ਵਿਅਕਤੀ ਦੇ ਰੂਪ ਵਿਚ ਰਣਜੀਤ ਸਿੰਘ ਵਿਚ ਕਈ ਅਜਿਹੀਆਂ ਖੂਬੀਆਂ ਸਨ ਜਿਹਨਾਂ ਨੇ ਉਸ ਨੂੰ ਜਨਤਾ ਵਿਚ ਹਰਮਨ ਪਿਆਰਾ ਬਣਾ ਦਿੱਤਾ ਸੀ। ਉਹ ਮਹਾਰਾਜਾ ਹੁੰਦੇ ਹੋਏ ਵੀ ਕਿਸਾਨ ਵਰਗ ਤੋਂ ਦੂਰ ਕਦੇ ਨਹੀਂ ਹੋਏ, ਜਿਸ ਵਿਚ ਉਹ ਜੰਮੇ ਸਨ। ਪੜ੍ਹੇ-ਲਿਖੇ ਨਾ ਹੁੰਦੇ ਹੋਏ ਵੀ ਉਹਨਾਂ ਨੇ ਤਜੱਰਬੇ ਦੀ ਪਾਠਸ਼ਾਲਾ ਵਿਚ ਬਹੁਤ ਕੁਝ ਸਿਖਿਆ ਅਤੇ ਜੀਵਨ ਨੇ ਉਹਨਾਂ ਨੂੰ ਆਪਣੇ ਸਾਥੀਆਂ-ਸੰਗੀਆਂ ਨਾਲ ਨਿਮਰਤਾ ਪੂਰਵਕ ਅਤੇ ਦਿਆਲੂ ਵਰਤਾਉ ਕਰਨ ਦੀ ਸਿਖਿਆ ਦਿੱਤੀ।"

ਕਿਸੇ ਵੀ ਧਰਮ ਨੂੰ ਮੰਨਣ ਵਾਲੇ ਪ੍ਰਤੀ ਉਹਨਾਂ ਦਾ ਵਤੀਰਾ ਨਿਮਰਤਾ ਅਤੇ ਸ਼ਰਧਾ ਵਾਲਾ ਹੁੰਦਾ ਸੀ। ਸਿੱਖਾਂ ਦਾ ਆਦਰ ਉਹ ਸਹਿਧਰਮੀਆਂ ਅਤੇ ਸਾਥੀਆਂ ਦੇ ਰੂਪ ਵਿਚ ਕਰਦੇ ਸਨ ਅਤੇ ਹੋਰਨਾਂ ਧਰਮਾਂ ਦੇ ਲੋਕਾਂ ਪ੍ਰਤੀ ਵੀ ਉਹਨਾਂ ਦੇ ਮਨ ਵਿਚ ਇੱਜ਼ਤ-ਮਾਨ ਦੀ ਭਾਵਨਾ ਹੁੰਦੀ ਸੀ, ਇਥੋਂ ਤਕ ਕਿ ਮੁਸਲਮਾਨ ਫ਼ਕੀਰਾਂ ਦੇ ਚਰਨਾਂ ਦੀ ਧੂਲ, ਉਹ ਆਪਣੇ ਸਿੰਘਾਸਨ ਤੋਂ ਉਤਰ ਕੇ ਆਪਣੀ ਸੰਘਣੀ ਲੰਬੀ ਦਾੜ੍ਹੀ ਨਾਲ ਸਾਫ ਕਰਦੇ ਸਨ।

27 ਜੂਨ, 1839 ਨੂੰ ਮਹਾਰਾਜਾ ਰਣਜੀਤ ਸਿੰਘ ਦਾ ਸਵਰਗਵਾਸ ਹੋਇਆ। ਪਰ ਉਹਨਾਂ ਦੇ ਪੂਰਨਿਆਂ ਤੇ ਚਲਦੇ ਹੋਏ ਅਜ ਵੀ ਨਵਾਂ ਪੰਜਾਬ ਅਤੇ ਨਵਾਂ ਭਾਰਤ ਪ੍ਰਗਤੀ ਵਲ ਮਜ਼ਬੂਤ ਕਦਮ ਰੱਖਦਾ ਜਾ ਰਿਹਾ ਹੈ।

—o—

ਮਹਾਰਾਜਾ ਰਣਜੀਤ ਸਿੰਘ ਦੀ ਅੰਮ੍ਰਿਤਸਰ ਨੂੰ ਦੇਣ

—ਪ੍ਰੋ: ਬਲਦੇਵ ਸਿੰਘ

ਇਤਿਹਾਸ ਦੇ ਪੰਨੇ ਗਵਾਹ ਹਨ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੀ ਧਰਤੀ ਨੂੰ ਸੁਸ਼ੋਭਿਤ ਕਰਦਿਆਂ ਹੋਇਆਂ ਸ੍ਰੀ ਅੰਮ੍ਰਿਤਸਰ ਨੂੰ ਵਿਸ਼ੇਸ਼ ਰੂਪ ਵਿਚ ਸ਼ਿੰਗਾਰਿਆ। ਸ੍ਰੀ ਅੰਮ੍ਰਿਤਸਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਪਾਠ ਦਾ ਇਕ ਅਟੁੱਟ ਅੰਗ ਬਣਨ ਤੋਂ ਪਹਿਲਾਂ ਵੱਖ-ਵੱਖ ਕਟੜਿਆਂ ਵਿਚ ਵੰਡਿਆ ਹੋਇਆ ਸੀ ਅਤੇ ਵਿਭਿੰਨ ਮਿਸਲਾ ਦੇ ਮੁਖੀ ਇਹਨਾਂ ਕਟੜਿਆਂ ਦੇ ਮਾਲਿਕ ਸਮਝੇ ਜਾਂਦੇ ਸਨ। ਮਿਸਰ ਛੱਜੂ ਮੱਲ ਦੀ ਸਹਾਇਤਾ ਨਾਲ ਸਦਾ ਕੌਰ ਕਟੜਾ ਘਨਈਆਂ ਉਤੇ, ਸਰਦਾਰ ਜੈਮਲ ਸਿੰਘ ਕਟੜਾ ਜੈਮਲ ਸਿੰਘ ਉਤੇ, ਸਰਦਾਰ ਭਾਗ ਸਿੰਘ ਬਾਘਾ ਕੱਟੜਾ ਭੰਗੀਆਂ ਉਤੇ, ਨਵਾਬ ਜੱਸਾ ਸਿੰਘ ਆਹਲੂ-ਵਾਲੀਆ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸੰਯੁਕਤ ਰੂਪ ਵਿਚ ਕੱਟੜਾ ਰਾਮਗੜ੍ਹੀਆ ਅਤੇ ਕੱਟੜਾ ਆਹਲੂਵਾਲੀਆ ਉਤੇ ਕਾਬਜ਼ ਸਨ। ਇਹਨਾਂ ਮੁਖੀਆਂ ਨੇ ਹਰਿਮੰਦਰ ਦੇ ਚੁਗਿਰਦ ਸੜਕਾਂ, ਬੁੰਗੇ ਅਤੇ ਬਾਜ਼ਾਰ ਆਦਿ ਬਣਵਾਏ।

1803 ਵਿਚ ਜੱਸਾ ਸਿੰਘ ਦੀ ਮੌਤ ਮਗਰੋਂ ਮਹਾਰਾਜਾ ਰਣਜੀਤ ਸਿੰਘ ਅਤੇ "ਰਾਮਗੜ੍ਹੀਆ-ਪ੍ਰੀਵਾਰ" ਵਿਚਕਾਰ ਅੰਮ੍ਰਿਤਸਰ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਮਿਤੱਰਤਾ-ਸੰਧੀ ਹੋਈ। ਇਸ ਦੇ ਨਾਲ ਹੀ ਸ਼ੇਰ-ਏ-ਪੰਜਾਬ ਰਾਮਗੜ੍ਹ ਦਾ ਕਿਲ੍ਹਾ ਆਪਣੀ ਫੌਜ ਨਾਲ ਆਪਣੇ ਕਬਜ਼ੇ ਵਿਚ ਕਰਨ ਵਿਚ ਸਫਲ ਹੋਏ।

ਏਸੇ ਸਾਲ ਵਿਚ ਅੰਮ੍ਰਿਤਸਰ ਸ਼ਹਿਰ ਮਹਾਰਾਜੇ ਦੇ ਰਾਜ-ਪਾਠ ਵਿਚ ਪੂਰਨ ਰੂਪ ਵਿਚ ਸ਼ਾਮਿਲ ਕਰ ਲਿਆ ਗਿਆ। ਮਹਾਰਾਜਾ ਸਾਹਿਬ ਨੇ ਅੰਮ੍ਰਿਤਸਰ ਦੀ ਸਭਿਆਚਾਰਕ, ਆਰਥਿਕ ਅਤੇ ਰਾਜਨੀਤਕ ਉੱਨਤੀ ਲਈ ਕਈ ਠੋਸ ਕਦਮ ਉਠਾਏ। ਇਹ ਆਪ ਜੀ ਦੀ ਸਿਰਤੋੜ ਮਿਹਨਤ ਅਤੇ ਲਗਨ ਦਾ ਹੀ ਸਿੱਟਾ ਸੀ ਕਿ ਅੰਮ੍ਰਿਤਸਰ ਪੰਜਾਬ ਦੀ ਅਧਿਆਤਮਕ ਰਾਜਧਾਨੀ ਬਣ ਗਿਆ ਅਤੇ ਵਿਉਪਾਰਕ ਅਤੇ ਸਭਿਆਚਾਰਕ ਪੱਖੋਂ ਵੀ ਪਿਛੇ ਨਹੀਂ ਰਿਹਾ। ਇਸ ਸਭ ਕੁਝ ਦਾ ਸਿਹਰਾ ਨਿਰਸੰਦੇਹ ਸ਼ੇਰ-ਏ-ਪੰਜਾਬ ਦੇ ਸਿਰ ਉਤੇ ਹੈ। ਭਾਵੇਂ ਲਾਹੌਰ ਪੰਜਾਬ ਦੀ ਰਾਜਨੀਤਕ ਰਾਜਧਾਨੀ ਬਣੀ ਰਹੀ, ਪਰ ਮਹਾਰਾਜੇ ਨੇ ਲਾਹੌਰ ਦੇ ਅਨੇਕਾਂ ਪਤਵੰਤਿਆਂ ਅਤੇ ਵਿਉਪਾਰੀਆਂ ਨੂੰ ਅੰਮ੍ਰਿਤਸਰ ਵਿਚ ਸਥਾਪਿਤ ਹੋਣ ਲਈ ਪ੍ਰੇਰਿਤ ਕੀਤਾ। ਆਪ ਨੇ ਭਾਰੀ



ਰਕਮਾਂ ਖਰਚ ਕਰ ਕੇ ਅੰਮ੍ਰਿਤਸਰ ਵਿਚ ਅਨੇਕਾਂ ਸੁੰਦਰ ਭਵਨ ਅਤੇ ਇਮਾਰਤਾਂ ਬਣਵਾਈਆ ।

ਸ੍ਰੀ ਹਰਿਮੰਦਰ ਸਾਹਿਬ, ਜਿਵੇਂ ਕਿ ਆਪਣੇ ਅਜੋਕੀ ਛਬੀ ਤੇ ਸੁਨਹਿਰੀ ਝਿਲਮਿਲਾਹਟ ਨਾਲ ਯਾਤਰੂਆਂ ਦਾ ਮਨ ਮੋਂਹਦਾ ਹੈ, ਮੁੱਖ ਤੌਰ ਤੇ ਮਹਾਰਾਜ਼ਾ ਸਾਹਿਬ ਦੀ ਹੀ "ਦੇਣ" ਹੈ । ਆਪ ਨੇ ਹਰਿਮੰਦਰ ਸਾਹਿਬ ਦੀ ਕਾਰੀਗਰੀ ਅਤੇ ਨੁਹਾਰ ਨੂੰ ਦੁਬਾਰਾ ਵਿਉਂਤਬੰਦ ਕਰਨ ਦੇ ਆਦੇਸ਼ ਦਿੱਤੇ । ਆਪ ਨੇ ਹਰਿਮੰਦਰ ਸਾਹਿਬ ਨੂੰ ਕਲਾਤਮਕ ਢੰਗ ਨਾਲ ਸਜਾਉਣ ਵਿਚ ਵੀ ਡੂੰਘੀ ਦਿਲਚਸਪੀ ਲਈ । ਇਸ ਕਾਰਜ ਲਈ ਸ਼ੇਰ-ਏ-ਪੰਜਾਬ ਨੇ 1803 ਵਿਚ 500,000 ਰੁਪਏ ਦੀ ਸਹਾਇਤਾ ਦਿਤੀ ਅਤੇ ਚਨਿਉਟ (ਹੁਣ ਪਾਕਿਸਤਾਨ ਵਿਚ) ਵਿਚੋਂ ਮੁਸਲਮਾਨ ਆਰਕੀਟੈਕਟਾਂ, ਰਾਜਾਂ ਅਤੇ ਲਕੜੀ ਦਾ ਸੁੰਦਰ ਖੁਦਾਈ-ਕੰਮ ਕਰਨ ਵਾਲਿਆਂ ਨੂੰ ਸੱਦਾ ਦਿਤਾ । ਯਾਰ ਮੁਹੰਮਦ ਖਾਂ ਮਿਸਤਰੀ, 1830 ਵਿਚ ਹਰਿਮੰਦਰ ਸਾਹਿਬ ਦੇ ਸੁਨਹਿਰੀ-ਕਰਨ ਦੇ ਕਾਰਜ ਲਈ ਤਕਨੀਕੀ ਵਿਸ਼ੇਸ਼ਗ ਸਨ ।

ਇਹਨਾਂ ਸਾਰਿਆਂ ਵਿਸ਼ੇਸ਼ਗਿਆਂ ਦੀ ਲਾਹੌਰੀ ਗੇਟ ਦੇ ਅੰਦਰ ਸਥਿਤ ਚਨਿਉਟੀਆਂ ਵਾਲੀ ਹਵੇਲੀ ਵਿਚ ਰਿਹਾਇਸ਼-ਗਾਹ ਨੀਯਤ ਕੀਤੀ ਗਈ । 1947 ਦੇ ਫਸਾਦਾਂ ਵਿਚ ਇਸ ਹਵੇਲੀ ਦਾ ਨਾਮ-ਨਿਸ਼ਾਨ ਮਿਟ ਗਿਆ । ਹਰਿਮੰਦਰ ਸਾਹਿਬ ਦੀ ਸਮੁੱਚੀ ਨੱਕਾਸ਼ੀ ਅਤੇ ਜੜਤ-ਕਾਰੀ ਦਾ ਕੰਮ ਇਹਨਾਂ ਕਾਰੀਗਰਾਂ ਦੇ ਮੁਖ ਆਰਕੀਟੈਕਟ ਬਦਰੂ ਮੋਹੀ-ਉੱਦੀਨ ਦੀ ਨਿਗਰਾਨੀ ਅਧੀਨ ਹੋਇਆ । 1839 ਵਿਚ ਸ਼ੇਰੇ-ਏ-ਪੰਜਾਬ ਦੀ ਮੌਤ ਮਗਰੋਂ ਇਸ ਅਰੰਭੇ ਹੋਏ



ਕੰਮ ਨੂੰ ਸਮਾਪਤ ਕਰਨ ਦੀ ਜ਼ਿੰਮੇਵਾਰੀ ਤਿੰਨ ਸਿੱਖ ਸਜਣਾਂ—ਭਗਵਾਨ ਸਿੰਘ ਜਮਾਂਦਾਰ, ਮੰਗਲ ਸਿੰਘ ਰਾਮਗੜ੍ਹੀਆ ਅਤੇ ਰਾਏ ਬਹਾਦਰ ਕਲਿਆਣ ਸਿੰਘ ਦੇ ਮੋਢਿਆਂ ਉਪਰ ਆ ਪਈ। ਮੁਸਲਮਾਨ ਕਾਰੀਗਰਾਂ ਦੇ ਵਾਪਿਸ ਚਲੇ ਜਾਣ ਮਗਰੋਂ ਰਹਿੰਦਾ ਕੰਮ ਸਥਾਨਕ ਸਿੱਖ ਅਤੇ ਹਿੰਦੂ ਕਾਰੀਗਰਾਂ ਦੁਆਰਾ ਸੰਪੂਰਨ ਕੀਤਾ ਗਿਆ।


ਮਹਾਰਾਜਾ ਸਾਹਿਬ ਨੂੰ ਚਿਤਰ, ਸੋਨੇ ਦੇ ਘੜੇ ਜ਼ੇਵਰ ਅਤੇ ਚੰਗੇ ਵਸਤਰ ਤੁਹਫਿਆਂ ਵਿਚ ਦੇਣ ਦਾ ਬੜਾ ਸ਼ੌਂਕ ਸੀ। ਇਸ ਲਈ ਆਪ ਨੇ ਕਈ ਮੰਨੇ-ਪ੍ਰਮੰਨੇ ਕਾਰੀਗਰਾਂ, ਸੁਲਝੇ ਚਿਤ੍ਰਕਾਰਾਂ ਆਦਿ ਨੂੰ ਹਿਮਾਚਲ ਪ੍ਰਦੇਸ਼ ਦੇ ਪਹਾੜੀ ਖੇਤਰਾਂ, ਦਿੱਲੀ ਅਤੇ ਜੋਧਪੁਰ ਤੋਂ ਆਮੰਤ੍ਰਿਤ ਕੀਤਾ। ਆਪ ਦੇ ਸੱਦੇ ਉਪਰ ਕਈ ਪਹਾੜੀ ਚਿਤ੍ਰਕਾਰ ਪੰਜਾਬ ਦੇ ਮੈਦਾਨਾਂ ਵਿਚ ਰਹਿਣ ਲਈ ਆਏ। ਇਹਨਾ ਵਿਚੋਂ ਖਰਖੂ, ਜੀਵਨ ਰਾਮ ਅਤੇ ਹੱਸਨ-ਅਲ-ਦੀਨ ਦੇ ਨਾਮ ਪ੍ਰਸਿਧ ਹਨ। ਪਹਾੜੀ ਚਿਤਰਕਾਰਾਂ ਦੇ ਆਉਣ ਨਾਲ ਪਹਾੜੀ ਲੋਕ-ਗੀਤ ਅਤੇ ਪਹਾੜੀ ਭੋਜਨ ਵੀ ਆਏ।

ਸ੍ਰੀ ਅੰਮ੍ਰਿਤਸਰ ਆਉਣ ਵਾਲੇ ਯਾਤਰੀਆਂ ਲਈ ਇਹ ਸਾਰੀਆਂ ਸਹੂਲਤਾਂ ਇਸ ਆਸ਼ੇ ਨਾਲ ਪ੍ਰਦਾਨ ਕੀਤੀਆਂ ਜਾਂਦੀਆਂ ਸਨ ਕਿ ਵਧ ਤੋਂ ਵਧ ਨਾਗਰਿਕ ਇਸ ਸ਼ਹਿਰ ਵਿਚ ਆ ਕੇ ਵੱਸ ਸਕਣ। ਸ਼ੇਰੇ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਸਿਆਣਪ ਅਤੇ ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਮਾਰਵਾੜੀ ਵਿਉਪਾਰੀਆਂ ਨੂੰ ਅੰਮ੍ਰਿਤਸਰ ਵਿਖੇ ਸਥਿਤ ਹੋਣ ਲਈ ਇਸੇ ਲਈ ਆਮੰਤ੍ਰਿਤ ਕੀਤਾ ਸੀ ਕਿਉਂਕਿ ਆਪ ਜਾਣਦੇ ਸਨ ਕਿ ਸਮਾਜਿਕ ਇਨਕਲਾਬ ਵਿਚ ਵਿਉਪਾਰ ਦਾ ਬਹੁਤ ਹੱਥ ਹੁੰਦਾ ਹੈ। ਇਸ ਸਬੰਧ ਵਿਚ ਸੇਠ ਰਾਧਾ ਕ੍ਰਿਸ਼ਨ ਅਤੇ ਪਦਮਾ ਪ੍ਰਕਾਸ਼ ਮਹੇਸ਼ਵਰੀ ਸੁਪ੍ਰਸਿੱਧ ਮਾਰਵਾੜੀ ਸੱਜਣ ਹੋਏ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਉੱਦਮ ਸਦਕਾ ਅੰਮ੍ਰਿਤਸਰ ਇਕ ਉੱਘਾ ਵਿਉਪਾਰਕ ਕੇਂਦਰ ਬਣ ਗਿਆ ਸੀ। ਇਕ ਵਿਉਪਾਰਕ ਗਲੀ, ਜਿਸ ਨੂੰ ਅਜ ਕਲ ਕੱਟੜਾ ਆਹਲੂਵਾਲੀਆ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਪਹਿਲਾਂ ਇਸ ਦਾ ਨਾਮ ਨੌਹਰਿਆ ਬਾਜ਼ਾਰ ਹੁੰਦਾ ਸੀ। ਇਹ ਨਾਮ ਮਾਰਵਾੜੀਆਂ ਦੀ ਪ੍ਰਸਿਧ ਬਰਾਦਰੀ ਦੇ ਨਾਮ ਪਿੱਛੇ ਰੱਖਿਆ ਗਿਆ ਸੀ। ਕਸ਼ਮੀਰੀ ਸ਼ਾਲਾਂ ਆਦਿ ਬਣਾਉਣ ਲਈ ਆਪ ਨੇ ਬਹੁਤ ਸਾਰੇ ਕਸ਼ਮੀਰੀ ਕਾਰੀਗਰਾਂ ਨੂੰ ਅੰਮ੍ਰਿਤਸਰ ਬੁਲਾਇਆ। ਇਸ ਦੇ ਨਾਲ ਹਜ਼ਾਰਾਂ ਕਸ਼ਮੀਰੀਆਂ ਨੂੰ ਦੇਬੇ ਰੋਜ਼ਗਾਰ ਮਿਲਿਆ।

ਸ਼ੇਰੇ-ਏ-ਪੰਜਾਬ ਨੇ ਨਾ ਕੇਵਲ ਵਿਉਪਾਰੀਆਂ ਆਦਿ ਨੂੰ ਅੰਮ੍ਰਿਤਸਰ ਵਿਚ ਰਹਿਣ ਲਈ ਪਰੇਰਿਆ ਸਗੋਂ ਆਪਣੇ ਦਰਬਾਰੀਆਂ ਨੂੰ ਵੀ ਅੰਮ੍ਰਿਤਸਰ ਵਿਚ ਆਪਣੀ ਰਿਹਾਇਸ਼ ਸਥਾਪਿਤ ਕਰਨ ਲਈ ਆਖਿਆ। ਵਿਉਪਾਰ ਧਰਮ, ਅਤੇ ਉਚਾਧਿਕਾਰੀਆਂ ਦੀ ਤਿਕੜੀ ਮਿਲ-ਵਰਤੋਂ ਕਾਰਨ ਅੰਮ੍ਰਿਤਸਰ ਨੂੰ ਕਲਾਤਮਕ ਬਣਾਉਣ ਵਿਚ ਬੜਾ ਯੋਗਦਾਨ ਪਾਇਆ। ਇਸ ਦੇ ਕਾਰਨ ਇਸ ਸ਼ਹਿਰ ਵਿਚ ਅਨੇਕਾਂ ਹਿੰਦੂ ਮੰਦਰ, ਸੁੰਦਰ ਹਵੇਲੀਆਂ, ਬੁਰਜ, ਮਹੰਤਾਂ ਦੇ ਅਖਾੜੇ ਅਤੇ ਯਾਤਰੀਆਂ ਦੀ ਸਹੂਲਤ ਲਈ ਧਰਮਸ਼ਾਲਾਵਾਂ ਬਣ ਗਈਆਂ।

ਇਸ ਤੋਂ ਉਪਰੰਤ ਮਹਾਰਾਜਾ ਸਾਹਿਬ ਨੇ ਅੰਮ੍ਰਿਤਸਰ ਦੀ ਉਨਤੀ ਲਈ ਅਨੇਕਾਂ ਕੰਮ ਕੀਤੇ ਜਿਵੇਂ ਕਿ ਹਰਿਮੰਦਰ ਸਾਹਿਬ ਨੂੰ ਸੋਨੇ ਦੇ ਪਤਰਿਆਂ ਨਾਲ ਸੁਨਹਿਰੀ ਰੂਪ ਦੇਣਾ, ਸ਼ਹਿਰ



ਦੀ ਚਾਰ ਦੀਵਾਰੀ ਬਨਵਾਉਣਾ, ਹਰਿਮੰਦਰ ਸਾਹਿਬ ਦੀ ਪਰਕਰਮਾ ਵਿਚ ਸੰਗੇ-ਮਰਮਰ ਲਗਵਾਉਣਾ, ਰਾਮ ਬਾਗ ਵਿਖੇ ਆਪਣਾ ਗਰਮ-ਰੁੱਤ ਦਾ ਮਹੱਲ ਤਿਆਰ ਕਰਵਾਉਣਾ, ਆਪਣੇ ਰਾਜ ਦੀ ਅਧਿਆਤਮਕ ਰਾਜਧਾਨੀ ਬਨਾਉਣਾ ਆਦਿ।

ਉਪਰ ਲਿਖੇ ਨੂੰ ਮੁਖ ਰਖ ਕੇ ਇਹੀ ਕਿਹਾ ਜਾ ਸਕਦਾ ਹੈ ਕਿ ਜਦ ਤਕ ਅੰਮ੍ਰਿਤਸਰ ਸ਼ਹਿਰ ਵਸਦਾ ਰਹੇਗਾ, ਮਹਾਰਾਜਾ ਰਣਜੀਤ ਸਿੰਘ ਦਾ ਨਾਮ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਰਹੇਗਾ।

—o—


ਇਕ ਸਰਕਾਰ ਬਾਝੋਂ

—ਐਚ. ਆਰ. ਧੀਮਾਨ

ਫਿਰੋਜ਼ਪੁਰ—ਲੁਧਿਆਣਾ ਸੜਕ ਤੇ ਫਿਰੋਜ਼ਪੁਰ ਤੋਂ ਲਗਪਗ 20 ਕਿਲੋਮੀਟਰ ਦੂਰ ਦੁਨੀਆਂ 'ਚ ਸਭ ਤੋਂ ਲੰਬੀ ਨਹਿਰ, ਰਾਜਸਥਾਨ ਨਹਿਰ, ਦੇ ਕੰਢੇ ਇਕ ਸ਼ਾਨਦਾਰ ਮੈਮੋਰੀਅਲ ਦਿਖਾਈ ਦੇਂਦਾ ਹੈ ਜੋ ਉਹਨਾਂ ਬਹਾਦਰ ਪੰਜਾਬੀਆਂ ਦੀ ਯਾਦ ਤਾਜ਼ਾ ਕਰਦਾ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਮਗਰੋਂ ਦਸੰਬਰ, 1845 ਤੋਂ ਲੈ ਕੇ ਫਰਵਰੀ, 1846 ਤਕ ਅੰਗਰੇਜ਼ਾਂ ਅਤੇ ਸਿੱਖ ਫੌਜੀਆਂ ਦੇ ਦਰਮਿਆਨ ਮੁਦਕੀ, ਫਿਰੋਜ਼ਸ਼ਾਹ, ਸਭਰਾਓਂ ਅਤੇ ਚੇਲਿਆਂ ਵਾਲੀ 'ਚ ਹੋਈਆਂ ਜੰਗਾਂ 'ਚ ਸ਼ਹੀਦ ਹੋਣ ਵਾਲਿਆਂ ਦੀ ਯਾਦ ਦਿਵਾਉਂਦਾ ਹੈ।

ਇਹਨਾਂ ਸ਼ਹੀਦਾਂ ਦੀ ਯਾਦਗਾਰ ਕਾਇਮ ਕਰਨ ਦਾ ਖਿਆਲ ਸਭ ਤੋਂ ਪਹਿਲਾਂ 1957 'ਚ ਆਇਆ। ਉਸ ਵੇਲੇ ਇਹ ਮਹਿਸੂਸ ਕੀਤਾ ਗਿਆ ਕਿ ਮੁਦਕੀ ਅਤੇ ਫਿਰੋਜ਼ਸ਼ਾਹ ਵਿਚ ਅੰਗਰੇਜ਼ਾਂ ਅਤੇ ਸਿੱਖਾਂ ਦੇ ਵਿਚਕਾਰ ਹੋਏ ਯੁੱਧਾਂ ਦੇ ਸਬੰਧ ਵਿਚ ਜੋ ਯਾਦਗਾਰੀ ਸਤੰਭ ਬਣਾ ਰਖੇ ਹਨ, ਉਹਨਾਂ ਉਤੇ ਇਸ ਯੁੱਧ ਵਿਚ ਸ਼ਹੀਦ ਹੋਣ ਵਾਲੇ ਸੂਰਬੀਰ ਪੰਜਾਬੀਆਂ ਦਾ ਕੋਈ ਵਰਣਨ ਨਹੀਂ ਹੈ। ਇਸ ਤੇ ਇਲਾਕੇ ਦੇ ਲੋਕਾਂ ਵਲੋਂ ਪੰਜਾਬ ਸਰਕਾਰ ਕੋਲੋਂ ਇਹ ਮੰਗ ਕੀਤੀ ਗਈ ਕਿ ਇਹਨਾਂ ਬਹਾਦਰ ਸ਼ਹੀਦਾਂ ਦੀ ਕੋਈ ਢੁਕਵੀਂ ਯਾਦਗਾਰ ਬਣਨੀ ਚਾਹੀਦੀ ਹੈ।

ਫਿਰੋਜ਼ਸ਼ਾਹ ਦੇ ਇਤਿਹਾਸਿਕ ਪਿੰਡ 'ਚ ਇਹਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਵਾਸਤੇ ਪਹਿਲੀ ਸ਼ਹੀਦੀ ਕਾਨਫਰੰਸ 22 ਦਸੰਬਰ, 1959 'ਚ ਹੋਈ ਜਿਥੇ ਸਰਕਾਰ ਵਲੋਂ ਇਹ ਐਲਾਨ ਕੀਤਾ ਗਿਆ ਕਿ ਅਗਲੇ ਸਾਲ ਤਕ ਇਸ ਸਬੰਧ 'ਚ ਕੋਈ ਠੋਸ ਕਾਰਵਾਈ ਕੀਤੀ ਜਾਵੇਗੀ। 1960 'ਚ ਜਦ ਇਸ ਪਿੰਡ 'ਚ ਦੂਜੀ ਸ਼ਹੀਦੀ ਕਾਨਫਰੰਸ ਹੋਈ ਤਾਂ ਸਰਕਾਰ ਨੇ ਯਾਦਗਾਰ ਬਨਾਉਣ ਵਾਸਤੇ ਇਕ ਕਮੇਟੀ ਦਾ ਐਲਾਨ ਕੀਤਾ। ਇਸ ਕਮੇਟੀ ਨੇ ਇਲਾਕੇ ਦੇ ਲੋਕਾਂ ਕੋਲੋਂ ਇਸ ਪਿੰਡ 'ਚ ਇਨ੍ਹਾਂ ਸ਼ਹੀਦਾਂ ਦੀ ਯਾਦ 'ਚ ਸ਼ਹੀਦੀ ਯਾਦਗਾਰ ਬਣਾਉਣ ਲਈ ਲਗਪਗ 2 ਲੱਖ ਰੁਪਏ ਇਕੱਠੇ ਕੀਤੇ ਅਤੇ 23 ਦਸੰਬਰ 1961 ਨੂੰ ਪੰਜਾਬ ਸਰਕਾਰ ਨੇ ਇਸ ਪਿੰਡ 'ਚ ਲਗਪਗ 15 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਜਾਣ ਵਾਲੇ ਮੈਮੋਰੀਅਲ ਦਾ ਨੀਂਹ ਪੱਥਰ ਰਖਿਆ। ਪਰ 1962 'ਚ ਭਾਰਤ ਉਤੇ ਚੀਨ ਵਲੋਂ ਕੀਤੇ ਗਏ ਹਮਲੇ ਅਤੇ ਉਸ ਤੋਂ ਬਾਅਦ 1965 'ਚ ਭਾਰਤ ਅਤੇ ਪਾਕਿਸਤਾਨ ਦੇ ਦਰਮਿਆਨ ਹੋਏ ਯੁੱਧ ਕਾਰਨ ਇਸ ਯਾਦਗਾਰ ਦਾ ਕੰਮ ਨੀਂਹ ਪੱਥਰ ਤੋਂ ਅੱਗੇ ਨਾ ਵੱਧ ਸਕਿਆ।



ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਫਿਰੋਜ਼ਸ਼ਾਹ 'ਚ ਇਸ ਮੈਮੋਰੀਅਲ ਦੇ ਕੰਮ ਨੂੰ ਸ਼ੁਰੂ ਕਰਾ ਕੇ ਮੁਕੰਮਲ ਕਰਨ ਦਾ ਐਲਾਨ ਕੀਤਾ। ਬਾਅਦ 'ਚ ਇਹ ਫੈਸਲਾ ਹੋਇਆ ਕਿ ਅੰਗਰੇਜ਼ਾਂ ਅਤੇ ਸਿੱਖਾਂ ਦੇ ਦਰਮਿਆਨ ਹੋਈਆਂ ਇਹਨਾਂ ਜੰਗਾਂ 'ਚ ਸ਼ਹੀਦਾਂ ਦੀ ਯਾਦਗਾਰ ਫਿਰੋਜ਼ਸ਼ਾਹ ਪਿੰਡ ਦੀ ਥਾਂ ਫਿਰੋਜ਼ਪੁਰ-ਲੁਧਿਆਣਾ ਸੜਕ ਤੇ ਰਾਜਸਥਾਨ ਨਹਿਰ ਦੇ ਨੇੜੇ ਬਣਾਈ ਜਾਵੇ। ਇਸ ਯਾਦਗਾਰ ਦਾ ਨੀਂਹ ਪੱਥਰ 11 ਫਰਵਰੀ, 1973 ਨੂੰ ਰਖਿਆ ਗਿਆ ਅਤੇ ਇਸ ਦਾ ਉਦਘਾਟਨ ਅਪ੍ਰੈਲ 1976 'ਚ ਸਵਰਗਵਾਸੀ ਸ੍ਰੀ ਸੰਜੈ ਗਾਂਧੀ ਜੀ ਨੇ ਕੀਤਾ।

ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਜ਼ਿਲ੍ਹਾ ਫਿਰੋਜ਼ਪੁਰ ਦੇ ਇਤਿਹਾਸਿਕ ਪਿੰਡ ਮੁਦਕੀ 'ਚ ਦਸੰਬਰ 1845 ਵਿਚ ਹੋਈ ਸੀ। ਪੰਜਾਬ ਹੀ ਨਹੀਂ ਸਗੋਂ ਸਮੁਚੇ ਭਾਰਤ ਦੇ ਇਤਿਹਾਸ ਵਿਚ ਇਸ ਯੁੱਧ ਦੀ ਵਿਸ਼ੇਸ਼ ਮਹਾਨਤਾ ਹੈ ਕਿਉਂ ਜੋ ਇਹ ਯੁੱਧ ਮਹਾਰਾਜਾ ਰਣਜੀਤ ਸਿੰਘ ਵਲੋਂ ਸੈਕੂਲਰ ਲੀਹਾਂ ਤੇ ਸਥਾਪਿਤ ਕੀਤੇ ਗਏ ਪੰਜਾਬੀਆਂ ਦੇ ਰਾਜ ਦੀਆਂ ਫੌਜਾਂ ਅਤੇ ਦੂਜੇ ਪਾਸੇ ਅੰਗਰੇਜ਼ ਫੌਜਾਂ ਸਨ ਜਿਹੜੀਆਂ ਸਮੁੱਚੇ ਭਾਰਤ ਨੂੰ ਆਪਣਾ ਵਿਉਪਾਰਕ ਅੱਡਾ ਬਣਾਉਣ ਅਤੇ ਆਪਣੇ ਰਾਜ ਦਾ ਖੇਤਰ ਵਧਾਉਣ ਲਈ ਲੜ ਰਹੀਆਂ ਸਨ।

ਸਿੱਖ ਫੌਜਾਂ ਦਾ ਕਮਾਂਡਰ ਸਰਦਾਰ ਲਾਲ ਸਿੰਘ ਸੀ ਅਤੇ ਅੰਗਰੇਜ਼ ਫੌਜ ਦੀ ਕਮਾਨ ਸਰ ਗਫ਼ ਕਰ ਰਿਹਾ ਸੀ । ਸਿੱਖ ਸੈਨਾ ਦੀ ਗਿਣਤੀ ਲਗਪਗ 35-40 ਹਜ਼ਾਰ ਸੀ ਜਦ ਕਿ ਸਰ ਗਫ ਦੇ ਅਧੀਨ 11 ਹਜ਼ਾਰ ਸੈਨਿਕ ਸਨ । ਪਹਿਲੇ ਪੜਾਅ 'ਚ ਸਿੱਖ ਫੌਜੀਆਂ ਨੇ ਅੰਗਰੇਜ਼ਾਂ ਨੂੰ ਦਬਾ ਲਿਆ । ਪਰ ਜਦ ਜਿੱਤ ਹੋਣ ਵਾਲੀ ਸੀ ਤਾਂ ਸਿੱਖ ਫੌਜੀਆਂ ਦੇ ਕਮਾਂਡਰ ਨੇ ਇਕ ਗਿਣੀ ਮਿੱਥੀ ਸਾਜ਼ਿਸ਼ ਅਧੀਨ ਵਿਸ਼ਵਾਸਘਾਤ ਕੀਤਾ ਅਤੇ ਉਹ ਇਸ ਨਾਜ਼ੁਕ ਸਮੇਂ ਸਿੱਖ ਫੌਜਾਂ ਨੂੰ ਇਕੱਲੇ ਛੱਡ ਕੇ ਲੜਾਈ ਦੇ ਮੈਦਾਨ ਤੋਂ ਗਾਇਬ ਹੋ ਗਿਆ । ਸਿੱਖ ਸੈਨਾ ਆਪਣੇ ਕਮਾਂਡਰ ਤੋਂ ਬਿਨਾਂ ਲੜਦੀ ਰਹੀ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਸਿੱਖਾਂ ਦੀ ਜਿੱਤ ਹਾਰ ਵਿਚ ਬਦਲ ਗਈ ।

ਭਾਵੇਂ ਇਸ ਯੁੱਧ 'ਚ ਅੰਗਰੇਜ਼ ਜਿਤ ਗਏ ਫੇਰ ਵੀ ਉਹਨਾਂ ਦੇ ਲਗਪਗ 215 ਸੈਨਿਕ ਮਾਰੇ ਗਏ ਅਤੇ 675 ਦੇ ਲਗਪਗ ਜ਼ਖਮੀ ਹੋ ਗਏ । ਸਿੱਖਾਂ ਦਾ ਵੀ ਕਾਫੀ ਨੁਕਸਾਨ ਹੋਇਆ ਅਤੇ ਉਨ੍ਹਾਂ ਦੀਆਂ 17 ਤੋਪਾਂ ਉਨ੍ਹਾਂ ਦੇ ਹੱਥੋਂ ਜਾਂਦੀਆਂ ਰਹੀਆਂ । ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਕਨਿੰਘਮ ਲਿਖਦਾ ਹੈ ਕਿ. "ਲਾਲ ਸਿੰਘ ਹਮਲੇ ਦਾ ਮੋਹਰੀ ਸੀ ਪਰ ਆਪਣੇ ਪਹਿਲੇ ਮਿਥੇ ਮਨੋਰਥ ਅਨੁਸਾਰ ਉਸ ਨੇ ਆਪਣੀ ਫੌਜ ਨੂੰ ਲੜਾਈ ਵਿਚ ਫਸਾ ਦਿਤਾ। ਪਿਛੋਂ ਉਨ੍ਹਾਂ ਨੂੰ ਬਿਨਾਂ ਕਮਾਨ ਦੇ ਲੜਾਈ ਲਈ ਛੱਡ ਕੇ ਖਿਸਕ ਗਿਆ । ਸਿੱਖਾਂ ਦੀ ਹਾਰ ਹੋਈ ਅਤੇ ਉਨ੍ਹਾਂ ਦੀਆਂ 17 ਤੋਪਾਂ ਖੁਸ ਗਈਆਂ ਪਰ ਅੰਗਰੇਜ਼ਾਂ ਦੀ ਫਤਹਿ ਇਤਨੀ ਮੁਕੰਮਲ ਨਹੀਂ ਸੀ ਜਿੰਨੀ ਕਿ ਬਹੁਤ ਸਾਰੀਆਂ ਲੜਾਈਆਂ ਵਿਚ ਫਤਹਿ ਪਾਉਣ ਵਾਲਿਆਂ ਦੀ ਹੁੰਦੀ ਸੀ ।"

ਇਸ ਤੋਂ ਪਿਛੋਂ ਫਿਰੋਜ਼ਸ਼ਾਹ (ਜਿਸ ਨੂੰ ਕਦੇ ਫੇਰੂ ਸ਼ਹਿਰ ਆਖਿਆ ਜਾਂਦਾ ਸੀ) ਸਭਰਾਓਂ ਅਤੇ ਚੇਲਿਆਂ ਵਾਲਿਆਂ ਦੀਆਂ ਲੜਾਈਆਂ ਹੋਈਆਂ । ਇਹਨਾਂ ਵਿਚ ਸਿੰਘ ਬੜੀ



ਬਹਾਦਰੀ ਨਾਲ ਲੜੇ । ਉਸ ਸਮੇਂ ਦਾ ਪ੍ਰਸਿੱਧ ਪੰਜਾਬੀ ਕਵੀ ਸ਼ਾਹ ਮੁਹੰਮਦ ਲਿਖਦਾ ਹੈ :

"ਆਈਆਂ ਪਲਟਨਾਂ ਬੀੜ ਕੇ ਤੋਪਖਾਨੇ
ਅਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ
ਹੱਲੇ ਤਿੰਨ ਫਰੰਗੀਆਂ ਦੇ ਮੋੜ ਸੁੱਟੇ ।
ਸ਼ਾਮ ਸਿੰਘ ਸਰਦਾਰ ਅਟਾਂਰੀ ਵਾਲੇ
ਬੰਨ੍ਹ ਸ਼ਸਤਰੀਂ ਜੋੜ ਵਿਛੋੜ ਸੁੱਟੇ ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ ।"

ਪਰ ਅਖੀਰ ਨੂੰ ਸਿੰਘ ਹਾਰ ਗਏ ਕਿਉਂ ਜੋ ਉਨ੍ਹਾਂ ਦੇ ਵੱਡੇ ਜਰਨੈਲ ਅੰਗਰੇਜ਼ਾਂ ਨਾਲ ਮਿਲ ਗਏ ਹੋਏ ਸਨ ਅਤੇ ਉਨ੍ਹਾਂ ਕੋਲੋਂ ਹੁਕਮ ਲੈਂਦੇ ਸਨ ।

ਐਂਗਲੋ ਸਿੱਖ ਵਾਰ ਮੈਮੋਰੀਅਲ ਨੂੰ ਮੌਜੂਦਾ ਸ਼ਕਲ ਦੇਣ ਦਾ ਸਿਹਰਾ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ: ਐਮ. ਐਸ. ਰੰਧਾਵਾ ਦੇ ਸਿਰ ਹੈ ਜਿਨ੍ਹਾਂ ਨੇ 1968 'ਚ ਇਹ ਵਿਚਾਰ ਪ੍ਰਗਟ ਕੀਤਾ ਸੀ ਕਿ ਇਸ ਯਾਦਗਾਰ 'ਚ ਇਕ ਅਜਾਇਬ ਘਰ ਅਤੇ ਤਸਵੀਰਾਂ ਦੀ ਇਕ ਗੈਲਰੀ ਵੀ ਹੋਣੀ ਚਾਹੀਦੀ ਹੈ ਤਾਂ ਜੋ ਇਸ ਯਾਦਗਾਰ ਨੂੰ ਦੇਖਣ ਵਾਸਤੇ ਆਉਣ ਵਾਲੇ ਲੋਕਾਂ ਨੂੰ 18ਵੀਂ ਅਤੇ 19ਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਦੀ ਕਾਫ਼ੀ ਜਾਣਕਾਰੀ ਹੋ ਸਕੇ । ਡਾ: ਰੰਧਾਵਾ ਦੇ ਆਦੇਸ਼ ਅਨੁਸਾਰ ਹੀ ਉਪਰੋਕਤ ਯੂਨੀਵਰਸਿਟੀ ਦੇ ਸੀਨੀਅਰ ਆਰਕੀਟੇਕਟ ਸ੍ਰੀ ਹਰਬਿੰਦਰ ਸਿੰਘ ਚੋਪੜਾ ਨੇ ਇਸ ਮੈਮੋਰੀਅਲ ਦਾ ਡੀਜ਼ਾਈਨ ਤਿਆਰ ਕੀਤਾ ਸੀ, ਜਿਸ ਤੇ ਲਗਪਗ 10 ਲੱਖ ਰੁਪਏ ਖਰਚ ਹੋਏ । ਇਸ ਮੈਮੋਰੀਅਲ ਵਾਸਤੇ ਜ਼ਮੀਨ ਪਿੰਡ ਘੱਲ ਖਰਦ ਦੀ ਪੰਚਾਇਤ ਨੇ ਦਿੱਤੀ ਸੀ ।

ਇਸ ਮੈਮੋਰੀਅਲ 'ਚ ਮੁਦਕੀ, ਫਿਰੋਜ਼ਸ਼ਾਹ, ਸਭਰਾਓਂ ਅਤੇ ਚੇਲਿਆਂਵਾਲਾ ਦੇ ਯੁੱਧਾਂ ਦੇ ਜੋ ਬਹੁਤ ਵੱਡੇ-ਵੱਡੇ ਚਿਤਰ ਲਗੇ ਹੋਏ ਹਨ, ਉਹ ਮਸ਼ਹੂਰ ਚਿੱਤਰਕਾਰ ਸ: ਕ੍ਰਿਪਾਲ ਸਿੰਘ ਦੇ ਬਣਾਏ ਹੋਏ ਹਨ । ਦਸਿਆ ਜਾਂਦਾ ਹੈ ਕਿ ਭਾਰਤ 'ਚ ਕਿਸੇ ਵੀ ਯੁੱਧ ਦੇ ਜੋ ਚਿੱਤਰ ਬਣਾਏ ਗਏ ਹਨ, ਇਹ ਸਭ ਤੋਂ ਵੱਡੇ ਚਿੱਤਰ ਹਨ । ਇਕ ਚਿੱਤਰ 20 ਫੁਟ ਲੰਮਾ ਅਤੇ 10 ਫੁਟ ਚੌੜਾ ਹੈ । ਇੰਨੇ ਵੱਡੇ ਚਿੱਤਰਾਂ ਨੂੰ ਤਿਆਰ ਕਰਨ ਵਾਸਤੇ ਸ: ਕ੍ਰਿਪਾਲ ਸਿੰਘ ਨੂੰ ਚੰਡੀਗੜ੍ਹ 'ਚ ਆਪਣੀ ਕੋਠੀ ਦੇ ਬਾਹਰ ਇਕ ਸ਼ਾਮੀਆਨਾ ਲਗਾਉਣਾ ਪਿਆ ਅਤੇ ਇਹਨਾਂ ਚਿੱਤਰਾਂ ਨੂੰ ਤਿਆਰ ਕਰਨ 'ਚ ਲਗਪਗ 3 ਸਾਲ ਲੱਗ ਗਏ । ਇਸ ਯਾਦਗਾਰ 'ਚ ਜਨਰਲ ਗਫ, ਜਨਰਲ ਸ਼ਾਮ ਸਿੰਘ ਅਟਾਰੀ ਵਾਲਾ ਅਤੇ ਤੇਜ ਸਿੰਘ ਦੇ ਜੋ ਚਿੱਤਰ ਲੱਗੇ ਹੋਏ ਹਨ, ਉਹ ਵੀ ਸ੍ਰੀ ਕ੍ਰਿਪਾਲ ਸਿੰਘ ਨੇ ਬਣਾਏ ਸਨ । ਰਾਣੀ ਜਿੰਦਾਂ, ਲਾਰਡ ਹਾਰਡਿੰਗ, ਲਾਰਡ ਡਲਹੌਜ਼ੀ, ਮਹਾਰਾਜਾ ਦਲੀਪ ਸਿੰਘ, ਲਾਲ ਸਿੰਘ, ਗੁਲਾਬ ਸਿੰਘ, ਫਕੀਰ ਨੂਰੁਦੀਨ ਅਤੇ ਦੀਵਾਨ ਮੂਲ ਰਾਜ ਦੇ ਚਿੱਤਰ ਜੋ ਇਸ ਯਾਦਗਾਰ 'ਚ ਲਗੇ ਹੋਏ ਹਨ, ਦਿੱਲੀ ਦੇ ਚਿੱਤਰਕਾਰ ਸ੍ਰ: ਜਸਵੰਤ ਸਿੰਘ ਨੇ ਬਣਾਏ ਹੋਏ ਹਨ ।

ਜ਼ਿਲ੍ਹਾ ਫਿਰੋਜ਼ਪੁਰ ਦੀ ਪਵਿੱਤਰ ਧਰਤੀ ਨੂੰ ਇਹ ਗੌਰਵ ਪ੍ਰਾਪਤ ਹੈ ਕਿ ਪੰਜਾਬੀਆਂ ਵਲੋਂ ਦੇਸ਼ ਦੀ ਸਵਤੰਤਰਤਾ ਦੀ ਖਾਤਰ ਸਭ ਤੋਂ ਜ਼ਿਆਦਾ ਖੂਨ ਇਸ ਧਰਤੀ ਤੇ ਬਹਾਇਆ ਗਿਆ ਹੈ ਅਤੇ ਪੰਜਾਬ ਤੇ ਭਾਰਤ ਦੀ ਕਿਸਮਤ ਦਾ ਫੈਸਲਾ ਕਈ ਵਾਰ ਸਤਲੁਜ ਦੇ ਕੰਢਿਆਂ ਤੇ ਹੀ ਹੁੰਦਾ ਰਿਹਾ ਹੈ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿੱਖ ਅੰਗਰੇਜ਼ਾਂ ਨਾਲ ਹੋਏ ਇਸ ਯੁੱਧ ਵਿਚ ਕਦੇ ਨਾ ਹਾਰਦੇ, ਜੇਕਰ ਉਸ ਸਮੇਂ ਸ: ਪਹਾੜਾ ਸਿੰਘ ਗੱਦਾਰੀ ਨਾ ਕਰਦਾ। ਅਜੇਹੇ ਗੱਦਾਰਾਂ ਦੇ ਸਿੱਟੇ ਵਜੋਂ ਹੀ ਸਿੱਖਾਂ ਦੀ ਜਿੱਤ ਹਾਰ 'ਚ ਬਦਲ ਗਈ। ਬੁੱਢੇ ਜਰਨੈਲ ਸ: ਸ਼ਾਮ ਸਿੰਘ ਅਟਾਰੀ ਵਾਲੇ ਨੇ ਸਭਰਾਓਂ ਦੇ ਮੈਦਾਨ 'ਚ ਜਿਸ ਬਹਾਦਰੀ ਨਾਲ ਲੜਦੇ ਹੋਏ ਸ਼ਹੀਦੀ ਪਾਈ ਕਿ ਉਹ ਆਉਣ ਵਾਲੀਆਂ ਨਸਲਾਂ ਨੂੰ ਸਦਾ ਲਈ ਦੇਸ਼ ਵਾਸਤੇ ਮਰ ਮਿਟਣ ਦਾ ਉਤਸ਼ਾਹ ਦੇਂਦੀ ਰਹੇਗੀ।

ਬੀਤੇ ਦਿਨੀਂ ਜਦ ਪੰਜਾਬ ਦੇ ਮੁੱਖ ਮੰਤਰੀ ਜੀ ਨੇ ਇਸ ਯਾਦਗਾਰ ਨੂੰ ਦੇਖਿਆ ਤਾਂ ਉਹਨਾਂ ਇਹ ਮਹਿਸੂਸ ਕੀਤਾ ਕਿ ਇਸ ਦੀ ਠੀਕ ਢੰਗ ਨਾਲ ਦੇਖ-ਭਾਲ ਨਹੀਂ ਹੋ ਰਹੀ। ਉਹਨਾਂ ਸੰਬੰਧਿਤ ਅਧਿਕਾਰੀਆਂ ਨੂੰ ਆਦੇਸ਼ ਦਿਤਾ ਕਿ ਇਹ ਇਕ ਬਹੁਤ ਵੱਡੀ ਕੌਮੀ ਯਾਦਗਾਰ ਹੈ ਇਸ ਵਾਸਤੇ ਇਸ ਨੂੰ ਹੋਰ ਚੰਗਾ ਬਣਾਉਣ ਵਾਸਤੇ ਇਸ ਦੀ ਚੰਗੀ ਤਰ੍ਹਾਂ ਦੇਖ-ਭਾਲ ਕਰਨ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇ ਤਾਂ ਜੋ ਜਿਥੇ ਦੇਸ਼ ਦੇ ਆਜ਼ਾਦੀ ਸੰਗਰਾਮ ਦੀ ਯਾਦ ਤਾਜ਼ਾ ਹੋ ਜਾਵੇ, ਉਥੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਅਣਹੋਂਦ ਨੂੰ ਵੀ ਮਹਿਸੂਸ ਕੀਤਾ ਜਾ ਸਕੇ।

—o—



1234567890